
Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763


Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 ’ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA
Certified Insurance Agent
Global Green INSURANCE AGENCY

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Sixth Year of Publication

ਕੈਲੀਫੋਰਨੀਆ ਐਡੀਸ਼ਨ

Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 35; August 29, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਈਰਾਨ ’ਤੇ ਅਮਰੀਕੀ ਪਾਬੰਦੀਆਂ ਹੋਰ ਸਖ਼ਤ

### ਈਰਾਨ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ ਨੂੰ ਵੀ ਚੇਤਾਵਨੀ



**ਨਵੀਂ ਦਿੱਲੀ:** ਈਰਾਨ ਖ਼ਿਲਾਫ਼ ਫ਼ੌਜੀ ਦਬਾਅ ਤੋਂ ਬਾਅਦ ਅਮਰੀਕਾ ਨੇ ਆਰਥਿਕ ਮੋਰਚੇ ‘ਤੇ ਵੀ ਸ਼ਿਕੰਜਾ ਕੱਸ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਈਰਾਨ ਦੇ ਆਲਮੀ ਵਿੱਤੀ ਅਤੇ ਵਪਾਰਕ ਨੈੱਟਵਰਕ ਖ਼ਿਲਾਫ਼ ਨਵੀਆਂ ਅਤੇ ਸਖ਼ਤ ਪਾਬੰਦੀਆਂ ਦਾ ਐਲਾਨ ਕਰਦਿਆਂ ‘ਆਪ੍ਰੇਸ਼ਨ ਇਕਨਾਮਿਕ ਆਊਟਕਾਸਟ ਸ਼ੁਰੂ ਕੀਤਾ। ਅਮਰੀਕਾ ਨੇ ਸਾਫ਼ ਚੇਤਾਵਨੀ ਦਿੱਤੀ ਹੈ ਕਿ ਈਰਾਨ ਤੋਂ ਤੇਲ ਖਰੀਦਣ ਵਾਲੇ ਦੇਸ਼ਾਂ, ਕੰਪਨੀਆਂ ਤੇ ਤੇਲ ਕਾਰੋਬਾਰ ਨੂੰ ਵਿੱਤੀ ਮਦਦ ਦੇਣ ਵਾਲੇ ਨੈੱਟਵਰਕ ਨੂੰ ਵੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨਿਊਯਾਰਕ ਟਾਈਮਜ਼ ਮੁਤਾਬਕ ਅਮਰੀਕੀ ਵਣਜ ਮੰਤਰੀ ਸਕਾਟ ਬੇਸੈਂਟ ਨੇ ਕਿਹਾ ਕਿ ਮੁਹਿੰਮ ਦਾ ਮਕਸਦ ਈਰਾਨੀ ਸਰਕਾਰ ਨੂੰ ਮਿਲਣ ਵਾਲੀ ਆਰਥਿਕ ਮਦਦ ਤੇ ਉਸ ਦੇ ਵਿੱਤੀ ਸੰਪਰਕਾਂ ਨੂੰ ਖ਼ਤਮ ਕਰਨਾ ਹੈ। ਅਮਰੀਕਾ ਹੁਣ ਪਾਬੰਦੀਆਂ ਵਿਚ ਕਿਸੇ ਤਰ੍ਹਾਂ ਦੀ ‘ਲੀਕੇਜ’ ਬਰਦਾਸ਼ਤ ਨਹੀਂ ਕਰੇਗਾ ਤੇ ਈਰਾਨ ਨਾਲ ਆਰਥਿਕ ਲੈਣ-ਦੇਣ ਕਰਨ ਵਾਲਿਆਂ ‘ਤੇ ਨਜ਼ਰ ਰੱਖੀ ਜਾ ਰਹੀ ਹੈ।

ਅਮਰੀਕੀ ਪ੍ਰਸ਼ਾਸਨ ਨੇ ਕਰੀਬ 60 ਸੰਸਥਾਵਾਂ, ਵਿਅਕਤੀਆਂ ਅਤੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਹੈ। ਕਾਰਵਾਈ ਦਾ ਦਾਇਰਾ ਡਿਜੀਟਲ ਐਸੈਟਸ, ਤਕਨਾਲੋਜੀ, ਸੋਨਾ, ਹਵਾਬਾਜ਼ੀ ਤੇ ਸ਼ਿਪਿੰਗ ਵਰਗੇ ਖੇਤਰਾਂ ਤੱਕ ਵਧਾਇਆ ਗਿਆ ਹੈ। ਬੇਸੈਂਟ ਨੇ ਕਿਹਾ ਕਿ ਈਰਾਨ ਦੇ ਤੇਲ ਕਾਰੋਬਾਰ ਨੂੰ ਹਵਾ ਦੇਣ ਅਤੇ ਤੇਲ ਤੋਂ ਹੋਣ ਵਾਲੀ ਆਮਦਨ ਨੂੰ ਨਕਦੀ ਵਿਚ ਬਦਲਣ ਵਿਚ ਮਦਦ ਕਰਨ ਵਾਲੇ ਲੋਕਾਂ ਅਤੇ ਸੰਸਥਾਵਾਂ ਖ਼ਿਲਾਫ਼ ਵੀ ਕਾਰਵਾਈ ਹੋਵੇਗੀ।

ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਵੱਖ-ਵੱਖ ਦੇਸ਼ਾਂ ਦੇ ਲੀਡਰਾਂ ਨਾਲ ਸੰਪਰਕ ਕਰ ਕੇ ਈਰਾਨ ਨਾਲ ਆਰਥਿਕ ਸਬੰਧਾਂ ‘ਤੇ ਮੁੜ ਵਿਚਾਰ ਕਰਨ ਲਈ ਕਹਿ ਰਹੇ ਹਨ। ਬੇਸੈਂਟ ਮੁਤਾਬਕ, ਹੁਣ ਦੁਨੀਆ ਦੇ ਦੇਸ਼ਾਂ ਅਤੇ ਕੰਪਨੀਆਂ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਉਹ ਅਮਰੀਕੀ ਵਿੱਤੀ ਤੰਤਰ ਨਾਲ ਰਹਿਣਾ ਚਾਹੁੰਦੇ ਹਨ ਜਾਂ ਪਾਬੰਦੀਆਂ ਦਾ ਸਾਹਮਣਾ ਕਰ ‘ ਰਹੇ ਈਰਾਨ ਨਾਲ ਕਾਰੋਬਾਰ ਜਾਰੀ ਰੱਖਣਾ ਚਾਹੁੰਦੇ ਹਨ। ਤਣਾਅ ਦੌਰਾਨ ਸਮੁੰਦਰੀ ਰਸਤਿਆਂ ਨੂੰ ਲੈ ਕੇ ਵੀ ਟਕਰਾਅ ਵਧ ਰਿਹਾ ਹੈ। ਅਲ ਜਜ਼ੀਰਾ ਮੁਤਾਬਕ, ਈਰਾਨ ਨੇ ਹੋਰਮੁਜ਼ ਸਟ੍ਰੇਟ ਤੋਂ ਲੰਘਣ ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ‘ਚ 45 ਤੇਲ ਟੈਂਕਰਾਂ ਨੂੰ ਬਲੈਕਲਿਸਟ ਕਰਨ ਦੀ ਗੱਲ ਕਹੀ ਹੈ। ਈਰਾਨ ਨੇ ਚੇਤਾਵਨੀ ਦਿੱਤੀ ਕਿ ਭਵਿੱਖ ‘ਚ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਜਹਾਜ਼ਾਂ ਅਤੇ ਉਨ੍ਹਾਂ ਨਾਲ ਕਾਰੋਬਾਰ ਕਰਨ ਵਾਲੇ ਜਹਾਜ਼ਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਈਰਾਨ ਨੇ ਉਨ੍ਹਾਂ ਖ਼ਬਰਾਂ ਨੂੰ ਖਾਰਜ ਕੀਤਾ ਹੈ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਉਸ ਨੂੰ ਸਾਊਦੀ ਅਰਬ, ਪਾਕਿਸਤਾਨ ਅਤੇ ਤੁਰਕੀ ਵਿਚਕਾਰ ਹੋਏ ਮੱਕਾ ਸੰਯੁਕਤ ਰੱਖਿਆ ਸਮਝੌਤੇ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਪੀਟੀਆਈ ਮੁਤਾਬਕ ਤਣਾਅ ਘੱਟ ਕਰਨ ਤੇ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਫਿਰ ਸ਼ੁਰੂ ਕਰਵਾਉਣ ਦੇ ਯਤਨ ਵੀ ਜਾਰੀ ਹਨ। ਇਸੇ ਲੜੀ ਵਿੱਚ ਪਾਕਿਸਤਾਨ ਦੇ ਫ਼ੌਜ ਮੁਖੀ ਫ਼ੀਲਡ ਮਾਰਸ਼ਲ

(ਬਾਕੀ ਸਫ਼ਾ 4 ’ਤੇ)

### ਚੀਨ ਸਭ ਤੋਂ ਵੱਡੀ ਚੁਣੌਤੀ ਹੋਵੇਗਾ




ਅਮਰੀਕਾ ਦੀ ਨਵੀਂ ਨੀਤੀ ਦੀ ਸਭ ਤੋਂ ਵੱਡੀ ਪ੍ਰੀਖਿਆ ਚੀਨ ਦੇ ਰੁੱਖ ਤੋਂ ਹੋਵੇਗੀ। ਰਾਇਟਰ ਮੁਤਾਬਕ, ਅਗਸਤ ਵਿਚ ਚੀਨ ਨੂੰ ਈਰਾਨੀ ਤੇਲ ਦੀ ਸਪਲਾਈ ਜੁਲਾਈ ਦੇ 8.23 ਲੱਖ ਬੈਰਲ ਪ੍ਰਤੀ ਦਿਨ ਤੋਂ ਘੱਟ ਕੇ ਕਰੀਬ 5.34 ਲੱਖ ਬੈਰਲ ਪ੍ਰਤੀ ਦਿਨ ਰਹਿ ਗਈ। ਬੀਜਿੰਗ ਨੇ ਅਮਰੀਕੀ ਕਦਮ ਦਾ ਵਿਰੋਧ ਕਰਦਿਆਂ ਕਿਹਾ ਕਿ ਇਕਪਾਸੜ ਪਾਬੰਦੀਆਂ ਅਤੇ ਵੱਧ ਤੋਂ ਵੱਧ ਦਬਾਅ ਦੀ ਨੀਤੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਕਿਸੇ ਤੀਜੇ ਦੇਸ਼ ਦੇ ਦਬਾਅ ‘ਚ ਉਸ ਦੇ ਆਮ ਵਪਾਰਕ ਹਿੱਤਾਂ ਨਾਲ ਸਮਝੌਤਾ ਪ੍ਰਵਾਨ ਨਹੀਂ ਕੀਤਾ ਜਾਵੇਗਾ। ਈਰਾਨ ਨੇ ਵੀ ਅਮਰੀਕੀ ਕਾਰਵਾਈ ਨੂੰ ਖਾਰਜ ਕਰ ਦਿੱਤਾ ਹੈ।

## ਅਕਾਲੀ-ਭਾਜਪਾ ਗੱਠਜੋੜ ਦੀ ਗੁੰਜਾਇਸ਼ ’ਤੇ ਸਵਾਲੀਆ ਨਿਸ਼ਾਨ

### ਪੰਜਾਬ ’ਚ ਇਕੱਲੇ ਸਰਕਾਰ ਬਣਾਉਣ ਦੀ ਤਿਆਰੀ ਵਿਚ ਭਾਜਪਾ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ‘ਚ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੁਣੇ ਤੋਂ ਹੀ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ, ਕਾਂਗਰਸ ਦੀ ਵਿਰੋਧੀ ਧਿਰ ਵਜੋਂ ਸਰਗਰਮੀ, ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਮੁੜ ਆਪਣਾ ਸਿਆਸੀ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਅਤੇ ਭਾਰਤੀ ਜਨਤਾ ਪਾਰਟੀ ਵਲੋਂ ਪੰਜਾਬ ‘ਚ ਆਪਣੇ ਦਮ ‘ਤੇ ਸੱਤਾ ਹਾਸਲ ਕਰਨ ਦੀ ਤਿਆਰੀ ਨੇ ਆਉਣ ਵਾਲੀ ਸਿਆਸੀ ਲੜਾਈ ਨੂੰ ਦਿਲਚਸਪ ਬਣਾ ਦਿੱਤਾ ਹੈ। ਇਸੇ ਦਰਮਿਆਨ ਭਾਜਪਾ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਬੀ.ਐਲ. ਸੰਤੋਸ਼ ਵਲੋਂ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ‘ਤੇ ਇਕੱਲੇ ਚੋਣ ਲੜਨ ਅਤੇ ਜਿੱਤ ਹਾਸਲ ਕਰਕੇ ਸਰਕਾਰ ਬਣਾਉਣ ਦਾ ਐਲਾਨ ਸੂਬੇ ਦੇ ਮੌਜੂਦਾ ਸਿਆਸੀ ਸਮੀਕਰਨਾਂ ਵਿਚ ਅਹਿਮ ਸੰਕੇਤ ਵਜੋਂ ਸਾਹਮਣੇ ਆਇਆ ਹੈ। ਆਪਣੇ ਦੋ ਦਿਨਾਂ ਦੇ ਪੰਜਾਬ ਦੌਰੇ ਦੇ ਪਹਿਲੇ ਦਿਨ ਪਟਿਆਲਾ ਵਿਖੇ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਖੇਤਰੀਬੈਠਕ ਨੂੰ ਸੰਬੋਧਨ ਕਰਦਿਆਂ ਬੀ.ਐਲ. ਸੰਤੋਸ਼ ਨੇ ਕਿਹਾ ਕਿ ਪੰਜਾਬ ਬਦਲਾਅ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨਾਂ ਸਪੱਸ਼ਟ ਕੀਤਾ ਕਿ ਭਾਜਪਾ ਸਾਰੀਆਂ 117 ਸੀਟਾਂ ‘ਤੇ ਚੋਣ ਲੜੇਗੀ ਅਤੇ ਜਿੱਤ ਹਾਸਲ ਕਰਕੇ ਸੂਬੇ ਵਿਚ ਆਪਣੀ ਸਰਕਾਰ ਬਣਾਏਗੀ। ਭਾਜਪਾ ਦੇ ਇਸ ਐਲਾਨ ਦੀ ਅਹਿਮੀਅਤ ਇਸ ਲਈ ਵੀ ਵੱਧ ਜਾਂਦੀ ਹੈ ਕਿਉਂਕਿ ਪਿਛਲੇ ਕੁੱਝ ਸਮੇਂ ਤੋਂ ਪੰਜਾਬ ਦੇ ਸਿਆਸੀ ਹਲਕਿਆਂ ‘ਚ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਵਿਚਾਲੇ ਮੁੜ ਤਾਲਮੇਲ ਜਾਂ ਗੱਠਜੋੜ ਦੀਆਂ। ਸੰਭਾਵਨਾਵਾਂ ਨੂੰ ਲੈ ਕੇ ਚਰਚਾ ਚੱਲ ਰਹੀ ਸੀ। ਭਾਵੇਂ ਚੋਣਾਂ ਤੱਕ ਸਿਆਸੀ ਸਮੀਕਰਨ ਬਦਲਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਮੌਜੂਦਾ ਸਮੇਂ ਭਾਜਪਾ ਵਲੋਂ ਦਿੱਤਾ ਗਿਆ ਸੰਦੇਸ਼ ਸਪੱਸ਼ਟ ਹੈ ਕਿ ਪਾਰਟੀ ਪੰਜਾਬ ‘ਚ ਇਕੱਲੇ ਲੜਨ ਲਈ ਤਿਆਰ ਹੈ। ਭਾਜਪਾ ਲਈ ਸਭ ਤੋਂ ਵੱਡੀ ਚੁਣੌਤੀ ਹੁਣ 117 ਸੀਟਾਂ ‘ਤੇ ਉਮੀਦਵਾਰ ਖੜ੍ਹੇ ਕਰਨਾ ਹੀ ਨਹੀਂ, ਸਗੋਂ ਹਰ ਹਲਕੇ ਵਿਚ ਮਜ਼ਬੂਤ ਸੰਗਠਨਾਤਮਕ ਢਾਂਚਾ ਤਿਆਰ ਕਰਨਾ ਹੈ। ਇਸੇ ਮਕਸਦ ਨਾਲ ਬੀ.ਐਲ. ਸੰਤੋਸ਼ ਦੇ ਪੰਜਾਬ ਦੌਰੇ ਨੂੰ ਮਹੱਤਵ ਦਿੱਤਾ ਜਾ ਰਿਹਾ ਹੈ। ਪਟਿਆਲਾ ਅਤੇ ਬਠਿੰਡਾ ਦੀਆਂ ਖੇਤਰੀ ਬੈਠਕਾਂ , ਗਠਨ ਦੀ ਜ਼ਮੀਨੀ ਸਥਿਤੀ, ਵਰਕਰਾਂ


ਬੀ.ਐਲ. ਸੰਤੋਸ਼

(ਬਾਕੀ ਸਫ਼ਾ 4 ’ਤੇ)


DHILLON
IMMIGRATION LAW FIRM, PC

101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | (516) 440-4570
Serving Clients Nationwide
Email: info@dhillonimmigrationlawfirm.com
www.dhillonimmigrationlawfirm.com
Admitted in California Only • Practice Limited to U.S. Federal Immigration Law


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

18 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ਟਰੱਕਰ ਭਰਾਵਾਂ ਲਈ ਖੁਸ਼ਖਬਰੀ!




## ਲਾਇਸੈਂਸ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਟਰੱਕਰਜ਼ ਲਈ ਜ਼ਰੂਰੀ ਸੂਚਨਾਵਾਂ

## ਟਰੱਕਾਂ ਨਾਲੋਂ ਟੈਕਸੀ ਕੈਬ (Taxi Cab) ਚਲਾਉਣਾ ਕਿਉਂ ਹੈ ਵਧੇਰੇ ਫਾਇਦੇਮੰਦ?

ਸ਼ਿਕਾਗੋ-ਨਿਊਯਾਰਕ ਆਦਿ ਸ਼ਹਿਰਾਂ ਵਿਚ ਪਹਿਲਾਂ ਟੈਕਸੀ ਕੈਬਜ਼ (Taxi-Cabs) ਦਾ ਲਾਇਲੈਂਸ ਲੈਣਾ ਬਹੁਤ ਮਹਿੰਗਾ ਹੁੰਦਾ ਸੀ ਪਰ ਹੁਣ ਹਾਲਾਤ ਬਦਲ ਗਏ ਹਨ ਤੇ ਹੁਣ ਇਹ ਲਾਇਸੈਂਸ ਸਸਤੇ ਬਣ ਜਾਂਦੇ ਹਨ। Business Pool ਤੋਂ ਅੱਜ ਵੀ ਸ਼ਿਕਾਗੋ ਵਿਚ 35-40 ਡਾਲਰ ਘੰਟੇ ਦੀ ਬੁਕਿੰਗ ਹੋ ਰਹੀ ਹੈ ਜਦਕਿ ਨਿਊਯਾਰਕ ਵਿਚ ਰੇਟ 40 ਤੋਂ 50 ਡਾਲਰ ਹੈ।

* ਟੈਕਸੀ ਕੈਬ ਦੇ ਕੰਮ ਦੀ ਖਾਸੀਅਤ ਇਹ ਹੈ ਕਿ ਇਹ 24 ਘੰਟੇ/ਬਾਰਾਂ ਮਹੀਨੇ ਚੱਲਦਾ ਰਹਿੰਦਾ ਹੈ, ਜੋ 40-50 ਮੀਲ ਦੇ ਘੇਰੇ ਵਿਚ ਹੀ ਹੁੰਦਾ ਹੈ। ਆਮ ਤੌਰ 'ਤੇ ਘਰ ਤੋਂ ਇਕ ਘੰਟੇ ਦੀ ਦੂਰੀ 'ਤੇ ਹੀ।
* ਟਰੱਕਿੰਗ ਵਿਚ ਲੱਖਾਂ ਦੀ ਲਾਗਤ ਹੁੰਦੀ ਹੈ ਜਦਕਿ ਟੈਕਸੀ-ਕੈਬ ਵਿਚ 20 ਹਜ਼ਾਰ ਦੇ ਕਰੀਬ ਖਰਚਾ ਹੁੰਦਾ ਹੈ ਤੇ ਰੋਜ਼ਾਨਾ ਇਨਕਮ 400 ਤੋਂ 500 ਡਾਲਰ ਹੁੰਦੀ ਹੈ।
* ਜੇ ਤੁਸੀਂ investment ਨਹੀਂ ਵੀ ਕਰਨੀ ਚਾਹੁੰਦੇ ਤਾਂ rent 'ਤੇ ਕਾਰ ਲੈ ਕੇ ਵੀ ਪੈਸੇ ਬਣਾ ਸਕਦੇ ਹੋ।
*ਸ਼ਿਕਾਗੋ ਸ਼ਹਿਰ ਰਹਿਣ ਲਈ ਵੀ ਵਧੀਆ ਅਤੇ ਸਸਤਾ ਹੈ।

*** ਊਬਰ (Uber) ਦੇ ਮੁਕਾਬਲੇ ਟੈਕਸੀ ਕੈਬ (Taxi-Cab) ਤੋਂ ਬਣਦੇ ਹਨ ਵਧੇਰੇ ਪੈਸੇ:**

* ਊਬਰ (Uber) ਵਿਚ 40% ਦੀ ਕਟੌਤੀ ਹੋ ਕੇ ਡਰਾਈਵਰ ਕੋਲ ਤਕਰੀਬਨ 60% ਪੈਸੇ ਹੀ ਬਚਦੇ ਹਨ ਜਦਕਿ ਟੈਕਸੀ ਕੈਬ ਵਿਚ ਡਰਾਈਵਰ ਨੂੰ ਰੋਜ਼ਾਨਾ cost ਕਰੀਬ 25 ਡਾਲਰ ਪੈਂਦੀ ਹੈ ਤੇ ਬਾਕੀ ਸਾਰੇ ਪੈਸੇ ਉਸ ਦੀ ਜੇਬ ਵਿਚ ਹੀ ਜਾਂਦੇ ਹਨ। ਸ਼ਿਕਾਗੋ ਸ਼ਹਿਰ ਵਿਚ ਕਈ ਮਿਹਨਤੀ ਡਰਾਈਵਰ ਰੋਜ਼ਾਨਾ 400-500 ਡਾਲਰ ਦੀ ਬੁਕਿੰਗ ਵੀ ਕਰ ਰਹੇ ਹਨ।

## ਹੋਰ ਜਾਣਕਾਰੀ ਲਈ ਸੰਪਰਕ ਕਰੋ:

**HARDEEP GILL: 847-226-2515**
**JASSI GILL: 773-759-0433**
**PAUL SINGH: 847-293-0643**

## ਮਾਤਾ ਸਵਿੰਦਰ ਕੌਰ ਦੇ ਚਲਾਣੇ ਨਾਲ ਬੰਦੇਸ਼ਾ ਪਰਿਵਾਰ ਨੂੰ ਸਦਮਾ



**ਸ਼ਿਕਾਗੋ:** ਇਥੋਂ ਦੇ ਬੰਦੇਸ਼ਾ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੀ ਮਾਤਾ ਬੀਬੀ ਸਵਿੰਦਰ ਕੌਰ ਪਤਨੀ ਸਵ. ਸ. ਪ੍ਰਿਤਪਾਲ ਸਿੰਘ ਲੰਘੀ 21 ਅਗਸਤ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ 87 ਸਾਲਾਂ ਦੇ ਸਨ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਹਸਪਤਾਲ ਵਿਚ ਜੇਰੇ ਇਲਾਜ ਸਨ। ਉਹ ਆਪਣੇ ਪਿੱਛੇ ਪੁਤਰ ਸ. ਜਸਬੀਰ ਸਿੰਘ, ਸ. ਕੁਲਬੀਰ ਸਿੰਘ, ਧੀਆਂ ਕੁਲਦੀਪ ਕੌਰ ਸੰਧੂ (ਪਤਨੀ ਲਖਬੀਰ ਸਿੰਘ ਸੰਧੂ), ਅਤੇ ਰਣਜੀਤ ਕੌਰ ਬੁੱਟਰ (ਪਤਨੀ ਬਲਰਾਜ ਸਿੰਘ ਬੁੱਟਰ), ਅਤੇ ਪੋਤਰੇ ਹਰਜੋਤ ਸਿੰਘ ਬੰਦੇਸ਼ਾ ਅਤੇ ਇਕਬਾਲਜੋਤ ਸਿੰਘ ਬੰਦੇਸ਼ਾ ਨੂੰ ਛੱਡ ਗਏ ਹਨ।

ਬੰਦੇਸ਼ਾ ਪਰਿਵਾਰ ਕੁਝ ਸਾਲ ਪਹਿਲਾਂ ਹੀ ਇੰਡੀਆ ਤੋਂ ਅਮਰੀਕਾ ਆਇਆ ਹੈ। ਮਾਤਾ ਸਵਿੰਦਰ ਕੌਰ ਗੁਰੂ ਦੇ ਭਾਣੇ ਵਿਚ ਰਹਿਣ ਵਾਲੇ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੁਆਰਾ ਦਿੱਤੀ ਚੰਗੀ ਸਿਖਿਆ ਦਾ ਹੀ ਨਤੀਜਾ ਹੈ ਕਿ ਉਨ੍ਹਾਂ ਦੀ ਬਿਮਾਰੀ ਵੇਲੇ ਸਾਰੇ ਪਰਿਵਾਰ ਦੇ ਜੀਆਂ ਨੇ ਉਨ੍ਹਾਂ ਦੀ ਜੀਅ-ਜਾਨ ਨਾਲ ਸੇਵਾ ਕੀਤੀ। ਉਨ੍ਹਾਂ ਦੀ ਨੇਕ ਤੇ ਸਮਝਦਾਰ ਪੋਤਰੀ ਸ਼ਬਨਮ ਨੇ ਵੀ ਆਪਣੀ ਪੜ੍ਹਾਈ ਦੇ ਬਾਵਜੂਦ ਆਖਰੀ ਸਮਾਂ ਉਨ੍ਹਾਂ ਨਾਲ ਬਿਤਾਉਣ ਨੂੰ ਤਰਜੀਹ ਦਿੱਤੀ। ਸਾਰੇ ਪਰਿਵਾਰ ਦਾ ਆਪਸ ਵਿਚ ਬਹੁਤ ਪਿਆਰ-ਇਤਫਾਕ ਹੈ। ਮਾਤਾ ਸਵਿੰਦਰ ਕੌਰ ਦਾ ਅੰਤਿਮ ਸੰਸਕਾਰ ਮੰਗਲਵਾਰ ਸਵੇਰੇ ਕਰ ਦਿੱਤਾ ਗਿਆ, ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਹੋਈ, ਜਿੱਥੇ ਪਰਿਵਾਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

## ਹੁਣ ਸਮਾਰਟ ਫੋਨ ਦੱਸੇਗਾ ਫੋਟੋ ਅਸਲੀ ਹੈ ਜਾਂ ਏ.ਆਈ.

**ਮੈਲਬਰਨ:**ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨੇ ਤਸਵੀਰਾਂ ਬਣਾਉਣ ਅਤੇ ਉਨ੍ਹਾਂ ਵਿਚ ਬਦਲਾਅ ਕਰਨ ਨੂੰ ਇੰਨਾ ਆਸਾਨ ਬਣਾ ਦਿੱਤਾ ਹੈ ਕਿ ਹੁਣ ਅਸਲੀ ਅਤੇ ਨਕਲੀ ਤਸਵੀਰ ਵਿਚ ਫ਼ਰਕ ਕਰਨਾ ਮੁਸ਼ਕਲ ਹੋ ਗਿਆ ਹੈ। ਇਹੀ ਵਜ੍ਹਾ ਹੈ ਕਿ ਏਆਈ ਨਾਲ ਬਣੀਆਂ ਫੇਕ ਅਤੇ ਡੀਪਫੇਕ ਤਸਵੀਰਾਂ ਦੇ ਵਧਦੇ ਇਸਤੇਮਾਲ ਨੇ ਤਕਨੀਕੀ ਕੰਪਨੀਆਂ ਦੇ




ਸਾਹਮਣੇ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ ਨਾਲ ਨਾਲ ਨਜਿੱਠਣ ਲਈ ਹੁਣ ਸਮਾਰਟਫੋਨ ਅਤੇ ਕੈਮਰਾ ਕੰਪਨੀਆਂ ਅਜਿਹੀ ਤਕਨੀਕ 'ਤੇ ਕੰਮ ਕਰ ਰਹੀਆਂ ਹਨ, ਜੋ ਤਸਵੀਰ ਦੇ ਸਰੋਤ ਅਤੇ ਉਸਦੇ ਬਣਾਏ ਜਾਣ ਦੀ ਜਾਣਕਾਰੀ ਨੂੰ ਸੁਰੱਖਿਅਤ ਰੱਖ ਸਕੇ।

ਗੂਗਲ ਨੇ 2025 ਵਿੱਚ ਆਪਣੇ ਕੁਝ ਸਮਾਰਟਫੋਨ ਕੈਮਰਿਆਂ ਵਿਚ ਕੰਟੈਂਟ ਆਥੈਂਟਿਸਿਟੀ ਨਾਲ ਜੁੜਿਆ ਸਾਫਟਵੇਅਰ ਦੇਣਾ ਸ਼ੁਰੂ ਕੀਤਾ। ਇਹ ਸੀਟਪੀਏ (ਕੋਐਲੀਸ਼ਨ ਫਾਰ ਕੰਟੈਂਟ ਪ੍ਰੋਵੇਨੈਂਸ ਐਂਡ ਆਥੈਂਟਿਸਿਟੀ) ਵਰਗੇ ਤਕਨੀਕੀ ਮਿਆਰ 'ਤੇ ਅਧਾਰਤ ਹੈ। ਨਿਕੋਨ, ਸੋਨੀ ਅਤੇ ਕੈਨਨ ਵਰਗੇ ਕੈਮਰਾ ਨਿਰਮਾਤਾ ਵੀ ਇਸੇ ਤਰ੍ਹਾਂ ਦੀ ਤਕਨੀਕ ਅਪਣਾ ਰਹੇ ਹਨ। ਇਸ ਦਾ ਮਕਸਦ ਤਸਵੀਰ ਦੇ ਉਸਦੀ ਉਤਪੱਤੀ ਅਤੇ 1 ਉਸ ਨਾਲ ਜੁੜੀ ਜਾਣਕਾਰੀ ਨੂੰ ਦਰਜ ਕਰਨਾ । ਹੈ, ਤਾਂ ਜੋ ਬਾਅਦ ਵਿਚ ਇਹ ਜਾਂਚਿਆ ਜਾ ਸ ਸਕੇ ਕਿ ਤਸਵੀਰ ਕਿੱਥੇ ਅਤੇ ਕਿਸ ਡਿਵਾਈਸ ਤੋਂ ਬਣਾਈ ਗਈ ਸੀ।ਐਪਲ ਵੀ ਇਸੇ ਦਿਸ਼ਾ ਵਿਚ ਅੱਗੇ ਵਧ ਸਕਦਾ ਹੈ। ਖ਼ਬਰਾਂ ਮੁਤਾਬਕ, ਕੰਪਨੀ ਦੇ ਅਗਲੇ ਓਪਰੇਟਿੰਗ ਸਿਸਟਮ ਵਿਚ 'ਰੈਫਰੈਂਸ ਇਮੇਜ' ਵਰਗਾ ਫੀਚਰ ਆ ਸਕਦਾ ਹੈ। ਇਸ ਦੇ ਜ਼ਰੀਏ ਤਸਵੀਰ ਦੇ ਨਾਲ ਉਸ ਨਾਲ ਜੁੜਿਆ ਮੇਟਾਡਾਟਾ ਸੁਰੱਖਿਅਤ ਰੱਖਿਆ ਜਾ ਸਕੇਗਾ ਅਤੇ ਉਸਦੀ ਪ੍ਰਮਾਣਿਕਤਾ ਦੀ ਜਾਂਚ ਸੰਭਵ ਹੋਵੇਗੀ। ਤਸਵੀਰ ਨੂੰ ਇੱਕ ਯੂਨੀਕ ਆਈਡੀ ਵੀ ਮਿਲ ਸਕਦੀ ਹੈ, ਜਿਸ ਨਾਲ ਉਸਦੇ ਬਣਾਏ ਜਾਣ ਦੇ ਸਮੇਂ ਅਤੇ ਇਸਤੇਮਾਲ ਕੀਤੇ ਗਏ ਡਿਵਾਈਸ ਵਰਗੀ ਜਾਣਕਾਰੀ ਹਾਸਲ ਕੀਤੀ ਜਾ ਸਕੇਗੀ। ਪਰ ਤਕਨੀਕ ਦੀਆਂ ਆਪਣੀਆਂ ਸੀਮਾਵਾਂ ਇਸ ਤਰ੍ਹਾਂ ਦੀ ਵਿਵਸਥਾ ਨਾਲ ਏ.ਆਈ. ਦੀਆਂ ਤਸਵੀਰਾਂ ਦੀ ਪਛਾਣ ਵਿਚ ਮਦਦ 1 ਮਿਲ ਸਕਦੀ ਹੈ, ਪਰ ਇਸ ਨੂੰ ਫੇਕ ਤਸਵੀਰਾਂ ਦੇ ਖਿਲਾਫ ਪੂਰੀ ਤਰ੍ਹਾਂ ਕਾਰਗਰ ਹਥਿਆਰ ਮੰਨਣਾ ਜਲਦਬਾਜ਼ੀ ਹੋਵੇਗੀ। ਮਿਸਾਲ ਵਜੋਂ, ਅਜਿਹੇ ਫੀਚਰ ਡਿਫਾਲਟ ਰੂਪ ਨਾਲ ਬੰਦ ਹੋ ਸਕਦੇ ਹਨ ਅਤੇ ਯੂਜ਼ਰ ਨੂੰ ਇਨ੍ਹਾਂ ਨੂੰ ਖੁਦ ਚਾਲੂ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ, ਪਹਿਲਾਂ ਤੋਂ ਖਿੱਚੀਆਂ ਗਈਆਂ ਤਸਵੀਰਾਂ 'ਤੇ ਇਹ ਸੁਵਿਧਾ ਲਾਗੂ ਨਹੀਂ ਹੋਵੇਗੀ। ਯੂਜ਼ਰ ਨੂੰ ਤਸਵੀਰ ਲੈਂਦੇ ਸਮੇਂ ਹੀ ਤੈਅ ਕਰਨਾ ਹੋਵੇਗਾ ਕਿ ਉਸਨੂੰ ਭਵਿੱਖ ਵਿਚ ਉਸਦੀ ਪ੍ਰਮਾਣਿਕਤਾ ਸਾਬਤ ਕਰਨ ਦੀ ਲੋੜ ਪੈ ਸਕਦੀ ਹੈ ਜਾਂ ਨਹੀਂ।ਸਭ ਤੋਂ ਵੱਡੀ ਗੱਲ ਇਹ ਹੈ ਕਿ ਵੇਰੀਫਾਈਡ ਤਸਵੀਰ ਵੀ ਆਪਣੇ ਆਪ ਵਿਚ ਪੂਰੀ ਸੱਚਾਈ ਦੀ ਗਾਰੰਟੀ ਨਹੀਂ ਹੈ। ਕੈਮਰਾ ਕਿਸ ਕੋਣ ਤੋਂ ਤਸਵੀਰ ਲੈ ਰਿਹਾ ਹੈ, ਤਸਵੀਰ ਲੈਣ ਵਾਲਾ ਵਿਅਕਤੀ ਆਬਜੈਕਟ ਤੋਂ ਕਿੰਨੀ ਦੂਰੀ 'ਤੇ ਹੈ ਅਤੇ ਤਸਵੀਰ ਦੇ ਸਮੇਂ ਉੱਥੇ ਕੀ ਹਾਲਾਤ ਸਨ, ਇਨ੍ਹਾਂ ਸਾਰਿਆਂ ਦਾ ਅਸਰ ਤਸਵੀਰ ਤੋਂ ਨਿਕਲਣ ਵਾਲੇ ਅਰਥ 'ਤੇ ਪੈ ਸਕਦਾ ਹੈ। ਕੋਈ ਅਸਲ ਤਸਵੀਰ ਵੀ ਅਧੂਰੇ ਸੰਦਰਭ ਵਿਚ ਲੋਕਾਂ ਨੂੰ ਗੁਮਰਾਹ ਕਰ ਸਕਦੀ ਹੈ। ਇਸ ਲਈ ਕਿਸੇ ਤਸਵੀਰ 'ਤੇ 'ਵੇਰੀਫਾਈਡ' ਦਾ ਨਿਸ਼ਾਨ ਦੇਖ ਕੇ ਉਸਨੂੰ ਪੂਰੀ ਤਰ੍ਹਾਂ ਸੱਚ ਮੰਨ ਲੈਣਾ ਠੀਕ ਨਹੀਂ ਹੋਵੇਗਾ। ਇਸੇ ਤਰ੍ਹਾਂ ਕਿਸੇ ਤਸਵੀਰ ਅਜਿਹਾ ਨਿਸ਼ਾਨ ਨਾ ਹੋਣ ਦਾ ਮਤਲਬ ਇਹ ਵੀ ਨਹੀਂ ਕਿ ਉਹ ਨਕਲੀ ਹੈ। ਤਸਵੀਰ ਦੇ ਸਰੋਤ ਅਤੇ ਉਸਦੀ ਯਾਤਰਾ ਬਾਰੇ ਮਹੱਤਵਪੂਰਨ ਸੰਕੇਤ ਦੇ ਸਕਦੀ, ਪਰ ਣ ਤਸਵੀਰ ਦੀ ਪੂਰੀ ਕਹਾਣੀ ਨਹੀਂ ਦੱਸ ਸਕਦੀ। ਆਖਰਕਾਰ ਏਆਈ ਦੇ ਦੌਰ ਵਿਚ ਝ ਤਸਵੀਰਾਂ 'ਤੇ ਭਰੋਸਾ ਕਰਨ ਲਈ ਤਕਨੀਕ ਦੇ ਨਾਲ ਇਨਸਾਨੀ ਸਮਝ ਵੀ ਜ਼ਰੂਰੀ ਹੋਵੇਗੀ। ਤਸਵੀਰ ਕਿੱਥੇ ਤੋਂ ਆਈ ਹੈ, ਉਸਨੂੰ ਕਿਸਨੇ ਸਾਂਝਾ ਕੀਤਾ ਹੈ ਅਤੇ ਉਸ ਸਰੋਤ 'ਤੇ ਕਿੰਨਾ ਭਰੋਸਾ ਕੀਤਾ ਜਾ ਸਕਦਾ ਹੈਔਇਨ੍ਹਾਂ ਸਵਾਲਾਂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਕੰਟੈਂਟ ਦੀ ਪ੍ਰਮਾਣਿਕਤਾ ਸਾਬਤ ਕਰਨ ਵਾਲੀ ਤਕਨੀਕ ਇਸ ਸਮੱਸਿਆ ਦਾ ਮਹੱਤਵਪੂਰਨ ਹਿੱਸਾ ਜ਼ਰੂਰ ਹੈ, ਪਰ ਇਕੱਲੇ ਇਸ ਦੇ ਸਹਾਰੇ ਏਆਈ ਦੀ ਦੁਰਵਰਤੋਂ ਨੂੰ ਰੋਕਣਾ ਮੁਸ਼ਕਲ ਹੋਵੇਗਾ।


**LIQUOR STORE for lease/sale**

Operating LIQUOR STORE for lease/sale with 8000 sq. feet property in Weatherford, Tx 76086.

**For information please call:**

(760) 525-6100 or e-mail upinder1225@gmail.com

ਵੈਦਰਫੋਰਡ (ਟੈਕਸਸ) ਵਿਚ ਵਧੀਆ ਚੱਲਦਾ ਲਿਕਰ ਸਟੋਰ ਲੀਜ਼/ਸੇਲ 'ਤੇ ਹੈ।

ਚਾਹਵਾਨ ਸੰਪਰਕ ਕਰਨ: 760-525-6100
ਜਾਂ ਈ-ਮੇਲ ਕਰੋ: upinder1225@gmail.com


# Matrimonials

## ਲੜਕੇ ਦੀ ਲੋੜ ਹੈ

Jat Sikh parents are looking for a suitable match, only from Jat Sikh families for their daughter. She is a medical student, currently in MD program in USA, born and raised in USA, 24 years old, 5'4" tall. Looking for a match from medical field only, who is born and raised in USA/Canada. Canada born please contact only if they are willing to move to USA. Please contact at 262-443-2395 or email at caprisingh8@yahoo.com for more information.

34-37

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।
ਚਾਹਵਾਨ 734-444-5774 'ਤੇ ਸੰਪਰਕ ਕਰਨ।

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**





**UMA TRAVELS**

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪੰਜਾਬ 'ਚ ਸਾਰੀਆਂ ਵਿਧਾਨ ਸਭਾ ਸੀਟਾਂ 'ਤੇ ਚੋਣ ਲੜਾਂਗੇ: ਬੀ.ਐਲ. ਸੰਤੋਸ਼

**ਪਟਿਆਲਾ/ਬਠਿੰਡਾ:** ਪੰਜਾਬ ਵਾਸੀਆਂ ਨੇ ਇਸ ਵਾਰ ਰਾਜਨੀਤਕ ਬਦਲਾਅ ਦੀ ਤਿਆਰੀ ਕਰ ਲਈ ਹੈ, ਜਿਸ ਨੂੰ ਭਾਂਪਦਿਆਂ ਭਾਜਪਾ ਇਸ ਬਦਲਾਅ ਨੂੰ ਸਾਕਾਰ ਕਰਨ ਪੂਰੀ ਤਰ੍ਹਾਂ ਤਿਆਰ ਹੈ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਇਕੱਲੇ ਚੋਣ ਲੜੇਗੀ ਅਤੇ ਜਿੱਤ ਹਾਸਿਲ ਕਰਕੇ ਸੂਬੇ ਵਿਚ ਆਪਣੀ ਸਰਕਾਰ ਬਣਾਏਗੀ।

ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਬੀ.ਐਲ. ਸੰਤੋਸ਼ ਨੇ ਕੀਤਾ। ਉਹ ਆਪਣੇ ਸੂਬਾਈ ਸੰਗਠਨਾਤਮਿਕ ਦੌਰੇ ਦੇ ਪਹਿਲੇ ਦਿਨ ਪਟਿਆਲਾ ਵਿਖੇ ਹੋਈ ਪਹਿਲੀ ਖੇਤਰੀ ਬੈਠਕ ਨੂੰ ਸੰਬੋਧਨ ਕਰ ਰਹੇ ਸਨ।

ਇਸ ਇਕੱਤਰਤਾ ਵਿਚ ਭਾਜਪਾ ਦੇ ਮੋਹਾਲੀ, ਪਟਿਆਲਾ, ਫ਼ਤਹਿਗੜ੍ਹ ਸਾਹਿਬ ਅਤੇ ਸੰਗਰੂਰ ਭਾਜਪਾ ਦੇ ਅਹੁਦੇਦਾਰ ਪਹੁੰਚੇ ਹੋਏ ਸਨ। ਸ੍ਰੀ



ਸੰਤੋਸ਼ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਭਾਜਪਾ ਆਗੂਆਂ ਅਤੇ ਸੰਗਠਨ ਦੇ ਅਹੁਦੇਦਾਰਾਂ ਨਾਲ ਖੇਤਰੀ ਬੈਠਕਾਂ ਰਾਹੀਂ ਸੰਗਠਨ ਦੀਆਂ ਗਤੀਵਿਧੀਆਂ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਲਈ ਪਹੁੰਚੇ ਹੋਏ ਹਨ।

## ਅਕਾਲੀ ਦਲ (ਬ) ਨਾਲ ਗੱਠਜੋੜ ਤੋਂ ਸਿੱਧਾ ਇਨਕਾਰ

ਇਸ ਮੌਕੇ ਬੀ.ਐਲ. ਸੰਤੋਸ਼ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਸੂਬੇ ਅੰਦਰ ਭਾਜਪਾ ਦੇ ਪੁਰਾਣੇ ਕਾਡਰ 'ਚ ਕਿਸੇ ਕਿਸਮ ਦਾ ਕੋਈ ਰੋਸ ਨਹੀਂ ਹੈ। ਉਨਾਂ ਸ਼੍ਰੋਮਣੀ ਅਕਲੀ ਦਲ (ਬ) ਨਾਲ ਕਿਸੇ ਕਿਸਮ ਦੇ ਗੱਠਜੋੜ ਨੂੰ ਫਿਲਹਾਲ ਮੁੱਢੋਂ ਨਕਾਰਦਿਆਂ ਇਕੱਲੇ ਹੀ ਚੋਣ ਮੈਦਾਨ 'ਚ ਨਿਤਰਨ ਦੀ ਗੱਲ ਕਹੀ। ਇਸ ਦੌਰਾਨ ਪੰਜਾਬ ਭਾਜਪਾ ਕਾਰਜਕਾਰਨੀ ਦੇ ਮੈਂਬਰ ਅਤੇ ਬੁਲਾਰੇ ਗੁਰਜੀਤ ਸਿੰਘ ਕੋਹਲੀ ਨੇ ਕਿਹਾ. ਕਿ ਸੂਬੇ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਦੂਰਅੰਦੇਸ਼ੀ ਨੀਤੀਆਂ ਨੂੰ ਸਵੀਕਾਰ ਕਰਦੇ ਹੋਏ 2027 'ਚ ਪੰਜਾਬ ਅੰਦਰ ਭਾਜਪਾ ਦੀ ਸਰਕਾਰ ਲਿਆਉਣ ਦਾ ਮਨ ਬਣਾ ਚੁੱਕੇ ਹਨ।

# ਫਲਾਈਟ ਅਟੈਂਡੈਂਟ ਤੇ ਪਾਇਲਟਾਂ ਨੂੰ ਰੇਡੀਏਸ਼ਨ ਦਾ ਖ਼ਤਰਾ ਵਧੇਰੇ

**ਨਵੀਂ ਦਿੱਲੀ:** ਰੇਡੀਏਸ਼ਨ ਤੋਂ ਹੋਣ ਵਾਲੇ ਕੈਂਸਰ ਨਾਲ ਮਰਨ ਦਾ ਸਭ ਤੋਂ ਵੱਧ ਖ਼ਤਰਾ ਫਲਾਈਟ ਅਟੈਂਡੈਂਟ ਅਤੇ ਪਾਇਲਟ ਨੂੰ ਹੁੰਦਾ ਹੈ। ਇੱਥੋਂ ਤੱਕ ਕਿ ਉਨ੍ਹਾਂ ਲੋਕਾਂ ਨਾਲੋਂ ਵੀ ਵੱਧ ਜੋ ਰੇਡੀਓਐਕਟਿਵ ਮਟੀਰੀਅਲ ਨਾਲ ਕੰਮ ਕਰਦੇ ਹਨ। ਖੋਜ ਵਿਚ ਕਿਹਾ ਗਿਆ ਹੈ ਕਿ ਕਾਸਮਿਕ ਰੇਡੀਏਸ਼ਨ ਪੁਲਾੜ ਤੋਂ ਆਉਂਦੀ ਹੈ। ਇਸ ਦੀ ਬਹੁਤ ਘੱਟ ਮਾਤਰਾ ਹੀ ਧਰਤੀ ਦੀ ਸਤ੍ਹਾ ਤੱਕ ਪਹੁੰਚਦੀ ਹੈ, ਪਰ ਵਧੇਰੇ ਉਚਾਈ 'ਤੇ ਉਡਾਣ ਭਰਨ ਵਾਲੇ ਲੋਕਾਂ ਨੂੰ ਇਸ ਦੇ ਜ਼ਿਆਦਾ ਸੰਪਰਕ



ਵਿਚ ਆਉਣਾ ਪੈਂਦਾ ਹੈ। ਖੋਜ ਤੋਂ ਕੁਝ ਅਜਿਹੇ ਸਬੂਤ ਮਿਲੇ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਅਕਸਰ ਉਡਾਣ ਭਰਨ ਵਾਲੇ ਲੋਕਾਂ, ਖਾਸ ਕਰ ਕੇ ਪਾਇਲਟ ਅਤੇ ਫਲਾਈਟ ਅਟੈਂਡੈਂਟ ਵਿਚ ਰੇਡੀਏਸ਼ਨ ਦੇ ਸੰਪਰਕ ਵਿਚ ਆਉਣ ਨਾਲ ਕੈਂਸਰ ਨਾਲ ਮੌਤ ਦੀ ਦਰ ਵੱਧ ਹੋ ਸਕਦੀ ਹੈ। ਆਸਟ੍ਰੇਲੀਆ ਦੇ ਦੋ ਰੇਡੀਏਸ਼ਨ ਮਾਹਰਾਂ ਨੇ ਲਿਖਿਆ ਹੈ ਕਿ ਇਹ ਨਵੀਂ ਖੋਜ ਇਸ ਸਵਾਲ 'ਤੇ ਅਹਿਮ ਨਵੇਂ ਸਬੂਤ ਸਾਹਮਣੇ ਲਿਆਉਂਦੀ ਹੈ। ਜਾਮਾ ਇੰਟਰਨਲ ਮੈਡੀਸਨ ਵਿਚ ਸੋਮਵਾਰ ਨੂੰ ਪ੍ਰਕਾਸ਼ਿਤ ਇਸ ਖੋਜ ਵਿਚ 12 ਕਰੋੜ ਤੋਂ ਵੱਧ ਮੌਤ ਸਰਟੀਫਿਕੇਟਾਂ ਦੇ ਰਾਸ਼ਟਰੀ ਡਾਟੇ ਦੀ ਵਰਤੋਂ ਕੀਤੀ ਗਈ, ਜਿਨ੍ਹਾਂ ਵਿਚ ਪੇਸ਼ੇ ਬਾਰੇ ਜਾਣਕਾਰੀ ਸ਼ਾਮਲ ਸੀ। ਖੋਜਕਾਰਾਂ ਨੇ ਰੇਡੀਏਸ਼ਨ ਦੇ ਸੰਪਰਕ ਵਿਚ ਆਉਣ ਨਾਲ ਜੁੜੇ ਕੈਂਸਰ ਤੋਂ ਹੋਣ ਵਾਲੀਆਂ ਮੌਤਾਂ ਦੀਆਂ ਦਰਾਂ ਦਾ ਅਧਿਐਨ ਕੀਤਾ, ਜਿਨ੍ਹਾਂ ਵਿਚ ਲਿਊਕੀਮੀਆ, ਲਿਮਫੋਮਾ, ਮਲਟੀਪਲ ਮਾਈਲੋਮਾ ਅਤੇ ਚਮੜੀ, ਬ੍ਰੈਸਟ, ਥਾਇਰਾਇਡ, ਪ੍ਰੋਸਟੇਟ ਅਤੇ ਸੈਂਟਰਲ ਨਰਵਸ ਸਿਸਟਮ ਦੇ ਕੈਂਸਰ ਸ਼ਾਮਲ ਹਨ।

# ਐੱਚ-1ਬੀ ਵੀਜ਼ਾ ਦੀ ਫੀਸ 'ਚ 3000 ਡਾਲਰ ਵਾਧੇ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਐੱਚ-1ਬੀ ਵੀਜ਼ਾ ਦੀ ਫੀਸ ਨੂੰ ਵਧਾ ਕੇ 1,03,265 ਡਾਲਰ ਕਰਨ ਦੀ ਤਿਆਰੀ ਵਿਚ ਹੈ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ।ਜਦੋਂ ਰਾਸ਼ਟਰਪਤੀ ਵੱਲੋਂ ਪਿਛਲੇ ਸਾਲ ਲਗਾਈ ਗਈ ਇੱਕ ਲੱਖ ਡਾਲਰ ਦੀ ਫੀਸ ਨੂੰ ਸੰਘੀ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਹੈ।ਅਦਾਲਤ ਨੇ ਇਸ ਫੀਸ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਇਸ ਸਾਲ ਜੂਨ ਵਿਚ ਇਸ ਦੇ ਖਿਲਾਫ ਫ਼ੈਸਲਾ ਦਿੱਤਾ ਸੀ। ਡਿਪਾਰਟਮੈਂਟ ਆਫ ਹੋਮਲੈਂਡ ਸਿਕਿਉਰਿਟੀ (ਡੀਐੱਚਐੱਸ) ਵੱਲੋਂ ਪ੍ਰਸਤਾਵਿਤ ਨਵੀਂ ਫੀਸ ਨੂੰ ਸੋਮਵਾਰ ਨੂੰ ਫੈਡਰਲ ਰਜਿਸਟਰ 'ਚ ਪ੍ਰਕਾਸ਼ਤ ਕੀਤਾ ਗਿਆ। ਪ੍ਰਸਤਾਵ 'ਤੇ ਅਗਲੇ 30 ਦਿਨਾਂ ਤੱਕ ਜਨਤਾ ਦੀ ਰਾਏ ਮੰਗੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਨਿਯਮ ਨੂੰ ਸਾਲ ਦੇ ਅੰਤ ਤੱਕ ਅੰਤਿਮ ਰੂਪ ਦਿੱਤਾ ਜਾ ਸਕਦਾ ਹੈ। ਟਰੰਪ ਦਾ ਮੌਜੂਦਾ ਫੀਸ ਸੰਬੰਧੀ ਆਦੇਸ਼ ਸਤੰਬਰ 'ਚ ਸਮਾਪਤ ਹੋਣ ਵਾਲਾ ਹੈ ਤੇ ਉਨ੍ਹਾਂ ਨੇ ਡੀਐੱਚਐੱਸ ਨੂੰ ਇਸ ਨੂੰ ਸਥਾਈ ਰੂਪ ਦੇਣ ਦੀ ਦਿਸ਼ਾ ਵਿਚ ਕੰਮ ਕਰਨ ਦਾ ਨਿਰਦੇਸ਼ ਦਿੱਤਾ ਸੀ।

## ਈਰਾਨ 'ਤੇ ਅਮਰੀਕੀ ਪਾਬੰਦੀਆਂ ਹੋਰ ਸਖ਼ਤ...

(ਪਹਿਲੇ ਸਫ਼ੇ ਦਾ ਬਾਕੀ)

ਆਸਿਮ ਮੁਨੀਰ ਤਿਹਰਾਨ ਪੁੱਜੇ ਅਤੇ ਈਰਾਨ ਦੇ ਮੁੱਖ ਵਾਰਤਾਕਾਰ ਅਤੇ ਸੰਸਦ ਸਪੀਕਰ ਮੁਹੰਮਦ ਬਾਕਰ ਗਲੀਬਾਫ਼ ਨਾਲ ਮੁਲਾਕਾਤ ਕੀਤੀ। ਗਲੀਬਾਫ਼ ਨੇ ਕਿਹਾ ਕਿ ਅਮਰੀਕਾ ਨੂੰ ਜੂਨ 'ਚ ਹੋਏ ਸਮਝੌਤੇ (ਐੱਮਓਯੂ) ਤਹਿਤ ਵਚਨਬਧਤਾਵਾਂ ਦਾ ਪਾਲਣ ਕਰਨਾ ਚਾਹੀਦਾ ਹੈ।

### ਹੋਰਮੁਜ਼ ਬੰਦ ਕਰਨ ਦੀ ਧਮਕੀ

ਪਾਬੰਦੀਆਂ ਦੇ ਐਲਾਨ ਤੋਂ ਪਹਿਲਾਂ ਹੀ ਈਰਾਨ ਨੇ ਆਰਥਿਕ ਯੁੱਧ ਦੀ ਸਥਿਤੀ ਵਿਚ ਸਖ਼ਤ ਜਵਾਬ ਦੀ ਚੇਤਾਵਨੀ ਦਿੱਤੀ ਸੀ। ਈਰਾਨ ਦੀ ਸੁਪਰੀਮ ਨੈਸ਼ਨਲ ਸਕਿਓਰਿਟੀ ਕੌਂਸਲ ਦੇ ਸਕੱਤਰ ਮੋਹਸਿਨ ਰੇਜ਼ਾਈ ਨੇ ਕਿਹਾ ਸੀ ਕਿ ਆਰਥਿਕ ਪਾਬੰਦੀਆਂ ਲਾਈਆਂ ਗਈਆਂ ਤਾਂ



ਮੋਹਸਿਨ ਰੇਜ਼ਾਈ

ਹੋਰਮੁਜ਼ ਸਟ੍ਰੇਟ ਤੋਂ ਤੇਲ ਦਾ ਨਿਰਯਾਤ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਰਥਿਕ ਜੁੱਧ ਜਾਰੀ ਰਹਿਣ 'ਤੇ ਹੋਰਮੁਜ਼ ਤੋਂ ਤੇਲ ਦੀ ਇੱਕ ਬੂੰਦ ਵੀ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਹਾਲਾਂ ਕਿ ਕੱਚੇ ਤੇਲ ਦੀਆਂ ਕੀਮਤਾਂ 'ਚ ਦੋ ਫ਼ੀਸਦੀ ਦੀ ਗਿਰਾਵਟ ਆਈ ਤੇ ਕੀਮਤਾਂ 90 ਡਾਲਰ ਪ੍ਰਤੀ ਬੈਰਲ ਦੇ ਨੇੜੇ ਰਹੀਆਂ।

# ਯੂਕਰੇਨ ਨਹੀਂ ਛੱਡੇਗਾ ਆਪਣੀ ਜ਼ਮੀਨ: ਜ਼ੇਲੈਂਸਕੀ

**ਕੀਵ:** ਯੂਕਰੇਨ ਨੇ ਸੋਮਵਾਰ ਨੂੰ ਆਪਣਾ 35ਵਾਂ ਆਜ਼ਾਦੀ ਦਿਹਾੜਾ ਮਨਾਇਆ। ਇਸ ਮੌਕੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਐਡੀ ਬਰਨਹਮ, ਯੂਰਪੀਅਨ ਕੌਂਸਲ ਦੇ ਰਾਸ਼ਟਰਪਤੀ ਐਂਟੋਨੀਓ ਕੋਸਟਾ ਸਮੇਤ ਕਈ ਆਗੂ ਕੀਵ ਪਹੁੰਚੇ। ਉਨ੍ਹਾਂ ਦੇ ਸਾਹਮਣੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਸ਼ਾਂਤੀ ਚਾਹੁੰਦਾ ਹੈ ਪਰ ਬਦਲੇ ਵਿਚ ਆਪਣੀ ਜ਼ਮੀਨ ਨਹੀਂ ਛੱਡੇਗਾ। ਜ਼ੇਲੈਂਸਕੀ ਨੇ ਕਾਲੇ ਸਾਗਰ ਵਿਚ ਜਹਾਜ਼ਾਂ 'ਤੇ ਹਮਲੇ ਰੋਕਣ ਲਈ ਰੂਸ ਨਾਲ ਗੱਲਬਾਤ ਹੋਣ ਦੇ ਵੀ ਸੰਕੇਤ ਦਿੱਤੇ ਹਨ। ਪ੍ਰਧਾਨ ਮੰਤਰੀ ਵਜੋਂ ਪਹਿ ਲੀ ਵਾਰ ਯੂਕਰੇਨ ਦੌਰੇ 'ਤੇ ਆਏ ਬ੍ਰਿਟਿਸ਼ ਪ੍ਰਧਾਨ ਮੰਤਰੀ ਬਰਨਹਮ ਨੇ ਐਲਾਨ ਕੀਤਾ ਕਿ ਕੀਵ ਨੂੰ ਬ੍ਰਿਟੇਨ ਦਾ ਸਮਰਥਨ ਬਣਿਆ ਰਹੇਗਾ ਤੇ ਲੰਬੀ ਦੂਰੀ



ਤੱਕ ਮਾਰ ਕਰਨ ਵਾਲੀ ਮਿਜ਼ਾਈਲ ਦੇ ਉਤਪਾਦਨ ਵਿਚ ਉਨ੍ਹਾਂ ਦਾ ਦੇਸ਼ ਯੂਕਰੇਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਵੇਗਾ। ਦੱਸ ਦਈਏ ਕਿ ਫਰਾਂਸ ਦੇ ਰਾਸ਼ਟਰਪਤੀ ਇਮਾਨੂਏਲ ਮੈਕਰੋਂ ਨੇ ਵੀ ਮਿਜ਼ਾਈਲ ਉਤਪਾਦਨ ਵਿਚ ਯੂਕਰੇਨ ਦਾ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਹੈ।

## ਅਕਾਲੀ-ਭਾਜਪਾ ਗੱਠਜੋੜ ਦੀ...

(ਪਹਿਲੇ ਸਫ਼ੇ ਦਾ ਬਾਕੀ)

ਦੀ ਸਰਗਰਮੀ, ਆਪਸੀ ਤਾਲਮੇਲ ਅਤੇ ਚੋਣ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।ਪਾਰਟੀ ਦਾ ਧਿਆਨ ਹੁਣ ਬੂਥ ਪੱਧਰ ਤੱਕ ਸੰਗਠਨ ਨੂੰ ਸਰਗਰਮ ਕਰਨ 'ਤੇ ਹੈ।

### 'ਸ਼ਹਿਰੀ ਪਾਰਟੀ' ਦੀ ਛਵੀ ਬਦਲਣ ਦੀ ਕੋਸ਼ਿਸ਼

ਪੰਜਾਬ 'ਚ ਭਾਜਪਾ ਦੀ ਸਿਆਸੀ ਰਣਨੀਤੀ ਦਾ ਇਕ ਅਹਿਮ ਪੱਖ ਇਸ ਦੀ ਰਵਾਇਤੀ 'ਸ਼ਹਿਰੀ ਪਾਰਟੀ' ਵਾਲੀ ਛਵੀ ਨੂੰ ਬਦਲਣਾ ਵੀ ਹੈ। 117 ਸੀਟਾਂ 'ਤੇ ਇਕੱਲੇ ਚੋਣ ਲੜਨ ਦਾ ਮਤਲਬ ਹੈ ਕਿ ਪਾਰਟੀ ਨੂੰ ਸੂਬੇ ਦੇ ਹਰ ਖੇਤਰ ਵਿਚ ਸੰਗਠਨ ਖੜ੍ਹਾ ਕਰਨਾ ਹੋਵੇਗਾ। ਮਾਲਵਾ, ਮਾਝਾ ਅਤੇ ਦੁਆਬਾ ਤਿੰਨਾਂ ਖੇਤਰਾਂ ਵਿਚ ਪਾਰਟੀ ਦੀ ਪਕੜ ਨੂੰ ਇਕਸਾਰ ਮਜ਼ਬੂਤ ਕਰਨਾ ਕੇਂਦਰੀ ਰਣਨੀਤੀ ਦਾ ਹਿੱਸਾ ਬਣ ਸਕਦਾ ਹੈ।

ਬੀ.ਐਲ. ਸੰਤੋਸ਼ ਵਲੋਂ ਕੀਤੀਆਂ ਜਾ ਰਹੀਆਂ ਖੇਤਰੀ ਬੈਠਕਾਂ ਵੀ ਇਸੇ 'ਵਿਆਪਕ ਰਣਨੀਤੀ ਵੱਲ ਇਸ਼ਾਰਾ ਕਰਦੀਆਂ ਹਨ। ਪੰਜਾਬ ਦੀ ਮੌਜੂਦਾ ਸਿਆਸਤ ਵਿਚ ਸਭ ਤੋਂ ਵੱਡਾ ਮੁਕਾਬਲਾ ਸਿਰਫ਼ ਸਰਕਾਰ ਬਣਾਉਣ ਦਾ ਨਹੀਂ, ਸਗੋਂ ਵਿਰੋਧੀ ਧਿਰ ਵਿਚ ਆਪਣੀ ਥਾਂ ਮਜ਼ਬੂਤ ਕਰਨ ਦਾ ਵੀ ਹੈ। ਮੌਜੂਦਾ ਸਮੇਂ ਆਮ ਆਦਮੀ ਪਾਰਟੀ ਸੱਤਾ 'ਚ ਹੈ, ਜਦਕਿ ਕਾਂਗਰਸ ਅਤੇ ਅਕਾਲੀ ਦਲ ਆਪਣਾ ਸਿਆਸੀ ਆਧਾਰ ਮੁੜ ਮਜ਼ਬੂਤ ਕਰਨ ਲਈ ਸਰਗਰਮ ਹਨ। ਅਜਿਹੇ ਹਾਲਾਤ ਵਿਚ ਭਾਜਪਾ ਦਾ ਇਕੱਲੇ 117 ਸੀਟਾਂ 'ਤੇ ਚੋਣ ਲੜਨ ਦਾ ਫ਼ੈਸਲਾ ਸੂਬੇ ਦੀ ਚੋਣੇ ਲੜਾਈ ਨੂੰ ਹੋਰ ਬਹੁਕੋਣੀ ਬਣਾਉਣ ਵੱਲ ਸੰਕੇਤ ਕਰਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬ ਦੇ ਨੌਜਵਾਨਾਂ ਨੇ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ: ਰਾਜਪਾਲ

**ਫ਼ਾਜ਼ਿਲਕਾ:** ਭਾਰਤ ਹਥਿਆਰਾਂ ਦੇ ਮਾਮਲੇ ਵਿਚ ਪੂਰਨ ਤੌਰ 'ਤੇ ਆਤਮ ਨਿਰਭਰ ਹੋ ਚੁੱਕਾ ਹੈ। ਦੁਸ਼ਮਣ ਦੇਸ਼ਾਂ ਦਾ ਮੁਕਾਬਲਾ ਕਰਨ ਲਈ ਕਿਸੇ ਸਮੇਂ ਭਾਰਤ ਦੂਜੇ ਦੇਸ਼ਾਂ ਦੇ ਹਥਿਆਰਾਂ 'ਤੇ ਨਿਰਭਰ ਹੁੰਦਾ ਸੀ, ਜਦਕਿ ਹੁਣ ਹਥਿਆਰਾਂ ਦਾ 64 ਫ਼ੀਸਦੀ ਦੇ ਕਰੀਬ ਹਿੱਸਾ ਭਾਰਤ ਖ਼ੁਦ-ਤਿਆਰ ਕਰ ਰਿਹਾ ਹੈ।

ਇਹ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਫ਼ਾਜ਼ਿਲਕਾ ਦੇ ਸਰਹੱਦੀ ਪਿੰਡ ਆਸਿਫਵਾਲਾ ਵਿਖੇ ਸ਼ਹੀਦਾਂ ਦੀ ਸਮਾਧ 'ਤੇ ਕਰਨ ਗਿਲਹੋਤਰਾ ਫਾਊਂਡੇਸ਼ਨ ਵਲੋਂ ਕਰਵਾਏ ਗਏ 'ਰੱਖੜੀ ਸਰਹੱਦ ਕੇ ਨਾਮ-ਰਾਸ਼ਟਰ ਰਕਸ਼ਾ ਕਾ ਸਨਮਾਨ, ਭੈਣਾਂ ਕਾ ਅਭਿਮਾਨ' ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਦੁਸ਼ਮਣ ਨੇ ਭਾਰਤ 'ਤੇ ਕਈ ਵਾਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਮਨਸੂਬਿਆਂ 'ਚ ਕਾਮਯਾਬ ਨਹੀਂ ਹੋ ਸਕਿਆ।

ਉਨ੍ਹਾਂ ਕਿਹਾ ਕਿ 'ਸਰਜੀਕਲ ਸਟ੍ਰਾਈਕ ਦੌਰਾਨ ਭਾਰਤ ਨੇ 18 ਮਿੰਟਾਂ ਅੰਦਰ ਪਾਕਿਸਤਾਨ ਨੂੰ ਚਿੱਤ ਕਰ ਦਿੱਤਾ ਸੀ।ਪਹਿਲਗਾਮ ਹਮਲੇ ਦੌਰਾਨ ਮਾਵਾਂ-ਭੈਣਾਂ ਦੇ ਸਾਹਮਣੇ ਧਰਮ ਪੁੱਛ ਕੇ ਲੋਕਾਂ ਨੂੰ ਮਾਰਿਆ ਗਿਆ, ਜਿਸ ਦਾ ਬਦਲਾ ਸਰਕਾਰ



ਨੇ 'ਆਪ੍ਰੇਸ਼ਨ ਸੰਧੂਰ ਦੌਰਾਨ ਲਿਆ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਪੰਜਾਬ ਨੂੰ ਦੇਸ਼ ਦਾ ਸ਼ਹੀਦਾਂ ਦੀ ਗਿਣਤੀ ਵਿਚ ਨੰਬਰ ਇਕ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੇ ਦੇਸ਼ ਦੀ ਸੁਰੱਖਿਆ ਲਈ ਸਭ ਤੋਂ ਵੱਧ ਸ਼ਹੀਦੀਆਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਫ਼ੌਜ ਦੇ ਨਾਲ ਮਿਲ ਕੇ ਹਮੇਸ਼ਾ ਹੀ ਪੰਜਾਬ ਨੇ ਦੇਸ਼ ਦੀ ਰਾਖੀ ਕੀਤੀ ਹੈ ਪਰ ਅੱਜ ਪੰਜਾਬ ਨੂੰ ਨਸ਼ਾ ਬਰਬਾਦ ਕਰ ਰਿਹਾ ਹੈ, ਜਿਸ ਕਾਰਨ ਅੱਜ ਛੋਟੀ-ਛੋਟੀ ਉਮਰਾਂ ਵਿਚ ਹੀ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਇਕ- ਇਕ ਘਰ ਦੇ ਤਿੰਨ-ਤਿੰਨ ਬੱਚੇ ਨਸ਼ੇ ਦੀ ਭੇਟ ਚੜ੍ਹ ਗਏ। ਉਨ੍ਹਾਂ ਪਰਿਵਾਰਾਂ ਦਾ ਦਰਦ ਸਮਝਣਾ ਚਾਹੀਦਾ ਹੈ। ਪੰਜਾਬ ਨੇ ਹਰ ਲੜਾਈ ਜਿੱਤੀ ਹੈ ਅਤੇ ਇਸ ਨਸ਼ੇ ਨੂੰ ਖ਼ਤਮ ਕਰਨ ਲਈ ਪੰਜਾਬ ਨੂੰ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਸ਼ਰਾਬ ਦਾ ਸੇਵਨ ਕਰਨ ਵਾਲੇ ਵਿਅਕਤੀ 20 ਤੋਂ 25 ਸਾਲ ਬਾਅਦ ਮਰਦੇ ਸਨ ਪਰ ਅੱਜ ਚਿੱਟੇ ਦੇ ਨਸ਼ੇ ਕਾਰਨ ਤਿੰਨ ਸਾਲ ਵਿਚ ਹੀ ਮੌਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਪੰਜਾਬ ਲਈ ਇਕ ਵੱਡੀ ਚੁਣੌਤੀ ਹੈ।




Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



TBF
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel


Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes

Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਹਾਸਿਆਂ ਦੇ ਬੇਤਾਜ ਬਾਦਸ਼ਾਹ ਜਸਵਿੰਦਰ ਭੱਲਾ ਦੀ ਯਾਦ ਵਿਚ ਸਮਾਗਮ

## ਪੁਸਤਕ 'ਅਣਡਿੱਠਾ ਅਣਸੁਣਿਆ ਜਸਵਿੰਦਰ ਭੱਲਾ' ਰਿਲੀਜ਼








ਸਰੀ: ਪੀ.ਏ.ਯੂ. ਫੈਮਿਲੀ ਐਸੋਸੀਏਸ਼ਨ ਵੈਨਕੂਵਰ ਅਤੇ ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ ਮੋਹਾਲੀ ਵੱਲੋਂ ਪੰਜਾਬੀ ਹਾਸ-ਰਸ ਦੇ ਬੇਤਾਜ ਬਾਦਸ਼ਾਹ ਅਤੇ ਕਾਮੇਡੀ ਕਿੰਗ ਜਸਵਿੰਦਰ ਭੱਲਾ ਦੇ ਸਦੀਵੀ ਵਿਛੋੜੇ ਤੋਂ ਇਕ ਸਾਲ ਬਾਅਦ ਸਰੀ ਵਿਖੇ ਉਨ੍ਹਾਂ ਦੀ ਯਾਦ ਵਿਚ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਉਨ੍ਹਾਂ ਦੇ ਦੋ ਸੌ ਦੇ ਕਰੀਬ ਪ੍ਰਸ਼ੰਸਕਾਂ, ਚਾਹੁਣ ਵਾਲਿਆਂ, ਸਾਹਿਤ ਅਤੇ ਕਲਾ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਕੇ ਆਪਣੇ ਹਰਮਨ-ਪਿਆਰੇ ਕਲਾਕਾਰ ਨੂੰ ਯਾਦ ਕੀਤਾ।

ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਜਸਵਿੰਦਰ ਭੱਲਾ ਨੂੰ ਉਦਾਸੀ ਜਾਂ ਸੋਗ ਦੇ ਮਾਹੌਲ ਵਿਚ ਨਹੀਂ, ਸਗੋਂ ਹਾਸਿਆਂ ਦੇ ਰੰਗ ਵਿਚ ਯਾਦ ਕੀਤਾ ਗਿਆ। ਸਮਾਗਮ ਦੇ ਮੁੱਖ ਬੁਲਾਰੇ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਬਾਲ ਮੁਕੰਦ ਸ਼ਰਮਾ ਸਨ। ਉਨ੍ਹਾਂ ਜਸਵਿੰਦਰ ਭੱਲਾ ਨਾਲ ਲੰਮਾ ਸਮਾਂ ਕੰਮ ਕੀਤਾ ਅਤੇ ਉਨ੍ਹਾਂ ਦੀ ਕਲਾ-ਯਾਤਰਾ ਦੇ ਬਹੁਤ ਸਾਰੇ ਪੜਾਵਾਂ ਦੇ ਉਹ ਚਸ਼ਮਦੀਦ ਗਵਾਹ ਰਹੇ ਹਨ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਜਸਵਿੰਦਰ ਭੱਲਾ ਨਾਲ ਬਿਤਾਏ ਕਈ ਸਾਲਾਂ ਦੀਆਂ ਅਨਮੋਲ ਯਾਦਾਂ ਬੇਹੱਦ ਖ਼ੂਬਸੂਰਤ ਅਤੇ ਦਿਲਚਸਪ ਲਹਿਜ਼ੇ ਵਿਚ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਜਸਵਿੰਦਰ ਭੱਲਾ ਦੇ ਕਲਾਤਮਕ ਸਫ਼ਰ ਦੇ ਮੁੱਢਲੇ ਦੌਰ ਕੈਸਟਾਂ ਅਤੇ ਭੰਡਾਂ ਦੀ ਕਲਾ ਤੋਂ ਲੈ ਕੇ ਪੰਜਾਬੀ ਫ਼ਿਲਮਾਂ ਤੱਕ ਉਨ੍ਹਾਂ ਦੀ ਸ਼ਾਨਦਾਰ ਕਲਾ-ਯਾਤਰਾ ਦੇ ਕਈ ਪੜਾਵਾਂ ਨੂੰ ਯਾਦ ਕੀਤਾ।

ਉਨ੍ਹਾਂ ਦੀ ਬਿਆਨਕਾਰੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਨ੍ਹਾਂ ਨੇ ਜਸਵਿੰਦਰ ਭੱਲਾ ਦੀ ਸ਼ਖ਼ਸੀਅਤ ਦੇ ਕਈ ਅਣਸੁਣੇ ਪੱਖ, ਅਣਕਹੀਆਂ ਗੱਲਾਂ ਅਤੇ ਅਣਮੁੱਲੀਆਂ ਯਾਦਾਂ ਪਹਿਲੀ ਵਾਰ ਸਰੋਤਿਆਂ ਦੇ ਸਾਹਮਣੇ ਰੱਖੀਆਂ।

ਸਮਾਗਮ ਦੌਰਾਨ ਡਾ. ਸਾਧੂ ਸਿੰਘ, ਹਰਜਿੰਦਰ ਥਿੰਦ, ਦਵਿੰਦਰ ਬੈਨੀਪਾਲ, ਜਸਬੀਰ ਰੋਮਾਣਾ, ਜਸਬੀਰ ਚੀਮਾ, ਮਨਿੰਦਰ ਗਿੱਲ, ਗੁਰਮੰਤ ਗਰੇਵਾਲ, ਵਿਜੇ ਸੈਣੀ, ਮੋਹਨ ਗਿੱਲ, ਮਨਮੋਹਨ ਗਰੇਵਾਲ, ਜੋਤਿਸਨਾ ਸਲੂਜਾ, ਕੰਚਨ ਸ਼ਰਮਾ, ਹਰਕੀਰਤ ਚਾਹਲ, ਰਵੀ ਚੀਮਾ, ਰਾਣਾ ਰਣਬੀਰ, ਬੀ.ਸੀ. ਦੇ ਮੰਤਰੀ ਜਗਰੂਪ ਬਰਾੜ, ਡਾ. ਹਮੇਸ਼ ਤਿਵਾੜੀ, ਡਾ. ਰਮੇਸ਼ ਕੁਮਾਰ, ਡਾ. ਆਰ ਐਸ ਪਰਿਹਾਰ, ਸੁਖਵਿੰਦਰ ਸੁੱਖੀ ਆਦਿ ਨੇ ਜਸਵਿੰਦਰ ਭੱਲਾ ਨਾਲ ਜੁੜੀਆਂ ਯਾਦਾਂ, ਹਾਸੇ-ਮਜ਼ਾਕ ਵਾਲੇ ਕਿੱਸੇ ਅਤੇ ਉਨ੍ਹਾਂ ਦੀ ਕਲਾ ਨਾਲ ਸੰਬੰਧਿਤ ਦਿਲਚਸਪ ਪਲ ਸਰੋਤਿਆਂ ਨਾਲ ਸਾਂਝੇ ਕੀਤੇ।

ਇਸ ਮੌਕੇ ਬਾਲ ਮੁਕੰਦ ਸ਼ਰਮਾ ਵੱਲੋਂ ਜਸਵਿੰਦਰ ਭੱਲਾ ਦੀ ਯਾਦ ਨੂੰ ਸਮਰਪਿਤ ਪੁਸਤਕ 'ਅਣਡਿੱਠਾ ਅਣਸੁਣਿਆ ਜਸਵਿੰਦਰ ਭੱਲਾ' ਵੀ ਰਿਲੀਜ਼ ਕੀਤੀ ਗਈ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਸੇਖਾ, ਸੁਰਿੰਦਰ ਚਾਹਲ, ਡਾ. ਦਿਲਬਾਗ ਰਾਣਾ, ਰਾਜਵੰਤ ਰਾਜ, ਅੰਗਰੇਜ਼ ਬਰਾੜ, ਡਾ. ਸੁਖਦੇਵ ਮਾਨ, ਡਾ. ਜਸ ਬਾਸੀ, ਜਤਿੰਦਰ ਜੇ. ਮਿਨਹਾਸ, ਪੀਏਯੂ ਫੈਮਲੀ ਐਸੋਸੀਏਸ਼ਨ ਅਤੇ ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ ਦੇ ਸਾਰੇ ਐਗਜ਼ੈਕਟਿਵ ਮੈਂਬਰ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨਾਲ ਸਬੰਧਤ ਕਈ ਵਿਦਵਾਨ ਅਤੇ ਵਿਦਿਆਰਥੀ ਸ਼ਾਮਲ ਸਨ। ਅੰਤ ਵਿਚ ਡਾ. ਗੁਲਜ਼ਾਰ ਸਿੰਘ ਵਿਲਿੰਗ ਅਤੇ ਡਾ. ਸੁਖਵਿੰਦਰ ਸਿੰਘ ਨੇ ਸਮਾਗਮ ਵਿਚ ਹਾਜ਼ਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਸਮਾਗਮ ਦਾ ਸੰਚਾਲਨ ਡਾ. ਅਮਰਜੀਤ ਭੁੱਲਰ ਨੇ ਬਾਖ਼ੂਬੀ ਕੀਤਾ। *-ਹਰਦਮ ਮਾਨ*

# ਵੈਨਕੂਵਰ ਵਿਚਾਰ ਮੰਚ ਵੱਲੋਂ ਸ਼ਾਇਰ ਕਿਰਪਾਲ ਪੂਨੀ ਨਾਲ ਸਾਹਿਤਕ ਮਿਲਣੀ

## ਕਿਰਪਾਲ ਪੂਨੀ ਨੇ ਆਪਣੀ ਜੀਵਨ-ਯਾਤਰਾ ਬਾਰੇ ਪਾਈ ਸਾਂਝ

**ਸਰੀ (ਹਰਦਮ ਮਾਨ):** ਵੈਨਕੂਵਰ ਵਿਚਾਰ ਮੰਚ ਵੱਲੋਂ ਇੰਗਲੈਂਡ ਤੋਂ ਆਏ ਨਾਮਵਰ ਸ਼ਾਇਰ ਕਿਰਪਾਲ ਪੂਨੀ ਨਾਲ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਸਾਹਿਤਕ ਮਿਲਣੀ ਕੀਤੀ ਗਈ। ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀ ਜ਼ਿੰਦਗੀ, ਸਾਹਿਤਕ ਸਫ਼ਰ, ਕਾਵਿ-ਸਿਰਜਣਾ ਅਤੇ ਆਪਣੀਆਂ ਪ੍ਰਕਾਸ਼ਿਤ ਪੁਸਤਕਾਂ ਬਾਰੇ ਵਿਚਾਰ ਸਾਂਝੇ ਕੀਤੇ।



ਸਮਾਗਮ ਦੀ ਸ਼ੁਰੂਆਤ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਆਗੂ ਮੋਹਨ ਗਿੱਲ ਨੇ ਕਿਰਪਾਲ ਪੂਨੀ ਦੀ ਜਾਣ-ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਕਿਰਪਾਲ ਪੂਨੀ ਪੇਸ਼ੇ ਵਜੋਂ ਇੰਜਨੀਅਰ ਹਨ, ਪਰ ਉਨ੍ਹਾਂ ਦੀ ਸ਼ਖ਼ਸੀਅਤ ਦਾ ਮਹੱਤਵਪੂਰਨ ਪੱਖ ਇੱਕ ਸੰਵੇਦਨਸ਼ੀਲ ਅਤੇ ਚਿੰਤਨਸ਼ੀਲ ਸ਼ਾਇਰ ਦਾ ਹੈ। ਉਨ੍ਹਾਂ ਦੇ ਹੁਣ ਤੱਕ ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਦੀ ਸ਼ਾਇਰੀ ਵਿਚ ਪਰਵਾਸੀ ਜੀਵਨ ਦੇ ਤਜਰਬਿਆਂ ਦੇ ਨਾਲ-ਨਾਲ ਮਨੁੱਖੀ ਸੰਵੇਦਨਾ, ਸਮਾਜਿਕ ਸਰੋਕਾਰ ਅਤੇ ਆਪਣੇ ਸਮੇਂ ਨਾਲ ਸੰਵਾਦ ਕਰਨ ਦੀ ਕੋਸ਼ਿਸ਼ ਵੀ ਨਜ਼ਰ ਆਉਂਦੀ ਹੈ।

ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਕਿਰਪਾਲ ਪੂਨੀ ਦੀ ਕਵਿਤਾ ਦਾ ਵਿਸ਼ੇਸ਼ ਪੱਖ ਇਹ ਹੈ ਕਿ ਉਹ ਪਰਵਾਸ ਨੂੰ ਸਿਰਫ਼ ਭੂਗੋਲਿਕ ਤਬਦੀਲੀ ਵਜੋਂ ਨਹੀਂ ਦੇਖਦੇ, ਸਗੋਂ ਇਸ ਨਾਲ ਜੁੜੇ ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ ਅਨੁਭਵਾਂ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦੇ ਹਨ। ਇਸ ਕਰਕੇ ਉਨ੍ਹਾਂ ਦੀ ਸ਼ਾਇਰੀ ਵਿਚ ਆਪਣੀ ਮਿੱਟੀ ਦੀ ਯਾਦ, ਪਰਵਾਸੀ ਜੀਵਨ ਦੀਆਂ ਚੁਣੌਤੀਆਂ ਅਤੇ ਮਨੁੱਖ ਦੇ ਅੰਦਰਲੇ ਸੰਘਰਸ਼ ਦੀ ਗੂੰਜ ਸੁਣਾਈ ਦਿੰਦੀ ਹੈ।

ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀ ਜੀਵਨ-ਯਾਤਰਾ ਸਾਂਝੀ ਕਰਦਿਆਂ ਦੱਸਿਆ ਕਿ ਉਹ 17 ਸਾਲ ਦੀ ਉਮਰ ਵਿਚ ਇੰਗਲੈਂਡ ਪਹੁੰਚ ਗਏ ਸਨ। ਵਿਦੇਸ਼ ਵਿਚ ਸ਼ੁਰੂਆਤੀ ਸੰਘਰਸ਼ਾਂ ਤੋਂ ਬਾਅਦ ਉਨ੍ਹਾਂ ਨੇ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਅਤੇ ਆਪਣੇ ਪੇਸ਼ੇਵਰ ਜੀਵਨ ਨੂੰ ਸਥਾਪਿਤ ਕੀਤਾ। ਉਨ੍ਹਾਂ ਕਿਹਾ ਕਿ ਕਵਿਤਾ ਨਾਲ ਉਨ੍ਹਾਂ ਦਾ ਰਿਸ਼ਤਾ ਇਸ ਤੋਂ ਵੀ ਪਹਿਲਾਂ ਦਾ ਹੈ ਅਤੇ ਉਨ੍ਹਾਂ ਨੂੰ 16-17 ਸਾਲ ਦੀ ਉਮਰ ਤੋਂ ਹੀ ਕਵਿਤਾ ਲਿਖਣ ਦਾ ਸ਼ੌਕ ਸੀ। ਉਨ੍ਹਾਂ ਆਪਣੀ ਕਾਵਿ-ਚੇਤਨਾ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਦੇ ਦਾਦਾ ਜੀ ਖੁਦ ਸ਼ਾਇਰ ਸਨ। ਉਨ੍ਹਾਂ ਨੇ ਬਚਪਨ ਦੇ ਲਗਭਗ ਪੰਜ ਸਾਲ ਨਾਨਕੇ ਰਹਿ ਕੇ ਬਿਤਾਏ, ਜਿੱਥੇ ਉਨ੍ਹਾਂ ਦੇ ਨਾਨਾ ਜੀ ਅਤੇ ਪੜਨਾਨਾ ਜੀ ਦੇਸ਼-ਭਗਤੀ ਲਹਿਰ ਨਾਲ ਸਰਗਰਮੀ ਨਾਲ ਜੁੜੇ ਹੋਏ ਸਨ। ਉਨ੍ਹਾਂ ਕਿਹਾ ਕਿ ਪਰਿਵਾਰ ਵਿਚੋਂ ਮਿਲੀ ਇਸ ਸਾਹਿਤਕ ਅਤੇ ਦੇਸ਼-ਭਗਤੀ ਦੀ ਵਿਰਾਸਤ ਦਾ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਰਚਨਾਤਮਕ ਸੋਚ ਉੱਤੇ ਡੂੰਘਾ ਪ੍ਰਭਾਵ ਪਿਆ।

ਆਪਣੇ ਕਾਵਿ-ਸੰਗ੍ਰਹਿ 'ਗੁਲਾਮੀਨਾਮਾ' ਬਾਰੇ ਗੱਲ ਕਰਦਿਆਂ ਕਿਰਪਾਲ ਪੂਨੀ ਨੇ ਕਿਹਾ ਕਿ ਗੁਲਾਮੀ ਦੇ ਕਈ ਰੂਪ ਹੁੰਦੇ ਹਨ, ਪਰ ਮਾਨਸਿਕ ਗੁਲਾਮੀ ਸਭ ਤੋਂ ਵੱਡੀ ਹੈ। ਉਨ੍ਹਾਂ ਨੇ ਆਪਣੇ ਪਰਵਾਸ ਨਾਲ ਸਬੰਧਤ ਕਾਵਿ-ਸੰਗ੍ਰਹਿ ਅਤੇ 'ਕ੍ਰਿਸ਼ਮਈ ਤਰੰਗਾਂ' ਬਾਰੇ ਵੀ ਜਾਣਕਾਰੀ ਦਿੱਤੀ।

ਇਸ ਸਾਹਿਤਕ ਮਿਲਣੀ ਵਿਚ ਹਾਜ਼ਰ ਸ਼ਾਇਰ ਮਹਿੰਦਰਪਾਲ ਸਿੰਘ ਪਾਲ, ਸ਼ਾਇਰ ਹਰਦਮ ਮਾਨ ਅਤੇ ਅੰਗਰੇਜ਼ ਬਰਾੜ ਨੇ ਵੀ ਕਿਰਪਾਲ ਪੂਨੀ ਨਾਲ ਸਾਹਿਤ, ਕਵਿਤਾ ਅਤੇ ਪਰਵਾਸੀ ਪੰਜਾਬੀ ਜੀਵਨ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਕਿਰਪਾਲ ਪੂਨੀ ਨੇ ਆਪਣੀਆਂ ਕੁਝ ਪੁਸਤਕਾਂ ਮੰਚ ਦੇ ਮੈਂਬਰਾਂ ਨੂੰ ਭੇਟ ਕੀਤੀਆਂ। ਜਰਨੈਲ ਸਿੰਘ ਸੇਖਾ, ਮੋਹਨ ਗਿੱਲ ਅਤੇ ਮਹਿੰਦਰਪਾਲ ਸਿੰਘ ਪਾਲ ਨੇ ਆਪਣੀਆਂ ਪੁਸਤਕਾਂ ਕਿਰਪਾਲ ਪੂਨੀ ਨੂੰ ਦਿੱਤੀਆਂ।

# 'ਮੇਲਾ ਮਾਵਾਂ ਅਤੇ ਧੀਆਂ ਦਾ' ਪਲੇਠੇ ਪ੍ਰੋਗਰਾਮ ਨੇ ਕਰਮਨ ਸ਼ਹਿਰ ਨੂੰ ਦਿੱਤੀ ਸੱਭਿਆਚਾਰਕ ਰੰਗਤ

## 'ਪੰਜਾਬੀਆਂ ਦੇ ਨਾਲ ਅਮੈਰੀਕਨ ਵੀ ਨੱਚੇ'

ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਇਥੋਂ ਨਜ਼ਦੀਕੀ ਕਰਮਨ ਸ਼ਹਿਰ ਵਿਚ ਪਹਿਲੀ ਵਾਰ ਗੁਰਮੋਹਨ ਕੌਰ ਉੱਭੀ, ਕਿਰਨਜੋਤ ਕੌਰ ਢੇਸੀ, ਜਸਵੀਰ ਕੌਰ ਹੀਰ, ਪਰਮਜੀਤ ਕੌਰ ਗਰੇਵਾਲ, ਨਛੱਤਰ ਕੌਰ ਬਾਸੀ, ਜਗਜੋਤ ਕੌਰ ਢੇਸੀ, ਭਜਨ ਕੌਰ ਢੇਸੀ ਦੇ ਯਤਨਾਂ ਸਦਕਾ 'ਮਾਵਾਂ ਅਤੇ ਧੀਆਂ ਦਾ ਮੇਲਾ' ਕਰਵਾਇਆ ਗਿਆ।

ਇਹ ਪ੍ਰੋਗਰਾਮ ਰੋਟਰੀ ਪਾਰਕ ਕਰਮਨ ਦੀਆਂ ਖੁੱਲ੍ਹੀਆਂ ਗਰਾਊਂਡਾਂ ਵਿਚ ਦਰੱਖਤਾਂ ਦੀ ਛਾਵੇਂ ਹੋਇਆ। ਇਸ ਵਿਚ ਇਲਾਕੇ ਭਰ ਤੋਂ ਮਾਵਾਂ, ਧੀਆਂ ਅਤੇ ਭੈਣਾਂ ਨੇ ਰਲ ਲਾਈਵ ਬੋਲੀਆਂ ਪਾਉਂਦੇ ਹੋਏ ਰਿਵਾਇਤੀ ਢੰਗ ਨਾਲ ਖੁਸ਼ੀਆਂ ਮਨਾਈਆਂ। ਐਨ. ਡੀ. ਬ੍ਰਦਰਜ਼ ਵੱਲੋਂ ਡੀ.ਜੇ. ਦੀਆਂ ਸੇਵਾਵਾਂ ਦਿੱਤੀਆਂ ਗਈਆਂ। ਇਸ ਪ੍ਰੋਗਰਾਮ ਦਾ ਮਾਹੌਲ ਵੀ ਜਿੱਥੇ ਮਾਵਾਂ-ਧੀਆਂ ਦੇ ਵਿਰਾਸਤੀ ਰੰਗਾਂ ਦੀ ਯਾਦ ਦਿਵਾਉਂਦਾ ਸੀ ਉਥੇ ਹੀ ਵੱਖ-ਵੱਖ ਗਰੁੱਪਾਂ ਵਿਚ ਪੈ ਰਹੇ ਗਿੱਧੇ ਨੇ ਵੀ ਖੂਬ ਰੌਣਕਾਂ ਲਾਈਆਂ ਹੋਈਆਂ ਸਨ। ਇਸ ਪਰਿਵਾਰਿਕ ਪ੍ਰੋਗਰਾਮ ਦੌਰਾਨ ਖਾਣਿਆਂ ਦੇ ਸਟਾਲਾਂ ਤੋਂ ਇਲਾਵਾ ਗਹਿਣੇ ਅਤੇ ਕੱਪੜਿਆਂ ਦੇ ਸਟਾਲ ਵੀ ਖਿੱਚ ਦਾ ਕੇਂਦਰ ਰਹੇ।

ਮੇਲੇ ਦੌਰਾਨ ਵੱਖ-ਵੱਖ ਅਮਰੀਕੀ ਰਾਜਨੀਤਕ ਪਾਰਟੀਆਂ ਦੇ ਆਗੂ ਵੀ ਸ਼ਾਮਲ ਹੋਏ ਅਤੇ ਅੱਗੇ ਤੋਂ ਇਸੇ ਤਰ੍ਹਾਂ ਸਮਰਥਨ ਦੇਣ ਦੀ ਵਚਨਬੱਧਤਾ ਪ੍ਰਗਟਾਈ। ਕਰਮਨ ਸ਼ਹਿਰ ਦੀ ਅਮੈਰੀਕਨ ਮੂਲ ਦੀ ਮੇਅਰ ਮਰੀਆ ਪੈਚੀਕੋ ਨੇ ਮੇਲੇ ਵਿਚ ਸ਼ਾਮਲ ਹੋ ਕੇ ਜਿੱਥੇ ਵਿਚਾਰਾਂ ਦੀ ਸਾਂਝ ਪਾਈ, ਉੱਥੇ ਔਰਤਾਂ ਨਾਲ ਰਲ ਕੇ ਸਾਰੇ ਪ੍ਰੋਗਰਾਮ ਦੌਰਾਨ ਨੱਚਦੀ ਨਜ਼ਰ ਆਈ। ਕਰਮਨ ਸ਼ਹਿਰ ਦੀ ਪੁਲਿਸ ਵੱਲੋਂ ਨੁਮਾਇੰਦਗੀ ਕਰਦੇ



ਹੋਏ ਅਫਸਰ ਬੀਬੀ ਟੈਰੀ ਕੱਬਉਜ ਅਤੇ ਹੋਰ ਵੀ ਅਮੈਰੀਕਨ ਮੂਲ ਦੀਆਂ ਔਰਤਾਂ ਅਤੇ ਬੱਚੀਆਂ ਨੇ ਪੰਜਾਬੀਆਂ ਨਾਲ ਰਲ ਕੇ ਖੂਬ ਅਨੰਦ ਮਾਣਿਆ। ਬੇਸ਼ੱਕ ਕਰਮਨ ਸ਼ਹਿਰ ਵਿਚ ਤੀਆਂ ਨੂੰ ਸਮਰਪਿਤ ਇਹ ਪਹਿਲਾ ਪ੍ਰੋਗਰਾਮ ਸੀ, ਪਰ ਇਸ ਮਾਵਾਂ ਅਤੇ ਧੀਆਂ ਦੇ ਮੇਲੇ ਨੂੰ ਸਫਲ ਬਣਾਉਣ ਵਿਚ ਇਲਾਕੇ ਭਰ ਦੀਆਂ ਔਰਤਾਂ ਦਾ ਵੱਡਾ ਯੋਗਦਾਨ ਰਿਹਾ। ਇਸ ਸਮੇਂ ਹਾਜ਼ਰੀਨ ਲਈ ਬਹੁਤ ਸਾਰੇ ਰੈਫਲ ਡਰਾਅ ਵੀ ਕੱਢੇ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਸੇਵਾ ਗੁਰਮੋਹਨ ਉੱਭੀ ਅਤੇ ਕਿਰਨਜੋਤ ਢੇਸੀ ਨੇ ਬਾਖੂਬੀ ਨਿਭਾਈ। ਸਾਰੇ ਪ੍ਰੋਗਰਾਮ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 'ਅਮੈਰੀਕਨ ਪੰਜਾਬੀ ਸਿੱਖ ਕਮਿਊਨਿਟੀ' ਕਰਮਨ ਦੇ ਮੈਂਬਰਾਂ ਨੇ ਰਲ ਕੇ ਪ੍ਰਬੰਧ ਕੀਤੇ ਹੋਏ ਸਨ। ਅੰਤ ਭਾਰੀ ਇਕੱਠ ਵਿਚ ਰੌਣਕਾਂ ਲਾਉਂਦਾ ਇਹ ਮਾਵਾਂ ਅਤੇ ਧੀਆਂ ਦਾ ਪਲੇਠਾ ਮੇਲਾ ਅਗਲੇ ਸਾਲ ਇਸੇ ਤਰ੍ਹਾਂ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆ।

# ਮੋਦੀ ਨੇ ਭਾਜਪਾ ਦੇ ਨਵੇਂ ਅਹੁਦੇਦਾਰਾਂ ਨਾਲ ਚਰਚਾ ਕੀਤੀ




**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਨਿਤਿਨ ਨਬੀਨ ਦੀ ਅਗਵਾਈ ਹੇਠ ਬਣੀ ਨਵੀਂ ਕੌਮੀ ਕਾਰਜਕਾਰਨੀ ਟੀਮ ਨੇ ਸ਼ਨਿੱਚਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ 'ਚ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨਾਲ ਜੁੜਾਅ ਡੂੰਘਾ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਮੋਦੀ ਨੇ 'ਐਕਸ' 'ਤੇ ਕਿਹਾ ਕਿ ਅਜਿਹੀਆਂ ਜਥੇਬੰਦਕ ਮੀਟਿੰਗਾਂ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਤੱਕ ਪਹੁੰਚ ਬਣਾਉਣ ਲਈ ਨਵੇਂ ਵਿਚਾਰਾਂ ਅਤੇ ਨਜ਼ਰੀਏ ਨੂੰ ਸਾਹਮਣੇ ਲਿਆਉਂਦੀਆਂ ਹਨ। ਨਵੀਂ ਟੀਮ 'ਚ 65 ਅਹੁਦੇਦਾਰ ਸ਼ਾਮਲ ਹਨ, ਜਿਨ੍ਹਾਂ 'ਚ 51 ਨਵੇਂ ਚਿਹਰੇ ਸ਼ਾਮਲ ਹਨ। ਮੀਟਿੰਗ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀਆਂ, ਜ਼ਮੀਨੀ ਪੱਧਰ 'ਤੇ ਵਰਕਰਾਂ ਨੂੰ ਲਾਮਬੰਦ ਕਰਨ ਅਤੇ ਸਰਕਾਰੀ ਯੋਜਨਾਵਾਂ ਨੂੰ ਜਨਤਾ ਤੱਕ ਪਹੁੰਚਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

# ਅਮਰੀਕਾ 'ਚ ਵੀ ਭਾਰਤ ਵਰਗਾ ਵੋਟਰ ਪਛਾਣ ਪੱਤਰ ਹੋਵੇਗਾ ਲਾਗੂ

**ਵਾਸ਼ਿੰਗਟਨ:** ਭਾਰਤ ਦੇ ਵੋਟਰ ਆਈਡੀ ਕਾਰਡ ਦੇ ਆਧਾਰ 'ਤੇ ਚੋਣਾਂ ਦੀ ਵਿਧੀ ਤੋਂ ਪ੍ਰਭਾਵਿਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ



ਨੇ ਆਪਣੇ ਦੇਸ਼ 'ਚ ਵੀ ਇਸ ਨੂੰ ਲਾਗੂ ਕਰਨ ਦੀ ਇੱਛਾ ਫਿਰ ਪ੍ਰਗਟਾਈ ਹੈ। ਨਵੰਬਰ 'ਚ ਹੋਣ ਵਾਲੀਆਂ ਮਿਡ-ਟਰਮ ਚੋਣਾਂ ਦੌਰਾਨ ਪ੍ਰਚਾਰ 'ਚ ਉਹ ਇਸ ਲਈ ਨਿਯਮਾਂ 'ਚ ਤਬਦੀਲੀ ਦੀ ਮੰਗ ਨੂੰ ਮੁੱਖ ਮੁੱਦਿਆਂ 'ਚ ਸ਼ਾਮਿਲ ਕਰਨਗੇ। ਇਹ ਚੋਣਾਂ ਸੰਸਦ ਦੀਆਂ ਖਾਲੀ ਸੀਟਾਂ ਭਰਨ ਲਈ ਹੋਣਗੀਆਂ।

ਸਾਊਥ ਕੈਰੋਲਾਈਨਾ ਵਿਚ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਅਸੀਂ ਅਮਰੀਕੀ ਚੋਣਾਂ ਦੀ ਪਵਿੱਤਰਤਾ ਦੀ ਰੱਖਿਆ ਲਈ 'ਸੇਵ ਅਮਰੀਕਾ ਐਕਟ' ਪਾਸ ਕਰਾਂਗੇ। ਹਰ ਵੋਟਰ ਦਾ ਫੋਟੋ ਅਧਾਰਿਤ ਪਹਿਚਾਣ ਵਾਲਾ ਕਾਨੂੰਨ ਹੋਣਾ ਚਾਹੀਦਾ ਹੈ। ਇਸ ਨਾਲ ਉਸ ਦੀ ਅਮਰੀਕਾ ਦਾ ਨਾਗਰਿਕ ਹੋਣ ਦੀ ਪਛਾਣ ਵੀ ਸਾਬਤ ਹੋਵੇਗੀ। ਸਾਰੇ ਵੋਟਰ ਆਪਣਾ ਫੋਟੋ ਪਛਾਣ ਪੱਤਰ ਦਿਖਾਉਣਗੇ। ਇਹ ਨਾਗਰਿਕਤਾ ਦਰਸਾਉਣ ਦਾ ਬਹੁਤ ਆਮ ਸਬੂਤ ਹੋਵੇਗਾ। ਸਾਨੂੰ ਵਿਸ਼ਵਾਸ ਹੈ ਕਿ ਅਸੀਂ ਇਸ ਮੁੱਦੇ 'ਤੇ ਸੁਪਰੀਮ ਕੋਰਟ ਵਿਚ ਵੀ ਜਿੱਤਾਂਗੇ, ਕਿਉਂਕਿ ਇਹ ਇੱਕ ਸਥਾਈ ਪ੍ਰਬੰਧ ਵਾਲਾ ਕਾਨੂੰਨ ਹੋਵੇਗਾ।

# ਕੈਨੇਡਾ-ਅਮਰੀਕਾ ਵਪਾਰਕ ਸਮਝੌਤਾ ਟੁੱਟਿਆ

## ਅਮਰੀਕਾ ਵਲੋਂ 50 ਫ਼ੀਸਦੀ ਟੈਰਿਫ਼ ਲਾਉਣ ਦਾ ਐਲਾਨ

**ਵੈਨਕੂਵਰ:** ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਸਮਝੌਤੇ ਨੂੰ ਨਵਿਆਉਣ ਲਈ ਪਿਛਲੇ ਦੋ ਹਫ਼ਤਿਆਂ ਤੋਂ ਚੱਲ ਰਹੀ ਗੱਲਬਾਤ ਐਨ ਆਖ਼ਰੀ ਮੌਕੇ 'ਤੇ ਟੁੱਟ ਗਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵਿਚਾਰ- ਵਟਾਂਦਰੇ ਲਈ ਭੇਜੀ ਉੱਚ-ਪੱਧਰੀ ਟੀਮ ਨੂੰ ਵਾਪਸ ਸੱਦ ਲਿਆ ਹੈ। ਉਨ੍ਹਾਂ ਐਲਾਨ ਕੀਤਾ ਕਿ ਹੁਣ ਅਮਰੀਕਾ ਨਾਲ ਡਾਲਰ ਦਾ ਹਿਸਾਬ ਕਰ ਕੇ ਵਪਾਰ ਅੱਗੇ ਵਧਾਇਆ ਜਾਵੇਗਾ ਅਤੇ ਅਮਰੀਕੀ ਸ਼ਰਤਾਂ ਅਧੀਨ ਕੋਈ ਗੱਲ ਨਹੀਂ ਹੋਵੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਅੱਧੀ ਰਾਤ ਤੋਂ ਅਮਰੀਕਾ ਵੱਲੋਂ ਲਾਏ ਜਾਣ ਵਾਲੇ 50 ਫ਼ੀਸਦੀ ਟੈਰਿਫ ਦਾ ਡਟ ਕੇ ਸਾਹਮਣਾ ਕੀਤਾ ਜਾਵੇਗਾ। ਕਾਰਨੀ ਨੇ ਕਿਹਾ ਕਿ ਕੈਨੇਡਾ 8 ਸਤੰਬਰ ਤੋਂ ਅਮਰੀਕੀ ਵਸਤਾਂ 'ਤੇ ਜਵਾਬੀ ਟੈਰਿਫ ਲਗਾਏਗਾ। ਕੁਝ ਸਾਲ ਪਹਿਲਾਂ ਹੋਏ ਵਪਾਰ




ਸਮਝੌਤੇ ਦੀ ਮਿਆਦ ਬੀਤੇ ਮੰਗਲਵਾਰ ਤੱਕ ਸੀ, ਜਿਸ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਨੇ ਤਿੰਨ ਦਿਨ ਲਈ ਵਧਾਉਂਦਿਆਂ ਸਮਝੌਤਾ ਹੋਣ ਦਾ ਦਾਅਵਾ ਕੀਤਾ ਸੀ। ਇਸ ਦੌਰਾਨ ਕੈਨੇਡਾ ਨੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਅਮਰੀਕੀ ਸ਼ਰਾਬ ਦੀ ਵਿਕਰੀ ਸ਼ੁਰੂ ਕਰਨ ਦੇ ਹੁਕਮ ਵੀ ਦਿੱਤੇ ਸਨ ਪਰ ਦੇਰ ਸ਼ਾਮ ਸਾਰੀਆਂ ਉਮੀਦਾਂ ਟੁੱਟ ਗਈਆਂ। ਕਾਰਨੀ ਨੇ ਸਪੱਸ਼ਟ ਕੀਤਾ ਕਿ ਉਹ ਪਿਛਲੇ ਡੇਢ ਸਾਲ ਤੋਂ ਵਿਗੜੇ ਸਬੰਧ ਸੁਧਾਰਨਾ ਚਾਹੁੰਦੇ ਸਨ ਪਰ ਉਹ ਅਮਰੀਕਾ ਦੀ ਹਰ ਸ਼ਰਤ ਅੱਗੇ ਗੋਡੇ ਨਹੀਂ ਟੇਕ ਸਕਦੇ। 28 ਅਰਬ ਡਾਲਰ ਦੇ ਵਪਾਰ ਨੂੰ ਹੋਰ ਮੁਲਕਾਂ ਤੱਕਫੈਲਾ ਕੇ ਕੈਨੇਡਾ ਦੀ ਸਨਅਤ ਅਤੇ ਕਾਮਿਆਂ ਦੀ ਬਾਂਹ ਫੜੀ ਜਾਵੇਗੀ।

ਬਿਆਨ 'ਚ ਉਨ੍ਹਾਂ ਦੱਸਿਆ ਕਿ ਅਮਰੀਕਾ ਵੱਲੋਂ ਐਨ ਮੌਕੇ ਪੇਸ਼ ਕੀਤੀਆਂ ਗਈਆਂ ਸੋਧਾਂ ਆਰਥਿਕ ਤੌਰ 'ਤੇ ਕੈਨੇਡਾ ਲਈ ਨੁਕਸਾਨਦੇਹ ਅਤੇ ਸਮਝੌਤੇ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲਾਉਣ ਵਾਲੀਆਂ ਸਨ। ਅਰਥਸ਼ਾਸਤਰੀ ਹੋਣ ਦੇ ਨਾਤੇ ਉਨ੍ਹਾਂ ਮੰਨਿਆ ਕਿ ਹਾਲੀਆ ਆਰਥਿਕ ਤਰੱਕੀ ਨਾਕਾਫ਼ੀ ਸੀ ਪਰ ਸਰਕਾਰ ਅਮਰੀਕੀ ਬਾਜ਼ਾਰ ਤੱਕ ਪਹੁੰਚ ਬਰਕਰਾਰ ਰੱਖਣਾ ਚਾਹੁੰਦੀ ਸੀ।।

# ਮੁੱਖ ਮੰਤਰੀ ਦੀ ਪਤਨੀ ਖ਼ਿਲਾਫ਼ ਦੋਸ਼ਾਂ ਬਾਰੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਨੋਟਿਸ ਲਿਆ

## ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਤੋਂ 15 ਦਿਨਾਂ ਵਿਚ ਮੰਗੀ ਰਿਪੋਰਟ

## ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਕਾਰਵਾਈ




**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੱਲੋਂ ਜਬਰ-ਜਨਾਹ ਦੇ ਮਾਮਲੇ ਨੂੰ ਕਥਿਤ ਤੌਰ 'ਤੇ ਰਫ਼ਾ-ਦਫ਼ਾ ਕਰਨ ਲਈ ਪੰਜ ਕਰੋੜ ਰੁਪਏ ਦੀ ਮੰਗ ਕਰਨ ਦੇ ਦੋਸ਼ਾਂ ਦਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਨੋਟਿਸ ਲਿਆ ਹੈ। ਕਮਿਸ਼ਨ ਦੇ ਮੈਂਬਰ ਪ੍ਰਿਆਂਕ ਕਾਨੂੰਨਗੋ ਨੇ ਇਹ ਨੋਟਿਸ ਪੰਜਾਬ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਲਿਆ ਹੈ। ਇਸ ਦੇ ਨਾਲ ਹੀ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਨੂੰ 15 ਦਿਨਾਂ ਵਿੱਚ ਮਾਮਲੇ ਦੀ ਜਾਂਚ ਕਰ ਕੇ ਰਿਪੋਰਟ ਭੇਜਣ ਦੇ ਹੁਕਮ ਦਿੱਤੇ ਹਨ। ਉੱਧਰ, ਕਮਿਸ਼ਨ ਨੇ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਦੇ ਮਹਿਲਾ ਸੁਰੱਖਿਆ

ਵਿਭਾਗ ਨੂੰ ਵੀ ਭੇਜ ਦਿੱਤਾ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਪਤਨੀ ਨੇ ਜਬਰ-ਜਨਾਹ ਦੇ ਕੇਸ ਨੂੰ ਕਥਿਤ ਤੌਰ 'ਤੇ ਰਫ਼ਾ-ਦਫ਼ਾ ਕਰਨ ਲਈ ਪੰਜ ਕਰੋੜ ਰੁਪਏ ਦੀ ਮੰਗ ਕੀਤੀ ਸੀ। ਅਜਿਹੀ ਦਖ਼ਲਅੰਦਾਜ਼ੀ ਪੀੜਤਾ ਦੇ ਮਾਣ, ਸੁਰੱਖਿਆ, ਨਿਰਪੱਖ ਜਾਂਚ ਅਤੇ ਇਨਸਾਫ਼ ਤੱਕ ਪਹੁੰਚ ਦੇ ਅਧਿਕਾਰ ਨੂੰ ਕਮਜ਼ੋਰ ਕਰ ਸਕਦੀ ਹੈ, ਇਸ ਲਈ ਉਕਤ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਕਮਿਸ਼ਨ ਨੇ ਕਿਹਾ ਕਿ ਉਕਤ ਸ਼ਿਕਾਇਤ ਵਿੱਚ ਲਾਏ ਗਏ ਦੋਸ਼ ਪਹਿਲੀ ਨਜ਼ਰ ਵਿੱਚ ਪੀੜਤਾ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਾਪਦੇ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਉਕਤ ਮਾਮਲੇ ਵਿੱਚ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਨੂੰ ਨੋਟਿਸ ਜਾਰੀ ਕਰਦਿਆਂ ਦੋ ਹਫਤਿਆਂ ਦੇ ਅੰਦਰ ਜਾਂਚ ਰਿਪੋਰਟ ਸੌਂਪਣ ਦੇ ਆਦੇਸ਼ ਦਿੱਤੇ ਹਨ।

### ਮਜੀਠੀਆ ਨੇ ਸੀ.ਬੀ. ਆਈ. ਜਾਂਚ ਮੰਗੀ



ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਦੀ ਪਤਨੀ 'ਤੇ ਲੱਗੇ ਦੋਸ਼ਾਂ ਲਈ ਸੂਬਾ ਸਰਕਾਰ 'ਤੇ ਨਿਸ਼ਾਨਾ ਸੇਧਿਆ ਹੈ। ਉਨ੍ਹਾਂ ਪੰਜਾਬ ਪੁਲੀਸ 'ਤੇ ਜਬਰ ਜਨਾਹ ਦੇ ਮਾਮਲੇ ਵਿੱਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਅਤੇ ਦੋ ਮਹੀਨਿਆਂ ਦੇ ਅੰਦਰ ਜਬਰ ਜਨਾਹ ਵਰਗੇ ਗੰਭੀਰ ਮਾਮਲੇ ਵਿੱਚ ਕਲੀਨ ਚਿੱਟ ਦੇਣ ਦੇ ਦੋਸ਼ ਲਾਏ ਹਨ। ਉਨ੍ਹਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਮੰਗ ਕੀਤੀ ਕਿ ਜਬਰ ਜਨਾਹ ਮਾਮਲੇ ਦੀ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ ਤਾਂ ਕਿ ਸੱਚ ਸਾਰਿਆਂ ਦੇ ਸਾਹਮਣੇ ਆ ਸਕੇ। ਉਨ੍ਹਾਂ ਮੁੱਖ ਮੰਤਰੀ ਤੋਂ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣ ਦੀ ਮੰਗ ਵੀ ਕੀਤੀ ਹੈ।



### ਡਾ. ਗੁਰਪ੍ਰੀਤ ਕੌਰ ਨੇ ਸਾਬਕਾ ਜੱਜ ਨੂੰ ਕਾਨੂੰਨੀ ਨੋਟਿਸ ਭੇਜਿਆ


ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤ ਕਰਨ ਵਾਲੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਨੂੰ ਕਾਨੂੰਨੀ ਨੋਟਿਸ ਭੇਜ ਕੇ 24 ਘੰਟਿਆਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਹੈ। ਉਨ੍ਹਾਂ ਨੋਟਿਸ ਰਾਹੀਂ ਕਿਹਾ ਕਿ ਜਵਾਬ ਨਾ ਦੇਣ ਦੀ ਸੂਰਤ ਵਿੱਚ ਸਾਬਕਾ ਜੱਜ ਨੂੰ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਸੇਵਾਮੁਕਤ ਜੱਜ ਜਸਟਿਸ ਰਣਜੀਤ ਸਿੰਘ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਦੇ ਰਿਸ਼ਤੇਦਾਰ ਹਨ।

### 'ਆਪ' ਨੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ

ਆਮ ਆਦਮੀ ਪਾਰਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ 'ਤੇ ਲਾਏ ਜਾ ਰਹੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਇਸ ਬਾਰੇ 'ਆਪ' ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਅਤੇ ਮੋਗਾ ਤੋਂ ਵਿਧਾਇਕ ਅਮਨਦੀਪ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਢੇ ਚਾਰ ਸਾਲਾਂ ਦੌਰਾਨ ਮਿਸਾਲੀ ਕੰਮ ਕੀਤੇ ਗਏ ਹਨ, ਜਿਸ ਬਾਰੇ ਵਿਰੋਧੀਆਂ ਕੋਲ ਕਹਿਣ ਨੂੰ ਕੁਝ ਨਹੀਂ ਹੈ। ਇਸ ਲਈ ਵਿਰੋਧੀ ਧਿਰ ਵੱਲੋਂ ਜਾਣ-ਬੁੱਝ ਕੇ ਮੁੱਖ ਮੰਤਰੀ ਦੇ ਨਜ਼ਦੀਕੀਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲਾਂ ਮੁੱਖ ਮੰਤਰੀ ਦੇ ਓ ਐੱਸ ਡੀ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਦੇ ਕੋਈ ਸਬੂਤ ਸਾਹਮਣੇ ਨਹੀਂ ਰੱਖੇ ਜਾ ਸਕੇ। ਹੁਣ ਮੁੱਖ ਮੰਤਰੀ ਦੀ ਪਤਨੀ 'ਤੇ ਦੋਸ਼ ਲਾਏ ਜਾ ਰਹੇ ਹਨ।

# ਅਮਰੀਕੀ ਪਾਬੰਦੀਆਂ ਨੂੰ ਮੰਨਿਆ ਜਾਵੇਗਾ ਜੰਗ ਦਾ ਐਲਾਨ: ਈਰਾਨ

**ਨਵੀਂ ਦਿੱਲੀ:** ਅਮਰੀਕਾ ਵੱਲੋਂ ਈਰਾਨ 'ਤੇ ਸੰਭਾਵਿਤ ਨਵੀਆਂ ਤੇ ਸਖਤ ਆਰਥਿਕ ਪਾਬੰਦੀਆਂ ਨੂੰ ਲੈ ਕੇ ਦੋਵਾਂ ਦੇਸ਼ਾਂ 'ਚ ਤਣਾਅ ਵਧ ਰਿਹਾ ਹੈ। ਈਰਾਨ ਨੇ ਚੇਤਾਵਨੀ ਦਿੱਤੀ ਕਿ ਯੂਐੱਸ ਵੱਲੋਂ ਲਾਈਆਂ ਜਾਣ ਵਾਲੀਆਂ ਨਵੀਆਂ ਪਾਬੰਦੀਆਂ ਨੂੰ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਖਿਲਾਫ ਜੰਗ ਦਾ ਐਲਾਨ ਸਮਝਿਆ ਜਾਵੇਗਾ। ਈਰਾਨੀ ਵਿਦੇਸ਼ ਮੰਤਰੀ ਦੇ ਬੁਲਾਰੇ ਇਸਮਾਈਲ ਬਘਾਈ ਨੇ ਐਕਸ 'ਤੇ ਕਿਹਾ ਕਿ ਅਜਿਹੀਆਂ ਪਾਬੰਦੀਆਂ ਲਈ ਅੰਤਰਰਾਸ਼ਟਰੀ ਕਾਨੂੰਨ 'ਚ ਕੋਈ ਥਾਂ ਨਹੀਂ ਹੈ। ਉਨ੍ਹਾਂ ਇਸ ਨੂੰ ਦੂਜੇ ਦੇਸ਼ਾਂ 'ਤੇ ਆਪਣੀ ਹਕੂਮਤ ਥੋਪਣ ਦੀ ਕੋਸ਼ਿਸ਼ ਦੱਸਿਆ।



*ਵਪਾਰ ਮੰਤਰੀ ਸਕਾਟ ਬੇਸੈਂਟ*

ਨਿਊਯਾਰਕ ਟਾਈਮਜ਼ ਅਨੁਸਾਰ, ਅਮਰੀਕਾ ਦੇ ਵਪਾਰ ਮੰਤਰੀ ਸਕਾਟ ਬੇਸੈਂਟ ਸੋਮਵਾਰ ਨੂੰ ਈਰਾਨ ਖਿਲਾਫ਼ ਹੁਣ ਤੱਕ ਦੀਆਂ ਸਭ ਤੋਂ ਸਖਤ ਪਾਬੰਦੀਆਂ ਦਾ ਐਲਾਨ ਕਰ ਸਕਦੇ ਹਨ। ਬੇਸੈਂਟ ਨੇ ਚੀਨ ਨੂੰ ਵੀ ਇਨ੍ਹਾਂ ਪਾਬੰਦੀਆਂ 'ਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਹਾਲਾਂਕਿ, ਚੀਨ ਨੇ ਕਿਹਾ ਹੈ ਕਿ ਈਰਾਨ 'ਤੇ ਨਵੀਆਂ ਪਾਬੰਦੀਆਂ ਲਗਾਉਣ ਨਾਲ ਪੱਛਮੀ ਏਸ਼ੀਆ ਦਾ ਸੰਘਰਸ਼ ਹੱਲ ਨਹੀਂ ਹੋਵੇਗਾ। ਚੀਨ ਨੇ ਕੂਟਨੀਤੀ ਰਾਹੀਂ ਵਿਵਾਦ ਹੱਲ ਕਰਨ ਦੀ ਵਕਾਲਤ ਕੀਤੀ ਹੈ। ਉਹ ਈਰਾਨ ਦੇ ਸਭ ਤੋਂ ਵੱਡੇ ਤੇਲ ਖਰੀਦਦਾਰਾਂ ਵਿਚੋਂ ਇੱਕ ਹੈ।

# 8 ਸਤੰਬਰ ਤੋਂ ਜਵਾਬੀ ਟੈਰਿਫ ਲਾਏਗਾ ਕੈਨੇਡਾ

**ਓਟਾਵਾ:** ਇਸ ਦੇ ਜਵਾਬ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸ਼ਨੀਵਾਰ ਨੂੰ ਕਿਹਾ ਕਿ ਕੈਨੇਡਾ ਅਮਰੀਕਾ ਤੋਂ ਦਰਾਮਦ ਹੋਣ ਵਾਲੇ ਕਈ ਤਰ੍ਹਾਂ ਦੀਆਂ ਚੀਜ਼ਾਂ 'ਤੇ 8 ਸਿਤੰਬਰ ਤੋਂ ਟੈਰਿਫ ਲਾਏਗਾ। ਕਾਰਨੀ ਨੇ ਕਿਹਾ, ਕੈਨੇਡਾ ਦੇ ਕਰਮਚਾਰੀਆਂ, ਕਿਸਾਨਾਂ, ਪਰਿਵਾਰਾਂ ਅਤੇ ਕਾਰੋਬਾਰੀਆਂ ਦੀ ਸੁਰੱਖਿਆ ਲਈ ਕੈਨੇਡਾ ਵਾਸ਼ਿੰਗਟਨ ਦੇ ਨਵੇਂ ਟੈਰਿਫ ਦਾ ਡਾਲਰ-ਦੇ-ਬਦਲੇ- ਡਾਲਰ ਦੇ ਆਧਾਰ 'ਤੇ ਜਵਾਬ ਦੇਵੇਗਾ।



ਉਸ ਨੇ ਕਿਹਾ, ਉਨ੍ਹਾਂ (ਅਮਰੀਕਾ ਨੇ) ਜੋ ਪੇਸ਼ਕਸ਼ ਕੀਤੀ ਹੈ, ਅਸੀਂ ਉਹ ਨਹੀਂ ਮੰਨ ਸਕਦੇ ਅਤੇ ਉਨ੍ਹਾਂ ਜੋ ਮੰਗਿਆ ਹੈ, ਅਸੀਂ ਉਹ ਨਹੀਂ ਦਿਆਂਗੇ। ਕਾਰਨੀ ਨੇ ਕੈਨੇਡਾ ਦੀ ਵਪਾਰ ਗੱਲਬਾਤ ਟੀਮ ਨੂੰ ਵਾਪਸ ਬੁਲਾ ਲਿਆ ਹੈ। ਇਸ ਨਾਲ 'ਅਮਰੀਕਾ-ਮੈਕਸੀਕੋ- ਕੈਨੇਡਾ ਐਗਰੀਮੈਂਟ' ਨਾਮ ਦੇ ਮੁਫ਼ਤ ਵਪਾਰ ਸਮਝੌਤੇ ਦੇ ਭਵਿੱਖ 'ਤੇ ਵੀ ਸੰਕਟ ਦੇ ਬਦਲ ਮੰਡਰਾਉਣ ਲੱਗੇ ਹਨ।

# ਯੂਐੱਸ ਨੇ ਕੈਨੇਡੀਅਨ ਸਾਮਾਨ 'ਤੇ ਲਾਇਆ 50 ਫ਼ੀਸਦੀ ਟੈਰਿਫ਼

**ਵਾਸ਼ਿੰਗਟਨ:** ਅਮਰੀਕਾ ਨੇ 20 ਬਿਲੀਅਨ ਡਾਲਰ ਦੇ ਕੈਨੇਡੀਅਨ ਉਤਪਾਦਾਂ 'ਤੇ 50 ਫੀਸਦੀ ਟੈਰਿਫ ਲਗਾ ਦਿੱਤਾ ਹੈ। ਇਹ ਕਦਮ ਉਸ ਵੇਲੇ ਚੁੱਕਿਆ ਗਿਆ, ਜਦ ਪੁਰਾਣੇ ਸਹਿਯੋਗੀਆਂ ਵਿਚਾਲੇ ਨਵੀਂ ਖਟਾਸ ਨੂੰ ਦੂਰ ਕਰਨ ਦੀਆਂ ਆਖਰੀ ਕੋਸ਼ਿਸ਼ਾਂ ਵੀ ਨਾਕਾਮ ਹੋ ਗਈਆਂ।

ਇਹ ਟੈਰਿਫ਼, ਮੈਕਸੀਕੋ ਤੋਂ ਬਾਅਦ ਅਮਰੀਕਾ ਦੇ ਸਭ ਤੋਂ ਵੱਡੇ ਵਪਾਰ ਸਹਿਯੋਗੀ ਲਈ ਕੋਈ ਵੱਡਾ ਆਰਥਿਕ ਬਦਲਾਅ ਲਿਆਉਣ ਵਾਲਾ ਨਹੀਂ ਹੈ। ਇਹ ਕੈਨੇਡਾ ਤੋਂ ਅਮਰੀਕਾ ਨੂੰ ਹੋਣ ਵਾਲੀ ਬਰਾਮਦ ਦਾ ਪੰਜ ਫੀਸਦੀ ਤੋਂ ਥੋੜ੍ਹਾ ਜ਼ਿਆਦਾ ਹੈ, ਪਰ ਨਵੇਂ ਟੈਰਿਫ਼ ਨਾਲ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਿਚਕਾਰ ਤਣਾਅ ਵਧ ਗਿਆ ਹੈ।

ਪਿਛਲੇ ਸਾਲ ਇਨ੍ਹਾਂ ਦੇਸ਼ਾਂ ਨੇ ਇੱਕ ਦੂਜੇ ਨੂੰ 880 ਅਰਬ ਡਾਲਰ ਮੁੱਲ ਦਾ ਸਾਮਾਨ ਅਤੇ ਸੇਵਾਵਾਂ ਦਿੱਤੀਆਂ। ਅਮਰੀਕੀ ਵਪਾਰ ਪ੍ਰਤਨਿਧੀ ਜੇਮਿਸਨ ਗ੍ਰੀਅਰ ਨੇ ਕਿਹਾ ਕਿ ਕੈਨੇਡਾ ਨੇ ਇਸ ਹਫ਼ਤੇ ਦੀ ਸ਼ੁਰੂਆਤ 'ਚ ਤੈਅ ਸ਼ਰਤਾਂ 'ਤੇ ਵਪਾਰ ਸਾਂਝੇਦਾਰੀ ਨੂੰ ਅੰਤਿਮ ਰੂਪ ਦੇਣ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਨੇ ਕੈਨੇਡਾ ਨੂੰ ਸਭ ਤੋਂ ਵਧੀਆ ਸਹੂਲਤ ਦੇਣ ਦਾ ਪ੍ਰਸਤਾਵ ਦਿੱਤਾ ਸੀ, ਪਰ ਕੈਨੇਡਾ ਦੇ ਵਤੀਰੇ ਨਾਲ ਸੰਤੁਲਨ ਖਰਾਬ ਹੋ ਗਿਆ ਹੈ।

# ਭਾਜਪਾ ਵਲੋਂ ਵੰਦੇ ਮਾਤਰਮ ਦੇ ਮੁੱਦੇ 'ਤੇ ਕਾਂਗਰਸ ਖ਼ਿਲਾਫ਼ ਮਤਾ ਪਾਸ

**ਨਵੀਂ ਦਿੱਲੀ:** ਵੰਦੇ ਮਾਤਰਮ ਦੇ ਮੁੱਦੇ 'ਤੇ ਸਿਆਸੀ ਘਮਸਾਣ ਮੱਚ ਗਿਆ ਹੈ। ਭਾਜਪਾ ਨੇ ਮਤਾ ਪਾਸ ਕਰ ਕੇ ਕਾਂਗਰਸ ਵਰਕਿੰਗ ਕਮੇਟੀ ਵੱਲੋਂ ਕੌਮੀ ਗੀਤ ਵੰਦੇ ਮਾਤਰਮ ਦੇ ਸਿਰਫ਼ ਦੋ ਪੈਰੇ ਗਾਉਣ ਦੇ ਫ਼ੈਸਲੇ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਭਾਜਪਾ ਨੇ ਸਪੱਸ਼ਟ ਕੀਤਾ ਕਿ ਪੂਰਾ ਗੀਤ ਮੁਲਕ ਦੀ ਕੌਮੀ ਚੇਤਨਾ ਦਾ ਪ੍ਰਤੀਕ ਹੈ ਅਤੇ ਸੰਸਦ ਵੱਲੋਂ ਪਾਸ ਕਾਨੂੰਨ ਅਨੁਸਾਰ ਇਸ ਨੂੰ ਕੌਮੀ ਗਾਣ ਦੇ ਬਰਾਬਰ ਦਰਜਾ ਹਾਸਲ ਹੈ। ਪਾਰਟੀ ਨੇ ਸਪੱਸ਼ਟ ਕੀਤਾ ਕਿ । ਸਿਆਸੀ ਸਹੂਲਤ ਜਾਂ ਤੁਸ਼ਟੀਕਰਨ ਲਈ ਰਾਸ਼ਟਰੀ ਗੀਤ ਦੇ ਸਨਮਾਨ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਾਰਟੀ ਕਾਂਗਰਸ ਵਰਕਿੰਗ ਕਮੇਟੀ ਵੱਲੋਂ 1937 ਦੇ ਮਤੇ ਨੂੰ ਦੁਹਰਾਉਣ ਅਤੇ ਆਪਣੇ ਪ੍ਰੋਗਰਾਮਾਂ 'ਚ ਵੰਦੇ ਮਾਤਰਮ ਨੂੰ ਸਿਰਫ਼ ਦੋ ਪੈਰਿਆਂ ਤੱਕ ਸੀਮਤ ਕਰਨ ਦੇ ਫ਼ੈਸਲੇ ਦਾ ਬਿਨਾਂ ਸ਼ਰਤ ਵਿਰੋਧ ਕਰਦੀ ਹੈ। ਮਤੇ 'ਚ ਕਿਹਾ ਗਿਆ ਹੈ ਕਿ ਵੰਦੇ ਮਾਤਰਮ ਭਾਰਤ ਮਾਤਾ ਪ੍ਰਤੀ ਆਸਥਾ, ਆਜ਼ਾਦੀ ਦੇ ਸੰਗਰਾਮ ਦਾ ਮੰਤਰ ਅਤੇ ਮੁਲਕ ਦੀ ਅਖੰਡਤਾ ਦਾ ਅਮਰ ਪ੍ਰਤੀਕ ਹੈ। ਭਾਜਪਾ ਵੱਲੋਂ ਪਾਸ ਕੀਤੇ ਗਏ ਮਤੇ 'ਚ ਸੰਵਿਧਾਨਕ ਅਤੇ ਕਿਹਾ ਗਿਆ ਕਿ ਕਾਂਗਰਸ ਵਰਕਿੰਗ ਕਮੇਟੀ ਦਾ ਕੋਈ ਵੀ ਮਤਾ ਭਾਰਤ ਦੇ ਸੰਵਿਧਾਨਕ ਅਦਾਰਿਆਂ ਜਾਂ ਸੰਸਦ ਦੁਆਰਾ ਬਣਾਏ ਕਾਨੂੰਨਾਂ ਤੋਂ ਉਪਰ ਨਹੀਂ ਹੋ ਸਕਦਾ। ਪਾਰਟੀ ਨੇ ਦੋਸ਼ ਲਾਇਆ ਕਿ ਕਾਂਗਰਸ ਵੋਟ ਬੈਂਕ ਅਤੇ ਫਿਰਕੂ ਤੁਸ਼ਟੀਕਰਨ ਦੀ ਸਿਆਸਤ ਤਹਿਤ ਕੌਮੀ ਗੀਤ ਦੇ ਵਜੂਦ ਨਾਲ ਸਮਝੌਤਾ ਕਰ ਰਹੀ ਹੈ ਜੋ ਸ਼ਹੀਦਾਂ



ਦਾ ਅਪਮਾਨ ਹੈ। ਮਤੇ ਅਨੁਸਾਰ ਭਾਜਪਾ ਵਰਕਰ ਪੂਰੇ ਮੁਲਕ 'ਚ ਵਿਸ਼ੇਸ਼ ਮੁਹਿੰਮ ਚਲਾਉਣਗੇ, ਜਿਸ ਰਾਹੀਂ ਵੰਦੇ ਮਾਤਰਮ ਦੇ ਇਤਿਹਾਸ, ਮਹੱਤਵ ਅਤੇ ਇਸ ਦੇ ਛੇ ਪੈਰਿਆਂ ਦਾ ਘਰ-ਘਰ ਜਾ ਕੇ ਪ੍ਰਚਾਰ ਕੀਤਾ ਜਾਵੇਗਾ। ਪਾਰਟੀ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਇਸ ਗੀਤ ਦੇ ਪਿੱਛੇ ਦਿੱਤੀਆਂ ਗਈਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਜ਼ਰੂਰੀ ਹੈ। ਨਿਤਿਨ ਨਬੀਨ ਨੇ ਕਿਹਾ, 'ਜਿਸ ਵੰਦੇ ਮਾਤਰਮ ਨੇ 1947 'ਚ ਆਜ਼ਾਦੀ ਦਾ ਨਾਅਰਾ ਬੁਲੰਦ ਕੀਤਾ ਸੀ, ਉਹੀ ਗੀਤ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ 'ਵਿਕਸਿਤ ਭਾਰਤ 2047' ਦੇ ਸੰਕਲਪ ਨੂੰ ਪੂਰਾ ਕਰਨ ਲਈ ਮੁਲਕ ਭਰ 'ਚ ਗੂੰਜੇਗਾ। ਕੌਮੀ ਵਿਰਾਸਤ ਨੂੰ ਸਿਆਸੀ ਲਾਹੇ ਜਾਂ ਵੋਟ ਬੈਂਕ ਦੇ ਸਮੀਕਰਨਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ ਹੈ।'' ਇਸ ਦੌਰਾਨ ਭਾਜਪਾ ਦੇ ਕੌਮੀ ਤਰਜਮਾਨ ਸੰਬਿਤ ਪਾਤਰਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸੰਸਦ ਦੇਸ਼ ਦੇ ਸਰਵਉੱਚ ਲੋਕਤੰਤਰ ਦਾ ਮੰਦਰ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਸੰਸਦ ਵੱਡੀ ਹੈ ਜਾਂ ਕਾਂਗਰਸ ਵਰਕਿੰਗ ਕਮੇਟੀ ਹੈ ਜਿਸ ਨੇ ਵੰਦੇ ਮਾਤਰਮ ਦੇ ਵਿਰੋਧ 'ਚ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁਲਕ ਕਿਸੇ ਪਾਰਟੀ ਦੇ ਦਫ਼ਤਰ 'ਚ ਹੋਏ ਫ਼ੈਸਲਿਆਂ ਨਾਲ ਨਹੀਂ ਸਗੋਂ ਸੰਸਦ ਦੇ ਫ਼ੈਸਲਿਆਂ ਨਾਲ ਚੱਲੇਗਾ। ਕੋਈ ਵੀ ਪਰਿਵਾਰ, ਵਿਅਕਤੀ ਜਾਂ ਪਾਰਟੀ ਮੁਲਕ ਦੇ ਸੰਵਿਧਾਨ ਅਤੇ ਕਾਨੂੰਨ ਤੋਂ ਉਪਰ ਨਹੀਂ ਹੈ। ਉਨ੍ਹਾਂ ਕਾਂਗਰਸ 'ਤੇ ਵੰਦੇ ਮਾਤਰਮ ਬਾਰੇ ਸਿਆਸੀ ਲਾਹੇ ਲਈ ਵਿਵਾਦ ਪੈਦਾ ਕਰਨ ਦਾ ਦੋਸ਼ ਲਾਇਆ ਅਤੇ ਸਪੱਸ਼ਟ ਕੀਤਾ ਕਿ ਭਾਜਪਾ ਰਾਸ਼ਟਰੀ ਗੀਤ ਦੇ ਗਾਇਨ 'ਚ ਕਿਸੇ ਵੀ ਰੁਕਾਵਟ ਨੂੰ ਬਰਦਾਸ਼ਤ ਨਹੀਂ ਕਰੇਗੀ।

# ਭਗਵੰਤ ਮਾਨ ਸਰਕਾਰ ਦੇ ਇਤਿਹਾਸਕ ਕੰਮਾਂ ਦਾ ਵਿਰੋਧੀਆਂ ਕੋਲ ਨਹੀਂ ਜਵਾਬ: ਬਲਤੇਜ ਪੰਨੂ

**ਪਟਿਆਲਾ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਵਿਰੋਧੀ ਧਿਰਾਂ ਕੋਲ ਸਿਰ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਭਗਵੰਤ ਮਾਨ ਸਰਕਾਰ ਵਲੋਂ ਕੀਤੇ ਗਏ ਬੇਮਿਸਾਲ ਕੰਮਾਂ ਦਾ

**ਵਿਰੋਧੀ ਨੇਤਾ ਉਨ੍ਹਾਂ ਦੀ ਸਿਹਤ ਬਾਰੇ ਸਨਸਨੀਖੇਜ਼ ਅਤੇ ਮਨਘੜਤ ਬੁਲੇਟਿਨ ਪ੍ਰਸਾਰਿਤ ਕਰਦੇ ਹਨ।**

ਕੋਈ ਜਵਾਬ ਨਹੀਂ ਹੈ ਅਤੇ ਇਸ ਲਈ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੇ ਆਸ-ਪਾਸ ਦੇ ਲੋਕਾਂ 'ਤੇ ਚਿੱਕੜ ਸੁੱਟਣ, ਬੇਬੁਨਿਆਦ ਦੋਸ਼ ਲਗਾਉਣ ਅਤੇ ਸਾਜ਼ਿਸ਼ਾਂ ਘੜਨ 'ਤੇ ਉਤਰ



ਆਈਆਂ ਕਾਨਫਰੰਸ ਦੌਰਾਨ 'ਆਪ' ਪੰਜਾਬ ਦੇ ਰਾਜ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਵਿਰੋਧੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਦਨਾਮ ਕਰਨ ਲਈ ਹਰ ਸੰਭਵ ਹਥਕੰਡਾ ਅਪਣਾਇਆ ਹੈ ਪਰ ਉਹ ਅਸਫ਼ਲ ਰਹੇ ਹਨ, ਕਿਉਂਕਿ ਪੰਜਾਬ ਦੇ ਲੋਕ ਸਰਕਾਰ ਵਲੋਂ ਕੀਤੇ ਜਾ ਰਹੇ ਕੰਮਾਂ ਨੂੰ ਸਾਫ ਦੇਖ ਸਕਦੇ ਹਨ। ਜਦੋਂ ਵੀ ਮੁੱਖ ਮੰਤਰੀ ਰੁਟੀਨ ਮੈਡੀਕਲ ਚੈੱਕਅਪ ਲਈ ਜਾਂਦੇ ਹਨ। ਵਿਰੋਧੀ ਨੇਤਾ ਉਨ੍ਹਾਂ ਦੀ ਸਿਹਤ ਬਾਰੇ ਸਨਸਨੀਖੇਜ਼ ਅਤੇ ਮਨਘੜਤ ਬੁਲੇਟਿਨ ਪ੍ਰਸਾਰਿਤ ਕਰਦੇ ਹਨ। ਇਸੇ ਤਰ੍ਹਾਂ, ਤੇਜ ਜਦੋਂ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਵਿਚ ਨਿਵੇਸ਼ ਚੁਣ ਲਈ ਵਿਦੇਸ਼ ਜਾਂਦੇ ਹਨ . ਤਾਂ ਉਨ੍ਹਾਂ ਨੂੰ ਨੀਵਾਂ ਦਿਖਾਉਣ ਦੇ ਇੱਕਮਾਤਰ ਮਕਸਦ ਨਾਲ ਜਾਣਬੁੱਝ ਕੇ ਝੂਠੀਆਂ ਅਫਵਾਹਾਂ ਫੈਲਾਈਆਂ ਜਾਂਦੀਆਂ ਹਨ।

# ਗਾਂਧੀ ਅਤੇ ਪਟੇਲ ਵਾਲੇ ਵੰਦੇ ਮਾਤਰਮ ਦਾ ਗਾਇਨ ਕਰ ਰਹੀ ਕਾਂਗਰਸ: ਖੜਗੇ

**ਕਲਬੁਰਗੀ:** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰ ਸਰਕਾਰ ਅਤੇ ਭਾਜਪਾ ਉੱਤੇ ਫੁੱਟ ਪਾਊ ਸਿਆਸਤ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਉਸੇ ਵੰਦੇ ਮਾਤਰਮ ਦੀ ਪਾਲਣਾ ਕਰ ਰਹੀ ਹੈ। ਜਿਸ ਨੂੰ ਮਹਾਤਮਾ ਗਾਂਧੀ ਅਤੇ ਸਰਦਾਰ ਵੱਲਭਭਾਈ ਪਟੇਲ ਸਮੇਤ ਹੋਰ ਕੌਮੀ ਆਗੂਆਂ ਨੇ ਤੈਅ ਕੀਤਾ ਸੀ। ਉਨ੍ਹਾਂ ਸਵਾਲ ਕੀਤਾ ਕਿ ਕੀ ਛੋਟੇ ਸੰਸਕਰਨ ਨੂੰ ਤੈਅ ਕਰਨ ਵਾਲੇ ਇਹ ਆਗੂ ਵੀ ਦੇਸ਼ ਵਿਰੋਧੀ ਸਨ। ਖੜਗੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਡਤ ਜਵਾਹਰਲਾਲ ਨਹਿਰੂ, ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ ਅਤੇ ਵੱਲਭਭਾਈ ਪਟੇਲ ਨੇ ਮਿਲ ਕੇ ਦੇਸ਼ ਹਿੱਤ 'ਚ ਵੰਦੇ ਮਾਤਰਮ ਦੋ ਪੈਰਿਆਂ ਤੱਕ ਸੀਮਤ ਕਰਨ ਦਾ ਫ਼ੈਸਲਾ ਕੀਤਾ ਸੀ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਪਿਛਲੇ 90 ਸਾਲਾਂ ਤੋਂ ਇਸ ਨੂੰ ਲੈ ਕੇ ਕੋਈ ਵਿਵਾਦ ਨਹੀਂ ਸੀ ਤਾਂ ਹੁਣ ਇਸ ਮੁੱਦੇ ਨੂੰ ਕਿਉਂ



ਉਛਾਲਿਆ ਜਾ ਰਿਹਾ ਹੈ? ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਮੁਲਕ 'ਚ ਵੰਡੀਆਂ ਪਾਉਣ ਵਾਲੀ ਸਿਆਸਤ ਕਰ ਰਹੀ ਹੈ ਜੋ ਸਹੀ ਨਹੀਂ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਅਚਾਨਕ ਹੀ ਉਹ ਦੇਸ਼ਭਗਤ ਕਿਵੇਂ ਬਣ ਗਏ ਹਨ।

# ਹਾਈ ਕੋਰਟ ਵਲੋਂ ਪੰਜਾਬ ਸਰਕਾਰ ਤੋਂ ਭਲਾਈ ਸਕੀਮਾਂ ਦਾ ਪੂਰਾ ਵੇਰਵਾ ਤਲਬ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਕ ਮਰਹੂਮ ਮੁਲਾਜ਼ਮ ਤਾਰਾ ਸਿੰਘ ਦੀਆਂ ਸੇਵਾਵਾਂ ਨੂੰ ਮਰਨ ਉਪਰੰਤ ਰੈਗੂਲਰ ਕਰਨ ਦਾ ਲਾਭ, ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਅਤੇ ਉਸ ਦੀ ਪਤਨੀ ਨੂੰ ਪਰਿਵਾਰਕ ਪੈਨਸ਼ਨ ਦੇਣ ਨਾਲ ਸੰਬੰਧਿਤ ਪਟੀਸ਼ਨ 'ਤੇ ਪੰਜਾਬ ਸਰਕਾਰ ਤੋਂ ਵਿਸਥਾਰਤ ਜਵਾਬ ਤਲਬ ਕੀਤਾ ਹੈ। ਅਦਾਲਤ ਨੇ ਸੂਬਾ ਸਰਕਾਰ ਨੂੰ ਹਲਫ਼ਨਾਮਾ ਦਾਇਰ ਕਰਕੇ ਨਾਗਰਿਕਾਂ ਨੂੰ ਵਿੱਤੀ ਸਹਾਇਤਾ ਅਤੇ ਹੋਰ ਭਲਾਈ ਲਾਭ ਮੁਹੱਈਆ ਕਰਵਾਉਣ ਲਈ ਬਣਾਈਆਂ ਗਈਆਂ ਸਾਰੀਆਂ ਸਕੀਮਾਂ, ਨੀਤੀਆਂ ਅਤੇ ਸਰਕਾਰ ਵਲੋਂ ਕੀਤੀਆਂ ਘੋਸ਼ਣਾਵਾਂ ਦਾ ਪੂਰਾ ਵੇਰਵਾ ਦੇਣ ਦੇ ਨਿਰਦੇਸ਼ ਦਿੱਤੇ ਹਨ। ਮਾਮਲੇ ਦੀ




ਅਗਲੀ ਸੁਣਵਾਈ 7 ਅਕਤੂਬਰ, 2026 ਨੂੰ ਹੋਵੇਗੀ।ਸੁਣਵਾਈ ਦੌਰਾਨ ਪੰਜਾਬ ਸਰਕਾਰ ਵਲੋਂ ਜਵਾਬ ਦਾਇਰ ਕਰਨ ਲਈ ਹੋਰ ਸਮਾਂ ਮੰਗਿਆ। ਗਿਆ। ਇਸ 'ਤੇ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਅਗਲੀ ਸੁਣਵਾਈ ਤੋਂ ਘੱਟੋ-ਘੱਟ ਤਿੰਨ ਦਿਨ ਪਹਿਲਾਂ ਆਪਣਾ ਲਿਖਤੀ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ।ਹਾਈ ਕੋਰਟ ਨੇ ਸਰਕਾਰੀ ਵਕੀਲ ਨੂੰ ਵਿਸ਼ੇਸ਼ ਤੌਰ 'ਤੇ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਹੈ। ਇਸ ਹਲਫ਼ਨਾਮੇ 'ਚ ਪੰਜਾਬ ਸਰਕਾਰ ਵਲੋਂ ਨਾਗਰਿਕਾਂ ਨੂੰ ਵਿੱਤੀ ਸਹਾਇਤਾ ਅਤੇ ਹੋਰ ਭਲਾਈ ਲਾਭ ਦੇਣ ਲਈ ਤਿਆਰ ਕੀਤੀਆਂ ਗਈਆਂ ਸਾਰੀਆਂ ਸੰਬੰਧਿਤ ਸਕੀਮਾਂ, ਨੀਤੀਆਂ ਅਤੇ ਸਰਕਾਰੀ ਘੋਸ਼ਣਾਵਾਂ ਦਾ ਵੇਰਵਾ ਦੇਣ ਲਈ ਕਿਹਾ ਗਿਆ ਹੈ। ਅਦਾਲਤ ਨੇ ਖ਼ਾਸ 'ਤੌਰ 'ਤੇ ਉਨ੍ਹਾਂ ਤੱਥਾਂ ਬਾਰੇ ਜਾਣਕਾਰੀ ਮੰਗੀ ਹੈ, ਜਿਨ੍ਹਾਂ ਤਹਿਤ ਲੋਕਾਂ ਨੂੰ ਵੱਖ-ਵੱਖ ਰੂਪਾਂ 'ਚ ਸਰਕਾਰੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਇਸ 'ਚ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਆਵਾਜਾਈ ਅਤੇ ਮਹੀਨਾਵਾਰ ਵਿੱਤੀ ਸਹਾਇਤਾ ਵਰਗੀਆਂ ਸਹੂਲਤਾਂ ਵੀ ਸ਼ਾਮਿਲ ਹਨ।

# ਦਰਿਆ ਵਿਚ ਸਾਮਾਨ ਸੁੱਟਣ 'ਤੇ ਹਜ਼ਾਰ ਡਾਲਰ ਜੁਰਮਾਨਾ

**ਵੈਨਕੂਵਰ:** ਐਬਸਫੋਰਡ ਪੁਲੀਸ ਨੇ ਦਰਿਆ ਵਿੱਚ ਫਾਲਤੂ ਸਾਮਾਨ ਸੁੱਟਣ ਬਦਲੇ ਭਾਰਤੀ ਮੂਲ ਦੀ ਔਰਤ ਨੂੰ ਇੱਕ ਹਜ਼ਾਰ ਡਾਲਰ ਜੁਰਮਾਨੇ ਦੀਆਂ ਦੋ ਟਿਕਟਾਂ ਜਾਰੀ ਕੀਤੀਆਂ ਹਨ। ਔਰਤ ਵੱਲੋਂ ਦਰਿਆ ਦੇ ਸਾਫ਼ ਪਾਣੀ ਵਿੱਚ ਪੂਲ ਤੋਂ ਲਿਫਾਫੇ ਵਿੱਚ ਪਾਇਆ ਹੋਇਆ । ਬੇਕਾਰ ਦਾ ਸਾਮਾਨ ਸੁੱਟਣ ਦੀ ਕਿਸੇ ਵੱਲੋਂ ਬਣਾਈ ਵੀਡੀਓ ) ਚਿਤਾਵਨੀ ਵਾਇਰਲ ਹੋਣ ਤੋਂ ਬਾਅਦ ਪੁਲੀਸ 'ਹਰਕਤ ਵਿੱਚ ਆਈ ਅਤੇ ਔਰਤ ਦੀ ਭਾਲ ਕਰ ਕੇ ਉਸ ਨੂੰ ਟਿਕਟਾਂ ਜਾਰੀ ਕੀਤੀਆਂ। ਵੀਡੀਓ




ਵਿੱਚ ਕੋਈ ਸ਼ਖ਼ਸ ਉਸ ਔਰਤ ਨੂੰ ਵਾਰ-ਵਾਰ ਚਿਤਾਵਨੀਆਂ ਦੇ ਰਿਹਾ ਹੈ ਕਿ ਉਹ ਗ਼ਲਤ ਕੰਮ ਕਰ ਰਹੀ ਹੈ, ਪਰ ਔਰਤ ਜਿਸ ਦੇ ਪਹਿਰਾਵੇ ਤੋਂ ਉਹ ਭਾਰਤੀ ਮੂਲ ਦੀ ਦਿਸਦੀ ਹੈ, ਰੋਕਣ ਵਾਲੇ ਨੂੰ ਮਾੜਾ ਬੋਲਦੀ ਸੁਣਾਈ ਦਿੰਦੀ ਹੈ।

ਪੁਲੀਸ ਦੇ ਤਰਜਮਾਨ ਪੌਲ ਵਾਕਰ ਨੇ 500-500 ਦੀਆਂ ਟਿਕਟਾਂ ਦੇਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੁਲੀਸ ਵੱਲੋਂ ਨਿੱਜਤਾ ਨੂੰ ਮੁੱਖ ਰੱਖਦਿਆਂ ਉਸ ਦੀ ਪਛਾਣ ਅਜੇ ਜਾਰੀ ਨਹੀਂ ਕੀਤੀ ਗਈ, ਪਰ ਉਸ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖੀ ਜਾਏਗੀ ਭਾਂ ਤਾਂ ਕਿ ਉਹ ਫਿਰ ਤੋਂ ਸਾਫ਼ ਪਾਣੀਆਂ ਵਿੱਚ ਕੂੜਾ ਨਾ ਸੁੱਟੇ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਗੰਦਗੀ ਫੈਲਾਉਣਾ ਨਿਯਮਾਂ ਦੀ ਉਲੰਘਣਾ ਹੈ, ਜਿਸ ਨੂੰ ਰੋਕਣਾ ਪੁਲੀਸ ਅਧਿਕਾਰਾਂ ਹੇਠ ਆਉਂਦਾ ਹੈ।

# ਫ਼ਰਜ਼ੀ ਡਿਗਰੀ ਮਾਮਲੇ 'ਚ ਪ੍ਰਿੰਸੀਪਲ ਗ੍ਰਿਫ਼ਤਾਰ

ਰੂਪਨਗਰ: ਆਨੰਦਪੁਰ ਸਾਹਿਬ ਪੁਲੀਸ ਨੇ ਅੱਜ ਸ੍ਰੀ ਦਸਮੇਸ਼ ਅਕੈਡਮੀ ਦੀ ਪ੍ਰਿੰਸੀਪਲ ਸੋਨੂੰ ਵਾਲੀਆ ਨੂੰ ਫ਼ਰਜ਼ੀ ਪੀਐੱਚ ਡੀ ਡਿਗਰੀ ਅਤੇ ਵਿਦਿਅਕ ਯੋਗਤਾ ਬਾਰੇ ਗ਼ਲਤ ਜਾਣਕਾਰੀ ਦੇਣ ਦੇ ਦੋਸ਼ ਹੇਠ ਲੁਧਿਆਣਾ ਤੋਂ ਗ੍ਰਿਫ਼ਤਾਰ ਕੀਤਾ ਹੈ। ਰੂਪਨਗਰ ਦੇ ਐੱਸ ਐੱਸ ਪੀ ਮਨਿੰਦਰ ਸਿੰਘ ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ। ਇਹ ਮਾਮਲਾ 2020 ਤੋਂ 2024 ਵਿਚਾਲੇ ਹੋਈ ਕਥਿਤ ਧੋਖਾਧੜੀ ਨਾਲ ਸਬੰਧਤ ਹੈ। ਇਸ ਸਬੰਧੀ ਬਿੰਦੂ ਸ਼ਰਮਾ ਦੀ ਸ਼ਿਕਾਇਤ ਦੇ ਆਧਾਰ 'ਤੇ ਆਨੰਦਪੁਰ ਸਾਹਿਬ ਥਾਣੇ ਵਿਚ ਕੇਸ ਕੀਤਾ ਗਿਆ ਸੀ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਿਕਾਇਤ ਮਿਲਣ ਮਗਰੋਂ ਜਾਂਚ ਦੇ ਹੁਕਮ ਦਿੱਤੇ ਸਨ। ਇਸ ਮਗਰੋਂ ਰੂਪਨਗਰ ਦੇ ਡੀ ਸੀ ਨੇ ਐੱਸ ਪੀ ਦੀ ਅਗਵਾਈ ਹੇਠ ਕਮੇਟੀ ਬਣਾਈ ਸੀ, ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਸਮੇਤ ਐੱਸ ਡੀ ਐੱਮ ਅਤੇ ਡੀ ਐੱਸ ਪੀ ਸ਼ਾਮਲ ਸਨ।



# ਕੈਨੇਡਾ ਦੇ 20 ਅਰਬ ਡਾਲਰ ਦੇ ਉਤਪਾਦਾਂ ਨੂੰ ਝਟਕਾ

**ਵਾਸ਼ਿੰਗਟਨ:** ਅਮਰੀਕਾ ਨੇ ਸ਼ਨਿੱਚਰਵਾਰ ਤੜਕੇ ਕੈਨੇਡਾ ਦੇ 20 ਅਰਬ ਡਾਲਰ ਦੇ ਉਤਪਾਦਾਂ 'ਤੇ 50 ਫ਼ੀਸਦ ਟੈਰਿਫ ਲਾ ਦਿੱਤੇ ਹਨ। ਰਾਸ਼ਟਰਪਤੀ ਡੋਨਲਡ ਟਰੰਪ ਦੇ ਇਨ੍ਹਾਂ ਨਵੇਂ ਟੈਰਿਫਾਂ ਨਾਲ ਕੈਨੇਡਾ ਵੱਲੋਂ ਅਮਰੀਕਾ ਭੇਜੇ ਜਾਣ ਵਾਲੇ ਕੁੱਲ ਸਾਮਾਨ ਦਾ ਲਗਭਗ 5 ਫ਼ੀਸਦ ਹਿੱਸਾ ਪ੍ਰਭਾਵਿਤ ਹੋਵੇਗਾ ਜਿਸ 'ਚ ਹਾਕੀ ਸਟਿਕਸ ਅਤੇ ਮੈਡੀਕਲ ਉਪਕਰਨਾਂ ਵਰਗੀਆਂ ਵਸਤਾਂ ਸ਼ਾਮਲ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਅਮਰੀਕੀ ਟੈਰਿਫਾਂ ਦਾ ਮੋੜਵਾਂ ਜਵਾਬ ਦਿੱਤਾ ਜਾਵੇਗਾ। ਇਸ ਜਵਾਬੀ ਕਾਰਵਾਈ ਨਾਲ ਤਿੰਨ ਮੁਲਕਾਂ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦੇ ਉਦਯੋਗਾਂ ਲਈ ਅਹਿਮ ਮੰਨੇ ਜਾਂਦੇ ਉੱਤਰੀ ਅਮਰੀਕੀ ਵਪਾਰਕ ਸਮਝੌਤੇ ਦਾ ਭਵਿੱਖ ਖ਼ਤਰੇ 'ਚ ਪੈ ਗਿਆ ਹੈ।

ਅਮਰੀਕੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੈਨੇਡਾ ਸਟੀਲ, ਅਲੂਮੀਨੀਅਮ, ਆਟੋ ਅਤੇ ਲੱਕੜ ਉੱਤੇ ਅਮਰੀਕੀ ਛੋਟਾਂ ਚਾਹੁੰਦਾ ਸੀ ਜਿਨ੍ਹਾਂ ਨੂੰ ਦੇਣ ਤੋਂ ਅਮਰੀਕਾ ਨੇ ਇਨਕਾਰ ਕਰ ਦਿੱਤਾ। ਅਮਰੀਕੀ ਵਪਾਰ ਪ੍ਰਤੀਨਿਧ ਜੈਮੀਸਨ ਗ੍ਰੀਰ ਨੇ ਕਿਹਾ ਕਿ ਹਫ਼ਤੇ ਦੇ ਸ਼ੁਰੂ 'ਚ ਤੈਅ ਸ਼ਰਤਾਂ ਨੂੰ ਮੰਨਣ ਤੋਂ ਕੈਨੇਡਾ ਨੇ ਐਨ ਮੌਕੇ ਇਨਕਾਰ ਕਰ ਦਿੱਤਾ ਜਿਸ ਨਾਲ ਸਮਝੌਤੇ ਦਾ ਤਵਾਜ਼ਨ ਵਿਗੜ ਗਿਆ।

# ਮੁੱਖ ਮੰਤਰੀ ਦੀ ਪਤਨੀ ਦੇ ਨਾਂਅ 'ਤੇ ਰਿਸ਼ਵਤ ਮੰਗਣ ਦੇ ਦੋਸ਼ਾਂ ਨੇ ਭਖਾਇਆ ਸਿਆਸੀ ਮਾਹੌਲ

## ਹਾਈ ਕੋਰਟ ਨੇ ਸਿਰਫ਼ ਦੋਸ਼ਾਂ ਦੇ ਆਧਾਰ 'ਤੇ ਸੀ.ਬੀ.ਆਈ. ਜਾਂਚ ਠੁਕਰਾਈ

**ਚੰਡੀਗੜ੍ਹ:**ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਦੇ ਨਾਂਅ 'ਤੇ ਰਿਸ਼ਵਤ ਮੰਗਣ ਦੇ ਦੋਸ਼ਾਂ ਨੂੰ ਲੈ ਕੇ ਰਾਜ ਦੇ ਸਿਆਸੀ ਦਲਾਂ ਵਲੋਂ ਭਾਵੇਂ ਸਰਕਾਰ 'ਤੇ ਤਾਬੜਤੋੜ ਹਮਲੇ ਹੋ ਰਹੇ ਹਨ ਤੇ ਸਿਆਸੀ ਮਾਹੌਲ ਵੀ ਗਰਮਾ ਗਿਆ ਹੈ ਲੇਕਿਨ ਇਨ੍ਹਾਂ ਦੋਸ਼ਾਂ ਸੰਬੰਧੀ ਸਬੂਤ ਕਿੱਥੇ ਹਨ, ਉਹ ਸਪੱਸ਼ਟ ਨਹੀਂ ਹੋ ਰਿਹਾ ।ਪੀੜਤ ਪਰਿਵਾਰ ਵਲੋਂ ਉਕਤ ਦੋਸ਼ਾਂ ਦੇ ਆਧਾਰ 'ਤੇ ਹਾਈ ਕੋਰਟ ਤੋਂ ਸੀ.ਬੀ.ਆਈ. ਜਾਂਚ ਦੀ ਵੀ ਮੰਗ ਹੋਈ ਅਤੇ ਦੋਸ਼ ਲਗਾਏ ਗਏ ਕਿ ਕਥਿਤ ਦੋਸ਼ੀ ਪਰਿਵਾਰ ਕੋਲ ਕਾਫੀ ਪੈਸਾ ਹੈ ਅਤੇ ਉਨ੍ਹਾਂ ਵਲੋਂ ਮੁੱਖ ਮੰਤਰੀ ਦੇ ਪਰਿਵਾਰ ਨੂੰ 4-5 ਕਰੋੜ ਰੁਪਏ ਦੇ ਕੇ ਕੇਸ ਖ਼ਤਮ ਕਰਵਾਉਣ ਦੇ ਵੀ ਚਰਚੇ ਹਨ । ਲੇਕਿਨ ਅਦਾਲਤ ਨੇ ਕਿਹਾ ਕਿ ਉਹ ਕੇਵਲ ਦੋਸ਼ਾਂ ਦੇ ਆਧਾਰ 'ਤੇ ਸੀ.ਬੀ.ਆਈ. ਨੂੰ ਜਾਂਚ ਨਹੀਂ ਦੇ ਸਕਦੀ ਅਤੇ ਅਦਾਲਤ ਨੇ ਰਾਜ ਦੇ ਸੀਨੀਅਰ ਪੁਲਿਸ ਅਧਿਕਾਰੀ ਦੀ ਨਿਗਰਾਨੀ ਵਿਚ ਇਕ ਗਜ਼ਟਿਡ ਅਫ਼ਸਰ ਤੋਂ ਜਾਂਚ ਜਾਰੀ ਰੱਖਣ ਦੇ ਆਦੇਸ਼ ਦਿੱਤੇ । ਅੰਮ੍ਰਿਤਸਰ ਪੁਲਿਸ ਵਲੋਂ ਇਸ ਮਾਮਲੇ ਵਿਚ ਸ਼ਿਕਾਇਤ ਮਿਲਦਿਆਂ 29 ਅਪ੍ਰੈਲ 2026 ਨੂੰ ਜ਼ਬਰ ਜਨਾਹ ਤੇ ਅਗਵਾ ਕਰਨ ਦੇ ਦੋਸ਼ਾਂ ਵਿਚ ਐਫ.ਆਈ. ਆਰ. ਦਰਜ ਕੀਤੀ ਸੀ ਤੇ 13 ਮਈ ਨੂੰ ਕਥਿਤ ਦੋਸ਼ੀ ਗੁਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ । ਮੁੱਖ ਮੰਤਰੀ ਦੀ ਪਤਨੀ ਦੇ ਨਾਂਅ 'ਤੇ ਕਿਸ ਵਲੋਂ ਰਿਸ਼ਵਤ ਮੰਗੀ ਗਈ ਸੂਬਾ ਪੁਲਿਸ ਇਨ੍ਹਾਂ ਦੋਸ਼ਾਂ ਦਾ ਵੀ ਪਤਾ ਲਗਾ ਰਹੀ ਹੈ। ਜਦੋਂਕਿ ਰਿਸ਼ਵਤ ਮਾਮਲੇ ਨੂੰ ਡਾ.ਗੁਰਪ੍ਰੀਤ ਕੌਰ ਨਾਲ ਜੋੜਨ ਸੰਬੰਧੀ ਕੋਈ ਸਪੱਸ਼ਟ ਸਬੂਤ ਕਿਸੇ ਵਲੋਂ ਪੇਸ਼ ਨਹੀਂ ਕੀਤਾ ਗਿਆ । ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਰਣਜੀਤ ਸਿੰਘ (ਸਵਾ-ਮੁਕਤ) ਜਿਨ੍ਹਾਂ ਨੂੰ ਡਾ. ਗੁਰਪ੍ਰੀਤ ਕੌਰ ਵਲੋਂ ਕਾਨੂੰਨੀ ਨੋਟਿਸ ਜਾਰੀ ਕਰਦਿਆਂ ਕਿਹਾ ਗਿਆ ਸੀ ਕਿ ਇਨ੍ਹਾਂ ਦੋਸ਼ਾਂ ਦਾ ਕੋਈ ਆਧਾਰ ਨਹੀਂ ਤੇ ਨਾ ਹੀ ਮੇਰੇ ਨਾਲ ਕੋਈ ਲੈਣਾ ਦੇਣਾ ਹੈ । ਉਨ੍ਹਾਂ ਇਹ ਵੀ ਕਿਹਾ ਸੀ ਕਿ ਇਨ੍ਹਾਂ ਦੋਸ਼ਾਂ ਦੀ ਜਾਂਚ 'ਤੇ ਵੀ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਉਨ੍ਹਾਂ ਦੋਸ਼ ਲਗਾਇਆ ਸੀ ਕਿ ਅਜਿਹੇ ਦੋਸ਼ਾਂ ਦਾ ਮੰਤਵ ਸਿਆਸੀ ਤੇ ਸਾਨੂੰ ਬਦਨਾਮ ਕਰਨਾ ਹੈ। ਲੇਕਿਨ ਜਸਟਿਸ ਰਣਜੀਤ ਸਿੰਘ (ਸੇਵਾ-ਮੁਕਤ) ਨੇ ਅੱਜ ਇੱਥੇ ਇਕ ਪੱਤਰਕਾਰ ਸੰਮੇਲਨ ਵਿਚ ਸਪੱਸ਼ਟ ਕੀਤਾ




ਕਿ ਮੈਨੂੰ ਅਜੇ ਤੱਕ ਕੋਈ ਨੋਟਿਸ ਨਹੀਂ ਮਿਲਿਆ ਹੈ ਤੇ ਜੇ ਮਿਲੇਗਾ ਵੀ ਤਾਂ ਮੈ ਉਸ ਦਾ ਕੋਈ ਜਵਾਬ ਨਹੀਂ ਦੇਵਾਂਗਾ ਤੇ ਮੈਂ ਆਪਣਾ ਜਵਾਬ ਮਾਣਹਾਨੀ ਦਾ ਕੇਸ ਹੋਣ ਦੀ ਸੂਰਤ ਵਿਚ ਅਦਾਲਤ ਵਿਚ ਹੀ ਦੇਵਾਂਗਾ।

ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਇਸ ਮੌਕੇ ਸਪੱਸ਼ਟ ਕੀਤਾ ਕਿ ਜਸਟਿਸ ਰਣਜੀਤ ਸਿੰਘ ਵਲੋਂ ਕੋਈ ਦੋਸ਼ ਨਹੀਂ ਲਗਾਏ ਗਏ, ਬਲਕਿ ਲੱਗੇ ਦੋਸ਼ਾਂ ਸੰਬੰਧੀ ਨਿਰਪੱਖ ਜਾਂਚ ਦੀ ਮੰਗ ਕੀਤੀ ਸੀ ਤੇ ਉਨ੍ਹਾਂ ਵਿਰੁੱਧ ਮਾਣਹਾਨੀ ਦਾ ਕੇਸ ਬਣਦਾ ਹੀ ਨਹੀਂ। ਕੁਝ ਸੀਨੀਅਰ ਕਾਨੂੰਨੀ ਮਾਹਿਰਾਂ ਨੇ ਦੱਸਿਆ ਕਿ ਜਬਰ- ਜਨਾਹ ਦੇ ਅਗਵਾ ਵਰਗੇ ਸੰਗੀਨ ਦੋਸ਼ਾਂ ਸੰਬੰਧੀ ਪੁਲਿਸ ਕੋਲ ਕੇਸ ਵਾਪਸ ਲੈਣ ਦਾ ਅਧਿਕਾਰ ਹੀ ਨਹੀਂ ਹੈ ਤੇ ਅਜਿਹਾ ਸੈਸ਼ਨ ਕੋਰਟ ਦੀ ਪ੍ਰਵਾਨਗੀ ਤੋਂ ਬਿਨਾਂ ਸੰਭਵ ਹੀ ਨਹੀਂ।

ਦਿਲਚਸਪ ਗੱਲ ਇਹ ਹੈ ਕਿ ਇਹ ਮਾਮਲਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਉਠਾਇਆ ਜਾ ਚੁੱਕਾ ਹੈ ਜੋ ਕਿ ਕੇਂਦਰ ਵਿਚਲੀ ਭਾਜਪਾ ਸਰਕਾਰ ਵਲੋਂ ਗਠਿਤ ਕੀਤਾ ਹੋਇਆ ਹੈ ਤੇ ਕਮਿਸ਼ਨ ਵਲੋਂ ਵੀ ਰਾਜ ਦੇ ਡੀ.ਜੀ.ਪੀ. ਨੂੰ ਇਕ ਪੱਤਰ ਲਿਖ ਕੇ ਇਸ ਕੇਸ ਸੰਬੰਧੀ ਤਾਜ਼ਾ ਸਥਿਤੀ ਦੀ ਰਿਪੋਰਟ ਮੰਗੀ ਹੋਈ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਵੀ ਇਹ ਮਾਮਲਾ ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ.




ਹਵਾਲੇ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ।

ਚਰਚਾ ਇਹ ਵੀ ਹੈ ਕਿ ਚੋਣਾਂ ਤੋਂ ਪਹਿਲਾਂ ਸੀ.ਬੀ.ਆਈ. ਨੂੰ ਮੁੱਖ ਮੰਤਰੀ ਦਫ਼ਤਰ ਵਿਚ ਦਾਖਲ ਕਰਵਾਉਣ ਦੀਆਂ ਵੀ ਕੋਸ਼ਿਸ਼ਾਂ ਹੋ ਰਹੀਆਂ ਹਨ ਤੇ ਅੰਮ੍ਰਿਤਸਰ ਦੇ ਕੇਸ ਨੂੰ ਇਸ ਲਈ ਮੁੱਦਾ ਬਣਾਇਆ ਜਾ ਰਿਹਾ ਹੈ ।

# 15 ਸਤੰਬਰ ਤੋਂ ਪਹਿਲਾਂ ਅਮਰੀਕਾ ਵਾਪਸ ਆਉਣ ਵਿਦੇਸ਼ੀ ਵਿਦਿਆਰਥੀ: ਹਾਰਵਰਡ

**ਵਾਸ਼ਿੰਗਟਨ:**ਅਮਰੀਕਾ 'ਚ ਨਵੇਂ ਵੀਜ਼ਾ ਨਿਯਮਾਂ ਦੇ ਲਾਗੂ ਹੋਣ ਤੋਂ ਪਹਿਲਾਂ, ਹਾਰਵਰਡ ਯੂਨੀਵਰਸਿਟੀ ਨੇ ਆਪਣੇ ਅੰਤਰਰਾਸ਼ਟਰੀ




ਵਿਦਿਆਰਥੀਆਂ ਤੇ ਵਿਦਵਾਨਾਂ ਨੂੰ 15 ਸਤੰਬਰ ਤੋਂ ਪਹਿਲਾਂ ਦੇਸ਼ ਵਾਪਸ ਆਉਣ ਦੀ ਸਲਾਹ ਦਿੱਤੀ ਹੈ। ਯੂਨੀਵਰਸਿਟੀ ਨੇ ਕਿਹਾ ਕਿ ਇਹ ਸਲਾਹ ਖਾਸ ਤੌਰ 'ਤੇ ਆਉਣ ਵਾਲੇ ਪਤਝੜ ਦੇ ਸਮੇਂ ਲਈ ਕੈਂਪਸ ਪ੍ਰੋਗਰਾਮਾਂ 'ਚ ਦਾਖਲ ਹੋਏ ਐਫ਼-1 ਅਤੇ ਜੇ-1 ਵੀਜ਼ਾ ਧਾਰਕਾਂ 'ਤੇ ਲਾਗੂ ਹੁੰਦੀ ਹੈ।

ਹਾਰਵਰਡ ਇੰਟਰਨੈਸ਼ਨਲ ਆਫਿਸ ਦੇ ਅਨੁਸਾਰ, ਨਵੇਂ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨਿਯਮ ਦੇ ਤਹਿਤ, ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਿਦਵਾਨਾਂ ਲਈ ਮੌਜੂਦਾ 'ਸਥਿਤੀ ਦੀ ਮਿਆਦ' ਪ੍ਰਬੰਧ ਨੂੰ ਕਈ ਮਾਮਲਿਆਂ 'ਚ ਅਮਰੀਕਾ 'ਚ ਰਹਿਣ ਦੀ ਇਕ ਨਿਸ਼ਚਿਤ ਮਿਆਦ ਦੁਆਰਾ ਬਦਲ ਦਿੱਤਾ ਜਾਵੇਗਾ। ਨਿਯਮ ਲਾਗੂ ਹੋਣ ਦੇ ਸਮੇਂ (15 ਸਤੰਬਰ) ਵੈਧ ਇਮੀਗ੍ਰੇਸ਼ਨ ਸਥਿਤੀ ਨੂੰ ਬਣਾਈ ਰੱਖਣ ਵਾਲੇ ਅਮਰੀਕਾ ਵਿਚ ਮੌਜੂਦ ਵਿਦਿਆਰਥੀ ਤੇ ਵਿਦਵਾਨ ਆਮ ਤੌਰ 'ਤੇ ਆਪਣੇ ਪ੍ਰੋਗਰਾਮ ਦੀ ਸਮਾਪਤੀ ਮਿਤੀ ਜਾਂ ਉਨ੍ਹਾਂ ਦੇ ਯੋਗ ਕੰਮ-ਪੂਰਤੀ ਤੋਂ ਬਾਅਦ ਦੇ ਅਧਿਕਾਰ ਦੀ ਮਿਆਦ ਪੁੱਗਣ ਤੱਕ ਦੇਸ਼ ਵਿਚ ਰਹਿਣ ਦੇ ਯੋਗ ਹੋਣਗੇ। ਹਾਲਾਂਕਿ, ਇਹ ਮਿਆਦ ਵੱਧ ਤੋਂ ਵੱਧ ਚਾਰ ਸਾਲਾਂ ਤੱਕ ਸੀਮਤ ਰਹੇਗੀ।

# ਮੋਦੀ ਅਤੇ ਪੁਤਿਨ ਤਿੰਨ ਵਾਰ ਕਰਨਗੇ ਮੁਲਾਕਾਤ

**ਨਵੀਂ ਦਿੱਲੀ:**ਅਮਰੀਕਾ ਤੇ ਭਾਰਤ ਦੇ ਸਬੰਧਾਂ ਵਿਚ ਕਿਸੇ ਨਾ ਕਿਸੇ ਮੁੱਦੇ 'ਤੇ ਲਗਾਤਾਰ ਚੱਲ ਰਹੀਆਂ ਅਸਹਿਮਤੀਆਂ ਦੇ ਦੌਰ ਵਿਚ ਇਹ ਗੱਲ ਲਗਭਗ ਪੱਕੀ ਹੈ ਕਿ ਅਗਲੇ ਕੁਝ ਮਹੀਨਿਆਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਘੱਟੋ-ਘੱਟ ਤਿੰਨ ਵਾਰ ਮੁਲਾਕਾਤ ਹੋਣ ਵਾਲੀ ਹੈ। ਪਹਿਲੀ ਮੁਲਾਕਾਤ ਅਗਲੇ ਹਫ਼ਤੇ ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਦੇ ਸਿਖਰ ਸੰਮੇਲਨ ਦੌਰਾਨ ਬਿਸ਼ਕੇਕ ਵਿਚ ਹੋਵੇਗੀ। ਇਸ ਤੋਂ ਕੁਝ ਹੀ ਦਿਨਾਂ ਬਾਅਦ 12-13 ਸਤੰਬਰ ਨੂੰ ਦੋਵੇਂ ਆਗੂ ਨਵੀਂ ਦਿੱਲੀ ਵਿਚ ਬ੍ਰਿਕਸ ਸਿਖਰ ਸੰਮੇਲਨ ਦੌਰਾਨ ਫਿਰ ਮਿਲਣਗੇ। ਇਸ ਤੋਂ ਇਲਾਵਾ ਦੋਵਾਂ ਨੇਤਾਵਾਂ ਦੀ ਅਗਵਾਈ ਵਿਚ ਭਾਰਤ-ਰੂਸ ਸਾਲਾਨਾ ਸਿਖਰ ਸੰਮੇਲਨ ਨੂੰ ਲੈ ਕੇ ਵੀ ਦੋਵਾਂ ਦੇਸ਼ਾਂ ਦੇ ਅਧਿਕਾਰੀ ਸੰਪਰਕ ਵਿਚ ਹਨ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸੋਮਵਾਰ ਨੂੰ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਦੌਰਾਨ ਇਸ ਗੱਲ ਦਾ ਖੁਲਾਸਾ ਕੀਤਾ।ਜੈਸ਼ੰਕਰ ਰੂਸ ਦੇ ਦੋ ਦਿਨਾਂ ਸਰਕਾਰੀ ਦੌਰੇ 'ਤੇ ਹਨ। ਉਨ੍ਹਾਂ ਨੇ ਪੁਤਿਨ ਨੂੰ ਪ੍ਰਧਾਨ ਮੰਤਰੀ ਮੋਦੀ ਦੀਆਂ ਸ਼ੁਭਕਾਮਨਾਵਾਂ ਅਤੇ ਨਿੱਜੀ ਸੁਨੇਹਾ ਸੌਂਪਿਆ। ਜੈਸ਼ੰਕਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਐੱਸਸੀਓ ਸਿਖਰ ਸੰਮੇਲਨ ਵਿਚ ਉਨ੍ਹਾਂ ਨੂੰ ਮਿਲਣ ਦੇ ਇੱਛੁਕ ਹਨ, ਫਿਰ ਭਾਰਤ ਵਿਚ ਬ੍ਰਿਕਸ ਸਿਖਰ ਸੰਮੇਲਨ ਲਈ ਉਨ੍ਹਾਂ ਦਾ ਸਵਾਗਤ ਕਰਨਗੇ ਅਤੇ ਆਪਸੀ ਸਹੂਲਤ ਅਨੁਸਾਰ ਸਾਲਾਨਾ ਸਿਖਰ ਸੰਮੇਲਨ ਵੀ ਆਯੋਜਿਤ ਹੋਵੇਗਾ। ਇਸ ਤੋਂ ਪਹਿਲਾਂ ਜੈਸ਼ੰਕਰ ਅਤੇ ਰੂਸ ਦੇ ਪਹਿਲੇ ਉਪ-ਪ੍ਰਧਾਨ ਮੰਤਰੀ ਡੇਨਿਸ ਮਾਂ ਰੋਵ ਦੀ ਅਗਵਾਈ ਵਿਚ ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ (ਕਾਰੋਬਾਰ, ਅਰਥ, ਵਿਗਿਆਨ, ਤਕਨਾਲੋਜੀ ਤੇ ਸੱਭਿਆਚਾਰਕ ਸਹਿਯੋਗ) ਦੀ 27ਵੀਂ ਮੀਟਿੰਗ ਹੋਈ। ਇਸ ਵਿਚ ਵਪਾਰ, ਊਰਜਾ, ਖਾਦ, ਪ੍ਰਮਾਣੂ ਸਹਿਯੋਗ ਸਮੇਤ ਵੱਖ-ਵੱਖ ਖੇਤਰਾਂ ਦੀ ਸਮੀਖਿਆ ਕੀਤੀ ਗਈ।



ਮੁਲਾਕਾਤ ਦੌਰਾਨ ਰਾਸ਼ਟਰਪਤੀ ਪੁਤਿਨ ਨੇ ਭਾਰਤ ਨੂੰ ਖਾਦ ਦੀ ਸਪਲਾਈ ਵਧਾਉਣ ਦਾ 'ਵਾਅਦਾ ਕੀਤਾ। ਉਨ੍ਹਾਂ ਨੇ ਊਰਜਾ ਸਰੋਤਾਂ ਅਤੇ ਖਾਦਾਂ ਨੂੰ ਪਹਿਲ ਦੱਸਿਆ। ਪੁਤਿਨ ਨੇ ਜੈਸ਼ੰਕਰ ਨੂੰ ਕਿਹਾ ਕਿ ਅਸੀਂ ਭਾਰਤੀ ਕਿਸਾਨਾਂ ਅਤੇ ਖੇਤੀਬਾੜੀ ਲਈ ਇਸ ਮਾਮਲੇ ਨੂੰ ਸੁਲਝਾਉਣ ਲਈ ਸਭ ਕੁਝ ਕਰ ਰਹੇ ਹਾਂ। ਪੁਤਿਨ ਨੇ ਪ੍ਰਮਾਣੂ ਊਰਜਾ ਸਹਿਯੋਗ, ਉੱਚ ਤਕਨੀਕੀ ਸਹਿਯੋਗ ਅਤੇ ਹੋਰ ਖੇਤਰਾਂ ਵਿਚ ਦੋਵਾਂ ਦੇਸ਼ਾਂ ਵਿਚਕਾਰ ਵਿਕਾਸ 'ਤੇ ਸੰਤੁਸ਼ਟੀ ਪ੍ਰਗਟਾਈ। ਰੂਸੀ ਰਾਸ਼ਟਰਪਤੀ ਨੇ ਵਪਾਰ ਵਿਚ ਵਾਧੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਇਸ ਸਾਲ ਸਾਡਾ ਕਾਰੋਬਾਰ ਵਧਿਆ ਹੈ। ਦੋਵਾਂ ਦੇਸ਼ਾਂ ਵਿਚਕਾਰ ਵਪਾਰ ਮੁੱਖ ਤੌਰ 'ਤੇ ਰੂਸੀ ਊਰਜਾ ਦਰਾਮਦ ਵਿਚ ਵਾਧੇ ਕਾਰਨ ਕਾਫ਼ੀ ਵਧਿਆ ਹੈ।

ਮੁਲਾਕਾਤ ਦੌਰਾਨ ਜੈਸ਼ੰਕਰ ਨੇ ਪੁਤਿਨ ਨੂੰ ਦਿਨ 'ਚ ਹੋਈ ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ ਦੀ ਮੀਟਿੰਗ ਦੇ ਨਤੀਜਿਆਂ ਬਾਰੇ 'ਦੱਸਿਆ ਤੇ ਦੋਹਾਂ ਦੇਸ਼ਾਂ ਵਿਚਕਾਰ ਆਰਥਿਕ ਸਹਿਯੋਗ 'ਚ ਹੋਏ ਵਾਧੇ 'ਤੇ ਜ਼ੋਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਕੁੱਲ ਮਿਲਾ ਕੇ ਸਾਡੇ ਕੋਲ ਤੁਹਾਨੂੰ ਦੇਣ ਲਈ ਚੰਗੀ ਰਿਪੋਰਟ ਹੈ। ਮੈਨੂੰ ਲੱਗਦਾ ਹੈ ਕਿ ਮੈਂ ਆਰਥਿਕ ਸਹਿਯੋਗ, ਵਪਾਰ, ਊਰਜਾ, ਖਾਦ, ਪ੍ਰਮਾਣੂ ਤੇ ਹੋਰ ਖੇਤਰਾਂ ਬਾਰੇ ਵਿਸਤਾਰ ਨਾਲ ਗੱਲ ਕਰਨਾ ਚਾਹਾਂਗਾ। ਕੁੱਲ ਮਿਲਾ ਕੇ ਸਾਡੇ ਆਰਥਿਕ ਸਹਿਯੋਗ 'ਚ ਕਾਫ਼ੀ ਵਾਧਾ ਹੋਇਆ ਹੈ।

# ਵੰਦੇ ਮਾਤਰਮ ਦਾ ਅਪਮਾਨ ਕਰਨ ਵਾਲਿਆਂ ਦੀ ਮਾਨਸਿਕਤਾ ਨੂੰ ਬਦਲ ਦੇਵੇਗੀ ਜਨਤਾ: ਨਿਤਿਨ ਨਬੀਨ

**ਨਵੀਂ ਦਿੱਲੀ:**ਭਾਜਪਾ ਪ੍ਰਧਾਨ ਨਿਤਿਨ ਨਬੀਨ ਨੇ ਵੰਦੇ ਮਾਤਰਮ ਸੰਬੰਧੀ ਛਿੜੇ ਵਿਵਾਦ ਨੂੰ ਲੈ ਕੇ ਵਿਰੋਧੀ ਧਿਰਾਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਵੰਦੇ ਮਾਤਰਮ ਦਾ ਅਪਮਾਨ ਕਰਨ ਵਾਲੇ ਲੋਕਾਂ ਦੀ ਮਾਨਸਿਕਤਾ ਨੂੰ ਆਉਣ ਵਾਲੇ ਸਮੇਂ 'ਚ ਭਾਰਤ ਦੀ ਜਨਤਾ ਬਦਲ ਦੇਵੇਗੀ। ਭਾਜਪਾ ਪ੍ਰਧਾਨ ਨਵੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ 'ਚ ਗੁਰੂ ਰਵਿਦਾਸ ਜੀ ਦੀ 650ਵੀਂ ਜੈਅੰਤੀ ਮੌਕੇ ਕਰਵਾਏ ਗਏ ਪ੍ਰੋਗਰਾਮ 'ਸਮਰਸਤਾ ਸੰਕਲਪ ਦਿਵਸ'' ਪ੍ਰੋਗਰਾਮ 'ਚ ਬੋਲ ਰਹੇ ਸਨ। ਨਿਤਿਨ ਨਸ਼ੀਨ ਨੇ ਕਿਹਾ ਕਿ ਭਾਰਤ ਦੇ ਸੱਭਿਆਚਾਰ ਅਤੇ ਵਿਰਾਸਤ ਨੇ ਸਦੀਆਂ ਤੋਂ ਕਈ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ, ਪਰ ਇਸ ਦੀਆਂ ਜੜ੍ਹਾਂ ਇੰਨੀਆਂ ਮਜ਼ਬੂਤ ਹਨ ਕਿ ਕੋਈ ਇਸ ਨੂੰ ਹਿਲਾ ਨਹੀਂ ਸਕਿਆ। ਇਸਦੇ ਬਾਵਜੂਦ ਅੱਜ ਵੀ ਕੁਝ ਲੋਕ ਸਮਾਜ 'ਚ ਵੰਡ ਦੀ ਮਾਨਸਿਕਤਾ ਨਾਲ ਕੰਮ ਕਰ ਰਹੇ ਹਨ। ਭਾਜਪਾ ਪ੍ਰਧਾਨ ਨੇ ਕਿਹਾ ਕਿ ਵੰਦੇ ਮਾਤਰਮ, ਜਿਸ ਨੇ ਸੁਤੰਤਰਤਾ ਸੰਗਰਾਮ ਦੀ ਨੀਂਹ ਰੱਖੀ, ਉਸਦਾ ਅੱਜ ਵੀ ਇਸ ਦੇਸ਼ 'ਚ ਕੁਝ ਲੋਕਾਂ ਵਲੋਂ



ਅਪਮਾਨ ਕੀਤਾ ਗਿਆ, ਪਰ ਇਸ ਦੇਸ਼ ਦੀ ਮਿੱਟੀ 'ਚ ਅਜਿਹੀ ਤਾਕਤ ਹੈ ਕਿ ਜੇਕਰ ਇਸਨੇ ਲੋਦੀ ਅਤੇ ਸਿਕੰਦਰ ਜਿਹੀਆਂ ਤਾਕਤਾਂ ਦੀ ਸੋਚ ਨੂੰ ਬਦਲਿਆ ਹੈ ਤਾਂ ਆਉਣ ਵਾਲੇ ਸਮੇਂ 'ਚ ਇਹੀ ਮਿੱਟੀ ਵੰਦੇ ਮਾਤਰਮ ਦਾ ਅਪਮਾਨ' ਕਰਨ ਵਾਲਿਆਂ ਦੀ ਮਾਨਸਿਕਤਾ ਵੀ ਬਦਲ ਦੇਵੇਗੀ। ਜ਼ਿਕਰਯੋਗ ਹੈ ਕਿ ਭਾਜਪਾ ਵਲੋਂ ਗੁਰੂ ਰਵਿਦਾਸ ਜੀ ਦੀ 650ਵੀਂ ਜੈਅੰਤੀ ਮੌਕੇ ਭਾਜਪਾ ਪੂਰੇ ਸਾਲ ਦੀ ਮੁਹਿੰਮ ਚਲਾ ਰਹੀ ਹੈ, ਜਿਸ ਦੀ ਸ਼ੁਰੂਆਤ 29 ਜੁਲਾਈ ਗੁਰੂ ਪੂਰਨਿਮਾ ਤੋਂ ਹੋਈ ਹੈ। ਭਾਜਪਾ ਦੇ ਰਾਸ਼ਟਰੀ ਉਪ ਪ੍ਰਧਾਨ ਲਾਲ ਸਿੰਘ ਮੁਤਾਬਿਕ ਇਸ ਤਹਿਤ ਪ੍ਰੋਗਰਾਮ ਉਲੀਕੇ ਗਏ ਸਨ, ਪਹਿਲਾ ਕਲਸ਼ ਵੰਦਨਾ ਪ੍ਰੋਗਰਾਮ, ਜੋ ਸੋਮਵਾਰ ਨੂੰ ਦਿੱਲੀ 'ਚ ਹੋਇਆ। ਦੂਜਾ ਸੰਤ ਸੰਪਰਕ ਮੁਹਿੰਮ, ਜਿਸ ਦੇ ਤਹਿਤ ਹੁਣ ਤੱਕ 25 ਹਜ਼ਾਰ ਤੋਂ ਵੱਧ ਸੰਤਾਂ ਨਾਲ ਸੰਪਰਕ ਕੀਤਾ ਜਾ ਚੁੱਕਾ ਹੈ। ਤੀਜਾ ਸਮਰਸ ਦੀਪ ਮੁਹਿੰਮ, ਜਿਸ ਤਹਿਤ ਤਕਰੀਬਨ 51 ਹਜ਼ਾਰ ਤੋਂ ਵੱਧ ਥਾਵਾਂ 'ਤੇ ਦੀਪ ਜਗਾਉਣ ਦਾ ਪ੍ਰੋਗਰਾਮ ਕੀਤਾ ਗਿਆ। 10 ਸਤੰਬਰ ਤੱਕ ਕਲਸ਼ ਵੰਦਨ ਪੂਜਨ ਦਾ ਪ੍ਰੋਗਰਾਮ ਪੂਰਾ ਹੋਵੇਗਾ। ਲਾਲ ਸਿੰਘ ਨੇ ਅਗਲੇ ਦੋ ਪੜਾਵਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਨ੍ਹਾਂ ਤਿੰਨੋਂ ਪ੍ਰੋਗਰਾਮਾਂ ਤੋਂ ਬਾਅਦ ਸਮਰਸਤਾ ਸੰਪਰਕ ਯਾਤਰਾ ਕੱਢੀ ਜਾਏਗੀ। ਜਲੰਧਰ ਤੋਂ ਸ਼ੁਰੂ ਹੋਣ ਵਾਲੀ ਇਹ ਯਾਤਰਾ ਜੰਮੂ-ਕਸ਼ਮੀਰ, ਹਿਮਾਚਲ, ਉੱਤਰਾਖੰਡ, ਮੱਧ ਪ੍ਰਦੇਸ਼ ਤੋਂ ਹੁੰਦਿਆਂ ਹੋਇਆਂ ਕਾਸ਼ੀ 'ਚ ਜਾ ਕੇ ਖ਼ਤਮ ਹੋਏਗੀ। ਪੰਜਵੇਂ ਪੜਾਅ 'ਚ ਵਿਦਿਆਰਥੀ ਸੰਪਰਕ ਮੁਹਿੰਮ ਚਲਾਈ ਜਾਏਗੀ।

# ਮਹਿਲਾ ਪ੍ਰਦਰਸ਼ਨਕਾਰੀਆਂ ਦੇ ਦੋਸ਼ਾਂ ਦੀ ਪਹਿਲ ਦੇ ਆਧਾਰ 'ਤੇ ਜਾਂਚ ਕਰੇਗੀ ਉੱਚ-ਤਾਕਤੀ ਕਮੇਟੀ

**ਨਵੀਂ ਦਿੱਲੀ:**ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੂਰਿਆਕਾਂਤ ਨੇ ਸੋਮਵਾਰ ਨੂੰ ਸਪੱਸ਼ਟ ਕੀਤਾ ਹੈ ਕਿ ਜੰਤਰ ਮੰਤਰ 'ਤੇ ਵਿਦਿਆਰਥੀ ਪ੍ਰਦਰਸ਼ਨਾਂ ਦੇ ਦੌਰਾਨ ਪੁਲਿਸ ਹਿੰਸਾ ਦੇ ਦੋਸ਼ਾਂ ਦੀ ਜਾਂਚ ਦੇ ਲਈ ਗਠਿਤ 'ਹਾਈ ਪਾਵਰ ਵਕੇਟੀ', ਮਹਿਲਾ ਪ੍ਰਦਰਸ਼ਨਕਾਰੀਆਂ ਦੁਆਰਾ ਗਏ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਦੇ ਦੋਸ਼ਾਂ ਦੀ ਪਹਿਲ ਦੇ ਆਧਾਰ 'ਤੇ ਜਾਂਚ ਕਰੇਗੀ। ਚੀਫ਼ ਜਸਟਿਸ ਨੇ ਕਿਹਾ ਕਿ 18 ਅਗਸਤ ਦੇ ਆਦੇਸ਼ ਦੇ ਮੁਤਾਬਿਕ ਕਮੇਟੀ ਨੂੰ ਮਹਿਲਾ ਪ੍ਰਦਰਸ਼ਨਕਾਰੀਆਂ ਦੇ ਖ਼ਿਲਾਫ਼ ਜਿਨਸੀ ਸ਼ੋਸ਼ਣ, ਛੇੜਛਾੜ ਅਤੇ ਹੋਰ ਪ੍ਰਕਾਰ ਦੀ ਹਿੰਸਾ ਨਾਲ ਜੁੜੀਆਂ ਸ਼ਿਕਾਇਤਾਂ 'ਤੇ ਪ੍ਰਾਥਮਿਕਤਾ ਨਾਲ ਵਿਚਾਰ ਕਰਦੇ ਹੋਏ ਛੇਤੀ ਤੋਂ ਛੇਤੀ ਅੰਤਰਿਮ ਰਿਪੋਰਟ ਦਾਖਲ ਕਰਨੀ ਹੈ ਦੱਸਣਯੋਗ ਹੈ ਕਿ ਇਹ ਮਾਮਲਾ ਤਦ ਸਾਹਮਣੇ ਆਇਆ ਜਦ ਸੀਨੀਅ ਐਡਵੋਕੇਟ ਸ਼ੋਭਾ ਗੁਪਤਾ ਨੇ 20 ਜੁਲਾਈ ਨੂੰ ਜੰਤਰ ਮੰਤਰ 'ਤੇ ਹੋਏ ਵਿਦਿਆਰਥੀ, ਪ੍ਰਦਰਸ਼ਨ ਦੇ ਦੌਰਾਨ ਮਹਿਲਾ ਪ੍ਰਦਰਸ਼ਨਕਾਰੀਆਂ ਦੇ ਨਾਲ ਕਥਿਤ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਖ਼ੁਦ ਨੋਟਿਸ ਲੈਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਮਹਿਲਾ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਮੁਲਾਜ਼ਮਾਂ ਦੁਆਰਾ ਕਥਿਤ ਛੇੜਛਾੜ ਅਤੇ ਜਿਨਸੀ ਸ਼ੋਸ਼ਣ ਦੀ ਸ਼ਿਕਾਇਤਾਂ ਕੀਤੀਆਂ ਹਨ। ਜਸਟਿਸ ਜਾਇਮਾਲਿਆ ਬਾਗਚੀ ਨੇ ਦੱਸਿਆ ਕਿ ਇਸੇ ਮੁੱਦੇ ਨੂੰ ਲੈ ਕੇ ਇੱਕ ਅਲੱਗ ਰਿੱਟ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ ਅਤੇ ਹਾਈ ਪਾਵਰ ਕਮੇਟੀ ਤੂੰ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ।



ਚੀਫ਼ ਜਸਟਿਸ ਨੇ ਕਿਹਾ ਕਿ ਕਮੇਟੀ ਦੇ ਮੁਖੀ ਨੂੰ ਸ਼ਿਕਾਇਤਾਂ ਪ੍ਰਾਪਤ ਕਰਨ ਲਈ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਦਾ ਅਧਿਕਾਰ-ਦਿੱਤਾ ਗਿਆ ਹੈ । ਨੋਡਲ ਅਧਿਕਾਰੀਆਂ ਦੀ ਨਿਯੁਕਤੀ ਦੇ ਬਾਅਦ ਸ਼ਿਕਾਇਤ ਦਰਜ ਕਰਾਉਣ ਦੀ ਪ੍ਰਕਿਰਿਆ ਜਨਤਕ ਕੀਤੀ ਜਾਵੇਗੀ।

ਪੰਜਾਬ ਟਾਈਮਜ਼

29 ਅਗਸਤ, ਸ਼ਨਿਚਰਵਾਰ

# ਭਾਜਪਾ ਦਾ ਵੰਦੇ ਮਾਤਰਮ ਪੱਤਾ

*ਦੇਸ਼ ਦੀ ਆਜ਼ਾਦੀ ਦੀ ਲੜਾਈ ਸਮੇਂ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਬੰਕਿਮ ਚੰਦਰ ਚੈਟਰਜੀ ਵਲੋਂ ਲਿਖੇ ਗਏ ਗੀਤ 'ਵੰਦੇ ਮਾਤਰਮ' ਨੂੰ ਗਾਉਣ ਸੰਬੰਧੀ ਨੱਬੇ ਵਰ੍ਹੇ ਪਹਿਲਾਂ ਬਣੀ ਆਮ ਸਹਿਮਤੀ ਨੂੰ ਰੱਦ ਕਰ ਕੇ ਭਾਰਤੀ ਜਨਤਾ ਪਾਰਟੀ ਨੇ ਹੁਣ ਇਕ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਹ ਵਿਵਾਦ ਇਸ ਦੇਸ਼ ਦੇ ਭਵਿੱਖ ਨੂੰ ਕਿਸ ਦਿਸ਼ਾ ਵਲ ਲੈ ਕੇ ਜਾਵੇਗਾ ਇਸ ਸੰਬੰਧ ਵਿਚ ਸੋਚੀਏ ਤਾਂ ਇਸ ਦੇਸ਼ ਦੇ ਲੋਕਤੰਤਰ ਦੀ ਭਵਿੱਖੀ ਤਸਵੀਰ ਬਹੁਤੀ ਚਮਕਦਾਰ ਨਜ਼ਰ ਨਹੀਂ ਆਉਂਦੀ।*

*ਇਸ ਦੇਸ਼ ਦੀ ਆਜ਼ਾਦੀ ਲਈ ਲੜੀ ਗਈ ਗਹਿਗੱਚ ਲੜਾਈ ਨੂੰ ਨਿਹਾਰਨ ਦਾ ਯਤਨ ਕਰੀਏ ਤਾਂ ਸਰਬ ਸਾਂਝੀਵਾਲਤਾ ਦਾ ਗੌਰਵ ਸਾਡੇ ਚਿਹਰਿਆਂ ਦੀ ਚਮਕ ਨੂੰ ਇੱਕ ਦਮ ਨਿਖਾਰ ਦਿੰਦਾ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਸਾਲ 1937 ਵਿਚ ਮਹਾਤਮਾ ਗਾਂਧੀ, ਸਰਦਾਰ ਪਟੇਲ, ਮੌਲਾਨਾ ਅਬੁਲ ਕਲਾਮ ਆਜ਼ਾਦ ਤੇ ਪੰਡਤ ਜਵਾਹਰ ਲਾਲ ਨਹਿਰੂ 'ਤੇ ਅਧਾਰਿਤ ਬਣੀ ਇਕ ਕਮੇਟੀ ਨੇ ਆਮ ਸਹਿਮਤੀ ਨਾਲ ਇਸ ਗੀਤ ਦੀ ਭਾਵਨਾ ਦਾ ਪੂਰਾ ਸਨਮਾਨ ਕਰਦਿਆਂ, ਇਸ ਦੇ ਪਹਿਲੇ ਦੋ ਬੰਦਾਂ ਨੂੰ ਹੀ ਗਾਉਣ ਦਾ ਫ਼ੈਸਲਾ ਲਿਆ ਸੀ। ਉਂਝ ਇਸ ਗੀਤ ਦੇ ਛੇ ਬੰਦ ਹਨ, ਜਿਨ੍ਹਾਂ 'ਚੋਂ ਪਹਿਲੇ ਦੋ ਬੰਦਾਂ ਵਿਚ ਭਾਰਤ ਮਾਤਾ ਦੀ ਉਸਤਤ ਕੀਤੀ ਗਈ ਹੈ ਤੇ ਪਿਛਲੇ ਚਾਰ ਭਾਗਾਂ ਵਿਚ ਦੇਵੀ ਦੁਰਗਾ ਅਤੇ ਸਰਸਵਤੀ ਦਾ ਗੁਣਗਾਣ ਕੀਤਾ ਗਿਆ ਹੈ। ਉਸ ਸਮੇਂ ਇਸ ਪਿਛਲੇ ਚਾਰ ਬੰਦਾਂ ਸੰਬੰਧੀ ਮੁਸਲਿਮ ਭਾਈਚਾਰੇ ਵਲੋਂ ਇਤਰਾਜ਼ ਉਠਾਏ ਗਏ ਸਨ। ਉਸ ਸਮੇਂ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜਦਿਆਂ ਇਕ ਆਮ ਸਹਿਮਤੀ ਬਣਾਉਣ ਲਈ ਇਸ ਦੇ ਦੋ ਬੰਦਾਂ ਨੂੰ ਹੀ ਕੌਮੀ ਗੀਤ ਵਜੋਂ ਪ੍ਰਵਾਨਿਆ ਗਿਆ ਸੀ। ਇਸ ਦੇ ਨਾਲ ਹੀ ਜਨ-ਗਣ-ਮਨ ਨੂੰ ਕੌਮੀ ਗਾਣ ਵਜੋਂ ਮਾਨਤਾ ਦਿੱਤੀ ਗਈ ਸੀ। ਉਦੋਂ ਤੋਂ ਹੀ ਕਾਂਗਰਸ ਦੇ ਸੈਸ਼ਨਾਂ ਵਿਚ ਅਤੇ ਹੋਰ ਹਰ ਤਰ੍ਹਾਂ 'ਦੇ ਸਮਾਗਮਾਂ ਵਿਚ ਕੌਮੀ ਗਾਣ ਦੇ ਨਾਲ-ਨਾਲ ਇਸ ਕੌਮੀ ਗੀਤ ਦੇ ਦੋ ਬੰਦਾਂ ਨੂੰ ਹੀ ਗਾਇਆ ਜਾਂਦਾ ਰਿਹਾ ਹੈ। ਹੁਣ ਦੀ ਭਾਜਪਾ ਤੇ ਉਸ ਦੇ ਵਡੇਰਿਆਂ ਦਾ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਬਹੁਤਾ ਹਿੱਸਾ ਨਹੀਂ ਸੀ ਰਿਹਾ, ਸਗੋਂ ਉਨ੍ਹਾਂ ਨੇ ਉਸ ਸਮੇਂ ਵੀ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਹੀ ਅਪਣਾਈ ਰੱਖਣ 'ਚ ਬਿਹਤਰੀ ਸਮਝੀ ਸੀ। ਪਰ ਹੁਣ ਜਦੋਂ ਦੇਸ਼ ਵਿਚ ਭਾਜਪਾ ਦਾ ਬੋਲਬਾਲਾ ਹੈ ਤਾਂ ਇਸ ਨੇ ਆਪਣੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਏਜੰਡਿਆਂ ਨੂੰ ਪੂਰਾ ਕਰਨ ਲਈ ਆਪਣਾ ਜ਼ੋਰ ਲਾਇਆ ਹੋਇਆ ਹੈ। ਇਸੇ ਲਈ ਸੰਸਦ 'ਚ ਆਪਣੀ ਸਥਿਤੀ ਨੂੰ ਦੇਖਦਿਆਂ ਇਸ ਨੇ 'ਵੰਦੇ ਮਾਤਰਮ' ਦਾ ਪੂਰਾ ਗੀਤ ਗਾਉਣ ਲਈ ਕਾਨੂੰਨ ਪਾਸ ਕਰਵਾ ਕੇ ਇਕ ਅਜਿਹਾ ਬੇਲੋੜਾ ਵਿਵਾਦ ਛੇੜ ਦਿੱਤਾ ਹੈ, ਜੋ ਵੱਖ-ਵੱਖ ਫਿਰਕਿਆਂ ਵਿਚ ਨਫ਼ਰਤ ਨੂੰ ਹੋਰ ਭੜਕਾਉਣ ਦਾ ਕਾਰਨ ਬਣ ਸਕਦਾ ਹੈ। ਚਾਹੇ ਭਾਜਪਾ ਕਾਂਗਰਸ ਉੱਤੇ ਆਪਣੇ ਵੋਟ ਬੈਂਕ ਲਈ ਫਿਰਕੂ ਤੁਸ਼ਟੀਕਰਨ ਦੀ ਸਿਆਸਤ ਕਰਨ ਦਾ ਦੋਸ਼ ਲਾ ਰਹੀ ਹੈ, ਪਰ ਆਪਣੀਆਂ ਇਨ੍ਹਾਂ ਕਾਰਵਾਈਆਂ ਨਾਲ ਭਾਰਤੀ ਜਨਤਾ ਪਾਰਟੀ ਖ਼ੁਦ ਦੇਸ਼ ਅੰਦਰ ਫਿਰਕੂ ਭਾਵਨਾਵਾਂ ਨੂੰ ਭੜਕਾ ਕੇ ਆਪਣੇ ਲਈ ਬਹੁਗਿਣਤੀ ਹਿੰਦੂ ਵੋਟ ਬੈਂਕ ਨੂੰ ਸਾਧਣ ਦਾ ਯਤਨ ਕਰ ਰਹੀ ਹੈ। ਇਸ ਦੇਸ਼ 'ਚ 24 ਕਰੋੜ ਮੁਸਲਿਮ ਫ਼ਿਰਕੇ ਦੇ ਲੋਕ ਰਹਿ ਰਹੇ ਹਨ। ਭਾਜਪਾ ਆਪਣੀ ਵੋਟ ਰਾਜਨੀਤੀ ਨੂੰ ਮੁੱਖ ਰੱਖ ਕੇ ਇਸ ਫਿਰਕੇ ਨੂੰ ਬੁਰੀ ਤਰ੍ਹਾਂ ਅਣਗੌਲਿਆਂ ਕਰਦੀ ਹੋਈ ਬਹੁਗਿਣਤੀ ਹਿੰਦੂ ਭਾਈਚਾਰੇ ਨਾਲ ਸੰਬੰਧਿਤ ਵੋਟਰਾਂ ਨੂੰ ਭਾਵੁਕ ਕਰ ਕੇ ਆਪਣੇ ਪੱਖ 'ਚ ਕਰਨ ਦਾ ਜਜ਼ਬਾਤੀ ਪੱਤਾ ਖੇਡ ਰਹੀ ਹੈ। ਇਹ ਆਜ਼ਾਦੀ ਲਈ ਚੱਲੇ ਸਾਂਝੇ ਸੰਘਰਸ਼, ਜਿਸ ਵਿਚ ਦੇਸ਼ ਵਾਸੀਆਂ ਦੇ ਵੱਖ-ਵੱਖ ਵਰਗਾਂ ਦੀ ਸਰਗਰਮ ਸ਼ਮੂਲੀਅਤ ਸੀ ਅਤੇ ਇਸ ਤੋਂ ਬਾਅਦ ਅਪਣਾਏ ਗਏ ਜਮਹੂਰੀ ਤੇ ਧਰਮ ਨਿਰਪੱਖ ਸੰਵਿਧਾਨ ਦੇ ਨਾਲ ਦੇਸ਼ ਵਿਚ ਅਜਿਹਾ ਮਾਹੌਲ ਬਣਿਆ ਹੈ, ਜਿਸ ਦੇ ਉਲਟ ਜਾ ਕੇ ਕਿਸੇ ਭਾਈਚਾਰੇ ਜਾਂ ਜਮਾਤ ਵਲੋਂ ਫਿਰਕੂ ਭਾਵਨਾਵਾਂ ਨੂੰ ਅਪਣਾ ਕੇ ਅੱਜ ਵੀ ਦੇਸ਼ ਦੇ ਬਹੁਤੇ ਲੋਕਾਂ ਦੀ ਪ੍ਰਵਾਨਗੀ ਹਾਸਿਲ ਨਹੀਂ ਕੀਤੀ ਜਾ ਸਕਦੀ। ਇਸ ਦੇ ਉਲਟ ਭਾਜਪਾ ਦੀ ਕੇਂਦਰੀ ਸਰਕਾਰ ਦੀਆਂ ਆਰਥਿਕ ਨੀਤੀਆਂ ਤੇ ਵਿਕਾਸ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਭਾਵੇਂ ਲੋਕ ਲੁਭਾਉਣੀਆਂ ਵੀ ਹੋਣ ਪਰ ਇਹ ਅੰਤਿਮ ਰੂਪ ਵਿਚ ਦੇਸ਼ ਪੱਖੀ ਸਾਬਿਤ ਨਹੀਂ ਹੋ ਸਕਦੀਆਂ। ਇਸ ਲਈ ਭਾਰਤੀ ਜਨਤਾ ਪਾਰਟੀ ਨੂੰ, ਆਪਣੀਆਂ ਨੀਤੀਆਂ ਦਾ ਆਧਾਰ ਭਾਰਤ ਦੀ ਅਸਲ ਤਸਵੀਰ ਨੂੰ ਸਾਹਮਣੇ ਰੱਖ ਕੇ ਗੁਰਬਤ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੂਰ ਕਰਨ ਲਈ ਸਫ਼ਲ ਯੋਜਨਾਵਾਂ ਬਣਾ ਕੇ ਦੇਸ਼ ਨੂੰ ਆਧੁਨਿਕ ਸੋਚ ਅਨੁਸਾਰ ਵਿਕਾਸ ਦੇ ਰਾਹ 'ਤੇ ਤੋਰਨ ਵਾਲਾ ਬਣਾਉਣਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੀਆਂ ਫ਼ਿਰਕੂ ਭਾਵਨਾਵਾਂ ਦਾ ਪਸਾਰ ਆਧੁਨਿਕ ਵਿਕਾਸ ਉੱਪਰ ਕਾਲੇ ਬੱਦਲ ਛਾਉਣ ਵਰਗਾ ਹੈ। ਫਿਰਕਾਪ੍ਰਸਤੀ ਦੇ ਜਜ਼ਬਾਤੀ ਸ਼ੀਸ਼ੇ ਵਿਚੋਂ ਵੇਖਿਆਂ ਦੇਸ਼ ਦੀ ਸਰਬ ਧਰਮ ਸਨਮਾਨ ਵਾਲੀ ਗੌਰਵਮਈ ਚਮਕ ਧੁੰਦਲੀ ਹੁੰਦੀ ਨਜ਼ਰ ਆਏਗੀ। ਇਸ ਪ੍ਰਤੀ ਸੁਚੇਤ ਹੋਣਾ ਬੇਹੱਦ ਜ਼ਰੂਰੀ ਹੈ।*


## ਠਾਹ-ਸੋਟਾ

–ਚਾਚਾ ਬੇਲਿਹਾਜ਼

### ਨਵੀਂ ਪੀੜ੍ਹੀ ਦਾ ਕਬਿੱਤ !

*ਢਾਹ ਲਾਈ ਹੋਈ ਸਦਾਚਾਰ ਤੇ ਨੈਤਿਕਤਾ ਨੂੰ, ਨਵੀਂ ਪੀੜ੍ਹੀ ਵਿੱਚੋਂ ਗਾਇਬ ਚੱਜ ਤੇ ਆਚਾਰ ਨੇ।*
*ਸੁੱਝੇ ਨਾ ਇਲਾਜ ਮਜਬੂਰ ਹੋ ਕੇ ਸੋਚੀ ਜਾਂਦੇ, ਮੱਥੇ ਹੱਥ ਮਾਰਦੇ ਐ ਮਾਪੇ ਵੀ ਲਾਚਾਰ ਨੇ।*
*ਗੱਲ ਕਹਿਣੀ ਸਹਿਣੀ ਹਾਸਾ ਠੱਠਾ ਵੀ ਏ ਭੁੱਲਿਆ, ਪਾਟੋ-ਧਾੜੀ ਤਲਖੀ ਵਧਾਈ 'ਤਕਰਾਰ' ਨੇ।*
*ਪਾੜੇ ਤੇ ਪੁਆੜੇ ਪ੍ਰਾਈਵੇਸੀ ਨੇ ਹੀ ਪਾਏ ਐਸੇ, ਰਹਿੰਦੇ ਨਾ ਇਕੱਠ 'ਟੁੱਟ ਰਹੇ' ਪਰਿਵਾਰ ਨੇ।*
*ਮਾਇਆ ਵਾਲ਼ੀ ਭੁੱਖ ਚਾਰੋਂ ਪਾਸੇ ਪ੍ਰਚੰਡ ਹੋਈ, ਸ਼ੁਕਰ ਸਬਰ ਸਹਿਜ ਦਿੱਤੇ ਹੀ ਵਿਸਾਰ ਨੇ।*
*ਰੈਡੀਮੇਡ ਜਦੋਂ ਦਾ ਮਿਲਣ ਲੱਗਾ ਸਾਰਾ ਕੁੱਝ, ਸਭ ਨੂੰ ਹੀ ਗਾਹਕ ਬਣਾਇਆ ਏ ਬਜ਼ਾਰ ਨੇ।*

# ਕੀ ਅਸਹਿਮਤੀ ਨੂੰ ਕਾਨੂੰਨ ਦੇ ਦਾਇਰੇ ਵਿਚ ਲਿਆਉਣਾ ਜਾਇਜ਼ ਹੈ?





ਭਾਰਤ ਵਿਚ ਅਸਹਿਮਤੀ ਅਤੇ ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਇਹ ਵਿਵਾਦ ਉਦੋਂ ਹੋਰ ਤਿੱਖਾ ਹੋ ਗਿਆ ਜਦੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਅਤੇ ਸਭ ਤੋਂ ਪੁਰਾਣੀ ਸਿਆਸੀ ਪਾਰਟੀ-ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਸਮਾਗਮ ਦੌਰਾਨ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਪਹਿਲੇ ਦੋ ਪੈਰੇ ਹੀ ਗਾਏ ਗਏ। ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਾਂਗਰਸ ਦੇ ਇਸ ਰਵੱਈਏ ਨੂੰ ਰਾਸ਼ਟਰ-ਵਿਰੋਧੀ ਅਤੇ ਰਾਸ਼ਟਰੀ ਪ੍ਰਤੀਕਾਂ ਦਾ ਅਪਮਾਨ ਕਰਾਰ ਦਿੱਤਾ। ਇਹ ਟਕਰਾਅ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ, ਸਗੋਂ ਰਾਸ਼ਟਰੀ ਪ੍ਰਤੀਕਾਂ ਅਤੇ ਅਸਹਿਮਤੀ ਦੇ ਅਧਿਕਾਰਾਂ ਨੂੰ ਕਾਨੂੰਨੀ ਸ਼ਿਕੰਜੇ ਵਿਚ ਕੱਸਣ ਦੀ ਇੱਕ ਵੱਡੀ ਕੋਸ਼ਿਸ਼ ਵਜੋਂ ਸਾਹਮਣੇ ਆ ਰਿਹਾ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਸਵਾਲ ਸਿਰਫ਼ ਇਹ ਨਹੀਂ ਹੈ ਕਿ ਕਾਂਗਰਸ ਨੇ 'ਵੰਦੇ ਮਾਤਰਮ' ਦੇ ਦੋ ਪੈਰੇ ਹੀ ਕਿਉਂ ਗਾਏ, ਸਗੋਂ ਅਸਲ ਸਵਾਲ ਇਹ ਹੈ ਕਿ ਕੀ ਵਿਚਾਰਧਾਰਕ ਅਸਹਿਮਤੀ ਅਤੇ ਰਾਜਨੀਤਿਕ ਵਿਰੋਧ ਨੂੰ ਕਾਨੂੰਨ ਦੀਆਂ ਸ਼ਰਤਾਂ ਅਧੀਨ ਅਪਰਾਧ ਬਣਾਉਣਾ ਇੱਕ ਲੋਕਤੰਤਰੀ ਪ੍ਰਣਾਲੀ ਲਈ ਠੀਕ ਹੈ? ਕੀ ਜਨ-ਅੰਦੋਲਨਾਂ ਜਾਂ ਵਿਚਾਰਧਾਰਕ ਵਿਰੋਧੀਆਂ ਨੂੰ 'ਅਰਬਨ ਨਕਸਲੀ' ਜਾਂ 'ਦਿਮਾਗੀ ਨਕਸਲੀ' ਗਰਦਾਨ ਕੇ ਦੇਸ਼-ਧ੍ਰੋਹੀ ਠਹਿਰਾਉਣਾ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਹੈ?

ਇਹ ਸਥਿਤੀ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਸ਼ਵ ਦੇ ਕਈ ਲੋਕਤੰਤਰੀ ਦੇਸ਼ਾਂ ਵਿਚ ਵੀ ਅਜਿਹੇ ਤਣਾਅ ਦੇਖਣ ਨੂੰ ਮਿਲੇ ਹਨ। ਜਦੋਂ ਵੀ ਕੋਈ ਰਾਸ਼ਟਰੀ ਗੀਤ ਜਾਂ ਰਾਸ਼ਟਰਗਾਨ ਕਿਸੇ ਵਿਸ਼ੇਸ਼ ਧਰਮ, ਨਸਲ ਜਾਂ ਭਾਸ਼ਾਈ ਪਛਾਣ ਨਾਲ ਡੂੰਘਾ ਜੁੜ ਜਾਂਦਾ ਹੈ, ਤਾਂ ਬਹੁ-ਗਿਣਤੀਵਾਦੀ ਲੋਕਤੰਤਰਾਂ ਵਿਚ ਅਜਿਹੇ ਵਿਵਾਦ ਉੱਭਰਦੇ ਹਨ। ਸ਼੍ਰੀਲੰਕਾ, ਜਰਮਨੀ, ਫਰਾਂਸ, ਇਜ਼ਰਾਈਲ ਅਤੇ ਕੈਨੇਡਾ ਵਰਗੇ ਦੇਸ਼ ਵੀ ਅਜਿਹੇ ਵਿਰੋਧਾਂ ਅਤੇ ਸੋਧਾਂ ਦੇ ਦੌਰ ਵਿਚੋਂ ਲੰਘ ਚੁੱਕੇ ਹਨ।

ਬਹੁਤ ਸਾਰੇ ਲੋਕਤੰਤਰਾਂ ਵਿਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਰਾਸ਼ਟਰੀ ਪ੍ਰਤੀਕ ਸਭ ਪ੍ਰਤੀਨਿਧਤਾ ਕਰਦੇ ਹਨ ਜਾਂ ਕਿਸੇ ਵਿਸ਼ੇਸ਼ ਵਰਗ ਨੂੰ ਬਾਹਰ ਛੱਡ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਵਿਚ ਇੱਕ ਸਾਂਝਾ ਸੂਤਰ ਦਿਸਦਾ ਹੈ ਕਿ ਜਿੱਥੇ ਸਰਕਾਰਾਂ ਬਹੁ-ਸੰਖਿਅਕ ਭਾਵਨਾ ਦੇ ਦਬਾਅ ਹੇਠ ਗੀਤ ਦਾ ਪੂਰਾ ਜਾਂ ਇੱਕ-ਤਰਫ਼ਾ ਸੰਸਕਰਨ ਥੋਪਣ ਦੀ ਕੋਸ਼ਿਸ਼ ਕਰਦੀਆਂ ਹਨ, ਉੱਥੇ ਇਹ ਕਦਮ ਏਕਤਾ ਨਾਲੋਂ ਵੱਧ ਵੰਡ ਪੈਦਾ ਕਰਦਾ ਆਇਆ ਹੈ।

ਇਹੋ ਜਿਹੀ ਸਥਿਤੀ ਸ਼੍ਰੀਲੰਕਾ ਵਿਚ 2010 ਵਿਚ ਦੇਖਣ ਨੂੰ ਮਿਲੀ, ਪਰ ਜਿੱਥੇ ਲਚਕੀਲਾਪਣ ਅਪਣਾਇਆ ਗਿਆ-ਜਿਵੇਂ ਜਰਮਨੀ ਦਾ ਅੰਸ਼ਕ ਗਾਇਨ ਜਾਂ ਕੈਨੇਡਾ ਦਾ ਪੁਨਰ-ਲੇਖਣ-ਉੱਥੇ ਮੁਕਾਬਲਤਨ ਮਾਹੌਲ ਸ਼ਾਂਤ ਹੋਇਆ। ਭਾਰਤ ਵਿਚ ਆਖਰ ਇਸ ਵਿਚਾਰਧਾਰਕ ਬਹਿਸ ਜਾਂ ਮੁੱਦੇ ਪਿੱਛੇ ਕਿਹੜੀ ਸੋਚ ਕੰਮ ਕਰ ਰਹੀ ਹੈ? ਕਾਂਗਰਸ ਦਾ ਤਰਕ ਕਿਸੇ ਸਿਆਸੀ ਚਤੁਰਾਈ ਵਿਚੋਂ ਨਹੀਂ, ਸਗੋਂ ਆਜ਼ਾਦੀ ਦੀ ਲੜਾਈ ਵੇਲੇ ਹੋਈ ਇੱਕ ਵਿਚਾਰਕ ਬਹਿਸ ਵਿਚੋਂ ਨਿਕਲਿਆ ਹੈ। 'ਵੰਦੇ ਮਾਤਰਮ' 1875 ਵਿਚ ਬੰਕਿਮ ਚੰਦਰ ਚੈਟਰਜੀ ਨੇ ਲਿਖਿਆ। ਸਵਦੇਸ਼ੀ ਅੰਦੋਲਨ ਦੇ ਦੌਰ ਵਿਚ ਇਹ ਗੀਤ ਆਜ਼ਾਦੀ ਦੀ ਲੜਾਈ ਦਾ ਪ੍ਰਤੀਕ ਬਣ ਗਿਆ। ਲੇਕਿਨ ਦੇਸ਼ ਵਿਚ ਸਿਆਸੀ ਧਿਰ ਮੁਸਲਿਮ ਲੀਗ ਨੇ ਇਸ ਗੀਤ ਦਾ ਬਾਅਦ ਵਿਚ ਵਿਰੋਧ ਕੀਤਾ, ਇਸੇ ਕਰਕੇ ਕਿ ਇਸ ਦੇ ਕੁਝ ਹਿੱਸਿਆਂ ਵਿਚ ਭਾਰਤ ਮਾਤਰ-ਭੂਮੀ ਨੂੰ ਦੇਵੀ ਦੇ ਬਿੰਬਾਂ ਨਾਲ ਸ਼ਿੰਗਾਰਿਆ ਹੋਇਆ ਸੀ।

ਜਦੋਂ ਇਸ ਗੀਤ ਸਬੰਧੀ ਵਿਰੋਧ ਵਧਿਆ ਤਾਂ ਉਸ ਉੱਤੇ ਕਾਂਗਰਸ ਅਤੇ ਆਜ਼ਾਦੀ ਦੇ ਰਹਿਨੁਮਾਵਾਂ ਨੇ ਡੂੰਘੀ ਵਿਚਾਰ-ਚਰਚਾ ਕੀਤੀ। ਇਹ ਗੱਲ ਵੀ ਧਿਆਨ ਵਿਚ ਰੱਖਣਯੋਗ ਹੈ ਕਿ ਜਿਵੇਂ ਰਾਸ਼ਟਰਗਾਨ 'ਜਨ ਗਨ ਮਨ' ਦੇ ਕੁੱਲ ਪੰਜ ਬੰਦ (ਪੈਰੇ) ਹਨ, ਪਰ ਸੰਵਿਧਾਨ ਸਭਾ ਦੁਆਰਾ ਸਭ ਦੀ ਸਵੀਕਾਰਤਾ ਲਈ ਉਸ ਦਾ ਸਿਰਫ਼ ਪਹਿਲਾ ਬੰਦ ਹੀ ਅਪਣਾਇਆ ਗਿਆ ਹੈ, ਉਸੇ ਤਰ੍ਹਾਂ 'ਵੰਦੇ ਮਾਤਰਮ' ਦੇ ਕੁੱਲ ਛੇ ਬੰਦ ਹਨ। ਮੰਨਿਆ ਗਿਆ ਕਿ ਪੂਰੀ ਕਵਿਤਾ ਦੇ ਬਾਅਦ ਵਾਲੇ ਹਿੱਸਿਆਂ ਨਾਲ ਕੁਝ ਵਰਗਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ, ਕਿਉਂਕਿ ਇਸ ਦੇ ਤੀਜੇ ਬੰਦ ਵਿਚ ਮਾਂ-ਭੂਮੀ ਦੀ ਰੱਖਿਆ ਲਈ ਤਲਵਾਰ ਚੁੱਕਣ ਦੀ ਗੱਲ ਹੈ, ਚੌਥੇ ਪੈਰੇ ਵਿਚ ਹਰ ਮੰਦਰ ਵਿਚ ਛਵੀ ਦਾ ਜ਼ਿਕਰ ਹੈ, ਅਤੇ ਪੰਜਵੇਂ ਵਿਚ ਮਾਂ-ਭੂਮੀ ਦੀ ਤੁਲਨਾ ਸਿੱਧੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਨਾਲ ਕੀਤੀ ਗਈ ਹੈ। ਇਸ ਲਈ ਕਾਂਗਰਸ ਅਤੇ ਸੰਵਿਧਾਨ ਸਭਾ ਦੀ ਸਹਿਮਤੀ ਨਾਲ ਪਹਿਲੇ ਦੋ ਬੰਦ-ਜੋ ਸਭ ਨੂੰ ਸਵੀਕਾਰਯੋਗ ਸਨ-ਹੀ ਗਾਉਣ ਦਾ ਫੈਸਲਾ ਲਿਆ ਗਿਆ।

ਇਤਿਹਾਸਕਾਰ 'ਤਨਿਕਾ ਸਰਕਾਰ' ਦਾ ਇਸ ਗੀਤ ਬਾਰੇ ਕਹਿਣਾ ਹੈ ਕਿ ਇਹ ਗੀਤ, ਜਿਹੜਾ ਕਿ ਲੇਖਕ ਨੇ 'ਆਨੰਦ ਮਠ' ਨਾਵਲ ਦਾ ਹਿੱਸਾ ਬਣਾਇਆ ਸੀ, ਸਪਸ਼ਟ ਰੂਪ ਵਿਚ ਮੁਸਲਮਾਨਾਂ ਨੂੰ ਦੁਸ਼ਮਣ ਦੇ ਰੂਪ ਵਿਚ ਚਿਤਰਿਤ ਕਰਦਾ ਹੈ ਅਤੇ ਮਾਤਰ-ਭੂਮੀ ਇੱਕ ਹਿੰਦੂ ਦੇਵੀ ਦਾ ਰੂਪ ਲੈਂਦੀ ਹੈ। ਇਹੋ ਬਿੰਦੂ ਹੈ ਜੋ ਗੀਤ ਦੀ ਬਹੁ-ਧਾਰਮਿਕ ਭਾਰਤ ਦੇ ਲਈ ਝਗੜੇ ਦੀ ਜੜ੍ਹ ਬਣਦਾ ਹੈ। ਆਜ਼ਾਦੀ ਤੋਂ ਬਾਅਦ ਇਹ ਬਹਿਸ ਸੰਵਿਧਾਨ ਸਭਾ ਵਿਚ ਦੁਹਰਾਈ ਗਈ। 24 ਜਨਵਰੀ 1950 ਨੂੰ ਇਹ ਪ੍ਰਵਾਨ ਕੀਤਾ ਗਿਆ ਕਿ 'ਜਨ ਗਨ ਮਨ' ਰਾਸ਼ਟਰੀ ਗਾਣ ਹੋਵੇਗਾ, ਪਰ 'ਵੰਦੇ ਮਾਤਰਮ'- ਜਿਸ ਨੇ ਆਜ਼ਾਦੀ ਦੀ ਲੜਾਈ ਵਿਚ ਇਤਿਹਾਸਕ ਭੂਮਿਕਾ ਨਿਭਾਈ- ਉਸ ਨੂੰ 'ਜਨ ਗਨ ਮਨ' ਦੇ ਬਰਾਬਰ ਦਾ ਦਰਜਾ ਮਿਲੇਗਾ। ਪਰ ਇਹ ਇੱਕ ਘੋਸ਼ਣਾ ਸੀ, ਇਸ ਸਬੰਧੀ ਕੋਈ ਕਾਨੂੰਨ ਨਹੀਂ ਸੀ ਬਣਿਆ। ਅੱਜ ਇਹੋ 'ਵੰਦੇ ਮਾਤਰਮ' ਸੱਤ ਦਹਾਕਿਆਂ ਬਾਅਦ ਇੱਕ ਵਾਰ ਫਿਰ ਤੋਂ ਗੰਭੀਰ ਕਾਨੂੰਨੀ ਬਹਿਸ ਦਾ ਮੁੱਖ ਵਿਸ਼ਾ ਬਣ ਗਿਆ ਹੈ।

ਕਾਨੂੰਨੀ ਮਾਹਰ ਇਸ ਉੱਤੇ ਬਾਰੀਕ ਸਵਾਲ ਚੁੱਕ ਰਹੇ ਹਨ। ਇੱਕ ਵਿਸ਼ਲੇਸ਼ਣ ਦੇ ਮੁਤਾਬਕ 'ਵੰਦੇ ਮਾਤਰਮ' ਦਾ ਸੰਵਿਧਾਨਕ ਦਰਜਾ 'ਜਨ ਗਨ ਮਨ' ਜਿਹਾ ਕਦੇ ਰਿਹਾ ਹੀ ਨਹੀਂ ਹੈ। ਸੰਵਿਧਾਨ ਸਭਾ ਨੇ 'ਜਨ ਗਨ ਮਨ' ਨੂੰ ਰਸਮੀ ਰੂਪ ਵਿਚ ਰਾਸ਼ਟਰੀ ਗਾਣ ਚੁਣਿਆ, ਜਦਕਿ 'ਵੰਦੇ ਮਾਤਰਮ' ਨੂੰ ਅਲੱਗ ਤੋਂ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ। ਇਸ ਦਰਜੇ ਦੀ ਪੁਸ਼ਟੀ ਸੰਵਿਧਾਨ ਸਭਾ ਦੇ ਚੇਅਰਮੈਨ ਨੇ ਇੱਕ ਬਿਆਨ ਵਿਚ ਦਿੱਤੀ ਸੀ, ਕਿਸੇ ਪਾਸ ਕੀਤੇ ਮਤੇ ਦੇ ਰੂਪ ਵਿਚ ਨਹੀਂ। ਸਵਾਲ ਉਠਾਏ ਜਾ ਰਹੇ ਹਨ ਕਿ 'ਵੰਦੇ ਮਾਤਰਮ' ਨੂੰ ਰਸਮੀ ਮਾਨਤਾ ਦੇਣ ਦਾ ਫੈਸਲਾ ਹੁਣ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਇੱਕ-ਤਰਫ਼ਾ ਫੈਸਲਾ ਹੈ। ਕਾਨੂੰਨ ਅਨੁਸਾਰ ਰਾਸ਼ਟਰਗਾਨ 'ਜਨ ਗਨ ਮਨ' ਰੋਕਣਾ ਜਾਂ ਗਾਇਨ ਕਰ ਰਹੀ ਸਭਾ ਵਿਚ ਰੁਕਾਵਟ ਪਾਉਣਾ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਦੋਨੋਂ ਨਿਰਧਾਰਤ ਹਨ। ਇਹੋ ਕਾਨੂੰਨ ਹੁਣ ਸੰਸਦ ਵਿਚ ਪਾਸ ਕੀਤੇ ਪ੍ਰਸਤਾਵ ਅਨੁਸਾਰ 'ਵੰਦੇ ਮਾਤਰਮ' 'ਤੇ ਵੀ ਲਾਗੂ ਹੋਵੇਗਾ।

ਭਾਰਤ ਵਿਚ ਇਹ ਬਹਿਸ ਸਿਰਫ਼ ਇਤਿਹਾਸ ਜਾਂ ਸਾਹਿਤਕ ਵਿਆਖਿਆ ਤੱਕ ਸੀਮਤ ਨਹੀਂ ਹੈ, ਬਲਕਿ ਸਜ਼ਾ ਦਾ ਹਿੱਸਾ ਬਣ ਚੁੱਕੀ ਹੈ। ਕਾਂਗਰਸ ਆਪਣੇ ਪੁਰਾਣੇ ਰੁਖ 'ਤੇ ਕਾਇਮ ਹੈ, ਜਦਕਿ ਕੇਂਦਰ ਨੇ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਹੈ। ਦੋਹਾਂ ਪੱਖਾਂ ਵਿਚ ਟਕਰਾਅ ਅਗਲੇ ਦਿਨਾਂ ਵਿਚ ਹੋਰ ਵੀ ਤਿੱਖਾ ਹੋ ਸਕਦਾ ਹੈ। ਖਾਸ ਕਰਕੇ ਉਦੋਂ ਜਦੋਂ ਪਾਰਟੀ ਦੇ ਸਮਾਗਮਾਂ ਵਿਚ ਸਿਰਫ਼ ਕਾਂਗਰਸ ਦੋ ਪੈਰੇ ਹੀ ਗਾਏਗੀ ਅਤੇ ਸਰਕਾਰੀ ਪ੍ਰੋਗਰਾਮਾਂ ਵਿਚ ਛੇ ਪੈਰੇ ਹੀ ਗਾਏ ਜਾਣਗੇ। ਇਹ ਖਾਈ ਵਧੇਗੀ ਜੋ ਨਵੇਂ ਝਗੜਿਆਂ ਨੂੰ ਜਨਮ ਦੇਵੇਗੀ। ਹੁਣ ਵਾਲੇ ਵਿਵਾਦ ਦਾ ਤਤਕਾਲਕ ਕਾਰਨ 15 ਅਗਸਤ ਨੂੰ ਕਾਂਗਰਸ ਦੇ ਹੈੱਡਕੁਆਰਟਰ ਵਿਚ ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿਚ 'ਵੰਦੇ ਮਾਤਰਮ' ਗੀਤ ਦੇ ਦੋ ਪੈਰੇ ਗਾਉਣ ਤੋਂ ਬਾਅਦ ਉਸ ਨੂੰ ਬੰਦ ਕਰਨ ਤੋਂ ਹੋਇਆ। ਇਸ ਦੌਰਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਖੜਗੇ ਦੇ ਆਚਰਣ ਨੂੰ ਲੈ ਕੇ ਸੱਤਾਧਾਰੀ ਧਿਰ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਹ ਅਸਹਿਮਤੀ ਵਿਚਾਰਾਂ ਵਾਲਿਆਂ ਨੂੰ ਖ਼ਤਮ ਰਹੀ ਹੈ। ਭਾਜਪਾ ਦੇਸ਼ ਵਿਚੋਂ ਕਾਂਗਰਸ ਨੂੰ ਖ਼ਤਮ ਕਰਨ ਲਈ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਲਾ ਰਹੀ ਹੈ। ਅਤੇ ਕਾਂਗਰਸ ਨੂੰ ਆਪਣਾ ਦੁਸ਼ਮਣ ਸਮਝ ਰਹੀ ਹੈ। ਇਸੇ ਕਰਕੇ ਮੋਦੀ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਅੰਦੋਲਨ ਮੋਦੀ ਸਰਕਾਰ ਨੇ ਸਖਤੀ ਨਾਲ ਕੁਚਲ ਦਿੱਤੇ। ਸੈਂਕੜੇ ਬੁੱਧੀਜੀਵੀ, ਪੱਤਰਕਾਰ, ਸਮਾਜੀ ਕਾਰਕੁਨ ਜੇਲ੍ਹਾਂ 'ਚ ਡੱਕੇ। ਜਦੋਂ ਮੋਦੀ ਸਰਕਾਰ ਬਣੀ, ਉਸਨੇ ਖੱਬੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਦੁਸ਼ਮਣਾਂ ਦੀ ਸ਼੍ਰੇਣੀ 'ਚ ਰੱਖ ਲਿਆ। ਉਂਝ ਜਿਵੇਂ ਕਾਂਗਰਸ ਦੇ ਦੌਰ ਵਿਚ ਸੰਘੀਆਂ ਨੂੰ ਦੇਸ਼ ਦੇ ਦੁਸ਼ਮਣ ਕਹਿਣਾ ਗਲਤ ਸੀ, ਅੱਜ ਖੱਬੀਆਂ ਧਿਰਾਂ ਅਤੇ ਵਿਦਿਆਰਥੀਆਂ ਨੂੰ ਦਿਮਾਗੀ ਨਕਸਲ ਕਹਿਣਾ ਵੀ ਗਲਤ ਹੈ।

ਪਿਛਲੇ 12-14 ਸਾਲਾਂ ਦੌਰਾਨ ਦੇਸ਼ ਵਿਚ ਹੋਏ ਜਨ-ਅੰਦੋਲਨਾਂ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਇਸੇ ਅਸਹਿਮਤੀ ਨੂੰ ਕੁਚਲਣ ਦੀ ਨੀਤੀ ਦਾ ਪ੍ਰਤੱਖ ਪ੍ਰਮਾਣ ਹੈ। ਇਤਿਹਾਸਕ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਚੱਲੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ 'ਅੰਦੋਲਨਜੀਵੀ' ਅਤੇ 'ਦੇਸ਼-ਵਿਰੋਧੀ' ਕਹਿ ਕੇ ਭੰਡਿਆ ਗਿਆ। ਨਾਗਰਿਕਤਾ ਕਾਨੂੰਨ (ਸੀ.ਏ.ਏ.) ਦੇ ਵਿਰੋਧ ਵਿਚ ਸ਼ਾਹੀਨ ਬਾਗ਼ ਵਿਖੇ ਔਰਤਾਂ ਦੁਆਰਾ ਕੀਤੇ ਗਏ ਪੁਰਅਮਨ ਪ੍ਰਦਰਸ਼ਨਾਂ ਨੂੰ ਫਿਰਕੂ ਰੰਗਤ ਦੇ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਵੀ ਅੱਗੇ, ਅਸਹਿਮਤੀ ਦੀ ਆਵਾਜ਼ ਚੁੱਕਣ ਵਾਲੇ ਬੁੱਧੀਜੀਵੀ, ਲੇਖਕਾਂ ਅਤੇ ਪੱਤਰਕਾਰਾਂ 'ਤੇ ਸਖ਼ਤ ਕਾਨੂੰਨਾਂ (ਜਿਵੇਂ ਯੂਏਪੀਏ) ਤਹਿਤ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹਾਂ ਵਿਚ ਬੰਦ ਰੱਖਿਆ ਗਿਆ-ਜਿਨ੍ਹਾਂ ਵਿਚ ਵਰਵਰਾ ਰਾ", ਸੁਧਾ ਭਾਰਦਵਾਜ, ਗੌਤਮ ਨਵਲਖਾ ਅਤੇ ਫਾਦਰ ਸਟੈਨ ਸਵਾਮੀ (ਜਿਨ੍ਹਾਂ ਦੀ ਹਿਰਾਸਤ ਦੌਰਾਨ ਮੌਤ ਹੋ ਗਈ) ਵਰਗੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਗੌਰੀ ਲੰਕੇਸ਼, ਐੱਮ.ਐੱਮ. ਕਲਬੁਰਗੀ ਅਤੇ ਗੋਬਿੰਦ ਪਾਨਸਰੇ ਵਰਗੇ ਸੁਤੰਤਰ ਵਿਚਾਰਵਾਨਾਂ ਦੀਆਂ ਹੱਤਿਆਵਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਦੇਸ਼ ਵਿਚ ਵੱਖਰੀ

*(ਬਾਕੀ ਅਗਲੇ ਸਫੇ 'ਤੇ)*

# 'ਵੰਦੇ ਮਾਤ੍ਰਮ' ਦੀ ਭਗਵਾ ਸਿਆਸਤ

**ਰਾਸ਼ਟਰਵਾਦ ਦੇ ਨਾਂ 'ਤੇ ਬਹੁਲਤਾਵਾਦੀ ਮੁਲਕ ਉੱਪਰ 'ਵੰਦੇ ਮਾਤ੍ਰਮ' ਥੋਪਣਾ ਘੋਰ ਲੋਕ ਵਿਰੋਧੀ ਅਤੇ ਧੱਕੜ, ਫਾਸ਼ੀਵਾਦੀ ਕਾਰਾ ਹੈ। ਜੇਕਰ ਸੰਵਿਧਾਨ ਦੇ ਨਜ਼ਰੀਏ ਤੋਂ ਗੱਲ ਕਰਨੀ ਹੋਵੇ ਤਾਂ 'ਵੰਦੇ ਮਾਤ੍ਰਮ' ਸੰਵਿਧਾਨ ਦੀ ਆਦਿਕਾ ਦੀ ਮੂਲ ਭਾਵਨਾ ਦੇ ਬਿਲਕੁਲ ਉਲਟ ਹੈ ਜਿਸ ਵਿਚ ਧਰਮ-ਨਿਰਪੱਖ, ਜਮਹੂਰੀ ਮੁੱਲਾਂ ਨੂੰ ਬੁਲੰਦ ਕੀਤਾ ਗਿਆ ਹੈ। ਸੰਘ ਬਰਗੇਡ ਨੇ 'ਵੰਦੇ ਮਾਤ੍ਰਮ' ਨਾ ਗਾਉਣ ਨੂੰ ਸਜ਼ਾਯੋਗ ਅਪਰਾਧ ਇਸ ਲਈ ਬਣਾਇਆ ਹੈ ਤਾਂ ਜੋ ਸਜ਼ਾ ਦੇ ਖ਼ੌਫ਼ ਦੇ ਜ਼ੋਰ ਗ਼ੈਰ-ਹਿੰਦੂਆਂ ਤੋਂ ਹਿੰਦੂ ਦੇਵੀ-ਦੇਵਤਿਆਂ ਦਾ ਗੁਣਗਾਨ ਕਰਾਇਆ ਜਾ ਸਕੇ। ਇਹ ਮਨੁੱਖ ਦੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਆਪਣੀ ਅੰਤਰ-ਆਤਮਾ ਅਨੁਸਾਰ ਧਰਮ ਨੂੰ ਮੰਨਣ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ ਹੈ।**

ਆਰ.ਐਸ.ਐਸ.-ਭਾਜਪਾ ਬਹੁਤ ਲੰਮੇ ਸਮੇਂ ਤੋਂ 'ਵੰਦੇ ਮਾਤ੍ਰਮ' (ਮਾਂਭੂਮੀ ਦੀ ਪੂਜਾ) ਦੇ ਮੁਕੰਮਲ ਰੂਪ ਨੂੰ ਭਾਰਤ ਉੱਪਰ ਥੋਪਣ ਲਈ ਯਤਨਸ਼ੀਲ ਸੀ ਅਤੇ ਆਖਿਰਕਾਰ ਇਸਦੇ ਸਾਰੇ ਬੰਦ ਗਾਉਣਾ ਲਾਜ਼ਮੀ ਕਰਾਰ ਦਿੰਦਾ ਬਿੱਲ (ਕੌਮੀ ਗੌਰਵ ਦਾ ਅਪਮਾਨ ਰੋਕੂ (ਸੋਧ) ਬਿੱਲ 2026) 30 ਜੁਲਾਈ ਨੂੰ ਪਾਸ ਕਰਕੇ ਕਾਨੂੰਨ ਬਣਾ ਦਿੱਤਾ ਗਿਆ ਹੈ। ਭਾਜਪਾ ਤੋਂ ਸਿਵਾਏ ਇਹ ਕਿਸੇ ਨੂੰ ਵੀ ਮਨਜ਼ੂਰ ਨਹੀਂ ਹੈ। ਕਾਂਗਰਸ ਨੇ ਵੀ ਇਸਦੇ ਸਿਰਫ਼ ਪਹਿਲੇ ਦੋ ਬੰਦ ਗਾਉਣ ਦਾ ਫ਼ੈਸਲਾ ਲਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਦੇ ਫ਼ੈਸਲੇ ਨੂੰ 'ਰਾਸ਼ਟਰ-ਵਿਰੋਧੀ' ਕਰਾਰ ਦਿੰਦਿਆਂ ਹੁਕਮ ਸੁਣਾ ਦਿੱਤਾ ਹੈ ਕਿ ਸਾਰੇ ਸਰਕਾਰੀ ਸਮਾਗਮਾਂ ਵਿਚ ਪੂਰਾ 'ਵੰਦੇ ਮਾਤ੍ਰਮ' ਗਾਇਆ ਜਾਵੇਗਾ ਅਤੇ ਇਸਦੀ ਅਵੱਗਿਆ ਕਰਨਾ ਦੇਸ਼ਧ੍ਰੋਹ ਮੰਨਿਆ ਜਾਵੇਗਾ। ਇਸ ਨਾਲ ਉਸ

ਬੂਟਾ ਸਿੰਘ ਮਹਿਮੂਦਪੁਰ

ਵਿਵਾਦ ਨੂੰ ਮੁੜ ਚੇਤੇ ਕਰਨਾ ਜ਼ਰੂਰੀ ਹੋ ਗਿਆ ਹੈ ਜੋ 'ਵੰਦੇ ਮਾਤ੍ਰਮ' ਨੂੰ ਆਜ਼ਾਦੀ ਸੰਗਰਾਮ ਵਿਚ ਗਾਉਣਾ ਸ਼ੁਰੂ ਕਰਨ ਨਾਲ ਸ਼ੁਰੂ ਹੋਇਆ ਸੀ ਅਤੇ ਆਖਿਰਕਾਰ ਵੱਡੀਆਂ 'ਮੁੱਖਧਾਰਾ' ਸ਼ਖ਼ਸੀਅਤਾਂ – ਸੁਭਾਸ਼ ਚੰਦਰ ਬੋਸ, ਗਾਂਧੀ, ਰਾਬਿੰਦਰਨਾਥ ਟੈਗੋਰ – ਅਤੇ ਕਾਂਗਰਸ ਦੇ ਪ੍ਰਮੁੱਖ ਆਗੂਆਂ ਦਰਮਿਆਨ ਲੰਮੀ ਸੋਚ-ਵਿਚਾਰ ਤੋਂ ਬਾਅਦ ਸਿਰਫ਼ ਇਸਦੇ ਸ਼ੁਰੂਆਤੀ ਦੋ ਬੰਦ ਹੀ ਗਾਏ ਜਾਣ 'ਤੇ ਸਹਿਮਤੀ ਬਣੀ ਸੀ।

ਪਿਛਲੇ ਸਾਲ 8 ਨਵੰਬਰ ਨੂੰ ਨਵੀਂ ਦਿੱਲੀ ਵਿਚ 'ਵੰਦੇ ਮਾਤਰਮ' ਦੇ 150 ਸਾਲ ਪੂਰੇ ਹੋਣ ਸਬੰਧੀ ਸਾਲ ਭਰ ਚੱਲਣ ਵਾਲੇ ਸਮਾਗਮਾਂ ਦਾ ਉਦਘਾਟਨ ਕਰਦਿਆਂ ਮੋਦੀ ਨੇ ਫ਼ਰਮਾਇਆ, 'ਆਜ਼ਾਦੀ ਦੇ ਸੰਘਰਸ਼ ਦੌਰਾਨ 'ਵੰਦੇ ਮਾਤਰਮ' ਦੀ ਭਾਵਨਾ ਨੇ ਪੂਰੇ ਮੁਲਕ ਨੂੰ ਰੌਸ਼ਨ ਕੀਤਾ ਸੀ। ਪਰ ਬਦਕਿਸਮਤੀ ਨਾਲ, 1937 'ਚ 'ਵੰਦੇ ਮਾਤਰਮ' ਦੇ ਮਹੱਤਵਪੂਰਨ ਬੰਦ—ਜੋ ਇਸ ਦੀ ਆਤਮਾ ਦਾ ਹਿੱਸਾ ਸਨ—ਵੱਖ ਕਰ ਦਿੱਤੇ ਗਏ। 'ਵੰਦੇ ਮਾਤਰਮ' ਨੂੰ ਟੁਕੜਿਆਂ ਵਿਚ ਵੰਡ ਦਿੱਤਾ ਗਿਆ। 'ਵੰਦੇ ਮਾਤਰਮ' ਦੀ ਇਸ ਵੰਡ ਨੇ ਮੁਲਕ ਦੀ ਵੰਡ ਦੇ ਬੀਜ ਵੀ ਬੀਜੇ। ਰਾਸ਼ਟਰ-ਨਿਰਮਾਣ ਦੇ ਇਸ ਮਹਾਨ ਮੰਤਰ ਨਾਲ ਅਜਿਹਾ ਅਨਿਆਂ ਕਿਉਂ ਕੀਤਾ ਗਿਆ? ਅੱਜ ਦੀ ਪੀੜ੍ਹੀ ਲਈ ਇਹ ਸਮਝਣਾ ਜ਼ਰੂਰੀ ਹੈ, ਕਿਉਂਕਿ ਉਹ ਵੰਡਪਾਊ ਸੋਚ ਅੱਜ ਵੀ ਦੇਸ਼ ਲਈ ਇੱਕ ਚੁਣੌਤੀ ਬਣੀ ਹੋਈ ਹੈ।' ਲਿਹਾਜ਼ਾ, ਭਗਵਾ ਹਕੂਮਤ ਨੇ ਮੁਲਕ ਉੱਪਰ ਸੰਪੂਰਨ 'ਵੰਦੇ ਮਾਤ੍ਰਮ' ਥੋਪ ਕੇ ਇਹ ਪ੍ਰਭਾਵ ਦੇਣਾ ਚਾਹਿਆ ਹੈ ਕਿ ਕਾਂਗਰਸ ਨੇ ਧਾਰਮਿਕ ਘੱਟ-ਗਿਣਤੀਆਂ ਨੂੰ ਖ਼ੁਸ਼ ਕਰਨ ਲਈ ਇਸ ਦੇ ਸਿਰਫ਼ ਦੋ ਬੰਦ ਅਪਣਾ ਕੇ ਦੇਸ਼-ਧ੍ਰੋਹ ਕੀਤਾ ਸੀ ਅਤੇ ਭਾਜਪਾ ਸਰਕਾਰ ਨੇ ਉਸ ਇਤਿਹਾਸਿਕ ਅਪਰਾਧ ਨੂੰ ਦਰੁਸਤ ਕਰਕੇ ਰਾਸ਼ਟਰੀ ਗੌਰਵ ਨੂੰ ਮੁੜ ਬਹਾਲ ਕਰਨ ਦਾ ਇਤਿਹਾਸਕ ਕਾਰਨਾਮਾ ਕੀਤਾ ਹੈ!

'ਵੰਦੇ ਮਾਤ੍ਰਮ' ਮੂਲ ਰੂਪ 'ਚ ਬੰਗਾਲੀ ਲੇਖਕ ਬੰਕਿਮ ਚੰਦਰ ਚੱਟੋਪਾਧਿਆਏ ਵੱਲੋਂ 1870ਵਿਆਂ 'ਚ ਲਿਖਿਆ ਗੀਤ ਹੈ ਜਿਸਨੂੰ ਉਸਨੇ ਪਿੱਛੋਂ 1882 'ਚ ਆਪਣੇ ਨਾਵਲ 'ਆਨੰਦ ਮਠ' ਵਿਚ ਸ਼ਾਮਲ ਕੀਤਾ। ਇਹ ਨਾਵਲ ਉਸ ਵਕਤ ਲਿਖਿਆ ਗਿਆ ਜਦੋਂ ਭਾਰਤ ਦੇ ਵੱਡੇ ਹਿੱਸੇ ਉੱਪਰ ਅੰਗਰੇਜ਼ ਬਸਤੀਵਾਦੀ ਹਕੂਮਤ ਰਸਮੀ ਤੌਰ 'ਤੇ ਸਥਾਪਤ ਹੋ ਚੁੱਕੀ ਸੀ। ਬੰਕਿਮ ਨੇ ਬਤੌਰ ਜ਼ਿਲ੍ਹਾ ਮੈਜਿਸਟ੍ਰੇਟ 33 ਸਾਲ (1858-1891) ਅੰਗਰੇਜ਼ੀ ਰਾਜ ਦੀ ਸੇਵਾ ਕੀਤੀ। ਦਿਲਚਸਪ ਗੱਲ ਇਹ ਹੈ ਕਿ ਅੰਗਰੇਜ਼ੀ ਰਾਜ ਵਿਰੁੱਧ ਸੰਘਰਸ਼ ਦੌਰਾਨ ਕਾਂਗਰਸ ਅਤੇ ਇਨਕਲਾਬੀ ਦੇਸ਼ਭਗਤ ਦੋਵੇਂ ਧਾਰਾਵਾਂ ਉਸ ਦੇ ਲਿਖੇ ਗੀਤ ਨੂੰ ਸ਼ਰਧਾ ਨਾਲ ਗਾਉਂਦੀਆਂ ਰਹੀਆਂ।

'ਆਨੰਦ ਮਠ' ਬੰਗਾਲ ਦੇ ਖ਼ਾਸ ਇਤਿਹਾਸਕ ਕਾਲ-ਖੰਡ ਦੇ ਘਟਨਾਕ੍ਰਮ ਦਾ ਮਨਘੜਤ ਬਿਰਤਾਂਤ ਹੈ ਜਿਸ ਬਾਰੇ ਇਤਿਹਾਸਕਾਰ ਤਾਨਿਕਾ ਸਰਕਾਰ ਲਿਖਦੇ ਹਨ: 'ਨਾਵਲ ਦਾ ਕਾਲ-ਖੰਡ ਅਠਾਰ੍ਹਵੀਂ ਸਦੀ ਦੇ ਆਖ਼ਰੀ ਦੌਰ ਨਾਲ ਸਬੰਧਤ ਹੈ, ਜਦੋਂ ਇੱਕ ਭਿਆਨਕ ਅਕਾਲ ਨੇ ਬੰਗਾਲ ਨੂੰ ਤਬਾਹ ਕਰ ਦਿੱਤਾ ਸੀ। ਉਸ ਸਮੇਂ ਬੰਗਾਲ ਉੱਤੇ ਕਠਪੁਤਲੀ ਨਵਾਬ ਦਾ ਰਾਜ ਸੀ, ਜਿਸ ਨੂੰ ਲੁਟੇਰੀ ਈਸਟ ਇੰਡੀਆ ਕੰਪਨੀ ਦਾ ਥਾਪੜਾ ਸੀ। ਖ਼ੁਦ ਕੰਪਨੀ ਦੇ ਅਧਿਕਾਰੀਆਂ ਅਨੁਸਾਰ, ਵਾਰ-ਵਾਰ ਫ਼ਸਲਾਂ ਤਬਾਹ ਹੋਣ ਦੇ ਬਾਵਜੂਦ ਕੰਪਨੀ ਨੇ ਕਿਸਾਨਾਂ ਦੀ ਪੈਦਾਵਾਰ ਨੂੰ ਆਪਣੇ ਲਈ ਏਨੀ ਬੇਰਹਿਮੀ ਅਤੇ ਲਗਾਤਾਰਤਾ ਨਾਲ ਨਿਚੋੜਿਆ ਕਿ ਅਕਾਲ ਦਾ ਪੈਣਾ ਅਟੱਲ ਹੋ ਗਿਆ। ਪਰ ਬੰਕਿਮ ਨੇ ਇਸ ਲਈ ਪੂਰੀ ਤਰ੍ਹਾਂ ਮੁਸਲਿਮ ਨਵਾਬ ਨੂੰ ਦੋਸ਼ੀ ਠਹਿਰਾਇਆ। ਇਸ ਤੋਂ ਇਲਾਵਾ, ਨਵਾਬ ਦੇ ਕਥਿਤ ਅਪਰਾਧ ਨੂੰ ਤੁਰੰਤ ਮੁਸਲਮਾਨਾਂ ਦੇ ਜਮਾਂਦਰੂ ਬੁਰੇ ਹੋਣ ਦੀ ਭਿਆਨਕ ਤਸਵੀਰ ਵਜੋਂ ਵਿਸਤਾਰ ਦੇ ਦਿੱਤਾ ਗਿਆ। ਇੱਕ ਪਾਸੇ ਨਵਾਬੀ ਤੇ ਕੰਪਨੀ ਦੀਆਂ ਫ਼ੌਜਾਂ ਅਤੇ ਦੂਜੇ ਪਾਸੇ ਹਥਿਆਰਬੰਦ ਹਿੰਦੂ ਸੰਨਿਆਸੀਆਂ ਅਤੇ ਮੁਸਲਿਮ ਫ਼ਕੀਰਾਂ ਵਿਚਕਾਰ ਭਿਆਨਕ ਲੜਾਈਆਂ ਹੋਈਆਂ ਸਨ। ਪਰ ਬੰਕਿਮ ਨੇ ਫ਼ਕੀਰ ਵਿਦਰੋਹਾਂ ਨੂੰ ਆਪਣੇ ਬਿਰਤਾਂਤ ਵਿਚੋਂ ਪੂਰੀ ਤਰ੍ਹਾਂ ਮਨਫ਼ੀ ਕਰ ਦਿੱਤਾ।'

ਨਾਵਲ ਦੀ ਕਹਾਣੀ 'ਚ 'ਉੱਚ' ਜਾਤੀ ਸੰਨਿਆਸੀਆਂ ਦੀ ਇੱਕ ਕਾਲਪਨਿਕ ਟੋਲੀ (ਮਾਂਭੂਮੀ ਦੀ 'ਸੰਤਾਨ') ਹਿੰਦੂ ਪਿੰਡ ਵਾਸੀਆਂ ਨੂੰ ਮੁਸਲਮਾਨਾਂ ਦਾ ਕਤਲੇਆਮ ਕਰਨ, ਉਨ੍ਹਾਂ ਦੀਆਂ ਝੌਂਪੜੀਆਂ ਲੁੱਟਣ, ਉਨ੍ਹਾਂ ਦੀਆਂ ਮਸਜਿਦਾਂ ਢਾਹੁਣ, ਉਨ੍ਹਾਂ ਦੀਆਂ ਔਰਤਾਂ ਨੂੰ ਬੰਦੀ ਬਣਾਉਣ ਅਤੇ ਉਨ੍ਹਾਂ ਦੇ ਮ੍ਰਿਤਕ ਚਿਹਰਿਆਂ ਨੂੰ ਪੈਰਾਂ ਹੇਠ ਕੁਚਲ ਦੇਣ ਲਈ ਉਕਸਾਉਂਦੀ ਹੈ। ਜਦੋਂ ਤੱਕ ਜੰਗ ਚੱਲਦੀ ਹੈ, ਉਹ ਜਾਤਪਾਤੀ ਊਚ-ਨੀਚ ਨੂੰ ਮੁਅੱਤਲ ਰੱਖਦੇ ਹਨ, ਪਰ ਜਿੱਤ ਤੋਂ ਬਾਅਦ ਉਸ ਨੂੰ ਮੁੜ ਸਥਾਪਤ ਕਰਨ ਦਾ ਵਾਅਦਾ ਕਰਦੇ ਹਨ। ਇਸ ਵਿਚ ਅੰਗਰੇਜ਼ਾਂ ਦੀ ਭੂਮਿਕਾ ਮੁਕਾਬਲਤਨ ਗੌਣ ਹੈ ਅਤੇ ਇਸ ਦਾ ਆਖ਼ਰੀ ਭਾਗ ਉਨ੍ਹਾਂ ਦੀ ਜਿੱਤ ਨਾਲ ਸਮਾਪਤ ਹੁੰਦਾ ਹੈ। ਇੱਕ ਦੈਵੀ ਆਵਾਜ਼ ਬਾਗ਼ੀ ਆਗੂ ਨੂੰ ਤਸੱਲੀ ਦਿੰਦੀ ਹੈ ਕਿ ਹਾਲੇ ਅੰਗਰੇਜ਼ਾਂ ਨੂੰ ਖ਼ਤਮ ਕਰਨ ਦਾ ਵਕਤ ਨਹੀਂ ਆਇਆ; ਹਿੰਦੂਆਂ ਨੂੰ ਪਹਿਲਾਂ ਉਨ੍ਹਾਂ ਤੋਂ ਉਨ੍ਹਾਂ ਦੇ ਹੁਨਰ ਸਿੱਖਣੇ ਹੋਣਗੇ। ਕੁਲ-ਮਿਲਾ ਕੇ ਨਾਵਲ ਮੁਸਲਮਾਨਾਂ ਵਿਰੁੱਧ ਖ਼ੂਨ-ਖ਼ਰਾਬੇ ਨੂੰ ਦੇਵੀ ਦੇ ਆਦੇਸ਼ ਅਨੁਸਾਰ ਹਿੰਦੂਆਂ ਦਾ ਸਰਬੋਤਮ ਪਵਿੱਤਰ ਫ਼ਰਜ਼ ਦੱਸਦਾ ਹੈ, ਅੰਗਰੇਜ਼ੀ ਰਾਜ ਵਿਰੁੱਧ ਲੜਨ ਤੋਂ ਵਰਜਦਾ ਹੈ ਅਤੇ ਅੰਗਰੇਜ਼ ਹਾਕਮਾਂ ਨੂੰ ਮਿੱਤਰ ਦੱਸਦਾ ਹੋਇਆ ਇਹ ਸੰਦੇਸ਼ ਦਿੰਦਾ ਹੈ ਕਿ ਅੰਗਰੇਜ਼ ਹੀ ਸਨਾਤਨ ਧਰਮ ਦੀ ਰੱਖਿਆ ਕਰਨਗੇ ਅਤੇ ਸੰਤਾਨ ਬਗ਼ਾਵਤ ਦਰਅਸਲ ਅੰਗਰੇਜ਼ਾਂ ਨੂੰ 'ਰਾਜਦੰਡ' (ਸੱਤਾ) ਦਿਵਾਉਣ ਲਈ ਸੀ।

ਹੁਣ ਸਵਾਲ ਇਹ ਹੈ ਕਿ 'ਵੰਦੇ ਮਾਤ੍ਰਮ' ਵਿਚ ਅਜਿਹਾ ਕੀ ਹੈ ਜੋ ਗ਼ੈਰ-ਹਿੰਦੂ ਧਾਰਮਿਕ ਅਕੀਦੇ ਵਾਲਿਆਂ ਨੂੰ ਮਨਜ਼ੂਰ ਨਹੀਂ ਹੈ। ਇਤਿਹਾਸ ਖੋਜ ਦੱਸਦੀ ਹੈ ਕਿ ਬੰਗਾਲੀ ਕਵੀ ਰਵਿੰਦਰਨਾਥ ਟੈਗੋਰ ਨੇ ਇਸ ਗੀਤ ਨੂੰ ਹਰਮਨ-ਪਿਆਰਾ ਬਣਾਇਆ, ਇਸ ਨੂੰ ਸੁਰਬੱਧ ਕੀਤਾ ਅਤੇ ਪਹਿਲੀ ਵਾਰ ਇਹ ਗੀਤ ਕਾਂਗਰਸ ਦੇ 1896 ਦੇ ਕਲਕੱਤਾ ਸੈਸ਼ਨ ਵਿਚ ਗਾਇਆ। 1905 'ਚ ਬੰਗਾਲ ਦੀ ਵੰਡ ਦੇ ਖ਼ਿਲਾਫ਼ ਅੰਦੋਲਨ ਸ਼ੁਰੂ ਹੋਇਆ ਤਾਂ 'ਵੰਦੇ ਮਾਤ੍ਰਮ' ਦਾ ਮੁੱਖੜਾ ਅੰਗਰੇਜ਼ੀ ਰਾਜ ਵਿਰੁੱਧ ਮੁੱਖ




ਰਾਜਨੀਤਕ ਨਾਅਰੇ ਵਜੋਂ ਸਥਾਪਤ ਹੋ ਗਿਆ। ਬਾਅਦ ਵਿਚ, ਜਿਨਾਹ ਦੀ ਅਗਵਾਈ ਹੇਠ ਮੁਸਲਿਮ ਲੀਗ ਨੇ ਇਹ ਦਲੀਲ ਦਿੰਦਿਆਂ ਇਸ ਨੂੰ ਗਾਏ ਜਾਣ ਦਾ ਵਿਰੋਧ ਕੀਤਾ ਕਿ ਹਿੰਦੂ ਦੇਵੀਆਂ ਦੀ ਪੂਜਾ ਕਰਦਾ ਇਹ ਗੀਤ ਸਮੁੱਚੇ ਹਿੰਦੁਸਤਾਨ ਦਾ ਸਾਂਝਾ ਰਾਸ਼ਟਰੀ ਗਾਇਣ ਨਹੀਂ ਹੋ ਸਕਦਾ। ਇਸ ਤਿੱਖੇ ਵਿਰੋਧ ਦੇ ਮੱਦੇਨਜ਼ਰ ਕਾਂਗਰਸ ਦੀ ਲੀਡਰਸ਼ਿਪ ਨੂੰ ਇਸ ਉੱਪਰ ਸੋਚ-ਵਿਚਾਰ ਕਰਨੀ ਪਈ। 1937 'ਚ ਕਾਂਗਰਸ ਦੀ ਵਰਕਿੰਗ ਕਮੇਟੀ ਨੂੰ ਇਸ ਦੇ ਸਿਰਫ਼ ਪਹਿਲੇ ਦੋ ਬੰਦ ਗਾਉਣ ਤੱਕ ਸੀਮਤ ਕਰਨ ਲਈ ਪ੍ਰੇਰਿਤ ਕਰਨ ਵਾਲਾ ਵੀ ਟੈਗੋਰ ਹੀ ਸੀ ਕਿਉਂਕਿ ਹਿੰਦੂ ਦੇਵੀਆਂ ਦੀ ਮਹਿਮਾ ਹੋਣ ਕਾਰਨ ਇਹ ਮੁਸਲਮਾਨ ਦੇਸ਼ਭਗਤਾਂ ਨੂੰ ਮਨਜ਼ੂਰ ਨਹੀਂ ਸੀ ਅਤੇ ਕਾਂਗਰਸ ਦਾ ਬਹੁਲਤਾਵਾਦੀ ਅਕਸ ਉਭਾਰਨ ਲਈ ਇਸਨੂੰ ਸੀਮਤ ਕਰਨਾ ਜ਼ਰੂਰੀ ਸੀ। ਦਰਅਸਲ, 1951 'ਚ ਟੈਗੋਰ ਦੇ ਲਿਖੇ 'ਜਨ-ਗਣ-ਮਨ' ਨੂੰ ਰਾਸ਼ਟਰੀ ਗਾਇਣ ਵਜੋਂ ਅਪਣਾਏ ਜਾਣ ਤੋਂ ਪਹਿਲਾਂ 'ਵੰਦੇ ਮਾਤ੍ਰਮ' ਹੀ ਭਾਰਤੀ ਰਾਸ਼ਟਰਵਾਦੀਆਂ 'ਚ 'ਰਾਸ਼ਟਰੀ ਗਾਇਣ' ਵਜੋਂ ਪ੍ਰਚਲਤ ਸੀ। ਫ਼ਿਰਕੂ ਹਿੰਦੂ ਰਾਸ਼ਟਰਵਾਦੀ ਇਸ ਨੂੰ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਗਾਉਂਦੇ ਸਨ।

'ਵੰਦੇ ਮਾਤ੍ਰਮ' ਵਿਚ ਮਾਂਭੂਮੀ ਨੂੰ ਤਿੰਨ ਦੇਵੀਆਂ—ਜਗੱਧਾਤਰੀ, ਕਾਲੀ ਅਤੇ ਦੁਰਗਾ—ਦੇ ਮਿਲੇ-ਜੁਲੇ ਰੂਪ ਵਿਚ ਚਿਤਰਿਆ ਗਿਆ ਹੈ, ਜੋ ਉਸ ਦੇ ਗੌਰਵਮਈ ਅਤੀਤ, ਅਪਮਾਨਜਨਕ ਵਰਤਮਾਨ ਅਤੇ ਉਸ ਦੇ ਪੁੱਤਰਾਂ ਵੱਲੋਂ ਦੁਸ਼ਮਣ ਨੂੰ ਹਰਾਉਣ ਤੋਂ ਬਾਅਦ ਦੇ ਸ਼ਾਨਦਾਰ ਭਵਿੱਖ ਦਾ ਪ੍ਰਤੀਕ ਹਨ। ਪਹਿਲੇ ਦੋ ਬੰਦਾਂ ਵਿਚ ਇੱਕ ਖ਼ੁਸ਼ਹਾਲ ਅਤੇ ਸ਼ਾਂਤ ਧਰਤੀ ਦਾ ਕੋਮਲ ਸ਼ਬਦਾਂ 'ਚ ਚਿਤਰਣ ਅਤੇ ਸਿਮਰਨ ਹੈ, ਪਰ ਅਗਲੇ ਬੰਦਾਂ ਵਿਚ ਗੀਤ ਦਾ ਮਾਹੌਲ ਅਤੇ ਸੁਰ ਇਕਦਮ ਭਿਆਨਕ ਯੁੱਧ-ਮਾਹੌਲ ਵਿਚ ਬਦਲ ਜਾਂਦੇ ਹਨ। ਫਿਰ ਤਲਵਾਰਾਂ ਦੇ ਭਿੜਨ ਦਾ ਸ਼ੋਰ ਅਤੇ ਦੁਸ਼ਮਣ ਨੂੰ ਤਬਾਹ ਕਰਨ ਦੇ ਜੰਗੀ ਐਲਾਨ ਹਨ ਅਤੇ ਮਾਂ-ਭੂਮੀ ਆਪਣੇ ਦਸਾਂ ਹੱਥਾਂ ਵਿਚ ਘਾਤਕ ਹਥਿਆਰ ਫੜੀ ਦੈਂਤਾਂ ਦਾ ਨਾਸ਼ ਕਰਨ ਵਾਲੀ ਦੇਵੀ ਦਾ ਰੂਪ ਧਾਰ ਲੈਂਦੀ ਹੈ।

ਸਨਾਤਨੀ ਆਸਥਾ ਵਾਲਿਆਂ ਨੂੰ ਛੱਡ ਕੇ ਬਾਕੀ ਧਰਮਾਂ ਵਿਚ ਦੇਵੀ-ਦੇਵਤੇ ਪੂਜਣ ਦੀ ਕੋਈ ਧਾਰਨਾ ਨਹੀਂ ਹੈ। ਕਾਂਗਰਸ ਦੇ ਸੈਸ਼ਨਾਂ ਵਿਚ ਇਸ ਗੀਤ ਨੂੰ ਗਾਏ ਜਾਣ 'ਤੇ ਇਸਲਾਮਿਕ ਅਕੀਦੇ ਵਾਲੇ ਰਾਸ਼ਟਰਵਾਦੀਆਂ ਅਤੇ ਦੇਸ਼ਭਗਤਾਂ ਦਾ ਇਤਰਾਜ਼ ਕਰਨਾ ਸੁਭਾਵਿਕ ਸੀ। ਹੋਰ ਧਰਮਾਂ ਨੂੰ ਮੰਨਣ ਵਾਲੇ ਹਿੰਦੂਆਂ ਦੇਵੀਆਂ ਦੇ ਸਿਮਰਨ ਵਿਚ ਸ਼ਾਮਲ ਕਿਉਂ ਹੋਣਗੇ। 'ਆਨੰਦ ਮਠ' ਨੇ ਮੁਸਲਮਾਨਾਂ ਨੂੰ ਦੈਂਤਾਂ ਦੇ ਰੂਪ 'ਚ ਚਿਤਰਿਆ ਹੈ ਅਤੇ ਉਨ੍ਹਾਂ ਵਿਰੁੱਧ ਯੁੱਧ ਦੀ ਕਮਾਂਡ ਹਿੰਦੂ ਦੇਵੀ ਰੂਪੀ ਮਾਂਭੂਮੀ ਕਰਦੀ ਹੈ। ਉਹ ਆਪਣੇ ਅਪਮਾਨ ਦੇ ਗੁਣਗਾਨ ਵਿਚ ਸ਼ਾਮਲ ਕਿਉਂ ਹੋਣਗੇ। ਜਦੋਂ ਕਾਂਗਰਸ ਦੀਆਂ ਕੇਂਦਰੀ ਸੂਬਿਆਂ ਦੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਵਿਚ ਸਾਰੇ ਵਿਦਿਆਰਥੀਆਂ ਲਈ 'ਬੰਦੇ ਮਾਤ੍ਰਮ' ਗਾਉਣਾ ਲਾਜ਼ਮੀ ਕਰ ਦਿੱਤਾ ਤਾਂ ਮੁਸਲਮਾਨਾਂ ਆਗੂਆਂ 'ਚ ਵਧ ਰਹੀ ਬੇਚੈਨੀ ਕਾਰਨ ਕਾਂਗਰਸ ਦੀ ਲੀਡਰਸ਼ਿਪ ਨੂੰ ਇਸ ਉੱਪਰ ਮੁੜ ਵਿਚਾਰ ਕਰਨਾ ਪਿਆ ਅਤੇ 1937 'ਚ ਸਿਰਫ਼ ਪਹਿਲੇ ਦੋ ਬੰਦ ਗਾਉਣ ਦਾ ਫ਼ੈਸਲਾ ਕੀਤਾ ਗਿਆ।

'ਵੰਦੇ ਮਾਤ੍ਰਮ' ਵਿਚਲਾ ਹਿੰਦੂ ਦੇਵੀ ਗੁਣਗਾਨ ਸਿਰਫ਼ ਇਸਲਾਮਿਕ ਅਤੇ ਹੋਰ ਧਾਰਮਿਕ ਅਕੀਦਿਆਂ ਨਾਲ ਹੀ ਨਹੀਂ ਟਕਰਾਉਂਦਾ, ਇਹ ਭਾਰਤ ਦੀ ਸਹੀ ਤਸਵੀਰ ਵੀ ਪੇਸ਼ ਨਹੀਂ ਕਰਦਾ। ਭਾਰਤ ਵਿਚ ਸਨਾਤਨ ਧਰਮੀ ਅਕੀਦੇ ਵਾਲੇ ਹਿੰਦੂਆਂ ਤੋਂ ਇਲਾਵਾ ਮੁਸਲਮਾਨ, ਈਸਾਈ, ਪਾਰਸੀ, ਸਿੱਖ, ਬੋਧੀ, ਜੈਨੀ ਆਦਿ ਵੱਖ-ਵੱਖ ਧਾਰਮਿਕ ਅਕੀਦਿਆਂ ਵਾਲੇ ਲੋਕ ਵਸਦੇ ਹਨ ਜਿਨ੍ਹਾਂ ਦੀ ਧਾਰਮਿਕ ਅੰਤਰ-ਆਤਮਾ ਉਨ੍ਹਾਂ ਨੂੰ ਹਿੰਦੂ ਦੇਵੀਆਂ ਦੀ ਪੂਜਾ-ਸਿਮਰਨ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਉਨ੍ਹਾਂ ਤੋਂ ਇਲਾਵਾ, ਆਦਿਵਾਸੀ ਲੋਕ ਹਨ ਜਿਨ੍ਹਾਂ ਦੇ ਧਾਰਮਿਕ ਅਕੀਦਿਆਂ ਦਾ ਸਨਾਤਨ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਹਿੰਦੂ ਰਾਸ਼ਟਰ ਜਾਤ-ਪਾਤੀ ਅਤੇ ਪਿਤਰਸੱਤਾ ਦੇ ਦਾਬੇ ਦਾ ਚਿੰਨ੍ਹ ਹੈ, ਦਲਿਤ ਅਤੇ ਹੋਰ ਦੱਬੇ-ਕੁਚਲੇ ਹਿੱਸੇ ਵੀ ਇਸਦੀ ਜੈ-ਜੈਕਾਰ ਕਿਉਂ ਕਰਨਗੇ। ਇਸ ਤੋਂ ਇਲਾਵਾ, ਧਰਮ-ਨਿਰਲੇਪ ਅਤੇ ਨਾਸਤਿਕ ਹਿੱਸੇ ਹਨ। 'ਵੰਦੇ ਮਾਤ੍ਰਮ' ਵਿਚ ਇਨ੍ਹਾਂ ਦੇ ਅਕੀਦਿਆਂ ਲਈ ਕੋਈ ਜਗ੍ਹਾ ਨਹੀਂ ਹੈ।

ਮੁਕੰਮਲ 'ਵੰਦੇ ਮਾਤ੍ਰਮ' ਅਤੇ ਆਨੰਦ ਮੱਠ ਵਿਚ ਹਿੰਦੂ ਦੇਵੀਆਂ ਅਤੇ ਬ੍ਰਾਹਮਣਵਾਦ ਦੀ ਜੈ-ਜੈਕਾਰ ਸੰਘ ਬਰਗੇਡ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਬਹੁਤ ਰਾਸ ਆਉਂਦੇ ਹਨ, ਇਸ ਕਾਰਨ ਵਿਸ਼ੇਸ਼ ਕਾਨੂੰਨੀ ਸੋਧ ਪਾਸ ਕਰਕੇ ਇਸਨੂੰ ਕੌਮੀ ਗੌਰਵ ਦਾ ਮੁੱਦਾ ਬਣਾਇਆ ਗਿਆ ਹੈ। 'ਵੰਦੇ ਮਾਤ੍ਰਮ' ਨੂੰ ਕਾਨੂੰਨ ਦੁਆਰਾ ਲਾਜ਼ਮੀ ਕਰਾਰ ਦੇ ਕੇ ਆਰ.ਐਸ.ਐਸ. ਆਪਣੇ ਆਪ ਨੂੰ ਆਜ਼ਾਦੀ ਦੀ ਲੜਾਈ ਨਾਲ ਜੋੜ ਕੇ ਪੇਸ਼ ਕਰਨਾ ਚਾਹੁੰਦਾ ਹੈ, ਜਿਸ ਵਿਚ ਉਸਨੇ ਕਦੇ ਹਿੱਸਾ ਨਹੀਂ ਲਿਆ ਸਗੋਂ ਇਸਦਾ ਵਿਰੋਧ ਕਰਦਾ ਰਿਹਾ ਹੈ, ਅਤੇ ਬਾਕੀ ਤਾਕਤਾਂ ਨੂੰ ਉਹ ਇਸ ਬਹਾਨੇ ਰਾਸ਼ਟਰ ਵਿਰੋਧੀ ਦੇ ਤੌਰ 'ਤੇ ਪੇਸ਼ ਕਰਕੇ ਦਬਾਉਣਾ ਚਾਹੁੰਦਾ ਹੈ। ਦਰਅਸਲ, ਇਹ ਹਮਲਾ ਮੁਕੰਮਲ 'ਵੰਦੇ ਮਾਤ੍ਰਮ' ਗਾਉਣ ਤੱਕ ਰੁਕਣ ਵਾਲਾ ਨਹੀਂ ਹੈ। ਆਰ.ਐਸ.ਐਸ.-ਹਿੰਦੂ ਮਹਾ ਸਭਾ ਦੇ ਆਗੂ ਤਾਂ ਇਹ ਵੀ ਸ਼ਰ੍ਹੇਆਮ ਕਹਿੰਦੇ ਰਹੇ ਹਨ ਕਿ 'ਵੰਦੇ ਮਾਤ੍ਰਮ' ਦੀ ਥਾਂ 'ਜਨ-ਗਣ-ਮਨ' ਨੂੰ ਰਾਸ਼ਟਰੀ ਗੀਤ ਕਿਉਂ ਬਣਾਇਆ ਗਿਆ, ਨਵਾਂ ਸੰਵਿਧਾਨ ਕਿਉਂ ਬਣਾਇਆ ਗਿਆ ਜਦੋਂ ਸਾਡੇ ਕੋਲ ਪਹਿਲਾਂ ਹੀ ਮਨੂਸਮ੍ਰਿਤੀ ਹੈ! ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਹੈ। ਹੁਣ ਵੀ ਇਹ ਆਵਾਜ਼ਾਂ ਸੁਣੀਆਂ ਜਾ ਸਕਦੀਆਂ ਹਨ ਕਿ 'ਜਨ-ਗਣ-ਮਨ' ਦੀ ਬਜਾਏ 'ਵੰਦੇ ਮਾਤ੍ਰਮ' ਨੂੰ ਰਾਸ਼ਟਰੀ ਗੀਤ ਬਣਾਇਆ ਜਾਵੇ। ਆਰ.ਐੱਸ.ਐੱਸ. ਦਾ ਪ੍ਰਚਾਰਤੰਤਰ ਇਹ ਦਲੀਲ ਵੀ ਦਿੰਦਾ ਹੈ ਕਿ ਆਜ਼ਾਦੀ ਦੀ ਲੜਾਈ ਵਿਚ ਅਸਲੀ ਜੋਸ਼ 'ਵੰਦੇ ਮਾਤ੍ਰਮ' ਨੇ ਭਰਿਆ ਸੀ, ਇਸ ਲਈ 'ਜਨ-ਗਣ-ਮਨ' ਦੀ ਬਜਾਏ ਇਸ ਨੂੰ ਸਰਵਉੱਚ ਸਥਾਨ ਦਿੱਤਾ ਜਾਣਾ ਚਾਹੀਦਾ ਹੈ।

ਰਾਸ਼ਟਰਵਾਦ ਦੇ ਨਾਂ 'ਤੇ ਬਹੁਲਤਾਵਾਦੀ ਮੁਲਕ ਉੱਪਰ 'ਵੰਦੇ ਮਾਤ੍ਰਮ' ਥੋਪਣਾ ਘੋਰ ਲੋਕ ਵਿਰੋਧੀ ਅਤੇ ਧੱਕੜ, ਫਾਸ਼ੀਵਾਦੀ ਕਾਰਾ ਹੈ। ਜੇਕਰ ਸੰਵਿਧਾਨ ਦੇ ਨਜ਼ਰੀਏ ਤੋਂ ਗੱਲ ਕਰਨੀ ਹੋਵੇ ਤਾਂ 'ਵੰਦੇ ਮਾਤ੍ਰਮ' ਸੰਵਿਧਾਨ ਦੀ ਆਦਿਕਾ ਦੀ ਮੂਲ ਭਾਵਨਾ ਦੇ ਬਿਲਕੁਲ ਉਲਟ ਹੈ ਜਿਸ ਵਿਚ ਧਰਮ-ਨਿਰਪੱਖ, ਜਮਹੂਰੀ ਮੁੱਲਾਂ ਨੂੰ ਬੁਲੰਦ ਕੀਤਾ ਗਿਆ ਹੈ। ਸੰਘ ਬਰਗੇਡ ਨੇ 'ਵੰਦੇ ਮਾਤ੍ਰਮ' ਨਾ ਗਾਉਣ ਨੂੰ ਸਜ਼ਾਯੋਗ ਅਪਰਾਧ ਇਸ ਲਈ ਬਣਾਇਆ ਹੈ ਤਾਂ ਜੋ ਸਜ਼ਾ ਦੇ ਖ਼ੌਫ਼ ਦੇ ਜ਼ੋਰ ਗ਼ੈਰ-ਹਿੰਦੂਆਂ ਤੋਂ ਹਿੰਦੂ ਦੇਵੀ-ਦੇਵਤਿਆਂ ਦਾ ਗੁਣਗਾਨ ਕਰਾਇਆ ਜਾ ਸਕੇ। ਇਹ ਮਨੁੱਖ ਦੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਆਪਣੀ ਅੰਤਰ-ਆਤਮਾ ਅਨੁਸਾਰ ਧਰਮ ਨੂੰ ਮੰਨਣ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ ਹੈ। ਮਗਰਲੇ ਦੀ ਗਾਰੰਟੀ ਸੰਵਿਧਾਨ ਦੇ ਆਰਟੀਕਲ 25 ਅਤੇ 26 ਵਿਚ ਦਿੱਤੀ ਗਈ ਹੈ। ਜਦੋਂ ਕੇਰਲਾ ਵਿਚ ਇਕ ਈਸਾਈ ਪੰਥ 'ਜੇਹੋਵਾਹ' ਦੇ ਪੈਰੋਕਾਰ ਤਿੰਨ ਬੱਚਿਆਂ ਨੂੰ 'ਜਨ-ਗਣ-ਮਨ' ਗਾਏ ਜਾਣ ਸਮੇਂ ਅਵੱਗਿਆ ਕਾਰਨ ਸਕੂਲ ਵਿਚੋਂ ਕੱਢ ਦਿੱਤਾ ਗਿਆ ਤਾਂ ਭਾਰਤ ਦੀ ਸੁਪਰੀਮ ਕੋਰਟ ਨੇ ਬਿਜੋਏ ਇਮੈਨੂਅਲ ਅਤੇ ਹੋਰ ਬਨਾਮ ਕੇਰਲਾ ਰਾਜ (1986) ਕੇਸ ਦੇ ਆਪਣੇ ਫ਼ੈਸਲੇ ਵਿਚ ਉਨ੍ਹਾਂ ਦੀ ਅੰਤਰ-ਆਤਮਾ ਦੀ ਆਜ਼ਾਦੀ ਦੇ ਹੱਕ ਨੂੰ ਬੁਲੰਦ ਕੀਤਾ ਸੀ।

ਜਿੱਥੋਂ ਤੱਕ ਆਮ ਲੋਕਾਂ ਦਾ ਸਵਾਲ ਹੈ, ਉਨ੍ਹਾਂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਸਰਕਾਰੀ ਸਮਾਗਮਾਂ ਵਿਚ 'ਜਨ-ਗਣ-ਮਨ' ਗਾਇਆ ਜਾ ਰਿਹਾ ਹੈ, 'ਜਨ-ਗਣ-ਮਨ' ਅਤੇ 'ਵੰਦੇ ਮਾਤ੍ਰਮ' ਦੋਵੇਂ ਗਾਏ ਜਾ ਰਹੇ ਹਨ ਜਾਂ ਵੰਦੇ ਮਾਤ੍ਰਮ ਦੇ ਕਿੰਨੇ ਬੰਦ ਗਾਏ ਜਾ ਰਹੇ ਹਨ। ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਬੁਨਿਆਦੀ ਮਨੁੱਖੀ ਜ਼ਰੂਰਤਾਂ ਤੋਂ ਵਾਂਝੇ, ਅਤੇ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ ਆਦਿ ਦੇ ਸਤਾਏ ਦੱਬੇ-ਕੁਚਲੇ, ਕਿਰਤੀ ਲੋਕਾਂ ਲਈ ਫੋਕਾ ਰਾਸ਼ਟਰੀ ਗੌਰਵ ਕੋਈ ਮਾਇਨੇ ਨਹੀਂ ਰੱਖਦਾ। ਉਨ੍ਹਾਂ ਦਾ ਮੂਲ ਸਰੋਕਾਰ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਲਈ ਸੰਘਰਸ਼ ਨਾਲ ਅਤੇ ਆਪਣੀ ਜ਼ਿੰਦਗੀ ਨੂੰ ਮਨੁੱਖ ਦੇ ਜਿਉਣਯੋਗ ਬਣਾਉਣ ਨਾਲ ਹੈ। ਫ਼ਿਰਕੂ ਰਾਸ਼ਟਰਵਾਦ ਤਾਂ ਦਰਅਸਲ ਉਨ੍ਹਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਭਟਕਾਉਣ ਦਾ ਪਾਟਕ-ਪਾਊ ਹਥਿਆਰ ਹੈ ਜਿਸ ਦੀ ਮੱਦਦ ਨਾਲ ਅਵਾਮ ਵਿਚ ਦੇਸ਼ਭਗਤ ਅਤੇ ਦੇਸ਼ਧ੍ਰੋਹੀ ਦੀ ਝੂਠੀ ਵੰਡ ਖੜ੍ਹੀ ਕੀਤੀ ਜਾ ਰਹੀ ਹੈ ਅਤੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

---

*(ਪਿਛਲੇ ਸਫੇ ਦਾ ਬਾਕੀ)*

ਰਾਇ ਜਾਂ ਅਸਹਿਮਤੀ ਰੱਖਣ ਵਾਲਿਆਂ ਲਈ ਘੇਰਾ ਕਿੰਨਾ ਤੰਗ ਕੀਤਾ ਜਾ ਰਿਹਾ ਹੈ।

ਸਾਡਾ ਦੇਸ਼ ਭਾਰਤ ਲੋਕਤੰਤਰਿਕ ਹੈ, ਬਹੁ-ਧਰਮੀ ਦੇਸ਼ ਹੈ, ਬਹੁ-ਭਾਸ਼ਾਈ ਦੇਸ਼ ਹੈ। ਸਾਡੇ ਸੰਵਿਧਾਨ ਵਿਚ ਰਾਸ਼ਟਰੀ ਪ੍ਰਤੀਕਾਂ ਨੂੰ ਸਹਿਮਤੀ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ। ਪਰ ਪ੍ਰਤੀਕਾਤਮਕ ਜਾਂ ਸਿਆਸੀ ਅਸਹਿਮਤੀ ਰੱਖਣ ਵਾਲੇ ਲੋਕਾਂ ਖ਼ਿਲਾਫ਼ ਇਹੋ ਜਿਹੇ ਕਾਨੂੰਨ ਨੂੰ ਵਰਤਣਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਉੱਤੇ ਸਿੱਧਾ ਹਮਲਾ ਹੈ। ਮੌਜੂਦਾ ਸੱਤਾਧਾਰੀ ਧਿਰ ਦੇ ਮੁੱਖ ਹਾਕਮਾਂ ਵੱਲੋਂ ਦੇਸ਼ ਵਿਚ ਜਿਸ ਢੰਗ ਨਾਲ ਅਸਹਿਮਤੀ ਵਾਲੇ ਵਿਚਾਰਾਂ ਵਾਲੇ ਲੋਕਾਂ ਨੂੰ ਨੁੱਕਰੇ ਲਾਉਣ ਦਾ ਵਰਤਾਰਾ ਜਾਰੀ ਹੈ, ਉਹ ਦੇਸ਼ ਹਿੱਤ ਵਿਚ ਨਹੀਂ ਹੈ।

ਅੱਜ ਜਦੋਂ ਭਾਰਤ ਵਿਚ ਨੌਜਵਾਨਾਂ ਦਾ ਭਰੋਸਾ ਹਾਕਮਾਂ ਤੋਂ ਪੂਰੀ ਤਰ੍ਹਾਂ ਲਹੂ-ਲੁਹਾਨ ਹੋ ਚੁੱਕਾ ਹੈ, ਕਿਉਂਕਿ ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਉਦੋਂ ਉਨ੍ਹਾਂ ਦੇ ਦਰਦ ਅਤੇ ਸੰਤਾਪ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਸੀ। ਪਰ ਇਸ ਦੇ ਉਲਟ, ਨੌਜਵਾਨਾਂ ਨੂੰ 'ਸਕੂਲ ਠੀਕ ਕਰੋ' ਅਭਿਆਨ ਲਾਗੂ ਕਰਨ ਲਈ 'ਦਿਮਾਗੀ ਨਕਸਲੀ' ਕਰਾਰ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਤਾਂ ਹੁਣ ਉਨ੍ਹਾਂ ਸਾਰੇ ਅਸਹਿਮਤੀ ਰੱਖਣ ਵਾਲੇ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲ' ਕਹਿਣ ਲੱਗ ਪਏ ਹਨ। ਇਹ ਵਰਤਾਰਾ ਨਾ ਕੇਵਲ ਨੌਜਵਾਨਾਂ ਦੇ ਮਨੋਬਲ ਨੂੰ ਤੋੜਦਾ ਹੈ, ਸਗੋਂ ਲੋਕਤੰਤਰੀ ਪ੍ਰਕਿਰਿਆ ਤੋਂ ਉਨ੍ਹਾਂ ਦਾ ਵਿਸ਼ਵਾਸ ਹੀ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ।

ਸੰਵਿਧਾਨ ਦੇਸ਼ ਦੇ ਨਾਗਰਿਕਾਂ ਨੂੰ ਜਿਉਣ ਦਾ ਹੱਕ ਦਿੰਦਾ ਹੈ, ਵਿਚਾਰਾਂ ਦੇ ਆਧਾਰ ਉੱਤੇ ਜਿਉਣ ਦਾ ਹੱਕ ਦਿੰਦਾ ਹੈ। ਜੇਕਰ ਕੋਈ ਸੱਤਾ ਪ੍ਰਤੀ, ਉਨ੍ਹਾਂ ਦੀਆਂ ਨੀਤੀਆਂ ਪ੍ਰਤੀ ਅਸਹਿਮਤੀ ਪ੍ਰਗਟ ਕਰਦਾ ਹੈ, ਤਾਂ ਉਹ ਦੇਸ਼-ਧ੍ਰੋਹੀ ਕਿਵੇਂ ਹੋਇਆ? ਉਹ ਦੇਸ਼ ਦਾ ਦੁਸ਼ਮਣ ਕਿਵੇਂ ਹੋਇਆ? ਭਾਵੇਂ ਉਹ ਹਿੰਦੂ ਹੈ, ਸਿੱਖ ਹੈ, ਮੁਸਲਿਮ ਹੈ, ਈਸਾਈ ਹੈ-ਉਹ ਤਾਂ ਭਾਰਤ ਦਾ ਬਾਸ਼ਿੰਦਾ ਹੈ। ਕਿਸੇ ਦੀ ਦੇਸ਼ ਭਗਤੀ ਦਾ ਪੈਮਾਨਾ ਸੱਤਾਧਾਰੀ ਧਿਰ ਦੀ ਹਾਂ ਵਿਚ ਹਾਂ ਮਿਲਾਉਣਾ ਨਹੀਂ ਹੋ ਸਕਦਾ। ਜੇਕਰ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਨੌਜਵਾਨਾਂ ਉੱਤੇ ਦੇਸ਼-ਧ੍ਰੋਹ ਦੇ ਲੇਬਲ ਲਗਾਏਗੀ, ਤਾਂ ਅਸਹਿਮਤੀ ਦੇ ਅਧਿਕਾਰ ਨੂੰ ਕਾਨੂੰਨ ਦੀਆਂ ਜ਼ੰਜੀਰਾਂ ਵਿਚ ਜਕੜ ਕੇ ਕਿਸੇ ਵੀ ਦੇਸ਼ ਨੂੰ ਮਜ਼ਬੂਤ ਅਤੇ ਬੁਲੰਦ ਨਹੀਂ ਬਣਾਇਆ ਜਾ ਸਕਦਾ।

# ਰੂਸ-ਯੂਕਰੇਨ ਯੁੱਧ ਦੀ ਤਬਾਹੀ ਅਤੇ ਇਸ ਦੇ ਸਬਕ

## (ਇੱਕ ਅਜਿਹੀ ਜੰਗ ਜਿਸ ਨੇ ਦੁਨੀਆ ਬਦਲ ਦਿੱਤੀ)

***ਯੂਕਰੇਨ ਅਤੇ ਇਰਾਨ ਯੁੱਧ ਨੇ ਵਿਸ਼ਵ ਲਈ ਇਹ ਵੱਡਾ ਸਬਕ ਦਿੱਤਾ ਹੈ ਜੰਗ ਸ਼ੁਰੂ ਕਰਨਾ ਆਸਾਨ ਹੋ ਸਕਦਾ ਹੈ, ਪਰ ਉਸ ਦਾ ਅੰਤ ਆਪਣੇ ਹੱਥ ਵਿਚ ਰੱਖਣਾ ਬਹੁਤ ਮੁਸ਼ਕਲ ਹੈ। ਇੱਕ ਹੋਰ ਸਬਕ ਇਹ ਵੀ ਹੈ ਕਿ 21ਵੀਂ ਸਦੀ ਵਿਚ ਜੰਗ ਦਾ ਜੇਤੂ ਵੀ ਅਕਸਰ ਹਾਰਿਆ ਹੋਇਆ ਹੀ ਹੁੰਦਾ ਹੈ। ਆਰਥਿਕ ਪਾਬੰਦੀਆਂ ਹਥਿਆਰਾਂ ਦਾ ਬਦਲ ਨਹੀਂ ਬਣ ਸਕਦੀਆਂ, ਪਰ ਲੰਬੀ ਜੰਗ ਦਾ ਮਹੱਤਵਪੂਰਨ ਮੋਰਚਾ ਜ਼ਰੂਰ ਹਨ। ਵੱਡੀਆਂ ਤਾਕਤਾਂ ਦੇ ਟਕਰਾਅ ਵਿਚ ਛੋਟੇ ਦੇਸ਼ ਜੰਗ ਦਾ ਮੈਦਾਨ ਨਾ ਬਣਨ। ਇਸ ਲਈ ਦੁਨੀਆ ਲਈ ਅਸਲ ਸਬਕ ਇਹ ਨਹੀਂ ਕਿ ਜੰਗ ਕਿਵੇਂ ਜਿੱਤੀ ਜਾਵੇ, ਬਲਕਿ ਇਹ ਹੈ ਕਿ ਜੰਗ ਨੂੰ ਕਿਵੇਂ ਰੋਕਿਆ ਜਾਵੇ।***

24 ਫਰਵਰੀ 2022 ਨੂੰ ਸ਼ੁਰੂ ਹੋਏ ਰੂਸ-ਯੂਕਰੇਨ ਯੁੱਧ ਨੂੰ ਸਾਢੇ ਚਾਰ ਸਾਲ ਹੋ ਚੁੱਕੇ ਹਨ। ਇਸ ਯੁੱਧ ਦਾ ਰੂਸ ਅਤੇ ਯੂਕਰੇਨ ਨੂੰ ਭਾਰੀ ਮੁੱਲ ਤਾਰਨਾ ਪਿਆ ਹੈ। ਫਰਵਰੀ 2022 ਤੋਂ ਲੈ ਕੇ ਅਗਸਤ 2026 ਤੱਕ ਇਸ ਜੰਗ ਵਿਚ ਹੋਈਆਂ ਦੋਵਾਂ ਪਾਸਿਆਂ ਦੇ ਫ਼ੌਜੀਆਂ ਅਤੇ ਸਿਵਲੀਅਨਜ਼ ਦੀਆਂ ਮੌਤਾਂ ਦੀ ਸਹੀ ਗਿਣਤੀ ਦੀ ਜਾਣਕਾਰੀ ਕਿਸੇ ਵੀ ਭਰੋਸੇਯੋਗ ਸਰੋਤ ਕੋਲ ਨਹੀਂ ਹੈ। ਖ਼ਾਸ ਕਰਕੇ ਫ਼ੌਜੀਆਂ ਦੀਆਂ ਹੋਈਆਂ ਮੌਤਾਂ ਬਾਰੇ ਸਹੀ ਅੰਕੜੇ ਨਹੀਂ ਹਨ। ਦੋਵੇਂ ਦੇਸ਼ ਆਪਣੇ ਨੁਕਸਾਨ ਦੇ ਅੰਕੜੇ ਪੂਰੇ ਤੌਰ 'ਤੇ ਜਾਰੀ ਨਹੀਂ ਕਰਦੇ, ਪਰ ਉਪਲੱਬਧ ਤਾਜ਼ਾ



**ਹਰਜੀਤ ਸਿੰਘ ਗਿੱਲ**
**ਫੋਨ:647-542-0007 (ਕਨੇਡਾ)**
**+9198889-45127 (ਭਾਰਤ)**

ਅੰਦਾਜ਼ਿਆਂ ਤੋਂ ਇੱਕ ਤਸਵੀਰ ਬਣਦੀ ਹੈ।

ਜੁਲਾਈ 2026 ਵਿਚ ਪ੍ਰਕਾਸ਼ਿਤ ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ ਦੇ ਅੰਦਾਜ਼ੇ ਅਨੁਸਾਰ, ਫਰਵਰੀ 2022 ਤੋਂ ਦਸੰਬਰ 2025 ਤੱਕ ਲਗਭਗ 2.75 ਤੋਂ 3.25 ਲੱਖ ਰੂਸੀ ਫ਼ੌਜੀ ਇਸ ਯੁੱਧ ਵਿਚ ਮਾਰੇ ਗਏ ਹਨ ਅਤੇ 14 ਲੱਖ ਦੇ ਕਰੀਬ ਜ਼ਖ਼ਮੀ ਹੋਏ ਹਨ। ਪਰ 2026 ਵਿਚ ਵੀ ਭਾਰੀ ਲੜਾਈ ਜਾਰੀ ਹੈ, ਇਸ ਲਈ ਅੱਜ ਦੀ ਮੌਤਾਂ ਦੀ ਗਿਣਤੀ 3.25 ਲੱਖ ਤੋਂ ਕਾਫ਼ੀ ਉੱਪਰ ਹੋਣ ਦੀ ਸੰਭਾਵਨਾ ਹੈ। ਬੀ.ਬੀ.ਸੀ. ਨਿਊਜ਼ ਅਤੇ ਇਕ ਹੋਰ ਨਿਊਜ਼ ਜਾਂਚ 'ਤੇ ਅਧਾਰਿਤ ਇੱਕ ਅੰਕੜੇ ਅਨੁਸਾਰ ਅਗਸਤ 2026 ਵਿਚ 2.39 ਲੱਖ ਤੋਂ ਵੱਧ ਰੂਸੀ ਸੈਨਿਕਾਂ ਦੀ ਮੌਤ ਦੀ ਪਛਾਣ ਕੀਤੀ ਗਈ ਸੀ। ਇਹ ਅਨੁਮਾਨ ਵੀ ਅਸਲ ਗਿਣਤੀ ਨਹੀਂ ਸਗੋਂ ਘੱਟੋ-ਘੱਟ ਮੌਤਾਂ ਦੀ ਪੁਸ਼ਟੀ ਹੀ ਕਰਦਾ ਹੈ। ਇਸੇ ਤਰ੍ਹਾਂ ਯੂਕਰੇਨ ਵੱਲੋਂ ਪੂਰਾ ਅਤੇ ਭਰੋਸੇਯੋਗ ਅੱਪਡੇਟ ਕੀਤਾ ਗਿਆ ਅੰਕੜਾ ਉਪਲਬਧ ਨਹੀਂ ਹੈ। ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ ਨੇ ਦਸੰਬਰ 2025 ਤੱਕ ਯੂਕਰੇਨੀ ਫ਼ੌਜੀ ਮੌਤਾਂ ਦਾ ਅੰਦਾਜ਼ਾ ਇੱਕ ਲੱਖ ਤੋਂ ਇੱਕ ਲੱਖ 40 ਹਜ਼ਾਰ ਦਾ ਦਿੱਤਾ ਸੀ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਨਿਗਰਾਨੀ ਮਿਸ਼ਨ ਦੀ ਇੱਕ ਰਿਪੋਰਟ ਅਨੁਸਾਰ, ਚੱਲ ਰਹੇ ਸਾਲ 2026 ਦੇ ਜੁਲਾਈ ਮਹੀਨੇ ਵਿਚ ਯੂਕਰੇਨ ਦੇ 437 ਨਾਗਰਿਕ ਮਾਰੇ ਗਏ ਹਨ। ਜਨਵਰੀ 2026 ਤੋਂ ਜੂਨ 2026 ਤਕ 1,396 ਨਾਗਰਿਕ ਮਾਰੇ ਗਏ ਅਤੇ ਇਸ ਤੋਂ ਇਲਾਵਾ ਹਜ਼ਾਰਾਂ ਜ਼ਖ਼ਮੀ ਹੋਏ। ਅਗਸਤ ਵਿਚ ਵੀ ਨਾਗਰਿਕ ਮੌਤਾਂ ਜਾਰੀ ਹਨ। ਮਿਸਾਲ ਵਜੋਂ 19 ਅਤੇ 20 ਅਗਸਤ ਦੇ ਕੀਵ 'ਤੇ ਹੋਏ ਹਮਲਿਆਂ ਵਿਚ ਘੱਟੋ-ਘੱਟ 16-17 ਨਾਗਰਿਕ ਮਾਰੇ ਗਏ। ਰੂਸੀ ਨਾਗਰਿਕ ਮੌਤਾਂ ਦਾ ਅੰਕੜਾ ਅਨਿਸ਼ਚਿਤ ਹੈ ਪਰ ਇਸ ਦੀ ਗਿਣਤੀ ਵੀ ਹਜ਼ਾਰਾਂ ਵਿਚ ਜਾ ਸਕਦੀ ਹੈ। ਅਣਅਧਿਕਾਰਤ ਅੰਕੜੇ ਮੌਤਾਂ ਦੀ ਗਿਣਤੀ ਦਸ ਲੱਖ ਤਕ ਪਹੁੰਚ ਚੁੱਕੀ ਦਸਦੇ ਹਨ।

ਰੂਸ-ਯੂਕਰੇਨ ਯੁੱਧ ਦਾ ਨੁਕਸਾਨ ਸਿਰਫ਼ ਮਨੁੱਖੀ ਜਾਨਾਂ ਤੱਕ ਸੀਮਤ ਨਹੀਂ ਹੈ। ਇਸ ਨਾਲ ਯੂਕਰੇਨ ਦੇ ਬੁਨਿਆਦੀ ਢਾਂਚੇ ਅਤੇ ਅਰਥਵਿਵਸਥਾ ਦਾ ਵੀ ਵੱਡਾ ਹਿੱਸਾ ਤਬਾਹ ਹੋਇਆ ਹੈ। ਫਰਵਰੀ 2026 ਵਿਚ ਵਿਸ਼ਵ ਬੈਂਕ, ਯੂ. ਐਨ, ਯੂਰਪੀ ਕਮਿਸ਼ਨ ਅਤੇ ਯੂਕਰੇਨੀ ਸਰਕਾਰ ਵੱਲੋਂ ਜਾਰੀ R D N A-5 ਅਨੁਸਾਰ, 31 ਦਸੰਬਰ 2025 ਤੱਕ ਸਿੱਧਾ ਭੌਤਿਕ ਨੁਕਸਾਨ ਲਗਭਗ 195.1 ਬਿਲੀਅਨ ਡਾਲਰ ਹੋ ਚੁੱਕਾ ਸੀ। ਅਗਲੇ ਦਸ ਸਾਲਾਂ ਵਿਚ ਦੇਸ਼ ਦੀ ਮੁੜ ਉਸਾਰੀ ਅਤੇ ਰਿਕਵਰੀ ਦੀ ਲੋੜ ਲਗਭਗ 587.7 ਬਿਲੀਅਨ ਡਾਲਰ ਦਾ ਅੰਦਾਜ਼ਾ ਹੈ। ਆਰ ਡੀ ਐਨ ਏ -5 ਆਗਾਮੀ ਪੰਜਵੀਂ ਪੀੜ੍ਹੀ ਦਾ ਗਰਾਫ਼ਿਕਸ ਕਾਰਡ ਆਰਕੀਟੈਕਚਰ ਹੈ, ਜਿਸ ਨੂੰ ਭਵਿੱਖ ਦੇ ਡੈਸਕਟਾਪ ਪੀ ਸੀ, ਹੈਂਡ ਹੈਂਡਲ ਡਿਵਾਈਸ ਅਤੇ ਪਲੇਅ ਸਟੇਸ਼ਨ- 6 ਵਰਗੇ ਅਗਲੀ ਪੀੜ੍ਹੀ ਦੇ ਕੰਸੋਲ ਨੂੰ ਚਲਾਉਣ ਲਈ ਤਿਆਰ ਕੀਤਾ ਗਿਆ ਹੈ। 30 ਲੱਖ ਤੋਂ ਵੱਧ ਘਰ-ਪਰਿਵਾਰ, ਬਿਜਲੀ ਉਤਪਾਦਨ, ਫ਼ੈਕਟਰੀਆਂ, ਉਦਯੋਗਿਕ ਇਕਾਈਆਂ, ਗੋਦਾਮ ਅਤੇ ਵਪਾਰਕ ਢਾਂਚੇ ਪ੍ਰਭਾਵਿਤ ਹੋਏ ਹਨ। ਰੇਲਵੇ, ਸੜਕਾਂ, ਪੁਲਾਂ ਅਤੇ ਬੰਦਰਗਾਹਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਸਿੱਖਿਆ ਅਤੇ ਵਿਗਿਆਨ ਦਾ ਬੁਨਿਆਦੀ ਢਾਂਚਾ ਢਹਿ-ਢੇਰੀ ਹੋ ਗਿਆ ਹੈ। ਹਸਪਤਾਲ ਅਤੇ ਸਿਹਤ ਸੇਵਾਵਾਂ, ਜਲ-ਸਪਲਾਈ, ਸੀਵਰੇਜ ਅਤੇ ਮਿਉਂਸਿਪਲ ਸੇਵਾਵਾਂ ਵੀ ਇਸ ਯੁੱਧ ਵਿਚ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ। ਜੇ ਅਸੀਂ ਇਸ ਨੂੰ ਰੂਸ ਅਤੇ ਯੂਕਰੇਨ ਦੋਵਾਂ ਦੀ ਕੁੱਲ ਜੰਗੀ ਲਾਗਤ ਦੇ ਰੂਪ ਵਿਚ ਦੇਖੀਏ, ਤਾਂ ਤਸਵੀਰ ਹੋਰ ਵੀ ਵੱਡੀ ਬਣਦੀ ਹੈ। ਇਸ ਵਿਚ ਰੂਸ ਦੇ ਫ਼ੌਜੀ ਖ਼ਰਚੇ, ਹਥਿਆਰਾਂ ਦੀ ਖਪਤ ਅਤੇ ਆਰਥਿਕ ਪਾਬੰਦੀਆਂ ਕਾਰਨ ਹੋਏ ਆਰਥਿਕ ਨੁਕਸਾਨ ਨੂੰ ਵੀ ਜੋੜਨਾ ਪਵੇਗਾ। ਯੂਕਰੇਨ ਜਿਸ ਨੂੰ ਦੁਨੀਆ ਦੀ ਫੂਡ ਬਾਸਕਟ ਕਿਹਾ ਗਿਆ ਸੀ, ਵਿਚ ਖੇਤੀ ਉਤਪਾਦਨ ਅਤੇ ਇਸ ਉਤਪਾਦ ਨੂੰ ਵਿਸ਼ਵ ਮੰਡੀ ਤਕ ਪੁੱਜਦਾ ਕਰਨ ਵਿਚ ਭਾਰੀ ਰੁਕਾਵਟ ਆਈ ਹੈ। ਯੂਰਪੀ ਮੁਲਕਾਂ ਨੂੰ ਆਪਣੀਆਂ ਊਰਜਾ ਲੋੜਾਂ ਦੀ ਪੂਰਤੀ ਲਈ ਰੂਸ ਤੋਂ ਮਿਲਦੀ ਗੈਸ ਅਤੇ ਪੈਟਰੋਲੀਅਮ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪਿਆ ਹੈ।

ਵੇਖਿਆ ਜਾਵੇ ਤਾਂ ਅਸਲ ਵਿਚ ਇਹ ਯੁੱਧ 2014 ਤੋਂ ਹੀ ਧੁਖਦਾ ਆ ਰਿਹਾ ਸੀ ਜਦੋਂ ਰੂਸ ਨੇ ਕ੍ਰਾਈਮੀਆ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਪੂਰਬੀ ਯੂਕਰੇਨ ਦੇ ਡੀਨ ਬਾਸ ਖੇਤਰ ਵਿਚ ਰੂਸ-ਸਮਰਥਨ ਬਲਾਂ ਅਤੇ ਯੂਕਰੇਨੀ ਫ਼ੌਜ ਵਿਚਕਾਰ ਲੜਾਈ ਸ਼ੁਰੂ ਹੋਈ ਸੀ। ਇਸ ਨੂੰ ਰੂਸ-ਯੂਕਰੇਨ ਸੰਘਰਸ਼ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। ਰੂਸ ਨੇ ਬਾਅਦ ਵਿਚ ਯੂਕਰੇਨ ਉੱਤੇ ਪੂਰੇ ਪੱਧਰ ਦਾ ਹਮਲਾ 2022 ਨੂੰ ਕੀਤਾ ਸੀ। ਇਸ ਹਮਲੇ ਦੀਆ ਜੜ੍ਹਾਂ ਕਾਫ਼ੀ ਡੂੰਘੀਆਂ ਹਨ। ਇਸ ਨੂੰ ਸਿਰਫ਼ NATO ਦੇ ਫੈਲਾਅ ਜਾਂ ਪੁਤਿਨ ਦੀ ਹਮਲਾਵਰ ਨੀਤੀ ਨਾਲ ਸਮਝਣਾ ਅਧੂਰਾ ਹੋਵੇਗਾ। 1990 ਦੇ ਦਹਾਕੇ ਤੋਂ ਨਾਟੋ ਵਿਚ ਪੂਰਬੀ ਯੂਰਪ ਦੇ ਪੋਲੈਂਡ, ਹੰਗਰੀ, ਚੈੱਕ ਗਣਰਾਜ ਅਤੇ ਬਾਲਟਿਕ ਦੇਸ਼ ਸ਼ਾਮਲ ਹੋਏ। ਮਾਸਕੋ ਇਸ ਨੂੰ ਆਪਣੀ ਸੁਰੱਖਿਆ ਲਈ ਖ਼ਤਰਾ ਮੰਨਦਾ ਰਿਹਾ। ਰੂਸ ਦੀ ਮੁੱਖ ਚਿੰਤਾ ਇਹ ਸੀ ਕਿ ਜੇ ਯੂਕਰੇਨ ਵੀ ਨਾਟੋ ਵਿਚ ਸ਼ਾਮਲ ਹੋ ਗਿਆ, ਤਾਂ ਨਾਟੋ ਦੀ ਫ਼ੌਜੀ ਸਰਹੱਦ ਰੂਸ ਦੇ ਬਹੁਤ ਨੇੜੇ ਆ ਜਾਵੇਗੀ। ਜਦੋਂ 1991 ਵਿਚ ਸੋਵੀਅਤ ਯੂਨੀਅਨ ਟੁੱਟਿਆ ਤਾਂ ਯੂਕਰੇਨ ਵੀ ਕਈ ਹੋਰਨਾਂ ਮੁਲਕਾਂ ਵਾਂਗ ਵੱਖਰਾ ਸੁਤੰਤਰ ਦੇਸ਼ ਬਣ ਗਿਆ। ਰੂਸ ਲਈ ਯੂਕਰੇਨ ਸਿਰਫ਼ ਗੁਆਂਢੀ ਦੇਸ਼ ਨਹੀਂ ਸੀ। ਦੋਹਾਂ ਦੇ ਇਤਿਹਾਸਕ, ਸਭਿਆਚਾਰਕ ,ਆਰਥਿਕ ਅਤੇ ਪਰਿਵਾਰਕ ਸਬੰਧ ਬਹੁਤ ਡੂੰਘੇ ਸਨ। ਪੁਤਿਨ ਨੇ ਕਈ ਵਾਰ ਇਹ ਵਿਚਾਰ ਪ੍ਰਗਟ ਕੀਤਾ ਕਿ ਰੂਸੀ ਅਤੇ ਯੂਕਰੇਨੀ ਲੋਕਾਂ ਦੀ ਇਤਿਹਾਸਕ ਏਕਤਾ ਹੈ ਅਤੇ ਆਧੁਨਿਕ ਯੂਕਰੇਨੀ ਰਾਜ ਦੀ ਬਣਤਰ ਨੂੰ ਰੂਸੀ ਇਤਿਹਾਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਰੂਸ ਦੇ ਰਾਸ਼ਟਰਪਤੀ ਪੁਤਿਨ ਦੀ ਸੋਚ ਵਿਚ ਸੋਵੀਅਤ ਸੰਘ ਦੇ ਟੁੱਟਣ ਨੂੰ ਰੂਸ ਦੀ ਵੱਡੀ ਭੂ-ਰਾਜਨੀਤਿਕ ਹਾਰ ਵਜੋਂ ਦੇਖਿਆ ਗਿਆ ਸੀ। ਖ਼ਾਸ ਕਰਕੇ ਯੂਕਰੇਨ ਦਾ ਪੱਛਮ ਵੱਲ ਮਿੱਤਰਤਾ ਲਈ ਵਧਣਾ ਮਾਸਕੋ ਲਈ ਗੰਭੀਰ ਮਾਮਲਾ ਬਣ ਗਿਆ ਸੀ । 2004 ਵਿਚ ਐਸਟੋਨੀਆ, ਲਾਤੀਵੀਆ ਅਤੇ ਲਿਥੁਆਨੀਆ ਦੇ ਨਾਟੋ ਵਿਚ ਸ਼ਾਮਲ ਹੋਣ ਨਾਲ ਨਾਟੋ ਸਿੱਧੇ ਰੂਸ ਦੀਆਂ ਸਰਹੱਦਾਂ ਤੱਕ ਪਹੁੰਚ ਗਿਆ।

ਥੋੜ੍ਹਾ ਹੋਰ ਪਿਛੋਕੜ 'ਤੇ ਝਾਤ ਮਾਰੀਏ ਤਾਂ ਜਰਮਨੀ ਦੇ ਮੁੜ ਏਕੀਕਰਨ ਦੇ ਸਮੇਂ, ਫਰਵਰੀ 1990 ਵਿਚ, ਅਮਰੀਕੀ ਵਿਦੇਸ਼ ਮੰਤਰੀ ਜੇਮਜ਼ ਬੇਕਰ ਨੇ ਸੋਵੀਅਤ ਨੇਤਾ ਮਿਖਾਇਲ ਗੋਰਬਾਚੇਵ ਨਾਲ ਗੱਲਬਾਤ ਵਿਚ ਇਹ ਭਰੋਸਾ ਦਿੱਤਾ ਗਿਆ ਸੀ ਕਿ ਜੇ ਸੋਵੀਅਤ ਯੂਨੀਅਨ ਇੱਕਜੁੱਟ ਜਰਮਨੀ ਦੇ ਨਾਟੋ ਵਿਚ ਰਹਿਣ ਨੂੰ ਸਵੀਕਾਰ ਕਰਦਾ ਹੈ, ਤਾਂ ਨਾਟੋ ਦਾ ਫ਼ੌਜੀ ਅਧਿਕਾਰ-ਖੇਤਰ ਇੱਕ ਇੰਚ ਵੀ ਪੂਰਬ ਵੱਲ ਨਹੀਂ ਵਧੇਗਾ। ਇਸ ਗੱਲਬਾਤ ਦਾ ਅਮਰੀਕੀ ਸਰਕਾਰੀ ਰਿਕਾਰਡ ਹੁਣ ਡੀ-ਕਲਾਸੀਫਾਈਡ ਹੈ। ਭਾਵੇਂ ਅਜਿਹੀ ਲਿਖਤੀ ਸੰਧੀ ਨਹੀਂ ਬਣੀ ਜਿਸ ਵਿਚ ਨਾਟੋ ਨੇ ਭਵਿੱਖ ਵਿਚ ਪੋਲੈਂਡ, ਹੰਗਰੀ, ਬਾਲਟਿਕ ਦੇਸ਼, ਯੂਕਰੇਨ ਆਦਿ ਨੂੰ ਨਾਟੋ ਵਿਚ ਸ਼ਾਮਲ ਨਾ ਕਰਨ ਦੀ ਕਾਨੂੰਨੀ ਪਾਬੰਦੀ ਮੰਨੀ ਹੋਵੇ, ਪਰ ਇਤਿਹਾਸਕਾਰਾਂ ਵਿਚ ਇਸ ਗੱਲ 'ਤੇ ਚਰਚਾ ਹੈ ਕਿ ਕੀ 1990 ਦੇ ਪੱਛਮੀ ਨੇਤਾਵਾਂ ਦੇ ਭਰੋਸਿਆਂ ਨੇ ਸੋਵੀਅਤ ਆਗੂਆਂ ਵਿਚ ਨਾਟੋ ਦੇ ਪੂਰਬ ਵੱਲ ਨਾ ਫੈਲਣ ਦੀ ਰਾਜਨੀਤਕ ਉਮੀਦ ਪੈਦਾ ਕੀਤੀ ਸੀ। ਇਸ ਨੂੰ 1962 ਦੇ ਕਿਊਬਾ ਵਿਚ ਅਮਰੀਕਾ ਦੀ ਸਰਹੱਦ ਨੇੜੇ ਮਿਜ਼ਾਈਲ ਬੀੜ ਦੇਣ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਜਦੋਂ ਸੋਵੀਅਤ ਸੰਘ ਨੇ ਕਿਊਬਾ ਵਿਚ ਪਰਮਾਣੂ ਮਿਜ਼ਾਈਲਾਂ ਤਾਇਨਾਤ ਕੀਤੀਆਂ ਸਨ। ਅਮਰੀਕਾ ਨੇ ਇਸ ਨੂੰ ਆਪਣੀ ਰਾਸ਼ਟਰੀ ਸੁਰੱਖਿਆ ਲਈ ਵੱਡਾ ਖ਼ਤਰਾ ਮੰਨਿਆ ਸੀ। ਅਮਰੀਕਾ ਨੇ ਸਮੁੰਦਰੀ ਨਾਕਾਬੰਦੀ ਲਗਾਈ ਅਤੇ ਦੁਨੀਆ ਪਰਮਾਣੂ ਜੰਗ ਦੇ ਬਹੁਤ ਨੇੜੇ ਪਹੁੰਚ ਗਈ।

ਕਿਊਬਾ ਵਿਚ ਰੂਸ ਦੇ ਪਰਮਾਣੂ ਮਿਜ਼ਾਈਲਾਂ ਤਾਇਨਾਤ ਕਰਨ ਦੇ ਮੁੱਖ ਕਾਰਨ ਸਨ ਕਿ ਅਮਰੀਕਾ ਨੇ ਤੁਰਕੀ ਵਿਚ ਜੋ ਕਿ ਨਾਟੋ ਦਾ ਮੈਂਬਰ ਦੇਸ਼ ਹੈ ਵਿਚ ਜੁਪੀਟਰ ਪਰਮਾਣੂ ਮਿਜ਼ਾਈਲਾਂ




ਤਾਇਨਾਤ ਕੀਤੀਆਂ ਹੋਈਆਂ ਸਨ। ਇਹ ਮਿਜ਼ਾਈਲਾਂ ਸੋਵੀਅਤ ਖੇਤਰ ਦੇ ਕਾਫ਼ੀ ਨੇੜੇ ਸਨ। ਇਸ ਲਈ ਕਿਊਬਾ ਵਿਚ ਰੂਸ ਵੱਲੋਂ ਪਰਮਾਣੂ ਮਿਜ਼ਾਈਲਾਂ ਲਗਾਉਣਾ ਇੱਕ ਤਰ੍ਹਾਂ ਦਾ ਰਣਨੀਤਕ ਜਵਾਬੀ ਕਦਮ ਸੀ। ਦਰਅਸਲ 1959 ਵਿਚ ਫਿਦੇਲ ਕਾਸਤਰੋ ਦੀ ਕ੍ਰਾਂਤੀ ਤੋਂ ਬਾਅਦ ਕਿਊਬਾ ਅਮਰੀਕਾ ਦੇ ਬਹੁਤ ਨੇੜੇ ਇੱਕ ਕਮਿਊਨਿਸਟ ਸਟੇਟ ਬਣ ਗਿਆ ਸੀ। 1961 ਵਿਚ ਅਮਰੀਕਾ ਦੇ ਸਮਰਥਨ ਨਾਲ ਹੋਇਆ ਬੇ ਆਫ਼ ਪਿਗਜ਼ ਹਮਲਾ ਅਸਫਲ ਹੋ ਗਿਆ ਸੀ। ਇਸ ਤੋਂ ਬਾਅਦ ਕਾਸਤਰੋ ਅਤੇ ਖਰੁਸ਼ਚੇਵ ਨੂੰ ਡਰ ਸੀ ਕਿ ਅਮਰੀਕਾ ਦੁਬਾਰਾ ਕਿਊਬਾ ਉੱਤੇ ਹਮਲਾ ਕਰ ਸਕਦਾ ਹੈ। ਅਮਰੀਕਨ ਰਾਸ਼ਟਰਪਤੀ ਕੈਨੇਡੀ ਦੇ ਪ੍ਰਸ਼ਾਸਨ ਨੇ ਆਪ੍ਰੇਸ਼ਨ ਮੰਗੂਸ ਰਾਹੀਂ ਫੀਦਲ ਕਾਸਤਰੋ ਸਰਕਾਰ ਨੂੰ ਕਮਜ਼ੋਰ ਕਰਨ ਲਈ ਕਈ ਗੁਪਤ ਕਾਰਵਾਈਆਂ ਅਤੇ ਆਪ੍ਰੇਸ਼ਨ ਵੀ ਚਲਾਏ ਸਨ। ਉਸ ਸਮੇਂ ਅਮਰੀਕਾ ਕੋਲ ਸੋਵੀਅਤ ਯੂਨੀਅਨ ਦੇ ਮੁਕਾਬਲੇ ਕਾਫ਼ੀ ਵੱਡੀ ਰਣਨੀਤਕ ਪ੍ਰਮਾਣੂ ਸਮਰੱਥਾ ਸੀ। ਸੋਵੀਅਤ ਸੰਘ ਅਜੇ ਅਮਰੀਕਾ ਵਰਗੀ ਅੰਤਰ-ਮਹਾਦੀਪੀ ਮਿਜ਼ਾਈਲ ਸਮਰੱਥਾ ਨਹੀਂ ਬਣਾ ਸਕਿਆ ਸੀ। ਉਸ ਸਮੇਂ ਖਰੁਸ਼ਚੇਵ ਨੇ ਪਹਿਲੀ ਵਾਰ ਅਮਰੀਕਾ ਦੇ ਬਿਲਕੁਲ ਨੇੜੇ ਅਜਿਹੀ ਸਥਿਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇੱਕ ਅਮਰੀਕੀ ਇੰਟੈਲੀਜੈਂਸ ਮੁਲਾਂਕਣ ਨੇ ਉਸ ਸਮੇਂ ਇਹ ਵੀ ਅੰਦਾਜ਼ਾ ਲਗਾਇਆ ਸੀ ਕਿ ਸੋਵੀਅਤ ਫ਼ੌਜੀ ਤਿਆਰੀ ਦਾ ਇੱਕ ਉਦੇਸ਼ ਇਹ ਦਿਖਾਉਣਾ ਸੀ ਕਿ ਅਮਰੀਕਾ ਹੁਣ ਆਪਣੇ ਖੇਤਰ ਵਿਚ ਵੀ ਸੋਵੀਅਤ ਹਮਲਾਵਰ ਤਾਕਤ ਨੂੰ ਰੋਕ ਨਹੀਂ ਸਕਦਾ। ਅਖੀਰ ਵਿਚ ਬਹੁਤ ਮਹੱਤਵਪੂਰਨ ਸਮਝੌਤਾ ਹੋਇਆ, ਜਿਸ ਵਿਚ ਸੋਵੀਅਤ ਯੂਨੀਅਨ ਨੇ ਮਿਜ਼ਾਈਲਾਂ ਕਿਊਬਾ ਤੋਂ ਹਟਾ ਲਈਆਂ ਸਨ। ਅਮਰੀਕਾ ਨੇ ਕਿਊਬਾ ਉੱਤੇ ਹਮਲਾ ਨਾ ਕਰਨ ਦਾ ਵਾਅਦਾ ਕੀਤਾ ਅਤੇ ਗੁਪਤ ਤੌਰ 'ਤੇ ਟਰਕੀ ਦੀਆਂ ਜੁਪੀਟਰ ਪਰਮਾਣੂ ਮਿਜ਼ਾਈਲਾਂ ਹਟਾਉਣ ਲਈ ਸਹਿਮਤੀ ਦੇ ਦਿੱਤੀ। ਅਮਰੀਕਾ ਵੱਲੋਂ ਟਰਕੀ ਵਿਚੋਂ ਉਹ ਮਿਜ਼ਾਈਲਾਂ 1963 ਵਿਚ ਹਟਾਈਆਂ ਗਈਆਂ। ਜਿਸ ਤਰ੍ਹਾਂ ਅਮਰੀਕਾ ਨੇ ਆਪਣੇ ਨੇੜੇ ਸੋਵੀਅਤ ਪ੍ਰਮਾਣੂ ਮਿਜ਼ਾਈਲਾਂ ਨੂੰ ਆਪਣੀ ਸੁਰੱਖਿਆ ਲਈ ਅਸਵੀਕਾਰ ਯੋਗ ਮੰਨਿਆ, 2022 ਵਿਚ ਰੂਸ ਨੇ ਯੂਕਰੇਨ ਦੇ ਨਾਟੋ ਦੇ ਮੈਂਬਰ ਬਣਨ ਵੱਲ ਵਧਦੇ ਰੁਝਾਨ ਨੂੰ ਇਸੇ ਤਰ੍ਹਾਂ ਦੀ ਰਣਨੀਤਕ ਸੁਰੱਖਿਆ ਸਮੱਸਿਆ ਵਜੋਂ ਪੇਸ਼ ਕੀਤਾ।

2013-14 ਦੀ ਯੂਰੋ ਮੈਡੀਅਨ (Euromadian) ਲਹਿਰ ਦਾ ਇੱਕ ਮੁੱਖ ਮੁੱਦਾ ਇਹ ਸੀ ਕਿ ਯੂਕਰੇਨ ਯੂਰਪੀਅਨ ਯੂਨੀਅਨ ਨਾਲ ਸਹਿਯੋਗ ਸਮਝੌਤਾ ਕਰੇ ਜਾਂ ਰੂਸ ਵੱਲ ਝੁਕੇ। ਉਸ ਸਮੇਂ ਦੇ ਰੂਸੀ ਰਾਸ਼ਟਰਪਤੀ ਵਿਕਤੋਰ ਯਾਨੁਕੋਵਿਚ ਨੇ ਯੂਰਪੀਅਨ ਯੂਨੀਅਨ ਸਹਿਯੋਗ ਸਮਝੌਤਾ ਰੋਕ ਦਿੱਤਾ ਸੀ। ਜਿਸ ਤੋਂ ਬਾਅਦ ਵੱਡੇ ਵਿਰੋਧ ਪ੍ਰਦਰਸ਼ਨ ਹੋਏ। ਫਰਵਰੀ 2014 ਵਿਚ ਰਾਸ਼ਟਰਪਤੀ ਯਾਨੁਕੋਵਿਚ ਦੇਸ਼ ਛੱਡ ਗਿਆ, ਜਿਸ ਤੋਂ ਬਾਅਦ ਰੂਸ ਨੇ ਕਰੀਮੀਆ ਉੱਤੇ ਕਬਜ਼ਾ ਕਰ ਲਿਆ ਅਤੇ ਡੋਨਬਾਸ ਵਿਚ ਜੰਗ ਸ਼ੁਰੂ ਹੋਈ। ਇੱਕ ਕਾਮੇਡੀਅਨ, ਜਿਸ ਦਾ ਕੋਈ ਰਵਾਇਤੀ ਰਾਜਨੀਤਕ ਤਜਰਬਾ ਨਹੀਂ ਸੀ, 2019 ਵਿਚ ਯੂਕਰੇਨ ਦਾ ਰਾਸ਼ਟਰਪਤੀ ਬਣ ਗਿਆ। ਉਸਦੀ ਸਭ ਤੋਂ ਵੱਡੀ ਸਫਲਤਾ ਟੀਵੀ ਲੜੀਵਾਰ 'ਸਰਵੈਂਟ ਆਫ਼ ਦ ਪੀਪਲ' ਸੀ, ਜਿਸ ਵਿਚ ਉਹ ਆਮ ਸਕੂਲ ਅਧਿਆਪਕ ਦਾ ਕਿਰਦਾਰ ਨਿਭਾਉਂਦਾ ਹੈ ਜੋ ਅਚਾਨਕ ਦੇਸ਼ ਦਾ ਰਾਸ਼ਟਰਪਤੀ ਬਣ ਜਾਂਦਾ ਹੈ। ਯੂਕਰੇਨ ਦੀ ਜਨਤਾ ਪੁਰਾਣੀ ਰਾਜਨੀਤੀ ਤੋਂ ਬਹੁਤ ਨਿਰਾਸ਼ ਹੋ ਚੁੱਕੀ ਸੀ। ਦਿਲਚਸਪ ਗੱਲ ਇਹ ਹੈ ਕਿ ਜੋ ਕਿਰਦਾਰ ਉਹ ਟੈਲੀਵਿਜ਼ਨ 'ਤੇ ਨਿਭਾ ਰਿਹਾ ਸੀ, ਉਸ ਨਾਮ ਦੀ ਬਾਅਦ ਵਿਚ ਉਸ ਦੀ ਅਸਲੀ ਰਾਜਨੀਤਕ ਪਾਰਟੀ ਬਣੀ ਜਿਸ ਦਾ ਨਾਮ ਸੀ 'ਸਰਵੈਂਟ ਆਫ਼ ਦ ਪੀਪਲ'। ਲੋਕਾਂ ਨੂੰ ਲੱਗਦਾ ਸੀ ਕਿ ਪੁਰਾਣੇ ਸਿਆਸੀ ਆਗੂਆਂ ਨੇ ਦੇਸ਼ ਦੀਆਂ ਸਮੱਸਿਆਵਾਂ ਹੱਲ ਨਹੀਂ ਕੀਤੀਆਂ। ਇਸ ਮਾਹੌਲ ਦਾ ਲਾਭ ਲੈਂਦਿਆਂ ਜ਼ੇਲੇਂਸਕੀ ਨੇ ਆਪਣੇ ਆਪ ਨੂੰ ਪੁਰਾਣੇ ਸਿਆਸੀ ਢਾਂਚੇ ਤੋਂ ਬਾਹਰਲੇ ਵਿਅਕਤੀ ਵਜੋਂ ਪੇਸ਼ ਕੀਤਾ। ਉਸ ਨੇ, ਮੈਂ ਸਿਆਸਤਦਾਨ ਨਹੀਂ ਹਾਂ, ਵਾਲੀ ਇਮੇਜ ਨੂੰ ਆਪਣੀ ਤਾਕਤ ਬਣਾਇਆ ਅਤੇ ਇਹੀ ਉਸਦੀ ਸਭ ਤੋਂ ਵੱਡੀ ਰਾਜਨੀਤਕ ਰਣਨੀਤੀ ਸੀ। ਉਸ ਦੀ ਟੈਲੀਵਿਜ਼ਨ ਵਾਲੀ ਤਸਵੀਰ ਨੇ ਉਸ ਨੂੰ ਪਹਿਲਾਂ ਹੀ ਕਰੋੜਾਂ ਲੋਕਾਂ ਤੱਕ ਪਹੁੰਚਾ ਦਿੱਤਾ ਸੀ। ਉਸ ਨੂੰ ਕਿਸੇ ਨਵੇਂ ਸਿਆਸਤਦਾਨ ਵਾਂਗ ਆਪਣੀ ਪਛਾਣ ਬਣਾਉਣ ਲਈ ਦਹਾਕਿਆਂ ਦੀ ਲੋੜ ਨਹੀਂ ਸੀ। ਉਸ ਨੇ ਲੋਕਾਂ ਨੂੰ ਲਗਭਗ ਇਹ ਸੰਦੇਸ਼ ਦਿੱਤਾ ਸੀ ਕਿ ਮੈਂ ਉਨ੍ਹਾਂ ਰਾਜਨੀਤਕ ਲੋਕਾਂ ਵਿਚੋਂ ਨਹੀਂ ਹਾਂ, ਜਿਨ੍ਹਾਂ ਨੇ ਤੁਹਾਨੂੰ ਨਿਰਾਸ਼ ਕੀਤਾ ਹੈ। ਜ਼ੇਲੇਂਸਕੀ ਦੀ ਇਲੈਕਸ਼ਨ ਮੁਹਿੰਮ ਵਿਚ ਸੋਸ਼ਲ ਮੀਡੀਆ ਅਤੇ ਮਨੋਰੰਜਨ ਸੱਭਿਆਚਾਰ ਦੀ ਬਹੁਤ ਵੱਡੀ ਭੂਮਿਕਾ ਸੀ। ਉਹ 2019 ਵਿਚ ਰੂਸ ਵਿਰੁੱਧ ਜੰਗ ਦੇ ਨਾਅਰੇ ਨਾਲ ਸੱਤਾ ਵਿਚ ਨਹੀਂ ਆਇਆ ਸੀ। ਉਸ ਦੀ ਮੁਹਿੰਮ ਦਾ ਵੱਡਾ ਕੇਂਦਰ ਭ੍ਰਿਸ਼ਟਾਚਾਰ ਅਤੇ ਸਿਆਸੀ ਢਾਂਚੇ ਨੂੰ ਬਦਲਣਾ ਸੀ ਅਤੇ ਡੋਨਬਾਸ ਵਿਚ ਅਮਨ ਲਿਆਉਣਾ ਸੀ। ਬਾਅਦ ਵਿਚ ਰੂਸ ਨਾਲ ਟਕਰਾਅ ਅਤੇ ਨਾਟੋ ਦਾ ਮੁੱਦਾ ਉਸ ਦੇ ਰਾਸ਼ਟਰਪਤੀ-ਪਦ ਦਾ ਕੇਂਦਰੀ ਹਿੱਸਾ ਬਣਿਆ।

ਜ਼ੇਲੇਂਸਕੀ ਦੇ ਗੈਰ-ਸਿਆਸੀ ਹੋਣ ਕਰਕੇ ਉਹ ਦੂਸਰੇ ਮੁਲਕਾਂ ਖ਼ਾਸ ਕਰਕੇ ਯੂਰਪੀ ਯੂਨੀਅਨ ਦੇ ਝਾਂਸੇ ਵਿਚ ਫਸ ਗਿਆ। ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਵਿਦੇਸ਼ ਨੀਤੀ ਦਾ ਤਜਰਬਾ ਨਾ ਹੋਣਾ ਸੀ। ਸ਼ੁਰੂ ਵਿਚ ਉਸ ਨਾਲ ਕੋਈ ਵਿਦੇਸ਼ ਨੀਤੀ ਸਲਾਹਕਾਰ ਵੀ ਨਹੀਂ ਸੀ ਅਤੇ ਉਸ ਨੇ ਯੂਰਪੀਅਨ ਯੂਨੀਅਨ ਅਤੇ ਨਾਟੋ ਬਾਰੇ ਕੁਝ ਬੁਨਿਆਦੀ ਤੱਥਾਂ ਵਿਚ ਗ਼ਲਤੀਆਂ ਵੀ ਕੀਤੀਆਂ ਸਨ। ਲੰਡਨ ਦੇ ਚੈਥਮ ਹਾਊਸ ਜੋ ਕਿ ਰਾਇਲ ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਅਫੇਅਰਜ਼ ਦਾ ਇੱਕ ਪ੍ਰਸਿੱਧ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਸੁਤੰਤਰ ਵਿਚਾਰ-ਮੰਚ/ ਥਿੰਕ ਟੈਂਕ ਹੈ, ਨੇ ਵੀ ਉਸ ਸਮੇਂ ਉਸ ਨੂੰ ਅੰਤਰਰਾਸ਼ਟਰੀ ਮਾਮਲਿਆਂ ਵਿਚ ਨਵਾਂ ਆਦਮੀ ਦੱਸਿਆ ਸੀ। ਇੱਕ ਅਨੁਭਵਹੀਣ ਰਾਜਨੇਤਾ ਜਦੋਂ ਅਮਰੀਕਾ, ਯੂਰਪੀਅਨ ਯੂਨੀਅਨ, ਨਾਟੋ ਅਤੇ ਰੂਸ ਵਰਗੀਆਂ ਵੱਡੀਆਂ ਤਾਕਤਾਂ ਦੇ ਵਿਚਕਾਰ ਫਸ ਜਾਂਦਾ ਹੈ, ਤਾਂ ਉਸ ਦੀ ਆਪਣੀ ਰਣਨੀਤਕ ਸੌਦੇਬਾਜ਼ੀ ਨਾ ਕਰ ਸਕਣ ਦੀ ਸਮਰੱਥਾ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ। ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਨੇ ਯੂਕਰੇਨ ਯੁੱਧ ਵਿਚ ਹੱਥ ਪਿਛਾਂਹ ਖਿੱਚ ਲਿਆ ਹੈ ਅਤੇ ਇਸ ਦਾ ਪੂਰਾ ਭਾਰ ਯੂਰਪੀਅਨ ਯੂਨੀਅਨ ਦੇ ਸਿਰ ਆਣ ਪਿਆ ਹੈ। ਟਰੰਪ ਦਾ ਤਰਕ ਹੈ ਕਿ ਅਮਰੀਕਾ ਨੂੰ ਯੂਰਪ ਦੀ ਜੰਗ ਦਾ ਮੁੱਖ ਵਿੱਤੀ ਅਤੇ ਸੈਨਿਕ ਬੋਝ ਨਹੀਂ ਝੱਲਣਾ ਚਾਹੀਦਾ। ਯੂਰਪੀ ਦੇਸ਼ਾਂ ਨੂੰ ਆਪਣੀ ਸੁਰੱਖਿਆ ਲਈ ਵਧੇਰੇ ਪੈਸਾ ਅਤੇ ਹਥਿਆਰ ਖ਼ੁਦ ਦੇਣੇ ਚਾਹੀਦੇ ਹਨ। ਪਹਿਲਾਂ ਬਾਈਡਨ ਪ੍ਰਸ਼ਾਸਨ ਦਾ ਮੁੱਖ ਰੁਖ਼ ਸੀ ਕਿ ਯੂਕਰੇਨ ਨੂੰ ਇੰਨੀ ਮਦਦ ਦਿੱਤੀ ਜਾਵੇ ਕਿ ਉਹ ਰੂਸੀ ਹਮਲੇ ਦਾ ਮੁਕਾਬਲਾ ਕਰਦਾ ਰਹਿ ਸਕੇ। ਪਰ ਟਰੰਪ ਨੇ ਇਸ ਵਿਚਾਰ ਨੂੰ ਬਦਲ ਕੇ ਰੂਸ-ਯੂਕਰੇਨ ਸ਼ਾਂਤੀ ਸਮਝੌਤੇ ਵੱਲ ਧੱਕਣ ਦੀ ਕੋਸ਼ਿਸ਼ ਕੀਤੀ ਹੈ। ਰਾਸ਼ਟਰਪਤੀ ਟਰੰਪ ਦਾ ਕਹਿਣਾ ਹੈ ਕਿ ਅਸੀਂ ਯੂਕਰੇਨ ਨੂੰ ਕਿੰਨੇ ਸਾਲ ਹਥਿਆਰ ਦਿੰਦੇ ਰਹਾਂਗੇ ਅਤੇ ਅਖੀਰ ਵਿਚ ਜੰਗ ਦਾ ਹੱਲ ਕੀ ਹੋਵੇਗਾ? ਯੁੱਧ ਸ਼ੁਰੂ ਹੋਣ ਤੋਂ ਯੂਕਰੇਨ ਨੂੰ ਭੇਜੇ ਗਏ ਹਥਿਆਰਾਂ ਨੇ ਅਮਰੀਕਾ ਦੇ ਗੋਲਾ-ਬਾਰੂਦ ਦੇ ਭੰਡਾਰ ਉੱਤੇ ਵੱਡਾ ਦਬਾਅ ਪਾਇਆ ਹੈ। ਅਮਰੀਕੀ ਨੀਤੀ-ਘਾੜਿਆਂ ਵਿਚ ਕਾਫ਼ੀ ਸਮੇਂ ਤੋਂ ਇਹ ਚਿੰਤਾ ਹੈ ਕਿ ਜੇ ਅਮਰੀਕਾ ਆਪਣੇ ਹਥਿਆਰ, ਗੋਲਾ-ਬਾਰੂਦ ਅਤੇ ਵਿੱਤੀ ਸਾਧਨ ਯੂਰਪ ਅਤੇ ਮਿਡਲ ਈਸਟ ਵਿਚ ਲਗਾਤਾਰ ਖ਼ਰਚ ਕਰਦਾ ਰਿਹਾ ਤਾਂ ਅੱਜ ਦੇ ਸਮੇਂ ਉੱਭਰ ਰਹੀ ਸੁਪਰ ਪਾਵਰ ਚੀਨ ਨਾਲ ਸੰਭਾਵਿਤ ਟਕਰਾਅ ਲਈ ਤਿਆਰੀ ਪ੍ਰਭਾਵਿਤ ਹੋ ਸਕਦੀ ਹੈ।

ਜ਼ੇਲੇਂਸਕੀ ਦੀ ਵ੍ਹਾਈਟ ਹਾਊਸ ਵਿਚ ਕੀਤੀ ਝਾੜ ਝੰਬ ਅਤੇ ਬੇਇੱਜ਼ਤੀ ਦੇ ਵੱਡੇ ਭੂ-ਰਾਜਨੀਤਕ ਅਰਥ ਸਨ। ਉਸ ਨੂੰ ਉਮੀਦ ਸੀ ਕਿ ਅਮਰੀਕਾ ਪਹਿਲਾਂ ਵਾਂਗ ਯੂਕਰੇਨ ਦੇ ਪਿੱਛੇ ਖੜ੍ਹਾ ਰਹੇਗਾ ਅਤੇ ਰੂਸ ਨਾਲ ਸ਼ਾਂਤੀ ਸਮਝੌਤੇ ਵਿਚ ਯੂਕਰੇਨ ਦੀਆਂ ਸ਼ਰਤਾਂ ਨੂੰ ਤਰਜੀਹ ਦੇਵੇਗਾ ਪਰ ਡੋਨਲਡ ਟਰੰਪ ਦਾ ਰੁਖ਼ ਇਸ ਦੇ ਬਿਲਕੁਲ ਉਲਟ ਸੀ, ਉਹ ਜੰਗ ਖ਼ਤਮ ਕਰਨ ਅਤੇ ਰੂਸ ਨਾਲ ਗੱਲਬਾਤ ਨੂੰ ਤੁਰੰਤ ਤਰਜੀਹ ਦੇ ਰਿਹਾ ਸੀ। ਟਰੰਪ ਅਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦਾ ਮੁੱਖ ਇਤਰਾਜ਼ ਸੀ ਕਿ ਅਮਰੀਕੀ ਮਦਦ ਦੀ ਕਦਰ ਕਰੋ ਅਤੇ ਡਿਪਲੋਮੇਸੀ ਨੂੰ ਮੌਕਾ ਦਿਓ। ਜ਼ੇਲੇਂਸਕੀ ਦਾ ਮਕਸਦ ਅਮਰੀਕੀ ਸਹਾਇਤਾ ਅਤੇ ਯੂਕਰੇਨ ਦੀ ਸੁਰੱਖਿਆ ਗਾਰੰਟੀ ਨੂੰ ਪੱਕਾ ਕਰਨਾ ਸੀ। ਪਰ ਓਵਲ ਆਫ਼ਿਸ ਵਿਚ ਉਸਨੇ ਟਰੰਪ ਦੇ ਸਾਹਮਣੇ ਆਪਣੀ ਪੁਜ਼ੀਸ਼ਨ ਹਮਲਾਵਰ ਅਤੇ ਆਪਣਾ ਬਚਾਅ ਕਰਨ ਵਾਲੀ ਰੱਖੀ। ਟਰੰਪ ਨੇ ਇਸ ਨੂੰ ਅਮਰੀਕਾ ਲਈ ਬੇਅਦਬੀ ਵਜੋਂ ਲਿਆ ਅਤੇ ਕਿਹਾ ਕਿ ਜ਼ੇਲੇਂਸਕੀ ਅਮਨ ਲਈ ਤਿਆਰ ਨਹੀਂ ਹੈ। ਇਹੀ

*(ਬਾਕੀ ਅਗਲੇ ਸਫੇ 'ਤੇ)*

# ਇੰਸਟਾਗ੍ਰਾਮ ਦੀ ਚਮਕ ਜਾਂ ਜ਼ਿੰਦਗੀ ਦਾ ਹਨੇਰਾ?

ਰੀਲਾਂ ਦੀ ਦੁਨੀਆ ਵਿਚ ਵਧ ਰਹੀ ਦਿਖਾਵੇ ਦੀ ਦੌੜ, ਨੌਜਵਾਨ ਪੀੜ੍ਹੀ ਅਤੇ ਸੋਸ਼ਲ ਮੀਡੀਆ ਦੀ ਜ਼ਿੰਮੇਵਾਰੀ

...

ਅੱਜ ਦਾ ਯੁੱਗ ਸੋਸ਼ਲ ਮੀਡੀਆ ਦਾ ਯੁੱਗ ਹੈ। ਮੋਬਾਈਲ ਫੋਨ ਹੱਥ ਵਿਚ ਆਉਂਦਿਆਂ ਹੀ ਦੁਨੀਆ ਸਾਡੀ ਸਕਰੀਨ 'ਤੇ ਆ ਜਾਂਦੀ ਹੈ। ਇੰਸਟਾਗ੍ਰਾਮ, ਫੇਸਬੁੱਕ, ਯੂਟਿਊਬ ਅਤੇ ਹੋਰ ਪਲੇਟਫਾਰਮਾਂ ਨੇ ਲੋਕਾਂ ਨੂੰ ਆਪਣੀ ਗੱਲ ਦੁਨੀਆ ਤੱਕ ਪਹੁੰਚਾਉਣ ਦਾ ਮੌਕਾ ਦਿੱਤਾ ਹੈ। ਕੋਈ

ਗੁਰਬਿੰਦਰ ਸਿੰਘ ਗੁਰੀ

ਆਪਣਾ ਹੁਨਰ ਦਿਖਾ ਰਿਹਾ ਹੈ, ਕੋਈ ਗੀਤ ਗਾ ਰਿਹਾ ਹੈ, ਕੋਈ ਨੱਚ ਰਿਹਾ ਹੈ ਅਤੇ ਕੋਈ ਆਪਣਾ ਕਾਰੋਬਾਰ ਪ੍ਰਮੋਟ ਕਰ ਰਿਹਾ ਹੈ।

ਪਰ ਇਸੇ ਸੋਸ਼ਲ ਮੀਡੀਆ ਦੀ ਦੁਨੀਆ ਵਿਚ ਇੱਕ ਹੋਰ ਦੌੜ ਵੀ ਤੇਜ਼ੀ ਨਾਲ ਵਧ ਰਹੀ ਹੈ—ਵੱਧ ਤੋਂ ਵੱਧ ਵਿਊਜ਼, ਲਾਈਕ ਅਤੇ ਫਾਲੋਅਰ ਹਾਸਲ ਕਰਨ ਦੀ ਦੌੜ।

ਇਸ ਦੌੜ ਨੇ ਕਈ ਵਾਰ ਨੌਜਵਾਨਾਂ ਨੂੰ ਅਜਿਹਾ ਕੰਟੈਂਟ ਬਣਾਉਣ ਵੱਲ ਧੱਕ ਦਿੱਤਾ ਹੈ, ਜਿਸ ਵਿਚ ਹੁਨਰ ਨਾਲੋਂ ਦਿਖਾਵਾ ਵੱਧ ਹੁੰਦਾ ਹੈ। ਕਈ ਵਾਰ ਕੈਮਰੇ ਦੇ ਸਾਹਮਣੇ ਆਪਣੀ ਨਿੱਜੀ ਜ਼ਿੰਦਗੀ, ਪਹਿਰਾਵੇ ਅਤੇ ਸਰੀਰ ਨੂੰ ਇਸ ਹੱਦ ਤੱਕ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਕਿ ਮਨੋਰੰਜਨ ਅਤੇ ਨਿੱਜਤਾ ਦੀ ਹੱਦ ਧੁੰਦਲੀ ਹੋ ਜਾਂਦੀ ਹੈ।

ਵਿਊਜ਼ ਦੀ ਭੁੱਖ ਕਿੱਥੇ ਲੈ ਜਾ ਰਹੀ ਹੈ?

ਸੋਸ਼ਲ ਮੀਡੀਆ ਦਾ ਐਲਗੋਰਿਦਮ ਅਕਸਰ ਉਸ ਸਮੱਗਰੀ ਨੂੰ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਾਉਂਦਾ ਹੈ ਜਿਸ 'ਤੇ ਵੱਧ ਲੋਕ ਪ੍ਰਤੀਕਿਰਿਆ ਕਰਦੇ ਹਨ। ਇਸ ਕਾਰਨ ਕੁਝ ਲੋਕਾਂ ਵਿਚ ਇਹ ਸੋਚ ਪੈਦਾ ਹੋ ਜਾਂਦੀ ਹੈ ਕਿ 'ਜੋ ਵੀ ਕਰੋ, ਬਸ ਵਾਇਰਲ ਹੋਣਾ ਚਾਹੀਦਾ ਹੈ।'

ਇੱਥੋਂ ਸਮੱਸਿਆ ਸ਼ੁਰੂ ਹੁੰਦੀ ਹੈ।

ਇੱਕ ਰੀਲ ਨੂੰ ਮਿਲੇ ਲੱਖਾਂ ਵਿਊਜ਼ ਦੇਖ ਕੇ ਦੂਜਾ ਵਿਅਕਤੀ ਉਸ ਤੋਂ ਵੀ ਵੱਧ ਧਿਆਨ ਖਿੱਚਣ ਵਾਲੀ ਵੀਡੀ" ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਫਿਰ ਤੀਜਾ ਉਸ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ।

ਇਸ ਤਰ੍ਹਾਂ ਵਿਊਜ਼ ਦੀ ਦੌੜ ਹੌਲੀ-ਹੌਲੀ ਮੁਕਾਬਲੇ ਵਿਚ ਅਤੇ ਮੁਕਾਬਲਾ ਦਿਖਾਵੇ ਵਿਚ ਬਦਲ ਜਾਂਦਾ ਹੈ।

ਸਰੀਰ ਨਹੀਂ, ਹੁਨਰ ਬਣੇ ਪਛਾਣ

ਇੱਥੇ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਹੁੰਦਾ ਹੈ—ਕੀ ਕਿਸੇ ਵਿਅਕਤੀ ਦੀ ਪਛਾਣ ਉਸਦੇ ਪਹਿਰਾਵੇ ਜਾਂ ਦਿੱਖ ਨਾਲ ਹੋਣੀ ਚਾਹੀਦੀ ਹੈ?

ਬਿਲਕੁਲ ਨਹੀਂ।

ਹਰ ਵਿਅਕਤੀ ਨੂੰ ਆਪਣੇ ਪਹਿਰਾਵੇ ਅਤੇ ਜੀਵਨ-ਸ਼ੈਲੀ ਬਾਰੇ ਫੈਸਲਾ ਕਰਨ ਦਾ ਹੱਕ ਹੈ। ਪਰ ਸੋਸ਼ਲ ਮੀਡੀਆ 'ਤੇ ਕੁਝ ਪੋਸਟ ਕਰਨ ਤੋਂ ਪਹਿਲਾਂ ਇਹ ਸੋਚਣਾ ਵੀ ਜ਼ਰੂਰੀ ਹੈ ਕਿ ਇੱਕ ਵਾਰ ਤਸਵੀਰ ਜਾਂ ਵੀਡੀਓ ਇੰਟਰਨੈੱਟ 'ਤੇ ਚਲੀ ਜਾਵੇ ਤਾਂ ਉਸਦੀ ਕਾਪੀ, ਸਕਰੀਨਸ਼ਾਟ ਜਾਂ ਦੁਬਾਰਾ ਵਰਤੋਂ ਨੂੰ ਪੂਰੀ ਤਰ੍ਹਾਂ ਕਾਬੂ ਕਰਨਾ ਮੁਸ਼ਕਲ ਹੋ ਸਕਦਾ ਹੈ।

ਇਸ ਲਈ ਮਸਲਾ ਕਿਸੇ ਦੇ ਕੱਪੜਿਆਂ ਨੂੰ ਦੋਸ਼ ਦੇਣ ਦਾ ਨਹੀਂ, ਸਗੋਂ ਡਿਜ਼ੀਟਲ ਸਮਝਦਾਰੀ ਅਤੇ ਨਿੱਜਤਾ ਦੀ ਰੱਖਿਆ ਦਾ ਹੈ।

ਗੰਦੇ ਕਮੈਂਟ ਕਰਨ ਵਾਲੇ ਵੀ ਜ਼ਿੰਮੇਵਾਰ

ਸੋਸ਼ਲ ਮੀਡੀਆ 'ਤੇ ਕਿਸੇ ਕੁੜੀ ਜਾਂ ਮੁੰਡੇ ਵੱਲੋਂ ਕੋਈ ਵੀਡੀਓ ਪਾਉਣ ਦਾ ਇਹ ਮਤਲਬ ਨਹੀਂ ਕਿ ਕੋਈ ਵੀ ਵਿਅਕਤੀ ਉਸ 'ਤੇ ਅਸ਼ਲੀਲ ਟਿੱਪਣੀ ਕਰਨ ਦਾ ਹੱਕਦਾਰ ਹੋ ਗਿਆ।

ਕਿਸੇ ਦੀ ਪੋਸਟ ਪਸੰਦ ਨਹੀਂ ਆਉਂਦੀ ਤਾਂ ਉਸਨੂੰ ਸਕ੍ਰੋਲ ਕਰ ਦਿਓ।

ਅਸਹਿਮਤੀ ਹੈ ਤਾਂ ਸੱਭਿਆਚਾਰਕ ਢੰਗ ਨਾਲ ਆਪਣੀ ਗੱਲ ਕਹੋ।

ਪਰ ਗਾਲੀ-ਗਲੋਚ, ਅਸ਼ਲੀਲ ਸੁਨੇਹੇ, ਧਮਕੀਆਂ ਜਾਂ ਕਿਸੇ ਦੀ ਤਸਵੀਰ ਨਾਲ ਛੇੜ-ਛਾੜ ਕਰਨਾ ਸਿਰਫ਼ 'ਮਜ਼ਾਕ' ਨਹੀਂ। ਇਹ ਦੂਜੇ ਵਿਅਕਤੀ ਦੀ ਮਾਨਸਿਕ ਸ਼ਾਂਤੀ ਅਤੇ ਨਿੱਜਤਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਇਸ ਲਈ ਸੋਸ਼ਲ ਮੀਡੀਆ ਵਰਤਣ ਵਾਲੇ ਕੰਟੈਂਟ ਬਣਾਉਣ ਵਾਲੇ ਅਤੇ ਕੰਟੈਂਟ ਦੇਖਣ ਵਾਲੇ—ਦੋਵਾਂ ਦੀ ਜ਼ਿੰਮੇਵਾਰੀ ਹੈ।

ਮਾਪਿਆਂ ਦੀ ਵੀ ਵੱਡੀ ਭੂਮਿਕਾ

ਅੱਜ ਕਈ ਮਾਪੇ ਆਪਣੇ ਬੱਚਿਆਂ ਨੂੰ ਮੋਬਾਈਲ ਤਾਂ ਦੇ ਦਿੰਦੇ ਹਨ, ਪਰ ਡਿਜ਼ੀਟਲ ਦੁਨੀਆ ਦੀ ਸਮਝ ਨਹੀਂ ਦਿੰਦੇ।

ਬੱਚਿਆਂ ਨੂੰ ਸਿਰਫ਼ ਇਹ ਕਹਿਣਾ ਕਿ 'ਫੋਨ ਨਾ ਵਰਤੋ' ਹੱਲ ਨਹੀਂ।

ਉਨ੍ਹਾਂ ਨਾਲ ਬੈਠ ਕੇ ਗੱਲ ਕਰਨੀ ਪਵੇਗੀ ਕਿ—

ਆਨਲਾਈਨ ਆਪਣੀ ਨਿੱਜੀ ਜਾਣਕਾਰੀ ਕਿਵੇਂ ਸੁਰੱਖਿਅਤ ਰੱਖਣੀ ਹੈ।

ਅਣਜਾਣ ਲੋਕਾਂ ਦੀਆਂ ਰਿਕਵੈਸਟਾਂ 'ਤੋਂ ਕਿਵੇਂ ਬਚਣਾ ਹੈ।

ਅਸ਼ਲੀਲ ਜਾਂ ਧਮਕੀ ਭਰੇ ਸੁਨੇਹਿਆਂ ਦਾ ਕੀ ਕਰਨਾ ਹੈ।

ਆਪਣੀ ਤਸਵੀਰ ਜਾਂ ਵੀਡੀਓ ਸਾਂਝੀ ਕਰਨ ਤੋਂ ਪਹਿਲਾਂ ਕੀ ਸੋਚਣਾ ਹੈ।

ਕਿਸੇ ਦੀ ਇਜਾਜ਼ਤ ਤੋਂ ਬਿਨਾਂ ਉਸਦੀ ਤਸਵੀਰ ਜਾਂ ਵੀਡੀਓ ਸਾਂਝੀ ਕਿਉਂ ਨਹੀਂ ਕਰਨੀ ਚਾਹੀਦੀ।

ਨੌਜਵਾਨਾਂ ਲਈ ਸਵਾਲ

ਅੱਜ ਸਾਡੇ ਨੌਜਵਾਨਾਂ ਕੋਲ ਦੁਨੀਆ ਨੂੰ ਆਪਣਾ ਹੁਨਰ ਦਿਖਾਉਣ ਲਈ ਪਹਿਲਾਂ ਨਾਲੋਂ ਕਈ ਗੁਣਾ ਵੱਧ ਮੌਕੇ ਹਨ।

ਗਾਉਣਾ ਆਉਂਦਾ ਹੈ—ਗੀਤ ਪਾਓ।

ਨੱਚਣਾ ਆਉਂਦਾ ਹੈ—ਡਾਂਸ ਪਾਓ।

ਲਿਖਣਾ ਆਉਂਦਾ ਹੈ—ਕਵਿਤਾ ਜਾਂ ਲੇਖ ਸਾਂਝਾ ਕਰੋ।

ਖੇਡਾਂ ਵਿਚ ਹੁਨਰ ਹੈ—ਆਪਣੀ ਪ੍ਰੈਕਟਿਸ ਦਿਖਾਓ।

ਕੋਈ ਕਾਰੋਬਾਰ ਹੈ—ਉਸਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਓ।

ਫਾਲੋਅਰ ਹੁਨਰ ਨਾਲ ਵੀ ਬਣ ਸਕਦੇ ਹਨ।

ਹਰ ਵਾਰ ਧਿਆਨ ਖਿੱਚਣ ਲਈ ਆਪਣੀ ਨਿੱਜਤਾ ਨੂੰ ਦਾਅ 'ਤੇ ਲਗਾਉਣਾ ਜ਼ਰੂਰੀ ਨਹੀਂ।

ਇੰਸਟਾਗ੍ਰਾਮ ਦੁਸ਼ਮਣ ਨਹੀਂ

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਸਮੱਸਿਆ ਇੰਸਟਾਗ੍ਰਾਮ ਜਾਂ ਕਿਸੇ ਇੱਕ ਸੋਸ਼ਲ ਮੀਡੀਆ ਪਲੇਟਫਾਰਮ ਵਿਚ ਨਹੀਂ।

ਸਮੱਸਿਆ ਉਸ ਤਰੀਕੇ ਵਿਚ ਹੈ ਜਿਸ ਤਰ੍ਹਾਂ ਅਸੀਂ ਇਸਦੀ ਵਰਤੋਂ ਕਰਦੇ ਹਾਂ।

ਇਹੀ ਪਲੇਟਫਾਰਮ ਇੱਕ ਆਮ ਨੌਜਵਾਨ ਨੂੰ ਕਲਾਕਾਰ ਬਣਾ ਸਕਦਾ ਹੈ।

ਇਹੀ ਪਲੇਟਫਾਰਮ ਕਿਸੇ ਛੋਟੇ ਕਾਰੋਬਾਰ ਨੂੰ ਵੱਡਾ ਬਣਾ ਸਕਦਾ ਹੈ।

ਇਹੀ ਪਲੇਟਫਾਰਮ ਕਿਸੇ ਗਰੀਬ ਬੱਚੇ ਦੀ ਪ੍ਰਤਿਭਾ ਦੁਨੀਆ ਸਾਹਮਣੇ ਲਿਆ ਸਕਦਾ ਹੈ।

ਪਰ ਜੇ ਇਸਦੀ ਵਰਤੋਂ ਸਿਰਫ਼ ਵਿਊਜ਼ ਦੀ ਭੁੱਖ ਵਿਚ ਕੀਤੀ ਜਾਵੇ ਤਾਂ ਇਹੀ ਪਲੇਟਫਾਰਮ ਮੁਸ਼ਕਲਾਂ ਦਾ ਕਾਰਨ ਵੀ ਬਣ ਸਕਦਾ ਹੈ।

ਅੰਤ ਵਿਚ ਗੱਲ ਇੱਕ ਹੀ ਹੈ

ਰੀਲ ਬਣਾਉਣਾ ਮਾੜਾ ਨਹੀਂ।

ਫੈਸ਼ਨ ਕਰਨਾ ਮਾੜਾ ਨਹੀਂ।

ਆਪਣੀ ਖੁਸ਼ੀ ਸਾਂਝੀ ਕਰਨਾ ਮਾੜਾ ਨਹੀਂ।

ਪਰ ਆਪਣੇ ਆਪ ਨੂੰ ਸਿਰਫ਼ ਵਿਊਜ਼ ਅਤੇ ਲਾਈਕਾਂ ਦੀ ਗਿਣਤੀ ਨਾਲ ਤੋਲਣਾ ਖ਼ਤਰਨਾਕ ਸੋਚ ਹੈ।

ਅਸਲ ਸਫਲਤਾ ਇਹ ਨਹੀਂ ਕਿ ਤੁਹਾਡੀ ਰੀਲ ਕਿੰਨੇ ਲੋਕਾਂ ਨੇ ਵੇਖੀ।

ਅਸਲ ਸਫਲਤਾ ਇਹ ਹੈ ਕਿ ਤੁਹਾਡੀ ਪਛਾਣ ਕਿਹੜੀ ਚੀਜ਼ ਕਰਕੇ ਬਣੀ।

ਅੱਜ ਲੋੜ ਹੈ ਕਿ ਨੌਜਵਾਨ 'ਵਾਇਰਲ ਹੋਣ' ਦੀ ਬਜਾਏ 'ਕਾਬਲ ਬਣਨ' ਦੀ ਦੌੜ ਵਿਚ ਸ਼ਾਮਲ ਹੋਣ।

ਕਿਉਂਕਿ ਰੀਲ ਕੁਝ ਸਕਿੰਟਾਂ ਦੀ ਹੁੰਦੀ ਹੈ, ਪਰ ਇੱਕ ਗਲਤ ਡਿਜ਼ੀਟਲ ਫੈਸਲੇ ਦਾ ਅਸਰ ਕਈ ਵਾਰ ਸਾਰੀ ਉਮਰ ਰਹਿ ਸਕਦਾ ਹੈ।

---

*(ਪਿਛਲੇ ਸਫੇ ਦਾ ਬਾਕੀ)*

ਕਿ ਜ਼ੇਲੇਂਸਕੀ ਅਮਨ ਲਈ ਤਿਆਰ ਨਹੀਂ ਹੈ। ਇਹੀ ਕਾਰਨ ਹੈ ਕਿ ਉਸ ਮੁਲਾਕਾਤ ਤੋਂ ਬਾਅਦ 4 ਮਾਰਚ 2025 ਨੂੰ ਟਰੰਪ ਪ੍ਰਸ਼ਾਸਨ ਨੇ ਯੂਕਰੇਨ ਲਈ ਅਮਰੀਕੀ ਫ਼ੌਜੀ ਸਹਾਇਤਾ ਰੋਕ ਦਿੱਤੀ, ਹਾਲਾਂਕਿ ਬਾਅਦ ਵਿਚ ਨੀਤੀ ਵਿਚ ਮੁੜ ਬਦਲਾਅ ਆਏ।

ਹੁਣ ਇਸ ਗੱਲ 'ਤੇ ਵਿਚਾਰ ਕਰਦੇ ਹਾਂ ਕਿ ਇਸ ਯੁੱਧ ਵਿਚ ਆਪਣੇ ਆਪ ਨੂੰ ਸੱਭਿਅਕ, ਵਿਕਸਤ, ਲੋਕਤੰਤਰੀ ਅਤੇ ਵਿਸ਼ਵ ਅਮਨ ਦੇ ਮਸੀਹਾ ਅਖਵਾਉਂਦੇ ਯੂਰਪੀ ਮੁਲਕਾਂ, ਕੈਨੇਡਾ ਅਤੇ ਅਮਰੀਕਾ ਨੇ ਯੂਕਰੇਨ ਦੀ ਕਿੰਨੀ ਅਤੇ ਕਿਸ ਪ੍ਰਕਾਰ ਦੀ ਸਹਾਇਤਾ ਕੀਤੀ ਅਤੇ ਆਪਣੇ ਹਿਤਾਂ ਦੀ ਪੂਰਤੀ ਲਈ ਯੁੱਧ ਨੂੰ ਬੇਗਾਨੀ ਧਰਤੀ 'ਤੇ ਭਖਾਈ ਰੱਖਿਆ। ਇਸ ਯੁੱਧ ਵਿਚ ਅਮਰੀਕਾ, ਯੂਰਪੀ ਦੇਸ਼ਾਂ ਅਤੇ ਕੈਨੇਡਾ ਨੇ ਯੂਕਰੇਨ ਨੂੰ ਸਿਰਫ਼ ਹਥਿਆਰ ਹੀ ਨਹੀਂ ਦਿੱਤੇ, ਸਗੋਂ ਵਿੱਤੀ, ਮਨੁੱਖੀ, ਸਿਖਲਾਈ, ਖੁਫ਼ੀਆ ਜਾਣਕਾਰੀਆਂ, ਉਰਜਾ ਅਤੇ ਸ਼ਰਨਾਰਥੀਆਂ ਦੀ ਸੰਭਾਲ ਲਈ ਸਹਾਇਤਾ ਵੀ ਦਿੱਤੀ। ਯੂਰਪੀ ਯੂਨੀਅਨ ਦੇ 27 ਮੈਂਬਰ ਦੇਸ਼ਾਂ ਨੇ ਲਗਭਗ 220.3 ਬਿਲੀਅਨ ਯੂਰੋ ਜੋ ਕਿ 257.26 ਬਿਲੀਅਨ ਅਮਰੀਕੀ ਡਾਲਰ ਦੀ ਰਕਮ ਬਣਦੀ ਹੈ ਦੀ ਮਦਦ ਕੀਤੀ। ਇਸ ਵਿਚ 77 ਬਿਲੀਅਨ ਯੂਰੋ ਫ਼ੌਜੀ ਸਹਾਇਤਾ 107 ਬਿਲੀਅਨ ਯੂਰੋ ਬਜਟ/ਗਾਰੰਟੀ ਰਾਹੀਂ, 17 ਬਿਲੀਅਨ ਯੂਰੋ ਯੂਕਰੇਨ ਦੇ ਸ਼ਰਨਾਰਥੀਆਂ ਵਾਸਤੇ ਅਤੇ 3.8 ਬਿਲੀਅਨ ਯੂਰੋ ਜ਼ਬਤ ਕੀਤੀਆਂ ਗਈਆਂ ਰੂਸੀ ਸੰਪਤੀਆਂ ਤੋਂ ਸ਼ਾਮਲ ਹਨ। ਅਮਰੀਕਾ ਨੇ ਲਗਭਗ 180 ਬਿਲੀਅਨ ਡਾਲਰ ਅਤੇ ਕੈਨੇਡਾ ਨੇ 25.5 ਬਿਲੀਅਨ ਕੈਨੇਡੀਅਨ ਡਾਲਰ ਦੀ ਸਹਾਇਤਾ ਕੀਤੀ। ਕੁਝ ਵਿਸ਼ਲੇਸ਼ਕ ਅਤੇ ਆਲੋਚਕ ਇਹ ਦਲੀਲ ਦਿੰਦੇ ਹਨ ਕਿ ਅਮਰੀਕਾ ਅਤੇ ਨਾਟੋ ਦੇਸ਼ਾਂ ਨੇ ਆਪਣੇ ਪੁਰਾਣੇ ਹਥਿਆਰਾਂ ਦੇ ਕੁਝ ਸਟਾਕ ਯੂਕਰੇਨ ਨੂੰ ਦੇ ਕੇ ਆਪਣੇ ਭੰਡਾਰ ਖ਼ਾਲੀ ਕੀਤੇ ਅਤੇ ਬਦਲੇ ਵਿਚ ਨਵੇਂ ਹਥਿਆਰ ਖਰੀਦਣ ਦਾ ਮੌਕਾ ਪ੍ਰਾਪਤ ਕੀਤਾ। ਜੇਕਰ ਹਥਿਆਰਾਂ ਦੀ ਗੱਲ ਕਰੀਏ ਤਾਂ ਹੇਮਾ ਰਸ ਅਤੇ ਹੋਰ ਰਾਕਟ ਸਿਸਟਮ, ਪੈਟਰੀ ਆਊਟ ਹਵਾਈ-ਰੱਖਿਆ ਪ੍ਰਣਾਲੀ, ਨੈਸ਼ਨਲ ਐਡਵਾਂਸਡ ਸਰਫੇਸ-ਟੂ-ਏਅਰ ਮਿਜ਼ਾਈਲ ਸਿਸਟਮ ਨਾਸਾਂ ਮੱਸ, ਜੈਵਲਿਨ ਐਂਟੀ-ਟੈਂਕ ਮਿਜ਼ਾਈਲਾਂ, ਸਟਿੰਗਰ ਮਿਜ਼ਾਈਲਾਂ, ਤੋਪ ਖਾਨਾ ਅਤੇ 155 ਐਮਐਮ ਦਾ ਗੋਲਾ ਬਾਰੂਦ, ਬ੍ਰੈਡਲੀ ਇਨਫੈਂਟਰੀ ਲਈ ਲੜਨ ਵਾਲੇ ਵਾਹਨ, ਅਬਰਾਹਿਮ ਟੈਂਕ, ਆਰਮੀ ਟੈਕਨੀਕਲ ਮਿਜ਼ਾਈਲ ਸਿਸਟਮ ਲੰਬੀ ਦੂਰੀ ਦੀਆਂ ਮਿਜ਼ਾਈਲਾਂ, ਡਰੋਨ ਅਤੇ ਵਿਰੋਧੀ ਡਰੋਨ ਸਿਸਟਮ, ਹਵਾਈ-ਰੱਖਿਆ ਅਸਲਾ ਅਤੇ ਐਫ਼-16 ਪ੍ਰੋਗਰਾਮ ਲਈ ਸਿਖਲਾਈ ਅਤੇ ਸਹਾਇਤਾ ਪ੍ਰਦਾਨ ਕੀਤੀ ਗਈ। ਯੂਕਰੇਨ ਦੀ ਫ਼ੌਜ ਨੂੰ ਯੁੱਧ ਸਿਖਲਾਈ ਵੀ ਦਿੱਤੀ ਗਈ। ਖੁਫ਼ੀਆ ਅਤੇ ਜੰਗ ਦੇ ਮੈਦਾਨ ਦੀਆਂ ਪੂਰੀਆਂ ਜਾਣਕਾਰੀਆਂ ਮੁਹੱਈਆ ਕਰਵਾਈਆਂ ਗਈਆਂ। ਸੈਟੇਲਾਈਟ ਸੰਚਾਰ ਦੀ ਸਹਾਇਤਾ ਵੀ ਕੀਤੀ, ਯੂਕਰੇਨ ਸਰਕਾਰ ਦੇ ਬਜਟ ਨੂੰ ਵਿੱਤੀ ਸਹਾਇਤਾ ਕੀਤੀ ਗਈ ਅਤੇ ਸਮੇਂ-ਸਮੇਂ ਲੋੜ ਅਨੁਸਾਰ ਹੋਰ ਹਰ ਤਰ੍ਹਾਂ ਦੀ ਮਾਨਵਤਾਵਾਦੀ ਸਹਾਇਤਾ ਵੀ ਦਿੱਤੀ। ਯੂਰਪੀ ਸੰਘ ਵੱਲੋਂ ਮਿਲਟਰੀ ਸਹਾਇਤਾ ਵਿਚ ਟੈਂਕ, ਬਕਤਰਬੰਦ ਵਾਹਨ, ਤੋਪਖਾਨਾ, ਅਸਲਾ, ਹਵਾਈ ਰੱਖਿਆ ਸਿਸਟਮ, ਮਿਜ਼ਾਈਲਾਂ, ਡਰੋਨ, ਮੈਡੀਕਲ ਅਤੇ ਲੌਜਿਸਟਿਕ ਉਪਕਰਨ ਅਤੇ ਹੋਰ ਫ਼ੌਜੀ ਸਾਜ਼ੋ-ਸਾਮਾਨ ਸ਼ਾਮਲ ਹਨ। ਯੂਰਪੀਅਨ ਯੂਨੀਅਨ ਮਿਲਟਰੀ ਅਸਿਸਟੈਂਸ ਮਿਸ਼ਨ ਨੇ 95,00 ਯੂਕਰੇਨੀ ਸੈਨਿਕਾਂ ਨੂੰ ਸਿਖਲਾਈ ਵੀ ਦਿੱਤੀ ਹੈ। ਯੂਰਪੀ ਸੰਘ ਵੱਲੋਂ ਦਿੱਤੀ ਵਿੱਤੀ ਸਹਾਇਤਾ ਹਥਿਆਰਾਂ ਜਿੰਨੀ ਹੀ ਮਹੱਤਵਪੂਰਨ ਹੈ। ਜਿਸ ਵਿਚ ਯੂਕਰੇਨ ਦੀ ਸਰਕਾਰ ਨੂੰ ਆਪਣੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ, ਪੈਨਸ਼ਨਾਂ, ਸਕੂਲ, ਹਸਪਤਾਲ, ਸਰਕਾਰੀ ਸੇਵਾਵਾਂ ਅਤੇ ਬੁਨਿਆਦੀ ਢਾਂਚਾ ਚਲਾਉਣ ਲਈ ਬਾਹਰੀ ਵਿੱਤੀ ਸਹਾਇਤਾ ਦੀ ਲੋੜ ਪੂਰੀ ਕੀਤੀ। ਯੂਰਪੀ ਯੂਨੀਅਨ ਦੇ ਦੇਸ਼ਾਂ ਨੇ ਯੂਕਰੇਨ ਤੋਂ ਭੱਜ ਕੇ ਆਏ 40 ਲੱਖ ਤੋਂ ਵੱਧ ਲੋਕਾਂ ਨੂੰ ਆਰਜ਼ੀ ਸੁਰੱਖਿਆ ਵੀ ਦਿੱਤੀ, ਜਿਸ ਤਹਿਤ ਰਿਹਾਇਸ਼, ਸਿਹਤ ਸੰਭਾਲ, ਸਿੱਖਿਆ ਆਦਿ ਦੀ ਸਹੂਲਤ ਮਿਲੀ। ਕੈਨੇਡਾ ਦੀ ਭੂਮਿਕਾ 'ਤੇ ਨਜ਼ਰ ਮਾਰੀਏ ਤਾਂ ਕੈਨੇਡਾ ਦਾ ਯੋਗਦਾਨ ਉਸਦੀ ਆਬਾਦੀ ਦੇ ਮੁਕਾਬਲੇ ਕਾਫ਼ੀ ਮਹੱਤਵਪੂਰਨ ਰਿਹਾ ਹੈ। ਫਰਵਰੀ 2026 ਵਿਚ ਕੈਨੇਡੀਅਨ ਸਰਕਾਰ ਨੇ ਦੱਸਿਆ ਕਿ ਕੈਨੇਡਾ ਨੇ 2022 ਤੋਂ 25 ਬਿਲੀਅਨ ਕੈਨੇਡੀਅਨ ਡਾਲਰ ਤੋਂ ਵੱਧ ਸਮੁੱਚੀ ਸਹਾਇਤਾ ਲਈ ਵਚਨਬੱਧਤਾ ਕੀਤੀ ਸੀ। ਜਿਸ ਵਿਚ 8.5 ਅਰਬ ਕੈਨੇਡੀਅਨ ਡਾਲਰ ਦੀ ਫੌਜੀ ਸਹਾਇਤਾ ਵੀ ਸ਼ਾਮਲ ਹੈ। ਕਨੇਡਾ ਨੇ ਲਿਓਪਾਰਡ- 2 ਟੈਂਕ, ਬਕਤਰਬੰਦ ਵਾਹਨ, M777 ਹੋਵਿਟਜ਼ਰ ਟੈਂਕ-ਵਿਰੋਧੀ ਹਥਿਆਰ, ਹੋਰ ਛੋਟੇ ਹਥਿਆਰ, ਗੋਲਾ-ਬਾਰੂਦ, ਡਰੋਨ ਅਤੇ ਡਰੋਨ-ਵਿਰੋਧੀ ਸਹਾਇਤਾ, ਫ਼ੌਜ ਵਾਸਤੇ ਲੋੜੀਂਦਾ ਸਰਦੀਆਂ ਦਾ ਸਾਜ਼ੋ-ਸਾਮਾਨ, ਮੈਡੀਕਲ ਸਾਜ਼ੋ-ਸਾਮਾਨ ਅਤੇ ਫੌਜੀ ਸਿਖਲਾਈ ਵਿਚ ਵੀ ਸਹਾਇਤਾ ਕੀਤੀ। ਕੈਨੇਡਾ ਨੇ ਤਾਂ 2015 ਤੋਂ ਯੂਕਰੇਨੀ ਫ਼ੌਜੀ ਕਰਮਚਾਰੀਆਂ ਨੂੰ ਸਿਖਲਾਈ ਦੇਣੀ ਸ਼ੁਰੂ ਕੀਤੀ ਹੋਈ ਸੀ। ਇਹ ਸਹਾਇਤਾ 2022 ਦੇ ਹਮਲੇ ਤੋਂ ਕਾਫ਼ੀ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ਫਰਵਰੀ 2026 ਤੱਕ ਕੈਨੇਡੀਅਨ ਹਥਿਆਰਬੰਦ ਬਲਾਂ ਨੇ 47,000 ਤੋਂ ਵੱਧ ਯੂਕਰੇਨੀ ਫ਼ੌਜੀ ਕਰਮਚਾਰੀਆਂ ਨੂੰ ਸਿੱਖਿਅਤ ਕੀਤਾ ਸੀ। ਇਸ ਲਈ ਕੈਨੇਡਾ ਦੀ ਭੂਮਿਕਾ ਸਿਰਫ਼ ਪੈਸਾ ਜਾਂ ਹਥਿਆਰ ਭੇਜਣ ਤੱਕ ਸੀਮਤ ਨਹੀਂ ਸੀ। ਅੱਜ ਮੌਜੂਦਾ ਯੂਰਪੀ ਸੁਰੱਖਿਆ ਨੀਤੀ ਦਾ ਕੇਂਦਰੀ ਸਵਾਲ ਇਹ ਹੈ ਕਿ ਜੇ ਅਮਰੀਕਾ ਪਿੱਛੇ ਹਟਦਾ ਹੈ ਤਾਂ ਕੀ ਯੂਰਪ ਆਪਣੇ ਬਲਬੂਤੇ ਯੂਕਰੇਨ ਨੂੰ ਲੰਬੇ ਸਮੇਂ ਤੱਕ ਮਦਦ ਕਰ ਸਕਦਾ ਹੈ?

ਕੁਝ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਹੋਰ ਮੁਲਕਾਂ ਨੇ ਆਪਣਾ ਪੁਰਾਣਾ ਬੇਕਾਰ ਪਏ ਹਥਿਆਰਾਂ ਦਾ ਸਾਰਾ ਕਬਾੜ ਸਟਾਕ ਯੂਕਰੇਨ ਦੇ ਹਵਾਲੇ ਕੀਤਾ। ਰਣਨੀਤੀ ਦੇ ਵਿਸ਼ਲੇਸ਼ਕ ਕਹਿੰਦੇ ਹਨ ਕਿ ਅਮਰੀਕਾ ਨੂੰ ਇਸ ਦੇ ਤਿੰਨ ਫ਼ਾਇਦੇ ਹੋਏ ਪੁਰਾਣੇ ਭੰਡਾਰ ਦੀ ਵਰਤੋਂ ਗੁਦਾਮਾਂ ਵਿਚ ਪਏ ਗੋਲਾ-ਬਾਰੂਦ ਅਤੇ ਪੁਰਾਣੇ ਪ੍ਰਣਾਲੀ ਦੇ ਵਰਤੇ ਗਏ। ਨਵੇਂ ਹਥਿਆਰਾਂ ਦੇ ਆਰਡਰ ਜੋ ਹਥਿਆਰ ਯੂਕਰੇਨ ਨੂੰ ਦਿੱਤੇ ਗਏ, ਉਨ੍ਹਾਂ ਦੀ ਥਾਂ ਅਮਰੀਕੀ ਫ਼ੌਜ ਨੇ ਨਵੇਂ ਟੈਕਨਾਲੋਜੀ ਦੇ ਹਥਿਆਰ ਖਰੀਦਣੇ ਸ਼ੁਰੂ ਕੀਤੇ। ਇਸ ਨਾਲ ਅਮਰੀਕੀ ਰੱਖਿਆ ਉਦਯੋਗ ਨੂੰ ਵੱਡੇ ਠੇਕੇ ਮਿਲੇ। ਇਹ ਗੱਲ ਦੁਨੀਆ ਭਰ ਦੇ ਰਾਜਨੀਤਕ ਸਮਝ ਰੱਖਣ ਵਾਲੇ ਲੋਕਾਂ ਦੇ ਅਨੁਮਾਨਾਂ ਵਿਚ ਬਹੁਤ ਪ੍ਰਚਲਿਤ ਹੋਈ ਸੀ ਕਿ ਰੂਸ ਇੱਕ ਹਫ਼ਤੇ ਵਿਚ ਯੂਕਰੇਨ ਨਾਲ ਸ਼ੁਰੂ ਯੁੱਧ ਨੂੰ ਜਿੱਤ ਸਕਦਾ ਹੈ। ਇਸ ਯੁੱਧ ਵਿਚ ਰੂਸ ਦੇ ਹਫ਼ਤੇ ਭਰ ਵਿਚ ਯੁੱਧ ਜਿੱਤ ਜਾਣ ਦੇ ਭਰਮ ਦੀ ਇਹ ਧਾਰਨਾ ਪਹਿਲੇ ਹਫ਼ਤੇ ਵਿਚ ਹੀ ਬੁਰੀ ਤਰ੍ਹਾਂ ਟੁੱਟਣੀ ਸ਼ੁਰੂ ਹੋ ਗਈ ਸੀ। ਸ਼ੁਰੂਆਤੀ ਰੂਸੀ ਕਾਰਵਾਈ ਦੇ ਪੈਮਾਨੇ ਤੋਂ ਸਪਸ਼ਟ ਸੀ ਕਿ ਮਾਸਕੋ-ਯੂਕਰੇਨ ਦੀ ਸਰਕਾਰ ਅਤੇ ਫ਼ੌਜ ਨੂੰ ਤੇਜ਼ੀ ਨਾਲ ਖ਼ਤਮ ਕਰ ਦੇਵੇਗਾ। ਪਰ ਯੂਕਰੇਨੀ ਸਫ਼ਲ ਵਿਰੋਧ ਨੇ ਇਸ ਯੋਜਨਾ ਨੂੰ ਰੋਕ ਦਿੱਤਾ। ਰੂਸ ਦੀ ਇੱਕਦਮ ਜਿੱਤ ਨਾ ਹੋਣ ਨਾਲ ਪੱਛਮੀ ਦੇਸ਼ਾਂ ਨੂੰ ਵੀ ਉਹ ਮੌਕਾ ਮਿਲਿਆ ਜਿਸ ਦੀ ਸ਼ਾਇਦ ਮਾਸਕੋ ਨੇ ਪੂਰੀ ਤਰ੍ਹਾਂ ਗਿਣਤੀ-ਮਿਣਤੀ ਨਹੀਂ ਕੀਤੀ ਸੀ। ਅੱਜ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਵੱਡੇ ਪੈਮਾਨੇ 'ਤੇ ਲੰਮੇ ਸਮੇਂ ਤੋਂ ਚੱਲ ਰਹੇ ਰੂਸ-ਯੂਕਰੇਨ ਯੁੱਧ ਵੱਲ ਵਿਸ਼ਵ ਦਾ ਧਿਆਨ ਸੀਮਿਤ ਹੀ ਨਹੀਂ ਸਗੋਂ ਘੱਟ ਹੋ ਰਿਹਾ ਹੈ। ਯੂਕਰੇਨ ਦੇ ਨਾਲ-ਨਾਲ ਦੁਨੀਆ ਨੇ ਹੋਰ ਸੰਕਟ ਵੀ ਵੇਖੇ ਅਤੇ ਹੰਢਾਏ ਹਨ। ਜਿਨ੍ਹਾਂ ਵਿਚ ਇਜ਼ਰਾਈਲ-ਗਾਜ਼ਾ ਯੁੱਧ ਬਹੁਤ ਹੀ ਭਿਆਨਕ ਸੰਕਟ ਸੀ, ਈਰਾਨ-ਇਜ਼ਰਾਈਲ ਅਤੇ ਮੱਧ ਪੂਰਬ ਵਿਵਾਦ, ਲਾਲ ਸਾਗਰ ਸੰਕਟ, ਜੀਓ ਪਲੇਟਿਕਸ ਵਿਚ ਉਲਝੇ ਸੁਡਾਨ ਦਾ ਅੰਦਰੂਨੀ ਯੁੱਧ, ਚੀਨ-ਤਾਇਵਾਨ ਤਣਾਅ, ਅਮਰੀਕਾ-ਚੀਨ ਦੀ ਦੁਸ਼ਮਣੀ, ਦੁਨੀਆ ਭਰ ਵਿਚ ਚੱਲ ਰਿਹਾ ਇਮੀਗ੍ਰੇਸ਼ਨ ਅਤੇ ਆਰਥਿਕ ਸੰਕਟ ਵੀ ਸਾਹਮਣੇ ਹਨ। ਇਸ ਦੌਰਾਨ ਰਾਸ਼ਟਰਪਤੀ ਟਰੰਪ ਵੱਲੋਂ ਸ਼ੁਰੂ ਕੀਤਾ ਹੋਇਆ ਟੈਰਿਫ਼ ਯੁੱਧ ਵੀ ਚਲਦਾ ਰਿਹਾ ਹੈ ਜਿਸ ਨੇ ਵਿਸ਼ਵ ਵਪਾਰ ਵਿਚ ਖ਼ਤੋਤ ਅਤੇ ਦੁਨੀਆ ਭਰ ਵਿਚ ਆਰਥਿਕ ਮੰਦੀ ਦੇ ਹਾਲਾਤ ਪੈਦਾ ਕੀਤੇ ਹੋਏ ਹਨ। ਜਦੋਂ ਇੱਕ ਨਵਾਂ ਸੰਕਟ ਆਉਂਦਾ ਹੈ ਤਾਂ ਦੁਨੀਆ ਭਰ ਦੇ ਮੀਡੀਆ ਅਤੇ ਲੋਕਾਂ ਦਾ ਧਿਆਨ ਪੁਰਾਣੇ ਸੰਕਟ ਤੋਂ ਹਟ ਜਾਂਦਾ ਹੈ। ਇਸ ਤੋਂ ਇਲਾਵਾ ਪੱਛਮੀ ਸਮਾਜਾਂ ਵਿਚ ਵਧੀ ਹੋਈ ਚਿੰਤਾ ਕਿ ਅਸੀਂ ਹੋਰ ਕਿੰਨੇ ਸਾਲ ਅਤੇ ਕਿੰਨੇ ਅਰਬ ਡਾਲਰ ਖ਼ਰਚ ਕਰਦੇ ਰਹਾਂਗੇ। ਇਸ ਤੋਂ ਪਹਿਲਾਂ ਅਮਰੀਕਾ ਦੇ ਜੋ ਬਾਇਡਨ ਪ੍ਰਸ਼ਾਸਨ ਦਾ ਇਸ ਗੱਲ 'ਤੇ ਜ਼ੋਰ ਸੀ ਕਿ ਰੂਸ ਨੂੰ ਰੋਕਣ ਲਈ ਯੂਕਰੇਨ ਨੂੰ ਸਮਰਥਨ ਦਿੱਤਾ ਜਾਣਾ ਜ਼ਰੂਰੀ ਹੈ। ਪਰ ਟਰੰਪ ਦੀ ਵਾਪਸੀ ਨਾਲ ਸਾਰਾ ਬਿਰਤਾਂਤ ਹੀ ਬਦਲ ਚੁੱਕਾ ਹੈ। ਇਸ ਨਾਲ ਵਿਸ਼ਵ ਮੀਡੀਆ ਬਿਰਤਾਂਤ ਵੀ ਬਦਲ ਚੁੱਕਾ ਹੈ। ਹੁਣ ਸੁਰਖ਼ੀਆਂ ਵਿਚ ਰੂਸ-ਯੂਕਰੇਨ ਜੰਗ ਦਾ ਮੈਦਾਨ ਪਹਿਲਾ ਵਾਂਗ ਛਾਇਆ ਹੋਇਆ ਨਹੀਂ, ਅੱਜ ਦੇ ਦੌਰ ਵਿਚ ਇਰਾਨ ਇਜ਼ਰਾਈਲ ਅਮਰੀਕਾ ਯੁੱਧ, ਪਾਕਿਸਤਾਨ ਸ਼ਾਂਤੀ ਵਾਰਤਾ, ਜੰਗਬੰਦੀ, ਖੇਤਰੀ ਰਿਆਇਤਾਂ, ਸੁਰੱਖਿਆ ਗਰੰਟੀਆਂ, ਪਾਬੰਦੀਆਂ ਦਾ ਬੋਲ ਬਾਲਾ ਹੈ। ਹੁਣ ਯੂਰਪ ਆਪਣੀ ਲੰਬੀ ਮਿਆਦ ਦੀ ਸੁਰੱਖਿਆ ਯੋਜਨਾ ਦਾ ਨਿਰਮਾਣ ਕਰਨ ਵੱਲ ਵਧ ਰਿਹਾ ਹੈ। ਜਰਮਨੀ, ਪੋਲੈਂਡ, ਫਰਾਂਸ, ਯੂ.ਕੇ. ਕਨੇਡਾ ਅਤੇ ਹੋਰ ਯੂਰਪੀ ਦੇਸ਼ ਆਪਣੇ ਰੱਖਿਆ ਖ਼ਰਚੇ ਅਤੇ ਹਥਿਆਰਾਂ ਦੇ ਉਤਪਾਦਨ ਨੂੰ ਵਧਾ ਰਹੇ ਹਨ। ਜੇ ਇਸ ਪੂਰੀ ਲੜੀ ਨੂੰ ਜੋੜੀਏ ਤਾਂ 1990 ਦੀ ਨਾਟੋ-ਸੋਵੀਅਤ ਗੱਲਬਾਤ ਤੋਂ ਲੈ ਕੇ 2026 ਦੀ ਤੱਕ ਇੱਕ ਲੰਮੀ ਯੂਕਰੇਨ ਯੁੱਧ ਦੀ ਥਕਾਵਟ ਦੀ ਇੱਕ ਭੂ-ਰਾਜਨੀਤਿਕ ਕਹਾਣੀ ਬਣਦੀ ਹੈ।

ਅਖੀਰ ਵਿਚ ਸੁਆਲ ਇਹ ਬਣਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਯੁੱਧ ਖ਼ਤਮ ਹੋ ਸਕੇਗਾ ਜਾ ਨਹੀਂ? ਯੂਕਰੇਨ-ਰੂਸ ਯੁੱਧ ਨੇ ਸਮੁੱਚੀ ਦੁਨੀਆ 'ਤੇ ਕਿਸੇ ਨਾ ਕਿਸੇ ਤਰ੍ਹਾਂ ਦਾ ਬੁਰਾ ਪ੍ਰਭਾਵ ਪਾਇਆ ਹੈ। ਇਸ ਦੇ ਬਾਵਜੂਦ ਇਸ ਤਰ੍ਹਾਂ ਲੱਗਦਾ ਹੈ ਕਿ ਖੇਤਰੀ ਯੁੱਧ ਹੋਣ ਕਾਰਨ ਯੂਰਪ ਨੂੰ ਛੱਡ ਕੇ ਬਾਕੀ ਦੁਨੀਆ ਇਸ ਯੁੱਧ ਤੋਂ ਬਹੁਤੀ ਚਿੰਤਤ ਨਹੀਂ ਹੈ। ਅਗਲੇ ਕੁਝ ਮਹੀਨਿਆਂ ਵਿਚ ਅਮਰੀਕਾ ਦੀ ਪਹਿਲ ਨਾਲ ਰੂਸ-ਯੂਕਰੇਨ ਯੁੱਧ ਦੇ ਕਿਸੇ ਨਾ ਕਿਸੇ ਰੂਪ ਵਿਚ ਰੁਕਣ ਦੇ ਆਸਾਰ ਤਾਂ ਹਨ, ਪਰ ਪੂਰੀ ਅਤੇ ਸਥਾਈ ਸ਼ਾਂਤੀ-ਸੰਧੀ ਦੇ ਆਸਾਰ ਅਜੇ ਕਾਫ਼ੀ ਘੱਟ ਹਨ। ਲੰਮੀ ਲੜਾਈ ਤੋਂ ਥੱਕ ਚੁੱਕੇ ਦੋਵੇਂ ਮੁਲਕ ਕਿਸੇ ਸਮਝੌਤੇ ਦੀ ਤਲਾਸ਼ ਵਿਚ ਹਨ ਜਿਸ ਨਾਲ ਲੜਾਈ ਤਾਂ ਰੁਕ ਜਾਵੇਗੀ, ਪਰ ਅੰਤਿਮ ਸਰਹੱਦ ਤੈਅ ਨਹੀਂ ਹੋਵੇਗੀ। ਰੂਸ ਜਿਹੜੇ ਇਲਾਕੇ 'ਤੇ ਇਸ ਵੇਲੇ ਆਪਣੇ ਕਬਜ਼ੇ ਰੱਖਦਾ ਹੈ, ਉਹ ਅਸਲ ਵਿਚ ਉਸ ਦੇ ਕਬਜ਼ੇ ਵਿਚ ਰਹਿ ਸਕਦੇ ਹਨ, ਪਰ ਯੂਕਰੇਨ ਕਾਨੂੰਨੀ ਤੌਰ 'ਤੇ ਉਨ੍ਹਾਂ ਨੂੰ ਰੂਸ ਦਾ ਹਿੱਸਾ ਮੰਨਣ ਤੋਂ ਇਨਕਾਰ ਕਰਦਾ ਰਹੇਗਾ। ਇਹ ਵੀ ਸੰਭਾਵਨਾ ਹੈ ਕਿ ਸੀਮਿਤ ਜਿਹਾ ਸ਼ਾਂਤੀ ਸਮਝੌਤਾ ਵੀ ਹੋ ਜਾਵੇ। ਜਿਸ ਵਿਚ ਕੈਦੀਆਂ ਅਤੇ ਬੱਚਿਆਂ ਦੀ ਵਾਪਸੀ ਵਰਗੇ ਮਨੁੱਖੀ ਮੁੱਦੇ ਹੱਲ ਕੀਤੇ ਜਾਣ। ਜੰਗਬੰਦੀ ਦੀ ਲਾਈਨ ਤੈਅ ਹੋ ਜਾਵੇ, ਰੂਸ ਮੌਜੂਦਾ ਕਬਜ਼ੇ ਵਾਲੇ ਕੁਝ ਇਲਾਕੇ ਆਪਣੇ ਅਧਿਕਾਰ ਹੇਠ ਰੱਖੇ, ਯੂਕਰੇਨ ਦੇਸ਼ ਦਾ ਬਾਕੀ ਇਲਾਕਾ ਬਚਾ ਲੈਣ 'ਤੇ ਹੀ ਤਸੱਲੀ ਰੱਖੇ। ਯੂਕਰੇਨ ਨੂੰ ਨਾਟੋ ਦੀ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਜ਼ਿਦ ਛੱਡਣੀ ਪਵੇ ਅਤੇ ਬਦਲੇ ਵਿਚ ਅਮਰੀਕਾ ਅਤੇ ਯੂਰਪ ਵੱਲੋਂ ਮਜ਼ਬੂਤ ਸੁਰੱਖਿਆ ਗਾਰੰਟੀ ਮਿਲੇ ਜਿਸ ਦੀ ਜ਼ੇਲੇਂਸਕੀ ਲਗਾਤਾਰ ਮੰਗ ਕਰ ਰਿਹਾ ਹੈ। ਇੱਕ ਅਜਿਹੀ ਜੰਗਬੰਦੀ ਹੋਵੇਗੀ ਜਿਸ ਵਿਚ ਅਸਲ ਸਰਹੱਦੀ ਵਿਵਾਦ ਭਵਿੱਖ ਲਈ ਛੱਡ ਦਿੱਤਾ ਜਾਵੇਗਾ। ਇਸ ਸੰਭਾਵਨਾ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਰੂਸ ਆਪਣੀਆਂ ਮੁੱਖ ਜੰਗੀ ਮੰਗਾਂ ਤੋਂ ਪਿੱਛੇ ਹਟਣ ਤੋਂ ਨਾਂਹ ਕਰ ਦੇਵੇ। ਰੂਸੀ ਅਧਿਕਾਰੀਆਂ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਮਾਸਕੋ ਸਿਰਫ਼ ਉਨ੍ਹਾਂ ਨਵੀਆਂ ਤਜਵੀਜ਼ਾਂ ਨੂੰ ਵਿਚਾਰ ਸਕਦਾ ਹੈ ਜੋ ਜ਼ਮੀਨੀ ਹਕੀਕਤਾਂ ਨੂੰ ਮੰਨਣ। ਇਹ ਯੁੱਧ ਕਿਸੇ ਵੀ ਧਿਰ ਦੀ ਪੂਰੀ ਜਿੱਤ ਨਾਲ ਖ਼ਤਮ ਹੋਣ ਦੀ ਸੰਭਾਵਨਾ ਬਹੁਤ ਹੀ ਘੱਟ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਵੀ ਕਿਹਾ ਹੈ ਕਿ ਅਮਰੀਕਾ ਵਿਚੋਲਗੀ ਜਾਰੀ ਰੱਖਣਾ ਚਾਹੁੰਦਾ ਹੈ, ਪਰ ਤੇਜ਼ੀ ਨਾਲ ਫ਼ੌਰੀ ਹੱਲ ਦੀ ਉਮੀਦ ਨਹੀਂ ਕਰਨੀ ਚਾਹੀਦੀ।

ਯੂਕਰੇਨ ਅਤੇ ਇਰਾਨ ਯੁੱਧ ਨੇ ਵਿਸ਼ਵ ਲਈ ਇਹ ਵੱਡਾ ਸਬਕ ਦਿੱਤਾ ਹੈ ਕਿ ਵੱਡੀ ਅਤੇ ਤਾਕਤਵਰ ਫ਼ੌਜ ਆਪਣੇ ਆਪ ਵਿਚ ਜਿੱਤ ਦੀ ਗਾਰੰਟੀ ਨਹੀਂ ਹੁੰਦੀ। ਇਸ ਨਾਲ ਵੱਡੇ ਸੁਪਰ ਪਾਵਰ ਦੇਸ਼ਾਂ ਦਾ ਇਹ ਭਰਮ ਕਿ ਹਥਿਆਰਾਂ ਦਾ ਪੁਰਾਣਾ ਸਟਾਕ ਖ਼ਤਮ ਕਰਕੇ ਨਵੇਂ ਹਥਿਆਰ ਖ਼ਰੀਦ ਲਵਾਂਗੇ ਵਾਲੀ ਸੋਚ ਬਹੁਤ ਖ਼ਤਰਨਾਕ ਹੈ। ਇਹ ਵੀ ਕਿ ਜਿਸ ਦੇਸ਼ ਕੋਲ ਹਥਿਆਰ ਬਣਾਉਣ ਦੀ ਉਦਯੋਗਿਕ ਸਮਰੱਥਾ ਨਹੀਂ, ਉਹ ਲੰਮੀ ਜੰਗ ਨਹੀਂ ਲੜ ਸਕਦਾ। ਹੁਣ ਰੂਸ, ਇਰਾਨ, ਉੱਤਰੀ ਕੋਰੀਆ ਦੇ ਫ਼ੌਜੀ ਸਬੰਧ ਅਤੇ ਦੂਜੇ ਪਾਸੇ ਯੂਕਰੇਨ, ਯੂਰਪ, ਅਮਰੀਕਾ ਸਹਿਯੋਗ ਨੇ ਵੱਖ-ਵੱਖ ਖੇਤਰੀ ਟਕਰਾਅ ਨੂੰ ਆਪਸ ਵਿਚ ਜੋੜ ਦਿੱਤਾ ਹੈ। ਯੂਕਰੇਨ ਅਤੇ ਇਰਾਨ ਦੋਹਾਂ ਦੀਆਂ ਜੰਗਾਂ ਤੋਂ ਦੁਨੀਆ ਨੂੰ ਸਭ ਤੋਂ ਵੱਡਾ ਸਬਕ ਇਹ ਮਿਲਿਆ ਹੈ ਕਿ ਅਗਲੀ ਵੱਡੀ ਜੰਗ ਸਿਰਫ਼ ਟੈਂਕ ਅਤੇ ਲੜਾਕੂ ਜਹਾਜ਼ਾਂ ਦੀ ਜੰਗ ਨਹੀਂ ਹੋਵੇਗੀ ਹੁਣ ਇਹ ਡਰੋਨ, ਮਿਜ਼ਾਈਲਾਂ, ਉਪਗ੍ਰਹਿ, ਸਾਈਬਰ, ਇਲੈਕਟ੍ਰਾਨਿਕ ਯੁੱਧ, ਖੁਫ਼ੀਆ ਜਾਣਕਾਰੀ, ਉਦਯੋਗਿਕ ਉਤਪਾਦਨ ਅਤੇ ਹਾਸਲ ਜਾਣਕਾਰੀ ਦੀ ਇਕੱਠੀ ਜੰਗ ਹੋਵੇਗੀ। ਇਸ ਤੋਂ ਵੀ ਵੱਡਾ ਰਾਜਨੀਤਕ ਸਬਕ ਇਹ ਹੈ ਕਿ ਜੰਗ ਸ਼ੁਰੂ ਕਰਨਾ ਆਸਾਨ ਹੋ ਸਕਦਾ ਹੈ, ਪਰ ਉਸ ਦਾ ਅੰਤ ਆਪਣੇ ਹੱਥ ਵਿਚ ਰੱਖਣਾ ਬਹੁਤ ਮੁਸ਼ਕਲ ਹੈ। ਦੁਨੀਆ ਵਾਸਤੇ ਇਸ ਯੁੱਧ ਦੇ ਸਬਕ ਇਹ ਵੀ ਹਨ ਕਿ ਸ਼ਾਂਤੀ ਲਈ ਕੂਟਨੀਤੀ ਜੰਗ ਸ਼ੁਰੂ ਹੋਣ ਤੋਂ ਬਾਅਦ ਨਹੀਂ, ਸਗੋਂ ਜੰਗ ਤੋਂ ਪਹਿਲਾਂ ਕਰਨੀ ਸਭ ਦੇ ਹਿਤ ਵਿਚ ਹੁੰਦੀ ਹੈ। ਇਸ ਜੰਗ ਦਾ ਦੁਨੀਆ ਵਾਸਤੇ ਸਭ ਤੋਂ ਵੱਡਾ ਇੱਕ ਹੋਰ ਵੀ ਸਬਕ ਸ਼ਾਇਦ ਇਹ ਹੈ ਕਿ 21ਵੀਂ ਸਦੀ ਵਿਚ ਜੰਗ ਦਾ ਜੇਤੂ ਵੀ ਅਕਸਰ ਹਾਰਿਆ ਹੋਇਆ ਹੀ ਹੁੰਦਾ ਹੈ। ਆਰਥਿਕ ਪਾਬੰਦੀਆਂ ਹਥਿਆਰਾਂ ਦਾ ਬਦਲ ਨਹੀਂ ਬਣ ਸਕਦੀਆਂ, ਪਰ ਲੰਬੀ ਜੰਗ ਦਾ ਮਹੱਤਵਪੂਰਨ ਮੋਰਚਾ ਜ਼ਰੂਰ ਹਨ। ਵੱਡੀਆਂ ਤਾਕਤਾਂ ਦੇ ਟਕਰਾਅ ਵਿਚ ਛੋਟੇ ਦੇਸ਼ ਜੰਗ ਦਾ ਮੈਦਾਨ ਨਾ ਬਣਨ। ਇਸ ਲਈ ਦੁਨੀਆ ਲਈ ਅਸਲ ਸਬਕ ਇਹ ਨਹੀਂ ਕਿ ਜੰਗ ਕਿਵੇਂ ਜਿੱਤੀ ਜਾਵੇ, ਬਲਕਿ ਇਹ ਹੈ ਕਿ ਜੰਗ ਨੂੰ ਕਿਵੇਂ ਰੋਕਿਆ ਜਾਵੇ।

# ਅਰੁੰਧਤੀ ਰਾਏ 'ਦ ਸਕ੍ਰੋਲ' ਦੀ ਸੰਪਾਦਕ ਸੁਪ੍ਰਿਆ ਸ਼ਰਮਾ ਨਾਲ ਜੰਤਰ-ਮੰਤਰ ਵਿਖੇ ਚਹਿਲਕਦਮੀਂ ਕਰਦਿਆਂ

ਸੋਮਵਾਰ ਦੀ ਸਵੇਰ, ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਮੋਦੀ ਸਰਕਾਰ ਤੋਂ ਅਸਤੀਫ਼ਾ ਦੇਣ ਤੋਂ ਇੱਕ ਦਿਨ ਬਾਅਦ, ਲੇਖਿਕਾ ਅਤੇ ਕਾਰਕੁਨ ਅਰੁੰਧਤੀ ਰਾਏ ਆਪਣੀ ਮਰਜ਼ੀ ਨਾਲ ਸਾਡੇ ਨਾਲ ਜੰਤਰ-ਮੰਤਰ ਆਉਣ ਲਈ ਮੰਨ ਗਈ।

36 ਦਿਨਾਂ ਤੱਕ ਸੈਂਕੜੇ ਨੌਜਵਾਨ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਉੱਥੇ ਡੇਰਾ ਲਾਈ ਬੈਠੇ ਰਹੇ। ਪਿਛਲੇ ਹਫ਼ਤੇ ਪੁਲਿਸ ਦੀ ਕਾਰਵਾਈ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਹੋਰ ਵੀ ਤਿੱਖਾ ਹੋ ਗਿਆ, ਜਿਸ ਵਿਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ। ਉਨ੍ਹਾਂ ਵਿਚੋਂ ਬਹੁਤਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਖੁੱਲ੍ਹੇਆਮ ਮਜ਼ਾਕ ਉਡਾਇਆ ਅਤੇ ਉਸ ਦੀ ਆਲੋਚਨਾ ਕੀਤੀ।

ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰਨ ਲਈ ਇੱਕ ਵਾਰ ਜਨਤਕ ਤੌਰ 'ਤੇ ਸਾਹਮਣੇ ਆਉਣ ਤੋਂ ਇਲਾਵਾ, ਰਾਏ ਨੇ ਸਾਨੂੰ ਦੱਸਿਆ ਕਿ ਉਹ ਭੇਸ ਬਦਲ ਕੇ ਕਈ ਵਾਰ ਜੰਤਰ-ਮੰਤਰ

**ਪੇਸ਼ਕਸ਼: ਸੁਪ੍ਰਿਆ ਸ਼ਰਮਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਗਈ ਸੀ। ਉਸ ਨੇ ਕਿਹਾ ਕਿ ਮੋਦੀ ਨੂੰ ਨਿਸ਼ਾਨਾ ਬਣਾਉਣ ਵਾਲੇ ਚੁਟਕਲਿਆਂ, ਮੀਮਾਂ ਅਤੇ ਨਾਅਰਿਆਂ ਕਾਰਨ ਉਸ ਦੀਆਂ ਗੱਲ੍ਹਾਂ 'ਇੰਨਾ ਹੱਸਣ ਕਾਰਨ ਦੁਖਣ' ਲੱਗ ਪਈਆਂ ਸਨ।

ਉਸ ਨੇ ਕਿਹਾ ਕਿ ਨੌਜਵਾਨ ਪ੍ਰਦਰਸ਼ਨਕਾਰੀਆਂ ਨੇ 'ਦੱਬੀ ਹੋਈ ਗੱਲ ਖੁੱਲ੍ਹ ਕੇ ਕਹਿ ਦਿੱਤੀ'। 'ਸਾਡੇ ਸਾਰਿਆਂ ਦੇ ਮਨਾਂ ਵਿਚ ਇਹ ਗੱਲਾਂ ਸਨ, ਪਰ ਅਸੀਂ ਉਨ੍ਹਾਂ ਨੂੰ ਕਹਿ ਨਹੀਂ ਸਕਦੇ ਸੀ।

ਤੁਸੀਂ ਇਕੱਲੇ ਤਾਂ ਇਹ ਨਹੀਂ ਕਹਿ ਸਕਦੇ, ਪਰ ਭੀੜ ਵਿਚ ਉਨ੍ਹਾਂ ਨੂੰ ਕੌਣ ਰੋਕ ਸਕਦਾ ਹੈ?'

ਉਸ ਨੇ ਕਿਹਾ, 'ਮੇਰੇ ਲਈ ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇੱਕ ਅਜਿਹਾ ਸ਼ਖ਼ਸ, ਜਿਸ ਨੇ 2002 ਤੋਂ ਸ਼ੁਰੂ ਕਰਕੇ ਲਗਭਗ 24 ਸਾਲ ਤੱਕ ਆਪਣਾ ਅਕਸ ਇੰਨੀ ਸਾਵਧਾਨੀ ਨਾਲ ਘੜਿਆ; ਇੱਕ ਅਜਿਹਾ ਸ਼ਖ਼ਸ, ਜਿਸ ਨੇ ਕਦੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਨਾ ਮੁਨਾਸਿਬ ਨਹੀਂ ਸਮਝਿਆ; ਇੱਕ ਅਜਿਹਾ ਸ਼ਖ਼ਸ, ਜੋ ਟੈਲੀਪ੍ਰੌਂਪਟਰ ਜਾਂ ਹੱਥ ਵਿਚ ਛੋਟੀ ਜਿਹੀ ਪਰਚੀ ਲੈ ਕੇ ਬੋਲਦਾ ਫਿਰਦਾ ਹੈ ਅਤੇ ਜਿਸ ਨੂੰ ਅਜੇ ਵੀ ਵਿਸ਼ਵ ਗੁਰੂ ਅਤੇ ਵਿਸ਼ਨੂੰ ਦਾ ਅਵਤਾਰ ਆਦਿ ਕਿਹਾ ਜਾਂਦਾ ਹੈ—ਉਸ ਨੂੰ ਅਚਾਨਕ ਇਨ੍ਹਾਂ ਬੱਚਿਆਂ ਨੇ ਦੋ ਹਫ਼ਤਿਆਂ ਵਿਚ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ।'

ਸਪਸ਼ਟਤਾ ਲਈ ਥੋੜ੍ਹਾ ਸੰਪਾਦਿਤ ਕੀਤਾ ਇਸ ਗੱਲਬਾਤ ਦਾ ਸੰਖੇਪ ਵੇਰਵਾ ਪੇਸ਼ ਹੈ:

ਤੁਸੀਂ ਪਿਛਲੀ ਵਾਰ ਇੱਥੇ ਕਦੋਂ ਆਏ ਸੀ?

ਮੈਂ ਇੱਥੇ ਸਮਾਪਤੀ ਤੋਂ ਇੱਕ ਦਿਨ ਪਹਿਲਾਂ ਆਈ ਸੀ। ਮੇਰਾ ਮਤਲਬ ਹੈ, ਉਸ ਵਿਅਕਤੀ ਦੇ ਅਸਤੀਫ਼ੇ ਤੋਂ ਇੱਕ ਦਿਨ ਪਹਿਲਾਂ।

ਉਸ ਵੇਲੇ ਦਾ ਮਾਹੌਲ ਕਿਹੋ ਜਿਹਾ ਸੀ?

ਖ਼ੈਰ, ਅੰਦਰ ਜਾਣ ਵਾਲੀ ਕਤਾਰ ਏਨੀ ਲੰਮੀ ਸੀ ਕਿ ਮੈਂ ਨਹੀਂ ਜਾ ਸਕੀ। ਇਸ ਲਈ ਮੈਂ ਬਾਹਰ ਹੀ ਘੁੰਮਦੀ ਰਹੀ ਅਤੇ ਜ਼ਾਹਿਰ ਹੈ ਕਿ ਮੈਂ ਮਾਸਕ ਵੀ ਪਾਇਆ ਹੋਇਆ ਸੀ। ਇਹ ਬੜੇ ਮਜ਼ੇਦਾਰ ਢੰਗ ਨਾਲ ਬੇਬਾਕ ਸੀ, ਤੁਸੀਂ ਜਾਣਦੇ ਹੋ। ਮੈਂ ਹਮੇਸ਼ਾ ਸੋਚਦੀ ਹਾਂ ਕਿ ਹਾਸਾ ਰਾਜਨੀਤੀ ਦਾ ਸਾਰ ਹੈ।

ਪਿਛਲੇ 24 ਸਾਲ ਤੋਂ ਪ੍ਰਧਾਨ ਮੰਤਰੀ ਮੇਰੇ ਨਿਸ਼ਾਨੇ 'ਤੇ ਸੀ, ਇਸ ਲਈ ਇਹ ਸਭ ਸੁਣ ਕੇ ਮੈਨੂੰ ਬਹੁਤ ਰਾਹਤ ਮਿਲੀ। ਮੈਨੂੰ ਲੱਗਦਾ ਸੀ ਕਿ ਅਜਿਹਾ ਕੁਝ ਵਾਪਰਨ ਤੋਂ ਪਹਿਲਾਂ ਹੀ ਮੈਂ ਮਰ ਜਾਵਾਂਗੀ ਅਤੇ ਇਹ ਬਹੁਤ ਹੀ ਅਦਭੁੱਤ ਸੀ। ਪਰ ਹੁਣ ਥੋੜ੍ਹਾ ਡਰ ਵੀ ਲੱਗ ਰਿਹਾ ਹੈ। ਚੁੱਪ ਛਾਈ ਹੋਈ ਹੈ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ।

ਇਹ ਸਭ ਕੁਝ ਅਵਿਸ਼ਵਾਸਯੋਗ ਜਿਹਾ ਲੱਗਦਾ ਹੈ। ਸਾਰਾ ਕੁਝ ਇੱਕ ਹਫ਼ਤੇ ਦੇ ਅੰਦਰ ਹੋ ਗਿਆ। ਇਸ ਦੀ ਸ਼ੁਰੂਆਤ ਪਹਿਲਾਂ ਹੀ ਹੋ ਰਹੀ ਸੀ, ਪਰ ਆਖ਼ਰੀ ਹਫ਼ਤੇ ਦੌਰਾਨ ਇਹ ਆਪਣੇ ਸਿਖ਼ਰ 'ਤੇ ਪਹੁੰਚ ਗਿਆ। ਕੀ ਤੁਸੀਂ ਸ਼ੁਰੂਆਤੀ ਦਿਨਾਂ ਵਿਚ ਇੱਥੇ ਮੌਜੂਦ ਸੀ?

ਮੈਂ ਸ਼ੁਰੂਆਤੀ ਦਿਨਾਂ ਵਿਚ ਆਈ ਸੀ। ਫਿਰ ਕੁਝ ਸਮੇਂ ਲਈ ਨਹੀਂ ਆਈ, ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਗੁੰਝਲਦਾਰ ਮਾਮਲਾ ਹੈ। ਮੈਂ ਨਹੀਂ ਚਾਹੁੰਦੀ ਸੀ ਕਿ ਮੇਰੀ ਵਧੇਰੇ ਇਨਕਲਾਬੀ ਮੰਨੀ ਜਾਣ ਵਾਲੀ ਲਿਖਤ ਨੂੰ ਇੱਕ ਅਜਿਹੇ ਅੰਦੋਲਨ ਨਾਲ ਜੋੜਿਆ ਜਾਵੇ, ਜਿਸ ਦੀ ਮੰਗ—ਘੱਟੋ-ਘੱਟ ਉੱਪਰੋਂ ਵੇਖਣ 'ਤੇ—ਬਹੁਤ ਸੀਮਤ ਸੀ। ਇਹੀ ਕਾਰਨ ਸੀ ਕਿ ਇਹ ਅੰਦੋਲਨ ਏਨਾ ਵਿਆਪਕ ਸੀ, ਵਗੈਰਾ-ਵਗੈਰਾ। ਇਸ ਲਈ ਮੈਂ ਸਾਵਧਾਨ ਸੀ ਕਿ ਆਪਣੇ-ਆਪ ਨੂੰ ਇਸ ਨਾਲ ਜੁੜਨ ਨਾ ਦਿਆਂ।

ਤੁਸੀਂ ਪਿਛਲੇ ਹਫ਼ਤੇ ਇੱਕ ਲੇਖ ਵਿਚ ਲਿਖਿਆ ਸੀ, ਕਿ ਸ਼ੁਰੂ ਵਿਚ ਜੋ ਕੁਝ ਹੋ ਰਿਹਾ ਸੀ, ਉਸ ਕਾਕਰੋਚ ਜਨਤਾ ਪਾਰਟੀ ਨੂੰ ਲੈ ਕੇ ਤੁਹਾਡੇ ਮਨ ਵਿਚ ਖ਼ਦਸ਼ੇ ਸਨ, ਪਰ ਫਿਰ ਕੁਝ ਬਦਲ ਗਿਆ।

ਹਾਂ, ਅੰਨਾ ਹਜ਼ਾਰੇ ਅੰਦੋਲਨ ਅਤੇ ਉਸ ਵਿਚ ਸੱਜੇ-ਪੱਖੀ ਵਿਚਾਰਧਾਰਾ ਦੀ ਘੁਸਪੈਠ ਕਾਰਨ ਮੈਂ ਥੋੜ੍ਹੀ ਚਿੰਤਤ ਸੀ। ਮੈਨੂੰ ਪਤਾ ਸੀ ਕਿ ਇਸ ਵਿਚ ਸ਼ਾਮਲ ਕੁਝ ਬੱਚਿਆਂ ਨੂੰ ਉਸੇ ਕਿਸਮ ਦੀ ਵਿਚਾਰਧਾਰਾ ਅਨੁਸਾਰ ਸਿਖਲਾਈ ਦਿੱਤੀ ਗਈ ਸੀ। ਇਸ ਲਈ ਮੈਂ ਸਿਰਫ਼ ਇਹ ਦੇਖਣਾ ਚਾਹੁੰਦੀ ਸੀ ਕਿ ਅੱਗੇ ਕੀ ਹੁੰਦਾ ਹੈ, ਨਾਅਰੇ ਕੀ ਹੋਣਗੇ ਅਤੇ ਪ੍ਰਤੀਕ ਕੀ ਹੋਣਗੇ।

ਪਰ ਮੈਨੂੰ ਉਸ ਵੇਲੇ ਤਸੱਲੀ ਹੋਈ, ਜਦੋਂ ਅਭਿਜੀਤ ਦਿਪਕੇ ਨੂੰ ਕਹਿੰਦੇ ਸੁਣਿਆ, 'ਜੇ ਮੇਰਾ ਨਾਂ ਖ਼ਾਲਿਦ ਹੁੰਦਾ ਤਾਂ ਇਹ ਲੋਕ ਮੈਨੂੰ ਇਹ ਸਭ ਕੁਝ ਕਰਨ ਨਾ ਦਿੰਦੇ।' ਸਿੱਧੇ-ਸਾਦੇ ਸ਼ਬਦਾਂ ਵਿਚ ਕਹੀ ਗਈ ਇਹ ਬਹੁਤ ਡੂੰਘੀ ਗੱਲ ਸੀ। ਤੁਸੀਂ ਦੇਖਿਆ ਕਿ ਕਿਵੇਂ ਇਸ ਭਿਆਨਕ ਰਾਸ਼ਟਰਵਾਦੀ, ਹਿੰਦੂ ਰਾਸ਼ਟਰਵਾਦੀ ਬਿਆਨਬਾਜ਼ੀ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਕੀਤਾ ਗਿਆ ਹੈ, ਜਿਸ ਵਿਚ ਅਸੀਂ ਸਾਰੇ ਡੁੱਬੇ ਹੋਏ ਹਾਂ। ਇਹ ਬਹੁਤ ਹੀ ਹੌਸਲਾ ਦੇਣ ਵਾਲਾ ਸੀ ਅਤੇ ਉਸੇ ਵੇਲੇ ਮੈਂ ਇੱਥੇ ਆਉਣ ਦਾ ਫ਼ੈਸਲਾ ਕੀਤਾ।

ਇਹ ਸਭ ਇੱਕ ਮਜ਼ਾਕ ਨਾਲ ਸ਼ੁਰੂ ਹੋਇਆ ਸੀ, ਜੋ ਇਸ ਨੂੰ ਹੋਰ ਵੀ ਅਵਿਸ਼ਵਾਸਯੋਗ ਬਣਾ ਦਿੰਦਾ ਹੈ। ਮੇਰਾ ਮਤਲਬ ਹੈ, ਇਹ ਸੋਸ਼ਲ ਮੀਡੀਆ 'ਤੇ ਇੱਕ ਪੈਰੋਡੀ ਵਜੋਂ ਸ਼ੁਰੂ ਹੋਇਆ ਸੀ, ਜਿਸ ਵਿਚ ਐਨਕ ਪਹਿਨੇ ਹੋਏ ਕਾਕਰੋਚ ਦੀ ਏ.ਆਈ। ਨਾਲ ਬਣਾਈ ਗਈ ਤਸਵੀਰ ਸੀ।

ਮੇਰਾ ਖ਼ਿਆਲ ਹੈ ਕਿ ਅਸੀਂ ਸਾਰੇ, ਜੋ ਇਸ ਵਿਆਪਕ ਬਹਿਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਹਾਸ਼ੀਏ 'ਤੇ ਰਹੇ ਹਾਂ ਜਾਂ ਘੱਟੋ-ਘੱਟ ਮੁੱਖਧਾਰਾ ਮੀਡੀਆ ਵੱਲੋਂ ਹਾਸ਼ੀਏ 'ਤੇ ਧੱਕੇ ਅਤੇ ਬਦਨਾਮ ਕੀਤੇ ਗਏ ਹਾਂ, ਸਾਡੇ ਲਈ ਇਹ ਨਵਾਂ ਤਜਰਬਾ ਸੀ। ਇਸ ਨੂੰ ਜਥੇਬੰਦ ਕਰਨ ਦਾ ਢੰਗ ਵੀ ਨਵਾਂ ਸੀ। ਮੇਰਾ ਖ਼ਿਆਲ ਹੈ ਕਿ ਲੋਕ ਇਸ ਤੋਂ ਅਤੇ ਇਨ੍ਹਾਂ ਲੋਕਾਂ ਤੋਂ ਬਹੁਤ ਕੁਝ ਸਿੱਖਣਗੇ।

ਉਨ੍ਹਾਂ ਨੇ ਸਾਨੂੰ ਇੱਕ ਤੋਹਫ਼ਾ ਦਿੱਤਾ ਹੈ। ਮੈਨੂੰ ਨਹੀਂ ਪਤਾ ਕਿ ਇਸ ਦਾ ਅੱਗੇ ਕੀ ਹੋਵੇਗਾ। ਮੇਰਾ ਮੰਨਣਾ ਹੈ ਕਿ ਇਸ ਨੇ ਆਪਣੇ ਟੀਚੇ ਤੋਂ ਕਿਤੇ ਵੱਧ ਹਾਸਲ ਕਰ ਲਿਆ ਹੈ, ਕਿਉਂਕਿ ਸਿੱਖਿਆ ਮੰਤਰੀ ਦਾ ਅਸਤੀਫ਼ਾ ਇੱਕ ਤਰ੍ਹਾਂ ਦੀ ਰਸਮੀ ਮੰਗ ਸੀ ਅਤੇ ਉਹ ਇਸ ਵਿਚ ਕਾਮਯਾਬ ਰਹੇ।

ਪਰ ਜਿਵੇਂ ਕਿ ਅਸੀਂ ਜਾਣਦੇ ਹਾਂ—ਮੇਰਾ ਮਤਲਬ ਹੈ, ਮੈਂ ਹੁਣੇ ਨਵੇਂ ਸਿੱਖਿਆ ਮੰਤਰੀ ਦੀ ਇੱਕ ਵੀਡੀਓ ਦੇਖ ਰਹੀ ਸੀ, ਜਿਸ ਨੂੰ ਹੁਣੇ-ਹੁਣੇ ਦੱਸਿਆ ਗਿਆ ਹੈ, ਜਿਵੇਂ, 'ਓ ਬੌਸ, ਤੁਸੀਂ ਸਿੱਖਿਆ ਮੰਤਰੀ ਹੋ।' ਉਨ੍ਹਾਂ ਦੇ ਕੰਮ ਕਰਨ ਦਾ ਢੰਗ ਇਹੀ ਹੈ। ਇੰਝ ਲੱਗਦਾ ਹੈ ਜਿਵੇਂ ਗੰਦਗੀ ਦੇ ਢੇਰ ਉੱਤੇ ਬੈਠਾ ਇੱਕ ਨਿੱਕਾ ਜਿਹਾ ਪ੍ਰਤੀਕ ਹਟਾ ਕੇ ਉਸ ਦੀ ਥਾਂ ਦੂਜਾ ਰੱਖ ਦਿੱਤਾ ਗਿਆ ਹੋਵੇ, ਪਰ ਗੰਦਗੀ ਦਾ ਢੇਰ ਅਜੇ ਵੀ ਉੱਥੇ ਹੀ ਹੈ।

ਜੇ ਤੁਸੀਂ ਸਿਰਫ਼ ਸਿੱਖਿਆ ਦੀ ਗੱਲ ਕਰੋ ਤਾਂ ਨਿੱਜੀਕਰਨ, ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣਾ—ਤੁਸੀਂ ਜਾਣਦੇ ਹੋ ਕਿ ਨੀਟ ਇੱਕ ਉੱਚ ਪੱਧਰੀ ਪ੍ਰੀਖਿਆ ਹੈ—ਪਰ ਇਸ ਤੱਥ ਵੱਲ ਧਿਆਨ ਦਿਓ ਕਿ ਉਹ ਸਿੱਖਿਆ ਦਾ ਨਿੱਜੀਕਰਨ ਕਰ ਰਹੇ ਹਨ।

ਦਲਿਤਾਂ ਅਤੇ ਹੋਰ ਪੱਛੜੇ ਵਰਗਾਂ (ਓਬੀਸੀ) ਵਰਗੇ ਵਾਂਝੇ ਵਿਦਿਆਰਥੀਆਂ ਦੇ ਸਾਰੇ ਵਰਗਾਂ ਨੂੰ ਹੌਲੀ-ਹੌਲੀ ਇਸ ਤੋਂ ਬਾਹਰ ਕੀਤਾ ਜਾ ਰਿਹਾ ਹੈ। ਪੂਰੇ ਸਿਲੇਬਸ ਨੂੰ ਇੱਕ ਤਰ੍ਹਾਂ ਨਾਲ ਮੂਰਖਤਾਪੂਰਨ ਬਣਾ ਦਿੱਤਾ ਗਿਆ ਹੈ। ਉਹ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸਪਸ਼ਟ ਤੌਰ 'ਤੇ ਕਾਮਯਾਬ ਨਹੀਂ ਹੋ ਰਹੇ, ਕਿਉਂਕਿ ਇਹ ਨੌਜਵਾਨ ਪੀੜ੍ਹੀ ਬੇਹੱਦ ਮਜ਼ਾਹੀਆ ਅਤੇ ਅਦਭੁੱਤ ਸਾਬਤ ਹੋਈ ਹੈ।

ਪਰ ਸਿੱਖਿਆ ਮੰਤਰਾਲੇ ਅਤੇ ਸਿੱਖਿਆ ਪ੍ਰਣਾਲੀ ਦੇ ਅੰਦਰ ਹੀ ਬਹੁਤ ਕੁਝ ਅਜਿਹਾ ਹੈ, ਜਿਸ ਵੱਲ ਧਿਆਨ ਨਹੀਂ ਦਿੱਤਾ ਗਿਆ। ਭਾਜਪਾ ਦੇ ਉਨ੍ਹਾਂ ਹਮਾਇਤੀਆਂ ਨੂੰ ਹੀ ਦੇਖ ਲਓ, ਜੋ ਅਸਤੀਫ਼ਾ ਦੇ ਚੁੱਕੇ ਇਸ ਮੰਤਰੀ ਦੀ ਪ੍ਰਸ਼ੰਸਾ ਇਸ ਤਰ੍ਹਾਂ ਕਰ ਰਹੇ ਹਨ, ਜਿਵੇਂ ਉਸ ਨੇ ਵਿਦਿਆਰਥੀਆਂ ਦੇ ਹਿੱਤ ਵਿਚ ਆਪਣੇ-ਆਪ ਨੂੰ ਕੁਰਬਾਨ ਕਰ ਦਿੱਤਾ ਹੋਵੇ ਅਤੇ ਉਸ ਨੂੰ ਸ਼ਰਮਿੰਦਾ ਹੋ ਕੇ ਅਹੁਦਾ ਛੱਡਣ ਲਈ ਮਜਬੂਰ ਨਾ ਹੋਣਾ ਪਿਆ ਹੋਵੇ। ਮੇਰਾ ਖ਼ਿਆਲ ਹੈ ਕਿ ਦੋਵਾਂ ਧਿਰਾਂ ਲਈ ਖੇਡ ਅਜੇ ਸ਼ੁਰੂ ਹੀ ਹੋਈ ਹੈ। ਘੱਟੋ-ਘੱਟ ਮੈਨੂੰ ਤਾਂ ਇਹੀ ਆਸ ਹੈ।

ਤੁਸੀਂ ਇਸ ਪੀੜ੍ਹੀ ਦੀ ਹਾਸੇ-ਵਿਅੰਗ ਦੀ ਸਮਰੱਥਾ ਬਾਰੇ ਗੱਲ ਕੀਤੀ। ਇਹ ਅਜਿਹੀ ਪੀੜ੍ਹੀ ਹੈ, ਜਿਸ ਨੂੰ ਮੀਡੀਆ, ਫ਼ਿਲਮਾਂ ਅਤੇ ਇੱਥੋਂ ਤੱਕ ਕਿ ਪਾਠ-ਪੁਸਤਕਾਂ ਰਾਹੀਂ ਵੀ ਏਨਾ ਕੂੜ ਪ੍ਰਚਾਰ ਪਰੋਸਿਆ ਗਿਆ ਹੈ। ਉਹ ਇਨ੍ਹਾਂ ਸਾਰੀਆਂ ਗੱਲਾਂ ਨੂੰ ਕਿਵੇਂ ਸਮਝ ਲੈਂਦੇ ਹਨ?



ਅੱਛਾ, ਮੇਰਾ ਖ਼ਿਆਲ ਹੈ ਕਿ ਪਹਿਲੀ ਗੱਲ ਕਿ ਕੂੜ ਪ੍ਰਚਾਰ ਬਹੁਤਾ ਸੂਖਮ ਜਾਂ ਸੰਜੀਦਾ ਨਹੀਂ ਹੈ। ਇਹ ਏਨਾ ਘਟੀਆ ਹੈ ਕਿ ਔਸਤ ਬੁੱਧੀ ਵਾਲਾ ਵਿਅਕਤੀ ਵੀ ਇਸ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਬਹੁਤ ਸਾਰੇ ਲੋਕਾਂ ਨੇ ਸੋਚਿਆ ਸੀ ਕਿ ਬੱਚੇ ਇਸ ਨੂੰ ਸਮਝ ਨਹੀਂ ਸਕਣਗੇ, ਪਰ ਸਪਸ਼ਟ ਤੌਰ 'ਤੇ ਉਹ ਸਮਝ ਗਏ।

ਦੂਜੀ ਗੱਲ ਇਹ ਹੈ ਕਿ ਕੂੜ ਪ੍ਰਚਾਰ ਦੀ ਵੀ ਇੱਕ ਸੀਮਤ ਮਿਆਦ ਹੁੰਦੀ ਹੈ। ਦਿੱਲੀ ਵਿਚ ਜਿਨ੍ਹਾਂ ਲੋਕਾਂ ਦੇ ਘਰਾਂ ਅਤੇ ਝੁੱਗੀਆਂ ਨੂੰ ਬੁਲਡੋਜ਼ਰਾਂ ਨਾਲ ਢਾਹਿਆ ਜਾ ਰਿਹਾ ਹੈ, ਉਹ ਕਹਿ ਰਹੇ ਹਨ, 'ਫਿਰ ਵੀ ਮੋਦੀ ਜੀ ਨੂੰ ਵੋਟ ਦਿਆਂਗੇ।' ਪਰ ਦੂਜੇ ਪਾਸੇ ਹਕੀਕਤ ਵੀ ਮੌਜੂਦ ਹੈ—ਜਿਵੇਂ ਕਿਹਾ ਜਾਂਦਾ ਹੈ, ਜਦੋਂ ਅਸਲੀ ਪ੍ਰੀਖਿਆ ਦੀ ਘੜੀ ਆਉਂਦੀ ਹੈ। ਇੱਥੋਂ ਤੱਕ ਕਿ ਮੋਦੀ-ਭਗਤ ਮਾਪੇ ਵੀ ਆਪਣੇ ਬੱਚਿਆਂ ਦਾ ਭਵਿੱਖ ਹਨੇਰੇ ਵਿਚ ਡੁੱਬਦਾ ਦੇਖ ਰਹੇ ਹਨ।

ਮੇਰਾ ਮਤਲਬ ਹੈ, ਤੁਸੀਂ ਇੱਥੇ ਨੀਟ ਦੇ ਪ੍ਰਸ਼ਨ-ਪੱਤਰ ਲੀਕ ਹੋਣ ਜਾਂ ਹੋਰ ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰ ਰਹੇ ਹੋ, ਪਰ ਮੈਡੀਕਲ, ਇੰਜੀਨੀਅਰਿੰਗ ਜਾਂ ਕਿਸੇ ਵੀ ਹੋਰ ਵਿਸ਼ੇ ਦੀ ਪੰਜ ਸਾਲ ਤੱਕ ਪੜ੍ਹਾਈ ਕਰਨ ਤੋਂ ਬਾਅਦ ਵੀ ਨੌਕਰੀਆਂ ਨਹੀਂ ਮਿਲਦੀਆਂ।

ਤਾਂ ਫਿਰ ਤੁਸੀਂ ਸੋਚਦੇ ਹੋ ਕਿ ਤੁਹਾਡੇ ਲਈ ਕੀ ਸੰਭਾਵਨਾਵਾਂ ਹਨ?

ਜੀ ਹਾਂ, ਤੁਹਾਡੀਆਂ ਕੀ ਸੰਭਾਵਨਾਵਾਂ ਹਨ? ਸਾਡੇ ਵਿਚੋਂ ਕੁਝ ਲੋਕ ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖ਼ਲ ਕੀਤੇ ਜਾਣ ਅਤੇ ਲੋਕਾਂ ਦੇ ਉਜਾੜੇ ਬਾਰੇ ਲਿਖਦੇ ਰਹੇ ਹਨ। ਹੁਣ ਪਾਣੀ—ਨਰਮਦਾ ਦਾ ਡੁੱਬਦਾ-ਚੜ੍ਹਦਾ ਪਾਣੀ, ਨਰਮਦਾ ਦਾ ਵਧਦਾ ਜਲ-ਪੱਧਰ—ਮੱਧ ਵਰਗ ਤੱਕ ਪਹੁੰਚ ਗਿਆ ਹੈ। ਤੁਸੀਂ ਜਾਣਦੇ ਹੋ, ਇਹ ਉੱਥੋਂ ਤੱਕ ਪਹੁੰਚ ਗਿਆ ਹੈ।

ਇੱਥੋਂ ਤੱਕ ਕਿ ਕਾਰੋਬਾਰੀ ਵੀ ਨਿੱਜੀਕਰਨ ਅਤੇ ਕੇਂਦਰੀਕਰਨ ਤੋਂ ਪ੍ਰਭਾਵਿਤ ਹਨ—ਕਿ ਸਿਰਫ਼ ਅਡਾਨੀ ਅਤੇ ਅੰਬਾਨੀ ਹੀ ਮਾਇਨੇ ਰੱਖਦੇ ਹਨ ਅਤੇ ਬਾਕੀ ਸਾਰੇ ਹਾਸ਼ੀਏ 'ਤੇ ਚਲੇ ਗਏ ਹਨ। ਇਸ ਲਈ ਵੱਖ-ਵੱਖ ਪੱਧਰਾਂ 'ਤੇ ਹਰ ਕੋਈ ਇਹ ਸਭ ਵਾਪਰਦਾ ਦੇਖ ਰਿਹਾ ਹੈ।

ਤੁਸੀਂ ਉਹ ਕਹਾਵਤ ਤਾਂ ਜਾਣਦੇ ਹੀ ਹੋਵੋਗੇ, ਮੇਰਾ ਖ਼ਿਆਲ ਹੈ ਕਿ ਕਿਸਾਨ ਅੰਦੋਲਨ ਨਾਲ ਸੰਬੰਧਤ ਕਿਸੇ ਵਿਅਕਤੀ ਨੇ ਕਹੀ ਸੀ: 'ਮੁਲਕ ਨੂੰ ਚਾਰ ਲੋਕ ਚਲਾਉਂਦੇ ਹਨ—ਦੋ ਖ਼ਰੀਦਦੇ ਹਨ, ਦੋ ਵੇਚਦੇ ਹਨ ਅਤੇ ਚਾਰੇ ਗੁਜਰਾਤੀ ਹਨ'—ਨਰਿੰਦਰ ਮੋਦੀ, ਅਮਿਤ ਸ਼ਾਹ, ਗੌਤਮ ਅਡਾਨੀ ਅਤੇ ਮੁਕੇਸ਼ ਅੰਬਾਨੀ।' ਇਹ ਕੋਈ ਅਲੰਕਾਰ ਜਾਂ ਉਪਮਾ ਨਹੀਂ ਹੈ, ਇਹ ਹਕੀਕਤ ਹੈ।

ਸੋ ਭ੍ਰਿਸ਼ਟਾਚਾਰ ਹਰ ਪਾਸੇ ਫੈਲਿਆ ਹੋਇਆ ਹੈ, ਅੰਕੜੇ ਵੀ ਝੂਠੇ ਹਨ ਅਤੇ ਉਹ ਖ਼ੁਦ ਆਪਣੇ ਝੂਠਾਂ ਅਤੇ ਕੂੜ ਪ੍ਰਚਾਰ ਉੱਤੇ ਵਿਸ਼ਵਾਸ ਕਰਨ ਲੱਗ ਪਏ ਹਨ। ਮੇਰਾ ਮਤਲਬ ਹੈ, ਮੇਰੇ ਮਨ ਵਿਚ ਸਵਾਲ ਇਹ ਹੈ: ਕੀ ਮੋਦੀ ਨੂੰ ਪਤਾ ਹੈ ਕਿ ਉਸ ਬਾਰੇ ਕੀ ਕਿਹਾ ਜਾ ਰਿਹਾ ਹੈ ਜਾਂ ਉਸ ਨੂੰ ਇਸ ਸਭ ਕਾਸੇ ਤੋਂ ਬਚਾਅ ਕੇ ਰੱਖਿਆ ਜਾ ਰਿਹਾ ਹੈ? ਇਨ੍ਹਾਂ ਵਿਚੋਂ ਕਿਹੜੀ ਗੱਲ ਵਧੇਰੇ ਮਾੜੀ ਹੈ? ਇਹ ਗੱਲ ਕਿ ਤੁਸੀਂ ਪ੍ਰਧਾਨ ਮੰਤਰੀ ਹੋ ਅਤੇ ਤੁਹਾਡੇ ਆਲੇ-ਦੁਆਲੇ ਦੇ ਸਾਰੇ ਲੋਕ ਜਾਣਦੇ ਹਨ ਕਿ ਤੁਹਾਡਾ ਮਜ਼ਾਕ ਉਡਾਇਆ ਜਾ ਰਿਹਾ ਹੈ, ਪਰ ਤੁਹਾਨੂੰ ਇਸ ਦਾ ਪਤਾ ਨਹੀਂ; ਜਾਂ ਫਿਰ ਤੁਹਾਨੂੰ ਸਭ ਕੁਝ ਪਤਾ ਹੈ? ਇਨ੍ਹਾਂ ਵਿਚੋਂ ਕਿਹੜੀ ਗੱਲ ਵਧੇਰੇ ਮਾੜੀ ਹੈ।

ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇੱਕ ਅਜਿਹਾ ਸ਼ਖ਼ਸ, ਜਿਸ ਨੇ 2002 ਤੋਂ ਸ਼ੁਰੂ ਕਰਕੇ ਲਗਭਗ 24 ਸਾਲ ਤੱਕ ਆਪਣਾ ਅਕਸ ਏਨੀ ਸਾਵਧਾਨੀ ਨਾਲ ਘੜਿਆ; ਇੱਕ ਅਜਿਹਾ ਸ਼ਖ਼ਸ, ਜਿਸ ਨੇ ਕਦੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਨਾ ਮੁਨਾਸਿਬ ਨਹੀਂ ਸਮਝਿਆ; ਇੱਕ ਅਜਿਹਾ ਸ਼ਖ਼ਸ, ਜੋ ਟੈਲੀਪ੍ਰੌਂਪਟਰ ਜਾਂ ਹੱਥ ਵਿਚ ਛੋਟੀ ਜਿਹੀ ਪਰਚੀ ਲੈ ਕੇ ਬੋਲਦਾ ਫਿਰਦਾ ਹੈ ਅਤੇ ਜਿਸ ਨੂੰ ਅਜੇ ਵੀ ਵਿਸ਼ਵ ਗੁਰੂ ਅਤੇ ਵਿਸ਼ਨੂੰ ਦਾ ਅਵਤਾਰ ਆਦਿ ਕਿਹਾ ਜਾਂਦਾ ਹੈ—ਉਸ ਨੂੰ ਅਚਾਨਕ ਇਨ੍ਹਾਂ ਬੱਚਿਆਂ ਨੇ ਦੋ ਹਫ਼ਤਿਆਂ ਵਿਚ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ।

ਮੈਂ ਸੋਚਣ ਦੀ ਕੋਸ਼ਿਸ਼ ਕਰ ਰਹੀ ਹਾਂ। ਮੇਰਾ ਮਤਲਬ ਹੈ, ਇੰਸਟਾਗ੍ਰਾਮ ਤਾਂ ਬਹੁਤ ਪਹਿਲਾਂ ਹੁੰਦਾ ਨਹੀਂ ਸੀ, ਪਰ ਮੈਨੂੰ ਨਹੀਂ ਲੱਗਦਾ ਕਿ ਇਤਿਹਾਸ ਵਿਚ ਕਦੇ ਕਿਸੇ ਮਨੁੱਖ ਦਾ—ਖ਼ਾਸ ਕਰਕੇ ਕਿਸੇ ਰਾਸ਼ਟਰ ਦੇ ਮੁਖੀ ਦਾ—ਏਨਾ ਜ਼ਿਆਦਾ ਅਪਮਾਨ ਅਤੇ ਮਜ਼ਾਕ ਉਡਾਇਆ ਗਿਆ ਹੋਵੇਗਾ।

ਤਾਂ ਹੁਣ ਉਹ ਬਾਹਰ ਆ ਕੇ ਲੋਕਾਂ ਦਾ ਸਾਹਮਣਾ ਕਿਵੇਂ ਕਰੇਗਾ ਅਤੇ ਮੁੜ ਉਹੀ ਮੂਰਖਤਾਪੂਰਨ ਗੱਲਾਂ ਕਿਵੇਂ ਦੁਹਰਾਏਗਾ? ਕਿਉਂਕਿ ਉਸ ਦੇ ਪੁਰਾਣੇ ਭਾਸ਼ਣਾਂ ਨੂੰ ਵੀ ਕੱਢ-ਕੱਢ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ, ਉਨ੍ਹਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ ਅਤੇ ਬੱਚੇ ਹੱਸ-ਹੱਸ ਕੇ ਲੋਟਪੋਟ ਹੋ ਰਹੇ ਸਨ। ਇਸ ਨਾਲ ਪਿਛਲੀ ਪੀੜ੍ਹੀ ਵੀ ਕੁਝ ਮੂਰਖ ਜਿਹੀ ਦਿਖਾਈ ਦਿੰਦੀ ਹੈ, ਕਿਉਂਕਿ ਤੁਸੀਂ ਤਾਂ ਇਹ ਸਾਰੀਆਂ ਬਕਵਾਸ ਗੱਲਾਂ ਬੜੀ ਆਸਾਨੀ ਨਾਲ ਮੰਨ ਲਈਆਂ ਸਨ, ਹੈ ਨਾ? ਕੀ ਤੁਹਾਨੂੰ ਯਕੀਨ ਹੈ ਕਿ ਤੁਹਾਡਾ ਆਈਕਿਊ ਠੀਕ ਹੈ? ਜਾਂ ਅਸੀਂ ਸਾਰੇ ਬੁਰੀ ਤਰ੍ਹਾਂ ਟੁੱਟ ਚੁੱਕੇ ਹਾਂ?

ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਕੁਝ ਪੱਖਾਂ ਤੋਂ ਇਹ ਚੋਣ ਜਿੱਤਣ ਨਾਲੋਂ ਵੀ ਵੱਡੀ ਗੱਲ ਹੈ—ਉਸ ਵਿਅਕਤੀ ਦੇ ਆਲੇ-ਦੁਆਲੇ ਖੜ੍ਹੀ ਕੀਤੀ ਗਈ ਬਕਵਾਸ ਦੀ ਕੰਧ ਨੂੰ ਢਾਹ ਦੇਣਾ, ਜੋ ਸਪਸ਼ਟ ਤੌਰ 'ਤੇ ਔਸਤ ਦਰਜੇ ਦੀ ਬੁੱਧੀ ਵਾਲਾ ਵੀ ਨਹੀਂ ਹੈ ਅਤੇ ਜੋ ਸਾਡਾ ਪ੍ਰਧਾਨ ਮੰਤਰੀ ਹੈ।

ਖ਼ੈਰ, ਹੁਣ ਉਹ ਨੌਜਵਾਨਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਤੁਸੀਂ ਉਸ ਦੀਆਂ ਇੰਸਟਾਗ੍ਰਾਮ ਵੀਡੀਓਜ਼ ਤਾਂ ਦੇਖੀਆਂ ਹੀ ਹੋਣਗੀਆਂ।

ਇਹ ਨਾ ਸਿਰਫ਼ ਹਾਸੋਹੀਣਾ ਸੀ, ਸਗੋਂ ਫਿਰ ਉਹ ਭਾਜਪਾ ਵਾਲੇ॥ ਇਸ ਨੂੰ ਲੈ ਕੇ ਸ਼ੇਖੀਆਂ ਮਾਰਨ ਲੱਗ ਪਏ ਕਿ ਇਸ ਨੂੰ ਕਿੰਨੇ ਲੋਕਾਂ ਨੇ ਦੇਖਿਆ ਹੈ।

ਕਹਿੰਦੇ ਵਿਸ਼ਵ ਰਿਕਾਰਡ ਬਣਾ ਦਿੱਤਾ।

ਕੀ ਤੁਸੀਂ 'ਨਫ਼ਰਤ ਨਾਲ ਦੇਖਣ' ਬਾਰੇ ਸੁਣਿਆ ਹੈ? ਇੱਥੋਂ ਤੱਕ ਕਿ ਨਿੱਕੇ-ਨਿੱਕੇ ਬੱਚੇ ਵੀ .ਵੀਡੀਓ ਬਣਾ ਕੇ॥ ਦੱਸ ਰਹੇ ਸਨ ਕਿ ਇਹ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ, ਸਗੋਂ ਇਸ ਤਰ੍ਹਾਂ ਕੀਤਾ ਜਾਂਦਾ ਹੈ।

ਤੁਸੀਂ ਜਾਣਦੇ ਹੋ, ਵਸੀਲੀ ਗ੍ਰੌਸਮੈਨ ਨਾਂ ਦਾ ਇੱਕ ਰੂਸੀ ਲੇਖਕ ਹੋਇਆ ਹੈ, ਜੋ ਮੈਨੂੰ ਬਹੁਤ ਪਸੰਦ ਹੈ। ਉਸ ਨੇ 'ਸਟਾਲਿਨਗ੍ਰਾਦ' ਨਾਂ ਦਾ ਇੱਕ ਸ਼ਾਨਦਾਰ ਨਾਵਲ ਲਿਖਿਆ ਹੈ। ਕਹਾਣੀ ਇੱਕ ਜਰਮਨ ਜਨਰੈਲ ਤੋਂ ਸ਼ੁਰੂ ਹੁੰਦੀ ਹੈ, ਜਿਸ ਨੂੰ ਰੂਸੀ ਮੋਰਚੇ 'ਤੇ ਤਾਇਨਾਤ ਕੀਤਾ ਗਿਆ ਹੈ। ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਰੂਸ ਉੱਤੇ ਹਮਲਾ ਕਰਨਾ ਜਰਮਨੀ ਦੇ ਅੰਤ ਦਾ ਕਾਰਨ ਬਣੇਗਾ। ਇਸ ਲਈ ਉਹ ਹਿਟਲਰ ਨੂੰ ਇਹ ਦੱਸਣ ਲਈ ਬਰਲਿਨ ਵਾਪਸ ਜਾਂਦਾ ਹੈ ਕਿ ਇਹ ਬੁਰਾ ਵਿਚਾਰ ਹੈ। ਪਰ ਜਦੋਂ ਹਿਟਲਰ ਨੂੰ ਮਿਲਦਾ ਹੈ ਤਾਂ ਉਹ ਉਸਦੀ ਆਭਾ ਦੇਖ ਕੇ ਐਨਾ ਭੈਭੀਤ ਹੋ ਜਾਂਦਾ ਹੈ ਕਿ ਉਸ ਨੂੰ ਬੁਰੀ ਖ਼ਬਰ ਨਹੀਂ ਸੁਣਾ ਸਕਦਾ। ਉਹ ਅਜਿਹਾ ਨਹੀਂ ਕਰਦਾ ਅਤੇ ਫਿਰ ਅਸੀਂ ਜਾਣਦੇ ਹਾਂ ਕਿ ਅੱਗੇ ਕੀ ਹੋਇਆ।

ਤਾਂ ਤੁਹਾਨੂੰ ਇੰਝ ਲੱਗਦਾ ਹੈ ਕਿ ਕੋਈ ਇਸ ਆਦਮੀ ਨੂੰ ਇਹ ਨਹੀਂ ਦੱਸ ਰਿਹਾ ਕਿ ਕੀ-ਕੁਝ ਬਦਲ ਗਿਆ ਹੈ—ਸਿਰਫ਼ ਮੁਲਕ ਦੇ ਅੰਦਰ ਹੀ ਨਹੀਂ, ਕੌਮਾਂਤਰੀ ਪੱਧਰ 'ਤੇ ਵੀ? ਸਾਰਿਆਂ ਨੂੰ ਪਤਾ ਲੱਗ ਗਿਆ ਹੈ। ਆਸਟ੍ਰੇਲੀਆ, ਇੰਡੋਨੇਸ਼ੀਆ ਵਿਚ ਲੋਕ ਹੱਸ ਰਹੇ ਸਨ। ਡੋਨਾਲਡ ਟਰੰਪ, ਤੁਹਾਡਾ ਸਭ ਤੋਂ ਚੰਗਾ ਦੋਸਤ, ਤੁਹਾਨੂੰ ਟੋਏ ਵਿਚ ਧੱਕਾ ਦੇ ਦਿੱਤਾ ਹੈ। ਇਸ ਤਰ੍ਹਾਂ ਤੁਸੀਂ ਭਾਰਤ ਨੂੰ ਬੇਇੱਜ਼ਤ ਕਰ ਰਹੇ ਹੋ। ਸਿਰਫ਼ ਬੇਇੱਜ਼ਤ ਹੀ ਨਹੀਂ ਕਰ ਰਹੇ, ਇਹ ਸਾਰੇ ਸਮਝੌਤੇ ਅਤੇ ਸੰਧੀਆਂ ਕਿਸਾਨਾਂ ਨਾਲ ਧੋਖਾ ਕਰ ਰਹੀਆਂ ਹਨ। ਇਹ ਬਹੁਤ ਵੱਡੀ ਗੱਲ ਹੈ। ਜ਼ਾਹਿਰ ਹੈ ਕਿ ਨੌਜਵਾਨਾਂ ਦਾ ਇਹ ਵਿਰੋਧ ਪ੍ਰਦਰਸ਼ਨ ਉਨ੍ਹਾਂ ਸਾਰੇ ਮੁੱਦਿਆਂ ਦਾ ਵਿਸ਼ਲੇਸ਼ਣ ਨਹੀਂ ਕਰ ਰਿਹਾ ਸੀ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਪਰ ਮੇਰਾ ਖ਼ਿਆਲ ਹੈ ਕਿ ਇਸ ਸਾਰੇ ਕੁਝ ਦੇ ਮੁਖੀ ਨੂੰ ਬੇਨਕਾਬ ਕਰਨਾ ਮੁਲਕ ਦੀ ਬਹੁਤ ਵੱਡੀ ਸੇਵਾ ਸੀ।

ਅਸੀਂ ਸਾਰੇ ਜਿਹੜੇ ਜੰਤਰ-ਮੰਤਰ ਗਏ ਹਾਂ, ਸਾਡੇ ਲਈ ਇੱਕ ਹੋਰ ਅਵਿਸ਼ਵਾਸਯੋਗ ਗੱਲ ਇਹ ਸੀ ਕਿ ਇਹ ਇੱਕ ਅਜਿਹਾ ਵਿਰੋਧ ਅੰਦੋਲਨ ਸੀ, ਜਿਸ ਵਿਚ ਮੁੱਖ ਭਾਵਨਾ ਗੁੱਸਾ ਨਹੀਂ, ਸਗੋਂ ਹਾਸਾ ਸੀ।

ਮੈਨੂੰ ਨਹੀਂ ਲੱਗਦਾ ਕਿ ਗੁੱਸੇ ਅਤੇ ਹਾਸੇ ਦਰਮਿਆਨ ਕੋਈ ਸਪਸ਼ਟ ਕੰਧ ਹੈ। ਜਿਵੇਂ ਮੈਂ ਕਿਹਾ, ਮੇਰਾ ਮੰਨਣਾ ਹੈ ਕਿ ਹਾਸਾ ਕਸ਼ੀਦ ਕੀਤੀ ਰਾਜਨੀਤੀ ਹੈ—ਰਾਜਨੀਤੀ ਦਾ ਸਭ ਤੋਂ ਵੱਧ ਸੂਖਮ ਅਤੇ ਸੁਘੜ ਨਿਚੋੜ। ਇਸ ਲਈ ਬੇਸ਼ੱਕ ਇਹ ਗੁੱਸਾ ਹੀ ਸੀ, ਪਰ ਇਸ ਨੂੰ ਹਾਸੇ ਅਤੇ ਗਾਲ੍ਹਾਂ ਦੇ ਰੂਪ ਵਿਚ ਪ੍ਰਗਟਾਇਆ ਗਿਆ।

ਹਾਂ, ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਛਾਪਿਆ ਨਹੀਂ ਜਾ ਸਕਦਾ।

ਅਸੀਂ ਬਸ ਮੁਸਕਰਾ ਰਹੇ ਸੀ। ਮੇਰਾ ਮਤਲਬ ਹੈ, ਏਨਾ ਮੁਸਕਰਾਉਣ ਨਾਲ ਮੇਰੀਆਂ ਤਾਂ ਗੱਲ੍ਹਾਂ ਦੁਖਣ ਲੱਗ ਪਈਆਂ ਸਨ। ਕਈ ਵਾਰ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਸਾਡੇ ਸਾਰਿਆਂ ਦੇ ਮਨ ਦੀ ਗੱਲ ਕਹਿ ਦਿੱਤੀ। ਅਸੀਂ ਸਾਰੇ ਇਹ ਕੁਝ ਸੋਚਦੇ ਰਹੇ, ਪਰ ਕਹਿ ਨਹੀਂ ਸਕਦੇ ਸੀ। ਇਕੱਲੇ ਤਾਂ ਤੁਸੀਂ ਇਹ ਗੱਲ ਨਹੀਂ ਕਹਿ ਸਕਦੇ, ਪਰ ਭੀੜ ਵਿਚ—ਤੁਸੀਂ ਜਾਣਦੇ ਹੋ—ਉਨ੍ਹਾਂ ਨੂੰ ਕਿਹੜੀ ਚੀਜ਼ ਰੋਕ ਸਕਦੀ ਹੈ?

ਪਰ ਮੈਂ ਸੱਚਮੁੱਚ ਚਿੰਤਤ ਹਾਂ, ਕਿਉਂਕਿ ਮੈਨੂੰ ਅਜਿਹੀਆਂ ਖ਼ਬਰਾਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਪੁਲਿਸ ਹੁਣ ਇੱਥੇ ਮੌਜੂਦ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਮਿਸਾਲ ਵਜੋਂ, ਮੁਹੰਮਦ ਜੁਨੈਦ—ਵਾਲੰਟੀਅਰ, ਜੋ ਲੋਕਾਂ ਨੂੰ ਖਾਣਾ ਖਵਾ ਰਿਹਾ ਸੀ—ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਪਰਿਵਾਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਮੈਂ ਉਸ ਨੂੰ ਇਹ ਕਹਿੰਦੇ ਸੁਣਿਆ ਕਿ ਪੁਲਿਸ ਨੇ ਉਸ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਉਸ ਦੀ ਕੁੱਟਮਾਰ ਕੀਤੀ। ਮੇਰਾ ਮਤਲਬ ਹੈ, ਉਹ ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਇਸ ਤਰ੍ਹਾਂ ਨਿਸ਼ਾਨਾ ਕਿਵੇਂ ਬਣਾ ਸਕਦੇ ਹਨ? ਅਤੇ ਮੈਂ ਤੁਹਾਡੇ ਕੋਲੋਂ ਸੁਣਿਆ ਹੈ ਕਿ ਬਿਹਾਰ ਵਿਚ ਵੱਡੇ ਪੱਧਰ 'ਤੇ ਲੋਕਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ।

ਜੀ ਹਾਂ, ਨਜ਼ਰਬੰਦ ਕਰਨਾ ਅਤੇ ਗ੍ਰਿਫ਼ਤਾਰੀਆਂ ਦੋਵੇਂ ਹੋ ਰਹੀਆਂ ਹਨ।

ਇਹ ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਬਹੁਤ ਹੀ ਘਿਨਾਉਣੀ ਕਾਰਵਾਈ ਹੈ। ਮੇਰਾ ਮਤਲਬ ਹੈ, ਜਦੋਂ ਪ੍ਰਧਾਨ (ਸਿੱਖਿਆ ਮੰਤਰੀ) ਨੇ ਅਸਤੀਫ਼ਾ ਦਿੱਤਾ, ਉਸ ਵੇਲੇ ਹਿੰਦੂ ਸੈਨਾ ਰਾਹ ਵਿਚ ਆ ਹੀ ਰਹੀ ਸੀ। ਸਰਕਾਰ ਨੇ ਉਸ ਦਾ ਜ਼ੋਰਦਾਰ ਸਵਾਗਤ ਕੀਤਾ। ਕਿਸੇ ਨੇ ਉਸ ਵੱਲ ਉਂਗਲ ਨਹੀਂ ਉਠਾਈ। ਇਮਤਿਹਾਨਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣ ਲਈ ਕਿਸੇ ਨੇ ਮੁਆਫ਼ੀ ਨਹੀਂ ਮੰਗੀ ਅਤੇ ਨਾ ਹੀ ਕਿਸੇ ਨੇ ਕੋਈ ਜ਼ਿੰਮੇਵਾਰੀ ਲਈ ਹੈ। ਤੁਸੀਂ ਜਾਣਦੇ ਹੋ, ਇੰਝ ਲੱਗਦਾ ਹੈ ਕਿ ਖੇਡ ਅਜੇ ਖ਼ਤਮ ਨਹੀਂ ਹੋਈ। ਦੁੱਖ ਦੀ ਗੱਲ ਇਹ ਹੈ ਕਿ ਸਾਡੀਆਂ ਵਿਰੋਧੀ ਪਾਰਟੀਆਂ ਇਸ ਦੀ ਖੁੱਲ੍ਹੇ ਦਿਲ ਨਾਲ ਹਮਾਇਤ ਨਹੀਂ ਕਰ ਸਕੀਆਂ। ਇਨ੍ਹਾਂ ਬੱਚਿਆਂ ਨੇ ਉਹ ਕਰ ਦਿਖਾਇਆ, ਜੋ ਵਿਰੋਧੀ ਧਿਰ ਨਹੀਂ ਕਰ ਸਕੀ।

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਪਰ ਉਨ੍ਹਾਂ ਨੇ ਗੋਲ-ਮੋਲ ਢੰਗ ਨਾਲ ਇਸ ਨੂੰ ਸਵੀਕਾਰ ਕੀਤਾ ਹੈ, ਜੋ ਅਸਲ ਵਿਚ ਸਵੀਕਾਰ ਕਰਨਾ ਨਹੀਂ ਹੈ। ਮੈਨੂੰ ਨਹੀਂ ਪਤਾ। ਮਿਸਾਲ ਵਜੋਂ, ਅੱਜ ਸੰਸਦ ਦਾ ਸੈਸ਼ਨ ਸ਼ੁਰੂ ਹੋ ਰਿਹਾ ਹੈ। ਉੱਥੇ ਕੀ ਹੋਵੇਗਾ? ਕਿਉਂਕਿ ਜਦੋਂ ਇਹ ਸਭ ਕੁਝ ਵਾਪਰ ਰਿਹਾ ਹੈ, ਜਿਵੇਂ ਮੈਂ ਆਪਣੇ ਲੇਖ ਵਿਚ ਕਿਹਾ ਸੀ, ਭਾਜਪਾ ਦਾ ਹੰਕਾਰ ਇਸ ਗੱਲ ਤੋਂ ਪੈਦਾ ਹੋਇਆ ਹੈ ਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੇ ਚੋਣਾਂ ਵਿਚ ਧਾਂਦਲੀ ਕੀਤੀ ਹੈ। ਕਿਸੇ ਲਈ ਵੀ ਚੋਣ ਜਿੱਤਣਾ ਔਖਾ ਹੁੰਦਾ ਹੈ। ਉਨ੍ਹਾਂ ਕੋਲ ਅਜਿਹਾ ਮੀਡੀਆ ਹੈ, ਜੋ ਮੀਡੀਆ ਹੈ ਹੀ ਨਹੀਂ। ਇਹ ਤਾਂ ਸੈਂਸਰਸ਼ਿਪ ਬਾਰੇ ਚਿੰਤਾ ਕਰਨ ਵਾਲੇ ਲੋਕਾਂ ਦਾ ਸਮੂਹ ਵੀ ਨਹੀਂ ਹੈ। ਇਹ ਅਜਿਹੇ ਲੋਕਾਂ ਦਾ ਸਮੂਹ ਹੈ, ਜੋ ਬੜੇ ਉਤਸ਼ਾਹ ਨਾਲ ਇਸ ਫਾਸ਼ੀਵਾਦੀ ਰਾਸ਼ਟਰਵਾਦੀ ਸੰਦੇਸ਼ ਦਾ ਪ੍ਰਚਾਰ ਕਰ ਰਿਹਾ ਹੈ।

ਇੱਕ ਪੁਲਿਸ ਮੁਲਾਜ਼ਮ ਸਾਡੇ ਵੱਲ ਆਉਂਦਾ ਹੈ।

ਮੈਨੂੰ ਲੱਗਦਾ ਹੈ ਕਿ ਉਹ ਸਾਨੂੰ ਇੱਥੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।

ਪੁਲਿਸ ਮੁਲਾਜ਼ਮ ਸਾਨੂੰ ਉੱਥੋਂ ਚਲੇ ਜਾਣ ਲਈ ਕਹਿੰਦਾ ਹੈ। ਅਸੀਂ ਉਸ ਨੂੰ ਉਹ ਹੁਕਮ ਦਿਖਾਉਣ ਲਈ ਕਹਿੰਦੇ ਹਾਂ, ਜਿਸ ਵਿਚ ਲਿਖਿਆ ਹੋਵੇ ਕਿ ਜੰਤਰ-ਮੰਤਰ ਆਮ ਲੋਕਾਂ ਲਈ ਖੁੱਲ੍ਹਾ ਨਹੀਂ ਹੈ। ਉਹ ਕਹਿੰਦਾ ਹੈ ਕਿ ਕੋਈ ਲਿਖਤੀ ਹੁਕਮ ਨਹੀਂ ਹੈ, ਪਰ ਉਹ ਆਪਣੇ ਸੀਨੀਅਰ ਅਧਿਕਾਰੀਆਂ ਦੇ ਜ਼ੁਬਾਨੀ ਨਿਰਦੇਸ਼ਾਂ ਦੀ ਪਾਲਣਾ ਕਰ ਰਿਹਾ ਹੈ। ਅਰੁੰਧਤੀ ਉਸ ਦੀ ਕਮੀਜ਼ ਉੱਤੇ ਲੱਗੀ ਨੇਮਪਲੇਟ ਵੱਲ ਇਸ਼ਾਰਾ ਕਰਦਿਆਂ ਕਹਿੰਦੀ ਹੈ ਕਿ ਰਾਹਤ ਦੀ ਗੱਲ ਹੈ ਕਿ ਇਹ ਅਜੇ ਵੀ ਉਸ ਕੋਲ ਹੈ—ਉਨ੍ਹਾਂ ਪੁਲਿਸ ਮੁਲਾਜ਼ਮਾਂ ਦੇ ਉਲਟ, ਜਿਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਕੁੱਟਿਆ ਸੀ। ਉਹ ਕਹਿੰਦਾ ਹੈ ਕਿ ਨੇਮਪਲੇਟ ਨਾਜ਼ੁਕ ਹੈ ਅਤੇ ਡਿੱਗ ਸਕਦੀ ਹੈ। ਉਹ ਅੱਗੇ ਕਹਿੰਦਾ ਹੈ ਕਿ ਉਹ ਸਿਰਫ਼ ਸਾਨੂੰ ਚਲੇ ਜਾਣ ਦੀ ਬੇਨਤੀ ਕਰ ਰਿਹਾ ਹੈ, ਕੋਈ ਹੁਕਮ ਨਹੀਂ ਦੇ ਰਿਹਾ। ਅਸੀਂ ਉਸ ਨੂੰ ਦੱਸਦੇ ਹਾਂ ਕਿ ਅਸੀਂ ਛੇਤੀ ਹੀ ਚਲੇ ਜਾਵਾਂਗੇ। ਉਹ ਸਾਡਾ ਧੰਨਵਾਦ ਕਰਦਾ ਹੈ ਅਤੇ ਚਲਾ ਜਾਂਦਾ ਹੈ।

ਮੈਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ (ਪੁਲਿਸ) ਵੀ ਬੱਚੇ ਹਨ।

ਵੈਸੇ ਤਾਂ ਉਹ (ਪੁਲਿਸ ਮੁਲਾਜ਼ਮ) ਨਿੱਜੀ ਤੌਰ ’ਤੇ ਵਿਰੋਧ ਪ੍ਰਦਰਸ਼ਨ ਪ੍ਰਤੀ ਕਾਫ਼ੀ ਹਮਦਰਦੀ ਰੱਖਦੇ ਸਨ।

ਸੱਚ ਦੱਸਾਂ ਤਾਂ ਮੇਰਾ ਖ਼ਿਆਲ ਹੈ ਕਿ ਕਈ ਸਾਲ ਪਹਿਲਾਂ ਮੈਂ ਇੱਕ ਲੇਖ ਲਿਖਿਆ ਸੀ, ਜਿਸ ਵਿਚ ਮੈਂ ਕਿਹਾ ਸੀ ਕਿ ਭਾਰਤ ਇਨ੍ਹਾਂ ਤਰੀਕਿਆਂ ਰਾਹੀਂ ਕਸ਼ਮੀਰ ਦਾ ਅਨਿੱਖੜ ਅੰਗ ਬਣਨ ਜਾ ਰਿਹਾ ਹੈ। ਤੁਸੀਂ ਜਾਣਦੇ ਹੋ, ਪੈਲੇਟ ਗੰਨਾਂ ਸ੍ਰੀਨਗਰ ਤੋਂ ਇੱਥੋਂ ਤੱਕ ਪਹੁੰਚ ਗਈਆਂ ਹਨ ਅਤੇ ਇਸੇ ਤਰ੍ਹਾਂ ਇਹ ਸਿਲਸਿਲਾ ਅੱਗੇ ਵੀ ਚੱਲਦਾ ਰਹੇਗਾ। ਤੁਸੀਂ ਕਾਰ ਵਿਚ ਕੀ ਕਹਿ ਰਹੇ ਸੀ। ਕਿ ਉਹ ਚਾਹੁੰਦੇ ਹਨ... ਤੁਸੀਂ ਕੀ ਕਿਹਾ ਸੀ?

ਉਹ ਆਮ ਹਾਲਾਤ ਬਹਾਲ ਕਰਨਾ ਚਾਹੁੰਦੇ ਹਨ।

ਆਮ ਹਾਲਾਤ ਬਹਾਲ ਕਰਨਾ। ਯਾਦ ਰੱਖਣਾ, ਮੈਂ ਕਸ਼ਮੀਰ ਦੀ ਗੱਲ ਕਰ ਰਹੀ ਹਾਂ—ਉਹ ਆਮ ਹਾਲਾਤ ਦਾ ਐਲਾਨ ਕਰਦੇ ਹਨ। ਇਹ ਹਮੇਸ਼ਾ ਐਲਾਨ ਹੀ ਹੁੰਦਾ ਹੈ। ਇਸ ਲਈ ਹੁਣ ਆਮ ਹਾਲਾਤ ਬਹਾਲ ਹੋਣੇ ਹੀ ਚਾਹੀਦੇ ਹਨ।

ਜੀ ਹਾਂ, ਉਸੇ ਦੇ ਤਹਿਤ ਉਨ੍ਹਾਂ ਨੇ ਪੂਰੀ ਥਾਂ ਨੂੰ ਮੁੜ ਰੰਗ ਦਿੱਤਾ ਹੈ। ਸਾਰੀ ਗ੍ਰੈਫਿਟੀ ਮਿਟਾ ਦਿੱਤੀ ਗਈ ਹੈ।

ਹਾਂ, ਇਹ ਕੰਮ ਤਾਂ ਉਹ ਪਲ ਭਰ ’ਚ ਕਰ ਦਿੰਦੇ ਹਨ। ਲਹੂ ਦੇ ਦਾਗ਼ ਮਿਟਾ ਦਿੱਤੇ ਜਾਂਦੇ ਹਨ। ਕੰਧਾਂ ਉੱਤੇ ਮੁੜ ਰੰਗ ਕਰ ਦਿੱਤਾ ਜਾਂਦਾ ਹੈ। ਪਰ ਫਿਰ ਵੀ ਤੁਸੀਂ ਨਾਅਰੇ ਲਗਭਗ ਸੁਣ ਸਕਦੇ ਹਨ, ਹੈ ਨਾ? ਉਹ ਪਿਆਰੇ ਚਿਹਰੇ ਲਗਭਗ ਦਿਸਦੇ ਪਏ ਹਨ।

ਹੁਣ ਮੁੱਦੇ ਵੱਲ ਆਉਂਦੇ ਹਾਂ—ਤੁਸੀਂ ਆਪਣੇ ਲੇਖ ਵਿਚ ਕਿਹਾ ਸੀ ਕਿ ਜੇ ਗੰਭੀਰ ਸਿਆਸੀ ਕੰਮ ਨਾ ਹੋਇਆ ਤਾਂ ਇਹ ਊਰਜਾ ਕਮਜ਼ੋਰ ਪੈ ਸਕਦੀ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਇਸ ਦੇ ਕੋਈ ਸੰਕੇਤ ਮਿਲੇ ਸਨ? ਮੇਰਾ ਮਤਲਬ ਹੈ, ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਦੇ ਘਰ ਦੇ ਬਾਹਰ ਪਹੁੰਚੇ ਅਤੇ ਪੁਲਿਸ ਉਸ ਨੂੰ ਘੜੀਸ ਕੇ ਲੈ ਗਈ। ਕੀ ਤੁਹਾਨੂੰ ਲੱਗਦਾ ਹੈ ਕਿ ਵਿਰੋਧੀ ਧਿਰ ਇਸ ਦਾ ਲਾਭ ਉਠਾ ਕੇ ਸਰਕਾਰ ਸਾਹਮਣੇ ਕੋਈ ਗੰਭੀਰ ਚੁਣੌਤੀ ਪੇਸ਼ ਕਰ ਸਕਦੀ ਹੈ?

ਮੈਨੂੰ ਵਾਕਈ ਨਹੀਂ ਪਤਾ, ਕਿਉਂਕਿ ਅਲੱਗ-ਥਲੱਗ ਰਹਿਣ ਦੀ ਬਜਾਏ ਵਧੇਰੇ ਏਕਤਾ ਦਿਖਾਈ ਜਾਣੀ ਚਾਹੀਦੀ ਸੀ। ਪਰ ਇਸ ਦੇ ਨਾਲ ਹੀ ਅਸੀਂ ਇਸ ਵੇਲੇ ਇੱਕ ਭਿਆਨਕ ਸਥਿਤੀ ਵਿਚ ਹਾਂ। ਵਿਰੋਧੀ ਧਿਰ ਨੇ ਵੀ ਆਪਸੀ ਖਿੱਚੋਤਾਣ ਅਤੇ ਸੱਤਾ ਹਥਿਆਉਣ ਦੀ ਦੌੜ ਵਿਚ ਆਪਣੀ ਤਰਸਯੋਗ ਹਾਲਤ ਦਾ ਪ੍ਰਦਰਸ਼ਨ ਕੀਤਾ ਹੈ। ਉਹ ਇਹ ਸਮਝਣ ਵਿਚ ਨਾਕਾਮ ਰਹੀ ਹੈ ਕਿ ਜੇ ਹਲਕਾਬੰਦੀ ਬਿੱਲ ਪਾਸ ਹੋ ਗਿਆ ਤਾਂ ਕੱਲ੍ਹ ਉਸ ਦੀ ਆਪਣੀ ਹੋਂਦ ਖ਼ਤਰੇ ਵਿਚ ਪੈ ਜਾਵੇਗੀ... ਜਦੋਂ ਵੀ ਭਾਜਪਾ ਨੂੰ ਕੁਝ ਪਛਾੜਾਂ ਲੱਗਦੀਆਂ ਹਨ—ਅਤੇ ਹਰ ਵਾਰ ਜਦੋਂ ਉਸ ਨੂੰ ਪਛਾੜਾਂ ਲੱਗਦੀਆਂ ਹਨ—ਉਹ ਹੋਰ ਸਖ਼ਤ ਮਿਹਨਤ ਕਰਨ ਲੱਗ ਪੈਂਦੀ ਹੈ, ਜਦਕਿ ਵਿਰੋਧੀ ਧਿਰ ਆਰਾਮ ਫਰਮਾਉਣ ਚਲੀ ਜਾਂਦੀ ਹੈ।

ਇਸ ਲਈ ਮੈਨੂੰ ਨਹੀਂ ਪਤਾ, ਪਰ ਮੇਰਾ ਖ਼ਿਆਲ ਹੈ ਕਿ ਪਿਛਲੇ ਕੁਝ ਦਿਨਾਂ ’ਚ ਇੱਥੇ ਕੁਝ ਅਦਭੁੱਤ ਵਾਪਰਿਆ ਹੈ। ਜਿਵੇਂ ਮੈਂ ਕਿਹਾ, ਕੋਈ ਵੀ ਚੋਣ ਇਸ ਮੁਲਕ ਦੇ ਮੁਖੀ ਨੂੰ ਉਨ੍ਹਾਂ ਸਾਰੀਆਂ ਚੀਜ਼ਾਂ ਤੋਂ ਵਾਂਝਾ ਨਹੀਂ ਕਰ ਸਕਦੀ ਸੀ, ਜਿਨ੍ਹਾਂ ਦੇ ਸਹਾਰੇ ਉਸ ਨੇ ਆਪਣੇ ਆਪ ਨੂੰ ਬਚਾਈ ਰੱਖਿਆ ਸੀ। ਇਹ ਚਮਤਕਾਰ ਸੀ ਕਿ ਏਨੀ ਘੱਟ ਬੁੱਧੀ, ਢੇਰ ਸਾਰੀਆਂ ਸਾਜ਼ਿਸ਼ਾਂ, ਪਰ ਸੋਚਣ ਦੀ ਬਹੁਤ ਘੱਟ ਸਮਰੱਥਾ ਵਾਲਾ ਵਿਅਕਤੀ ਏਨੇ ਲੰਮੇ ਸਮੇਂ ਤੱਕ ਏਨੇ ਸਾਰੇ ਲੋਕਾਂ ਨੂੰ ਮੂਰਖ ਬਣਾਉਣ ਵਿਚ ਕਾਮਯਾਬ ਰਿਹਾ। ਅਤੇ ਗੱਲ ਇਹ ਹੈ ਕਿ ਭਾਵੇਂ ਭਿਆਨਕ ਬੇਰਹਿਮੀ ਹੋਈ, ਪਰ ਅਸੀਂ ਜਾਣਦੇ ਹਾਂ ਕਿ ਜੇ ਇਹ ਕਿਸਾਨ ਹੁੰਦੇ—ਜਿਨ੍ਹਾਂ ਨੂੰ ਸਿੱਖ ਅਤਿਵਾਦੀ ਕਿਹਾ ਗਿਆ—ਭਾਵੇਂ ਇਨ੍ਹਾਂ ਬੱਚਿਆਂ ਨੂੰ ਵੀ ਪਾਕਿਸਤਾਨੀ ਵਗੈਰਾ ਕਿਹਾ ਗਿਆ; ਪਰ ਕਿਸਾਨਾਂ, ਨਾਗਰਿਕਤਾ ਕਾਨੂੰਨ ਵਿਰੋਧੀ ਪ੍ਰਦਰਸ਼ਨਕਾਰੀਆਂ ਅਤੇ, ਜਿਵੇਂ ਅਸੀਂ ਵਾਰ-ਵਾਰ ਕਹਿੰਦੇ ਹਾਂ, ਮਨੀਪੁਰ, ਕਸ਼ਮੀਰ ਅਤੇ ਇਨ੍ਹਾਂ ਸਾਰੀਆਂ ਥਾਵਾਂ ਉੱਤੇ, ਉਨ੍ਹਾਂ ਨੂੰ ਗੋਲੀਆਂ ਚਲਾਉਣ ਵਿਚ ਕੋਈ ਝਿਜਕ ਨਹੀਂ ਹੁੰਦੀ। ਅਜਿਹਾ ਦਿੱਲੀ ਵਿਚ ਨੌਜਵਾਨਾਂ ਦੇ ਪ੍ਰਦਰਸ਼ਨਾਂ ਵਿਰੁੱਧ ਨਹੀਂ ਹੋਇਆ, ਕਿਉਂਕਿ ਇਹ ਉਸ ਦੇ ਆਪਣੇ ਵੋਟਰ ਆਧਾਰ ਦੇ ਬੱਚੇ ਹਨ।

ਬਿਲਕੁਲ। ਉਹ ਉਨ੍ਹਾਂ ਨੂੰ ਖਲਨਾਇਕ ਬਣਾ ਕੇ ਪੇਸ਼ ਨਹੀਂ ਕਰ ਸਕੇ।

ਮੇਰੇ ਕਹਿਣ ਦਾ ਭਾਵ ਹੈ, ਉਨ੍ਹਾਂ ਨੇ ਭਿਆਨਕ ਕੰਮ



ਕੀਤੇ, ਪਰ ਓਨੇ ਭਿਆਨਕ ਨਹੀਂ ਜਿੰਨੇ ਉਹ ਉਦੋਂ ਕਰਦੇ, ਜੇ ਉੱਥੇ ਮੁੱਖ ਤੌਰ ’ਤੇ ਮੁਸਲਮਾਨ, ਸਿੱਖ, ਈਸਾਈ, ਗ਼ਰੀਬ, ਆਦਿਵਾਸੀ ਜਾਂ ਦਲਿਤ ਹੁੰਦੇ। ਮੇਰਾ ਭਾਵ ਹੈ, ਏਨੇ ਸਾਰੇ ਨੌਜਵਾਨਾਂ ਦੇ ਇਸ ਅੰਦੋਲਨ ਦੌਰਾਨ ਹਮੇਸ਼ਾ ਇੱਕ ਦੁੱਖ ਦਾ ਅਹਿਸਾਸ ਬਣਿਆ ਰਹਿੰਦਾ ਹੈ ਕਿ ਸਭ ਤੋਂ ਹੋਣਹਾਰ ਲੋਕਾਂ ਵਿਚੋਂ ਇੱਕ ਨੂੰ ਪੰਜ ਸਾਲ ਤੋਂ ਬਿਨਾਂ ਕਿਸੇ ਮੁਕੱਦਮੇ ਦੇ ਜੇਲ੍ਹ ਵਿਚ ਬੰਦ ਰੱਖਿਆ ਗਿਆ ਹੈ। ਉਮਰ ਖ਼ਾਲਿਦ, ਸ਼ਰਜੀਲ ਇਮਾਮ—ਅਤੇ ਤੁਸੀਂ ਜਾਣਦੇ ਹੋ ਕਿ ਵਿਰੋਧੀ ਧਿਰ ‘ਮੁਸਲਮਾਨ’ ਸ਼ਬਦ ਦੀ ਵਰਤੋਂ ਕਰਨ ਤੋਂ ਵੀ ਝਿਜਕਦੀ ਹੈ; ਉਨ੍ਹਾਂ ਨੂੰ ‘ਘੱਟਗਿਣਤੀ’ ਕਹਿਣਾ ਪੈਂਦਾ ਹੈ। ਜੇ ਵੱਡੇ ਸਿਆਸਤਦਾਨਾਂ ’ਚ ਥੋੜ੍ਹੀ ਜਿਹੀ ਇਮਾਨਦਾਰੀ ਵੀ ਹੁੰਦੀ ਤਾਂ ਚੰਗਾ ਹੁੰਦਾ। ਉਹ ਉਸ ਦਾ ਨਾਂ ਲੈਣ ਤੋਂ ਏਨਾ ਡਰਦੇ ਹਨ, ਜਦਕਿ ਉਸ ਵਿਅਕਤੀ ਨੂੰ ਮੀਡੀਆ ਨੇ ਬਦਨਾਮ ਕੀਤਾ ਅਤੇ ਜੇਲ੍ਹ ਵਿਚ ਸੁੱਟੇ ਜਾਣ ਤੋਂ ਪਹਿਲਾਂ ਉਸ ਉੱਤੇ ਜਾਨਲੇਵਾ ਹਮਲਾ ਵੀ ਕੀਤਾ ਗਿਆ। ਜਦੋਂ ਉਹ ਜੇਲ੍ਹ ਗਿਆ, ਉਦੋਂ ਉਹ ਲੜਕਾ ਸੀ। ਹੁਣ ਉਹ ਆਦਮੀ ਹੈ। ਸੋ, ਅਸੀਂ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਨੂੰ ਨਹੀਂ ਭੁੱਲ ਸਕਦੇ। ਅਸੀਂ ਇਸ ਤੱਥ ਨੂੰ ਵੀ ਨਹੀਂ ਭੁੱਲ ਸਕਦੇ ਕਿ ਸੀ.ਏ.ਏ. ਵਿਰੋਧੀ ਅੰਦੋਲਨਾਂ ਦੌਰਾਨ ਮੁਸਲਮਾਨਾਂ ਨੂੰ ਮਾਰਿਆ ਗਿਆ ਅਤੇ ਫਿਰ ਉਨ੍ਹਾਂ ਉੱਤੇ ਹੀ ਕਤਲ ਦੇ ਦੋਸ਼ ਮੜ੍ਹ ਦਿੱਤੇ ਗਏ।

ਮੈਂ ਉਨ੍ਹਾਂ ਚਾਰ ਮੁਸਲਮਾਨ ਮੁੰਡਿਆਂ ਦੀ ਤਸਵੀਰ ਕਦੇ ਨਹੀਂ ਭੁੱਲ ਸਕਦੀ, ਜਿਨ੍ਹਾਂ ਨੂੰ ਪੁਲਿਸ ਸੜਕ ’ਤੇ ਲੱਤਾਂ-ਮੁੱਕਿਆਂ ਨਾਲ ਕੁੱਟ ਰਹੀ ਸੀ ਅਤੇ ਜ਼ਬਰਦਸਤੀ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕਰ ਰਹੀ ਸੀ। ਉਨ੍ਹਾਂ ਵਿਚੋਂ ਇੱਕ, ਫ਼ੈਜ਼ਾਨ ਦੀ ਬਾਅਦ ਵਿਚ ਮੌਤ ਹੋ ਗਈ। ਤੁਸੀਂ ਜਾਣਦੇ ਹੋ ਕਿ ਇਹ ਸਾਰੀਆਂ ਗੱਲਾਂ ਮੇਰੇ ਦਿਮਾਗ਼ ਵਿਚ ਵੱਸੀਆਂ ਹੋਈਆਂ ਹਨ—ਅਹਿਸਾਨ ਜਾਫ਼ਰੀ ਅਤੇ ਗੁਲਬਰਗ ਸੁਸਾਇਟੀ ਦੇ ਬਾਕੀ ਸਾਰੇ ਲੋਕਾਂ ਦੇ ਕਤਲ ਅਤੇ ਗੁਜਰਾਤ ਵਿਚ ਜੋ ਕੁਝ ਵਾਪਰਿਆ। ਲੋਕ ਮੈਨੂੰ ਕਹਿੰਦੇ ਹਨ ਕਿ ਤੂੰ ਗੁੱਸੇ ਵਿਚ ਹੈਂ। ਹਾਂ, ਮੈਂ ਬਹੁਤ ਗੁੱਸੇ ਵਿਚ ਹਾਂ। ਤੁਸੀਂ ਜਾਣਦੇ ਹੋ, ਮੈਂ ਬਹੁਤ ਲੰਮੇ ਸਮੇਂ ਤੋਂ ਗੁੱਸੇ ਵਿਚ ਹਾਂ, ਪਰ ਮੈਂ ਗੁੱਸੇ ਵਿਚ ਵੀ ਹੱਸਦੀ ਹਾਂ—ਜਿਵੇਂ ਉਹ ਵਿਦਿਆਰਥੀ ਹੱਸੇ।

ਇੱਕ ਆਦਮੀ ਸੜਕ ’ਤੇ ਆਉਂਦਾ ਹੈ ਅਤੇ ਅਰੁੰਧਤੀ ਨੂੰ ਦੇਖਣ ਲਈ ਗੋਡਿਆਂ ਭਾਰ ਬੈਠ ਜਾਂਦਾ ਹੈ। ਉਹ ਉਸ ਨੂੰ ਕਹਿੰਦਾ ਹੈ ਕਿ ਉਹ ਬਹੁਤ ਚੰਗੀ ਇਨਸਾਨ ਲੱਗਦੀ ਹੈ। ਅਰੁੰਧਤੀ ਉਸ ਨੂੰ ਪੁੱਛਦੀ ਹੈ ਕਿ ਉਸ ਨੂੰ ਕਿਵੇਂ ਪਤਾ ਲੱਗਿਆ। ਉਹ ਕਹਿੰਦਾ ਹੈ ਕਿ ਉਸ ਦੀ ਸਰੀਰਕ ਭਾਸ਼ਾ ਤੋਂ। ਅਰੁੰਧਤੀ ਉਸ ਨਾਲ ਗੱਲ ਕਰਨ ਲਈ ਬੈਠ ਜਾਂਦੀ ਹੈ। ਉਹ ਕਹਿੰਦਾ ਹੈ ਕਿ ਜੇ ਇਸ ਸਾਲ ਦੀਵਾਲੀ ਮੋਦੀ ਤੋਂ ਬਿਨਾਂ ਮਨਾਈ ਜਾ ਸਕੇ ਤਾਂ ਬਹੁਤ ਵਧੀਆ ਹੋਵੇਗਾ। ਅਰੁੰਧਤੀ ਹੱਸਦੀ ਹੈ ਅਤੇ ਕਹਿੰਦੀ ਹੈ ਕਿ ਉਸ ਨੂੰ ਸੱਚਮੁੱਚ ਇਹ ਬਹੁਤ ਚੰਗਾ ਲੱਗੇਗਾ। ਦੋਵੇਂ ਦੀਵਾਲੀ ਮੌਕੇ ਜੰਤਰ-ਮੰਤਰ ’ਤੇ ਮਿਲਣ ਅਤੇ ਮਠਿਆਈ ਵੰਡਣ ਲਈ ਸਹਿਮਤ ਹੋ ਜਾਂਦੇ ਹਨ। ਜਾਣ ਤੋਂ ਪਹਿਲਾਂ ਉਹ ਕਹਿੰਦਾ ਹੈ ਕਿ ਲੋਕ ਮੋਦੀ ਤੋਂ ਅੱਕ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਬਹੁਤ ਹੀ ਉਕਤਾਊ ਹੈ।

ਪਿਛਲੇ ਇੱਕ ਦਹਾਕੇ ਦੌਰਾਨ ਮੋਦੀ ਬਾਰੇ ਸਿਰਫ਼ ਇੱਕ ਚੁਟਕਲਾ ਸਾਂਝਾ ਕਰਨ ਕਰਕੇ ਦਰਜਨਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬਿਲਕੁਲ, ਇੱਕ ਬੇਢੰਗੇ ਜਿਹੇ ਚੁਟਕਲੇ ਵਾਂਗ, ਅਤੇ ਅਚਾਨਕ ਚਾਰੇ ਪਾਸੇ ਸਿਰਫ਼ ਚੁਟਕਲੇ ਹੀ ਚੁਟਕਲੇ ਹੋ ਰਹੇ ਹਨ। ਇਹੀ ਗੱਲ ਮੈਨੂੰ ਸਭ ਤੋਂ ਵੱਧ ਪਸੰਦ ਆਈ। ਸੱਚ ਦੱਸਾਂ ਤਾਂ, ਜਿਵੇਂ ਮੈਂ ‘ਦ ਵਾਇਰ’ ਲਈ ਲਿਖੇ ਆਪਣੇ ਲੇਖ ਵਿਚ ਕਿਹਾ ਸੀ, ਮੈਨੂੰ ਸਾਲਾਂ ਬਾਅਦ ਪਹਿਲੀ ਵਾਰ ਭਾਰਤੀ ਹੋਣ ਦਾ ਅਦਭੁੱਤ ਅਹਿਸਾਸ ਹੋਇਆ, ਕਿਉਂਕਿ ਜ਼ਿਆਦਾਤਰ ਸਮਾਂ ਮੈਂ ਉਨ੍ਹਾਂ ਗੱਲਾਂ ਕਾਰਨ ਸ਼ਰਮਿੰਦਗੀ ਮਹਿਸੂਸ ਕਰਦੀ ਹਾਂ, ਜਿਨ੍ਹਾਂ ਨੂੰ ਲੋਕ ਪ੍ਰਵਾਨ ਕਰ ਲੈਂਦੇ ਹਨ।

ਤੁਹਾਨੂੰ ਸੀ.ਏ.ਏ. ਵਿਰੋਧੀ ਪ੍ਰਦਰਸ਼ਨ ਯਾਦ ਹਨ? ਯਾਦ ਹੈ ਕਿ ਮੁਸਲਮਾਨਾਂ ਨੂੰ ਕਿਵੇਂ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰਿਆ ਜਾ ਰਿਹਾ ਸੀ ਅਤੇ ਲੋਕ ਤਾੜੀਆਂ ਮਾਰ ਰਹੇ ਸਨ ਤੇ ਵੀਡੀਓਜ਼ ਅਪਲੋਡ ਕਰ ਰਹੇ ਸਨ? ਫਿਰ ਅਚਾਨਕ ਇਸ ਤਰ੍ਹਾਂ ਦਾ ਮਾਹੌਲ ਸਾਡੇ ਸਾਹਮਣੇ ਆ ਗਿਆ। ਰੱਬ ਦੀ ਸਹੁੰ, ਹੁਣ ਮੈਂ ਚੈਨ ਨਾਲ ਮਰ ਸਕਦੀ ਹਾਂ। ਮੈਂ ਮੁਸਕਰਾਉਂਦੀ ਹੋਈ ਮਰਾਂਗੀ। ਤੁਸੀਂ ਜਾਣਦੇ ਹੋ, ਜੋ ਕੁਝ ਵਾਪਰਿਆ, ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਆਪਣੇ ਜੀਵਨਕਾਲ ਵਿਚ ਅਜਿਹਾ ਕੁਝ ਦੇਖ ਸਕਾਂਗੀ। ਮੈਂ ਇਨ੍ਹਾਂ ਨੌਜਵਾਨਾਂ ਦੀ ਪ੍ਰਸ਼ੰਸਾ ਕਰਦੀ ਹਾਂ। ਇਹ ਬਹੁਤ ਹੀ ਸ਼ਾਨਦਾਰ ਹੈ।

ਸ਼ਾਇਦ ਸਭ ਤੋਂ ਵੱਧ ਕਲਪਨਾਸ਼ੀਲ ਲੇਖਕ ਵੀ ਇਸ ਤਰ੍ਹਾਂ ਦੀ ਕਹਾਣੀ ਨਹੀਂ ਲਿਖ ਸਕਦਾ ਸੀ, ਹੈ ਨਾ?

ਜਿਵੇਂ ਮੈਂ ਕਿਹਾ ਸੀ—ਇੱਕ ਜੱਜ ਅਤੇ ਇੱਕ ਚੁਟਕਲੇ ਦੇ ਅਪਵਿੱਤਰ ਮੇਲ ਦੀ ਸੰਤਾਨ। ਤੁਸੀਂ ਜਾਣਦੇ ਹੋ, ਅਤੇ ਇਹ ਵਾਪਰ ਗਿਆ।

ਮੇਰਾ ਖ਼ਿਆਲ ਹੈ ਕਿ ਜਿਹੜੇ ਲੋਕ ਇਸ ਦਾ ਜਸ਼ਨ ਨਹੀਂ ਮਨਾ ਸਕਦੇ ਅਤੇ ਤੁਰੰਤ ਅੱਗੇ ਬਾਰੇ ਸੋਚਣ ਲੱਗ ਜਾਂਦੇ ਹਨ ਕਿ ਅਰੇ, ਇਹ ਹੋਵੇਗਾ, ਉਹ ਹੋਵੇਗਾ—ਮੈਨੂੰ ਅਫ਼ਸੋਸ ਹੁੰਦਾ ਹੈ ਕਿ ਅਸੀਂ ਇੱਕ ਪਲ ਦਾ ਜਸ਼ਨ ਮਨਾਉਣ ਦੀ ਸਮਰੱਥਾ ਵੀ ਗੁਆ ਲਈ ਹੈ। ਕਿਉਂਕਿ ਖ਼ੁਸ਼ੀ ਹਮੇਸ਼ਾ ਕਾਇਮ ਨਹੀਂ ਰਹਿੰਦੀ ਅਤੇ ਰਾਜਨੀਤੀ ਤੇਜ਼ੀ ਨਾਲ ਬਦਲਦੀ ਹੈ। ਪਰ ਇਹ ਸਾਡੇ ਵੱਲੋਂ ਦਿੱਤਾ ਗਿਆ ਵੱਡਾ ਝਟਕਾ ਸੀ ਅਤੇ ਇਹ ਕੰਮ ਸਭ ਤੋਂ ਪਿਆਰੇ ਬੱਚਿਆਂ ਨੇ ਕੀਤਾ।

ਮੇਰੇ ਵਰਗਾ ਵਿਅਕਤੀ 24 ਸਾਲਾਂ ਤੋਂ ਇਸ ਤੋਂ ਕਿਤੇ ਵੱਧ ਗੱਲਾਂ ਬਾਰੇ—ਉਨ੍ਹਾਂ ਸਾਰੀਆਂ ਚੀਜ਼ਾਂ ਬਾਰੇ, ਜੋ ਮੈਨੂੰ ਚਿੰਤਤ ਕਰਦੀਆਂ ਹਨ—ਲਿਖਦਾ ਆ ਰਿਹਾ ਹੈ। ਪਰ ਤੁਸੀਂ ਜਾਣਦੇ ਹੋ, ਮੇਰਾ ਖ਼ਿਆਲ ਹੈ ਕਿ ਇਹ ਅਦਭੁੱਤ ਸੀ। ਹੁਣ ਅਸੀਂ ਦੇਖਾਂਗੇ ਕਿ ਅੱਗੇ ਕੀ ਹੁੰਦਾ ਹੈ।

ਕਿਉਂਕਿ ਅਸੀਂ ਚੁਟਕਲਿਆਂ ਦੀ ਗੱਲ ਕਰ ਰਹੇ ਹਾਂ, ਉੱਥੇ ਚਾਰੇ ਪਾਸੇ ਬਹੁਤ ਹਾਸਾ-ਮਜ਼ਾਕ ਹੋ ਰਿਹਾ ਸੀ। ਪਰ ਕੀ ਤੁਹਾਨੂੰ ਕੋਈ ਅਜਿਹੀ ਘਟਨਾ ਯਾਦ ਹੈ, ਜਿਸ ਨੇ ਤੁਹਾਨੂੰ ਉੱਚੀ-ਉੱਚੀ ਹੱਸਣ ਲਈ ਮਜਬੂਰ ਕਰ ਦਿੱਤਾ ਹੋਵੇ?

ਮੇਰੇ ਕੋਲ ਇੱਕ ਨਵਾਂ ਰਾਸ਼ਟਰੀ ਗੀਤ ਹੈ, ਪਰ ਮੈਂ ਉਹ ਤੁਹਾਡੇ ਲਈ ਗਾ ਨਹੀਂ ਸਕਦੀ, ਕਿਉਂਕਿ ਉਹ ਬਹੁਤ ਹੀ ਅਸ਼ਲੀਲ ਹੈ। ਇਹ ਬੜੀ ਮਜ਼ੇਦਾਰ ਗੱਲ ਸੀ ਕਿ ਸਭ ਤੋਂ ਵੱਧ ਬਦਤਮੀਜ਼ ਗੱਲਾਂ ਕਰਨ ਵਾਲੀਆਂ ਕੁੜੀਆਂ ਸਨ—ਅਤੇ ਉਹ ਜਿੰਨੀਆਂ ਛੋਟੀਆਂ ਸਨ, ਓਨੀਆਂ ਹੀ ਵੱਧ ਬਦਤਮੀਜ਼ ਗੱਲਾਂ ਕਰਦੀਆਂ ਸਨ।

ਤੁਸੀਂ ਜਾਣਦੇ ਹੋ, ਮੈਂ ਤਾਂ ਬਸ ਹੈਰਾਨ ਰਹਿ ਗਈ, ਕਿਉਂਕਿ ਆਪਣੀ ਕਿਤਾਬ ਮਦਰ ਮੈਰੀ ਕਮਜ਼ ਟੂ ਮੀ ਵਿਚ ਮੈਂ ਦੱਸਿਆ ਹੈ ਕਿ ਮੈਂ ਗਾਲ੍ਹਾਂ ਰਾਹੀਂ ਭਾਸ਼ਾ ਸਿੱਖੀ ਸੀ। ਮਿਸਾਲ ਵਜੋਂ, ਜਦੋਂ ਮੈਂ ਦਿੱਲੀ ਆਈ ਸੀ ਤਾਂ ਮੈਨੂੰ ਹਿੰਦੀ ਬਿਲਕੁਲ ਨਹੀਂ ਆਉਂਦੀ ਸੀ। ਮੈਂ ਅਤੇ ਓੜੀਸਾ ਦੀ ਮੇਰੀ ਇੱਕ ਸਹੇਲੀ ਨੇ ਗਾਲ੍ਹਾਂ ਰਾਹੀਂ ਭਾਸ਼ਾ ਸਿੱਖੀ।

ਇੱਥੋਂ ਤੱਕ ਕਿ ਪਹਿਲੀ ਵਾਰ... ਮੈਂ ਆਪਣੇ ਪਿਤਾ ਨੂੰ ਨਹੀਂ ਜਾਣਦੀ ਸੀ, ਕਿਉਂਕਿ ਮੇਰੇ ਮਾਪੇ ਉਸ ਵੇਲੇ ਹੀ ਵੱਖ ਹੋ ਗਏ ਸਨ, ਜਦੋਂ ਮੈਂ ਬਹੁਤ ਛੋਟੀ ਸੀ। ਪਹਿਲੀ ਵਾਰ ਜਦੋਂ ਮੈਂ ਆਪਣੇ ਪਿਤਾ ਨੂੰ ਮਿਲੀ, ਉਸ ਵੇਲੇ ਮੈਂ 25 ਸਾਲ ਦੀ ਸੀ। ਉਨ੍ਹਾਂ ਨੇ ਮੈਨੂੰ ਸਭ ਤੋਂ ਪਹਿਲਾਂ ਪੁੱਛਿਆ, ‘ਤਾਂ ਕੀ ਤੂੰ ਅਜੇ ਵੀ, ਇਹ ਤੈਨੂੰ ਪਤਾ ਹੈ, ਬਦਤਮੀਜ਼ ਹੈਂ?’

ਮੈਂ ਕਿਹਾ, ‘ਪਰ ਜਦੋਂ ਤੁਸੀਂ ਮੈਨੂੰ ਪਿਛਲੀ ਵਾਰ ਮਿਲੇ ਸੀ, ਉਦੋਂ ਮੈਂ ਸਿਰਫ਼ ਦੋ ਸਾਲ ਦੀ ਸੀ।’

ਉਨ੍ਹਾਂ ਨੇ ਕਿਹਾ, ‘ਹਾਂ, ਤੂੰ ਸਭ ਤੋਂ ਬੁਰੀ ਸੀ। ਮੇਰੀ ਸਿਗਰਟ ਗ਼ਲਤੀ ਨਾਲ ਤੈਨੂੰ ਛੂਹ ਗਈ ਸੀ ਅਤੇ ਤੂੰ ਬਸ ਮੇਰੇ ਵੱਲ ਦੇਖ ਕੇ ਕਿਹਾ ਸੀ, ‘ਚੂਤੀਆ।’

ਇਸ ਲਈ ਮੈਂ ਸਮਝ ਸਕਦੀ ਹਾਂ, ਤੁਸੀਂ ਜਾਣਦੇ ਹੋ, ਉਨ੍ਹਾਂ ਛੋਟੇ ਬੱਚਿਆਂ ਨੂੰ, ਜਿਹੜੇ ਗਾਲ੍ਹਾਂ ਕੱਢਣ ਦੇ ਉਸ ਪਲ ਦਾ ਆਨੰਦ ਮਾਣ ਰਹੇ ਸਨ।

ਅਤੇ ਉਨ੍ਹਾਂ ਨੇ ਮਾਸਕ ਪਾਉਣ ਦੀ ਖੇਚਲ ਵੀ ਨਹੀਂ ਕੀਤੀ। ਕੁੜੀਆਂ ਦੀ ਟੋਲੀ ਸਮੂਹ ਪ੍ਰਧਾਨ ਮੰਤਰੀ ਦੇ ਘਰ ਤੋਂ ਇੱਕ ਕਿਲੋਮੀਟਰ ਦੂਰ ਉਸ ਵੱਲ ਉਂਗਲ ਕਰਕੇ ਆਪਣਾ ਗੁੱਸਾ ਤੇ ਨਫ਼ਰਤ ਪ੍ਰਗਟਾ ਰਹੀ ਸੀ। ਇੱਕ ਹੱਦ ਤੋਂ ਬਾਅਦ ਅਸੀਂ ਇਸ ਗੱਲ ਦਾ ਵਿਸ਼ਲੇਸ਼ਣ ਕਿਵੇਂ ਕਰੀਏ ਕਿ ਇਹ ਸਭ ਕਿਉਂ ਅਤੇ ਕਿਵੇਂ ਵਾਪਰਿਆ?

ਮੈਂ ਇਸ ਦਾ ਵਿਸ਼ਲੇਸ਼ਣ ਨਹੀਂ ਕਰਨਾ ਚਾਹੁੰਦੀ। ਮੈਂ ਬਸ ਇਸ ਦਾ ਆਨੰਦ ਮਾਣਨਾ ਚਾਹੁੰਦੀ ਹਾਂ।

ਤੁਸੀਂ ਜਸ਼ਨ ਮਨਾਉਣ ਲਈ ਕੀ ਕੀਤਾ?

ਮੈਂ ਇੱਥੇ ਆਈ ਅਤੇ ਬਸ ਮੁਸਕਰਾਉਂਦੀ ਰਹੀ। ਮੁਸਕਰਾਉਂਦੀ ਰਹੀ।

ਸਾਡੇ ਨਾਲ ਇੱਥੇ ਮੁੜ ਆਉਣ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।

ਤੁਹਾਡਾ ਸਵਾਗਤ ਹੈ।

ਇਹ ਅਸਾਧਾਰਨ ਪਲ ਹੈ ਅਤੇ ਸਾਡੇ ਵਿਚੋਂ ਕੋਈ ਨਹੀਂ ਜਾਣਦਾ ਕਿ ਇਹ ਕਿੱਥੋਂ ਤੱਕ ਜਾਵੇਗਾ। ਪਰ ਜਿਵੇਂ ਤੁਸੀਂ ਕਿਹਾ...

ਇਸ ਪਲ ਦਾ ਜਸ਼ਨ ਮਨਾਓ। ਅਸੀਂ ਹੱਸਦੇ-ਹੱਸਦੇ ਅਗਲੇ ਦਿਨ ਲਈ ਤਿਆਰ ਹੋ ਜਾਂਦੇ ਹਾਂ।

ਮੌਜੂਦਾ ਹਾਲਾਤ ਨੂੰ ਦੇਖਦਿਆਂ ਸ਼ਾਇਦ ਅਸੀਂ ਤੁਹਾਨੂੰ ਇੱਕ ਰੀਲ ਰਿਕਾਰਡ ਕਰਨ ਲਈ ਕਹਿ ਸਕਦੇ ਹਾਂ।

(ਹੱਸਦਿਆਂ) ਤੁਹਾਡਾ ਕੀ ਮਤਲਬ ਹੈ?

ਇੱਕ ਵਰਟੀਕਲ ਵੀਡੀਓ। ਪ੍ਰਧਾਨ ਮੰਤਰੀ ਅੱਜਕੱਲ੍ਹ ਇਹੀ ਕਰ ਰਹੇ ਹਨ।

ਰੱਬ ਦਾ ਸ਼ੁਕਰ ਹੈ ਕਿ ਮੈਂ ਪ੍ਰਧਾਨ ਮੰਤਰੀ ਨਹੀਂ ਹਾਂ। ਹਰ ਕੋਈ ਉਸ ਦੇ ਦੰਦਾਂ ਦੀ ਹਾਲਤ ਨੂੰ ਲੈ ਕੇ ਪਰੇਸ਼ਾਨ ਹੈ। ਬੱਚੇ ਆਪਣੇ ਦੰਦ ਸਾਫ਼ ਕਰ ਰਹੇ ਸਨ ਅਤੇ ਕਹਿ ਰਹੇ ਸਨ, ‘ਆਪਣੇ ਦੰਦਾਂ ਦਾ ਖ਼ਿਆਲ ਰੱਖੋ।’

ਮੇਰਾ ਖ਼ਿਆਲ ਹੈ ਕਿ ਸਾਨੂੰ ਰੀਲਾਂ ਨੌਜਵਾਨਾਂ ਲਈ ਹੀ ਛੱਡ ਦੇਣੀਆਂ ਚਾਹੀਦੀਆਂ ਹਨ। ਸਾਨੂੰ ਉਨ੍ਹਾਂ ਵਰਗਾ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਸਗੋਂ ਜਿਹੋ-ਜਿਹੇ ਅਸੀਂ ਹਾਂ, ਉਹੋ ਜਿਹੇ ਰਹਿੰਦਿਆਂ ਉਨ੍ਹਾਂ ਨੂੰ ਗਲੇ ਲਗਾਉਣਾ ਚਾਹੀਦਾ ਹੈ।

75 ਸਾਲਾ ਪ੍ਰਧਾਨ ਮੰਤਰੀ ਅਤੇ ਨੌਜਵਾਨਾਂ ਵਿਚਕਾਰ ਇਸ ਦੂਰੀ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ, ਪਰ ਇਹ ਜੀਵ-ਵਿਗਿਆਨਕ ਉਮਰ ਦਾ ਮਾਮਲਾ ਤਾਂ ਨਹੀਂ ਹੈ, ਹੈ ਨਾ?

ਨਹੀਂ।

ਇਹ ਨੌਜਵਾਨਾਂ ਦੇ ਆਜ਼ਾਦੀ ਅਤੇ ਖੁੱਲ੍ਹੇਪਣ ਲਈ ਸੰਘਰਸ਼ ਅਤੇ ਇੱਕ ਤਾਨਾਸ਼ਾਹੀ ਹਕੂਮਤ ਵਿਚਕਾਰ ਟਕਰਾਅ ਦੀ ਕਹਾਣੀ ਹੈ—ਇੱਕ ਅਜਿਹੀ ਹਕੂਮਤ, ਜਿਸ ਨੇ ਨਾ ਸਿਰਫ਼ ਆਜ਼ਾਦੀ ਦਾ ਗਲਾ ਘੁੱਟਿਆ ਹੈ, ਸਗੋਂ ਆਰਥਕ ਖ਼ੁਸ਼ਹਾਲੀ ਵੀ ਨਹੀਂ ਦਿੱਤੀ। ਇੱਥੋਂ ਦੀਆਂ ਕੰਧਾਂ ਉੱਤੇ ਲਿਖੇ ਨਾਅਰਿਆਂ ਵਿਚੋਂ ਇੱਕ ਸੀ, ‘ਮੋਦੀ ਜੀ, ਬੁਰੇ ਦਿਨ ਵਾਪਸ ਕਰੋ।’ ਸਾਨੂੰ ਉਹ ਬੁਰੇ ਦਿਨ ਵਾਪਸ ਮੋੜ ਦਿਓ।

ਅਤੇ ਇੱਕ ਹੋਰ ਨਾਅਰਾ ਸੀ॥ ‘ਸਾਈਮਨ, ਵਾਪਸ ਆਓ,’ ਵਗੈਰਾ। ਸਾਡੇ ਵਿਚੋਂ ਜਿਹੜੇ ਲੋਕ—ਖ਼ਾਸ ਕਰਕੇ ਮੇਰੇ ਵਰਗੇ—ਗੋਧਰਾ ਕਾਂਡ ਤੋਂ ਤੁਰੰਤ ਬਾਅਦ ਸਮਝ ਗਏ ਸਨ ਕਿ ਅੱਗੇ ਕੀ ਹੋਣ ਵਾਲਾ ਹੈ... ਬਹੁਤ ਸਾਰੇ ਲੋਕ ਜਿਹੜੇ ਹੁਣ ਇਸ ਹਕੂਮਤ ਦੇ ਖ਼ਿਲਾਫ਼ ਹਨ, ਉਹ ਪਹਿਲਾਂ ਮੈਨੂੰ ਬਦਨਾਮ ਕਰਦੇ ਸਨ, ਮੇਰਾ ਮਜ਼ਾਕ ਉਡਾਉਂਦੇ ਸਨ ਅਤੇ ਮੇਰੇ ਕਹੇ ਸ਼ਬਦਾਂ ਕਾਰਨ ਮੈਨੂੰ ਤਰ੍ਹਾਂ-ਤਰ੍ਹਾਂ ਦੇ ਨਾਵਾਂ ਨਾਲ ਪੁਕਾਰਦੇ ਸਨ। ਇਸ ਵਿਚ ਇਹ ਕਹਿਣਾ ਵੀ ਸ਼ਾਮਲ ਸੀ ਕਿ ਇਸ ਨੂੰ ਮਨੋਰੋਗਾਂ ਦੇ ਡਾਕਟਰ ਕੋਲ ਲੈ ਜਾਓ। ਹੁਣ ਉਹੀ ਲੋਕ ਇਨ੍ਹਾਂ ਨੂੰ ਅੱਗੇ ਆ ਕੇ ਫਾਸ਼ੀਵਾਦੀ ਕਹਿ ਰਹੇ ਹਨ।

ਪਰ ਅਸਲ ਗੱਲ ਇਹ ਹੈ—ਮੇਰੇ ਲਈ ਸਬਕ ਇਹ ਹੈ ਕਿ ਕਿਸੇ ਆਬਾਦੀ ਵਿਚ ਤਬਦੀਲੀ ਆਉਣ ਨੂੰ ਲੰਮਾ ਸਮਾਂ ਲੱਗਦਾ ਹੈ। ਸਾਡੇ ਵਿਚੋਂ ਜਿਨ੍ਹਾਂ ਨੇ ਇਹ ਸਭ ਸ਼ੁਰੂ ’ਚ ਹੀ ਦੇਖ ਲਿਆ ਸੀ, ਉਨ੍ਹਾਂ ਲਈ... ਮੈਨੂੰ ਉਦੋਂ ਤੱਕ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੋਇਆ ਕਿ ਇੱਕ ਇਨਸਾਨ ਵਜੋਂ ਮੈਂ ਕਿੰਨੀ ਚੌਕਸ ਅਤੇ ਸਾਵਧਾਨ ਹੋ ਗਈ ਸੀ, ਜਦੋਂ ਤੱਕ ਮੈਂ ਉਸ ਸਾਵਧਾਨੀ ਨੂੰ ਛੱਡ ਨਹੀਂ ਸਕੀ।

ਮੇਰਾ ਸਰੀਰ ਵੀ ਵੱਖਰਾ ਮਹਿਸੂਸ ਕਰ ਰਿਹਾ ਹੈ। ਮੈਂ ਇਸ ਤਰ੍ਹਾਂ ਦੀ ਖ਼ੁਸ਼ੀ ਪਹਿਲਾਂ ਕਦੇ ਮਹਿਸੂਸ ਨਹੀਂ ਸੀ ਕੀਤੀ। ਸਾਡੇ ਵਿਚੋਂ ਕੁਝ ਲੋਕਾਂ ਲਈ ਜਨਤਕ ਅਤੇ ਸਿਆਸੀ ਤੌਰ ’ਤੇ ਜੋ ਕੁਝ ਵਾਪਰ ਰਿਹਾ ਹੈ, ਉਹ ਨਿੱਜੀ ਜੀਵਨ ਵਿਚ ਵਾਪਰ ਰਹੀਆਂ ਘਟਨਾਵਾਂ ਨਾਲੋਂ ਵੀ ਵੱਧ ਨਿੱਜੀ ਹੈ।

ਹਰ ਰੋਜ਼ ਮੈਨੂੰ ਇੰਝ ਲੱਗਦਾ ਸੀ ਕਿ ਜਦੋਂ ਮੈਂ ਅੱਖਾਂ ਖੋਲ੍ਹਦੀ ਹਾਂ ਤਾਂ ਮੈਨੂੰ ਆਪਣੀ ਹਿੱਕ ਉੱਤੋਂ ਕੰਕਰੀਟ ਦਾ ਇਹ ਭਾਰੀ ਟੁਕੜਾ ਹਟਾਉਣਾ ਪੈਂਦਾ ਹੈ ਅਤੇ ਆਪਣੇ ਆਪ ਨੂੰ ਕਹਿਣਾ ਪੈਂਦਾ ਹੈ—ਉੱਠੋ, ਮੁਸਕਰਾਓ, ਅੱਗੇ ਵਧੋ, ਇਸ ਨੂੰ ਰੋਕੋ। ਪਿਛਲੇ ਕੁਝ ਦਿਨਾਂ ਤੋਂ ਉਹ ਭਾਰੀ ਟੁਕੜਾ ਦੂਜੇ ਕਮਰੇ ਵਿਚ ਪਿਆ ਹੈ। ਉਹ ਉੱਥੇ ਹੀ ਹੈ, ਪਰ ਦੂਜੇ ਕਮਰੇ ਵਿਚ ਹੈ।

ਇਸੇ ਗੱਲ ਨਾਲ ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਹਾਡੇ ਨਾਲ ਗੱਲ ਕਰਕੇ ਬਹੁਤ ਚੰਗਾ ਲੱਗਿਆ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਇਸ ਖ਼ੂਬਸੂਰਤ ਥਾਂ ’ਤੇ ਤੁਹਾਡੇ ਨਾਲ ਗੱਲ ਕਰ ਸਕੇ।

ਹਾਂ, ਹਾਂ—ਅਤੇ ਹੁਣ ਪੁਲਿਸ ਆ ਰਹੀ ਹੈ।


ਤੁਹਾਡਾ ਬਹੁਤ-ਬਹੁਤ ਧੰਨਵਾਦ।

ਤੁਹਾਡਾ ਸਵਾਗਤ ਹੈ।

# ਦੋ ਅਰਥਪੂਰਨ ਭਾਰਤੀ ਨਾਟਕਾਂ ਦਾ ਮੰਚਨ

11 ਜੁਲਾਈ 2026 ਨੂੰ ਮਾਰੀਓ ਪਾਰੈਂਟੇ ਆਡੀਟੋਰੀਅਮ ਵਿਚ ਹਿੰਦੀ ਅਤੇ ਮਰਾਠੀ ਵਿਚ ਪੇਸ਼ ਕੀਤੇ ਗਏ ਦੋ ਨਾਟਕਾਂ, 'ਹਮਰਾਹੀ' ਅਤੇ 'ਸਟਾਕਹੋਮ', ਨੇ ਭਾਰਤੀ ਰੰਗਮੰਚ ਦੀ ਅਮੀਰ ਅਤੇ ਵਿਕਸਤ ਹੋ ਚੁੱਕੀ ਪਰੰਪਰਾ ਨੂੰ ਉਜਾਗਰ ਕੀਤਾ। ਇਹ ਦੋਵੇਂ ਨਾਟਕ ਸਿਰਫ਼ ਮਨੋਰੰਜਨ ਤੱਕ ਸੀਮਤ ਨਹੀਂ ਹਨ, ਸਗੋਂ ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ, ਰਵਾਇਤੀ ਹੱਦਾਂ, ਜਾਤੀ ਦਾ ਹੰਕਾਰ ਅਤੇ ਭਾਰਤੀ ਸਮਾਜ ਵਿਚ ਔਰਤਾਂ ਉੱਤੇ ਹੋ ਰਹੇ ਜ਼ੁਲਮ ਨੂੰ ਸਮਝਣ ਅਤੇ ਪਰਖਣ ਵਾਲੇ ਮਨੋਵਿਗਿਆਨਕ ਅਤੇ ਸਮਾਜਿਕ ਸਾਧਨ ਵੀ ਹਨ।

ਪਹਿਲੀ ਰਚਨਾ 'ਹਮਰਾਹੀ' ਪ੍ਰਸਿੱਧ ਮਰਾਠੀ ਨਾਟਕਕਾਰ ਰਤਨਾਕਰ ਮਤਕਰੀ ਵੱਲੋਂ ਲਿਖਿਆ ਗਿਆ ਬਹੁਤ ਹੀ ਸੰਵੇਦਨਸ਼ੀਲ ਅਤੇ ਕਲਾਤਮਕ ਮਨੋਵਿਗਿਆਨਕ ਨਾਟਕ ਹੈ। ਇਸ ਦਾ ਕੇਂਦਰ ਸ੍ਰੀਕਾਂਤ ਅਤੇ ਨੰਦਨੀ ਦੀ ਮੁਲਾਕਾਤ ਹੈ। ਸ੍ਰੀਕਾਂਤ ਇੱਕ ਨੇਤਰਹੀਣ ਲੇਖਕ ਹੈ ਅਤੇ ਨੰਦਨੀ ਉਸ ਦੀ ਪੁਰਾਣੀ ਪ੍ਰੇਮਿਕਾ ਹੈ, ਜੋ ਲੰਮੇ ਵਿਛੋੜੇ ਤੋਂ ਬਾਅਦ ਉਸ ਨੂੰ ਮਿਲਣ ਆਉਂਦੀ ਹੈ।




**ਡਾ. ਆਤਮਜੀਤ**
atamjitplaywright@gmail.com

ਨਾਟਕ ਦਾ ਮੁੱਖ ਟਕਰਾਅ ਅਤੀਤ ਵਿਚ ਸੋਚ-ਸਮਝ ਕੇ ਕੀਤੇ ਫੈਸਲਿਆਂ ਦੇ ਆਲੇ-ਦੁਆਲੇ ਘੁੰਮਦਾ ਹੈ। ਸ੍ਰੀਕਾਂਤ ਨੇ ਪਹਿਲਾਂ ਨੰਦਨੀ ਨੂੰ ਆਪਣੀ ਜ਼ਿੰਦਗੀ ਤੋਂ ਵੱਖਰਾ ਰਸਤਾ ਚੁਣਨ ਲਈ ਮਜਬੂਰ ਕੀਤਾ ਸੀ। ਉਸ ਨੇ ਪਿਆਰ ਵਿਚ ਸਭ ਕੁਝ ਕੁਰਬਾਨ ਕਰ ਦੇਣ ਵਾਲੀ ਰਵਾਇਤੀ ਸੋਚ ਨੂੰ ਸਵੀਕਾਰ ਨਹੀਂ ਕੀਤਾ। ਉਸ ਦੀ ਦਲੀਲ ਵਿਚ ਜ਼ਿੰਦਗੀ ਦੀ ਇੱਕ ਕੌੜੀ ਪਰ ਸੱਚੀ ਹਕੀਕਤ ਸੀ। ਸ੍ਰੀਕਾਂਤ ਦਾ ਮੰਨਣਾ ਸੀ ਕਿ ਰੋਮਾਂਟਿਕ ਕੁਰਬਾਨੀ ਦੀ ਸੋਹਣੀ ਕਲਪਨਾ ਰੋਜ਼ਾਨਾ ਜ਼ਿੰਦਗੀ ਦੀਆਂ ਮੁਸ਼ਕਲਾਂ ਹੇਠ ਅਕਸਰ ਟੁੱਟ ਜਾਂਦੀ ਹੈ। ਉਸ ਨੂੰ ਡਰ ਸੀ ਕਿ ਜੇ ਨੰਦਨੀ ਸਿਰਫ਼ ਫ਼ਰਜ਼ ਸਮਝ ਕੇ ਉਸ ਦੇ ਨਾਲ ਰਹਿੰਦੀ ਤਾਂ ਉਸ ਦਾ ਪਿਆਰ ਹੌਲੀ-ਹੌਲੀ ਗੁੱਸੇ ਅਤੇ ਪਛਤਾਵੇ ਵਿਚ ਬਦਲ ਜਾਂਦਾ। ਉਹ ਖੁਦ ਉਸ ਲਈ ਘਰ ਦਾ ਬੋਝ ਬਣ ਜਾਂਦਾ ਅਤੇ ਦੋਵੇਂ ਦੁਖੀ ਰਹਿੰਦੇ।

ਕਈ ਸਾਲਾਂ ਬਾਅਦ ਨੰਦਨੀ ਦੋ ਬੱਚਿਆਂ ਦੀ ਮਾਂ ਬਣ ਚੁੱਕੀ ਹੈ ਅਤੇ ਇੱਕ ਚੰਗੇ, ਖੁਸ਼ਹਾਲ ਪਤੀ ਨਾਲ ਵਿਆਹੀ ਹੋਈ ਹੈ। ਆਪਣੀ ਜ਼ਿੰਦਗੀ ਦੇ ਇੱਕ ਮੋੜ 'ਤੇ ਉਹ ਸ੍ਰੀਕਾਂਤ ਦੇ ਉਸ ਪੁਰਾਣੇ ਫੈਸਲੇ ਨੂੰ ਸਹੀ ਸਾਬਤ ਕਰਦੀ ਹੈ। ਪਰ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਨੰਦਨੀ ਆਪਣੀ ਜ਼ਿੰਦਗੀ ਵਿਚ ਸੁਖੀ ਅਤੇ ਸੁਰੱਖਿਅਤ ਹੈ ਤਾਂ ਉਹ ਸ੍ਰੀਕਾਂਤ ਨੂੰ ਮਿਲਣ ਵਾਪਸ ਕਿਉਂ ਆਉਂਦੀ ਹੈ? ਨਾਟਕਕਾਰ ਇਸ ਮੁਲਾਕਾਤ ਰਾਹੀਂ ਸੱਚੇ ਅਤੇ ਨਿਸ਼ਕਾਮ ਪਿਆਰ ਦੀ ਇੱਕ ਨਵੀਂ ਪਰਿਭਾਸ਼ਾ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਹ ਰੋਮਾਂਟਿਕ ਪਿਆਰ ਦੀ ਕਲਪਨਾ ਅਤੇ ਜ਼ਿੰਦਗੀ ਦੀਆਂ ਵਿਹਾਰਕ ਹੱਦਾਂ ਵਿਚਕਾਰ ਇੱਕ ਬਹੁਤ ਸੁੰਦਰ ਪੁਲ ਬਣਾਉਂਦਾ ਹੈ। ਦੋਵੇਂ ਪਾਤਰ ਆਪਣੇ ਪੁਰਾਣੇ ਪਿਆਰ ਨੂੰ ਮੁੜ ਮਹਿਸੂਸ ਕਰਦੇ ਹਨ, ਪਰ ਕੋਈ ਅਜਿਹੀ ਹੱਦ ਨਹੀਂ ਲੰਘਦੇ ਜਿਸ ਨਾਲ ਉਨ੍ਹਾਂ ਦੀ ਮੌਜੂਦਾ ਜ਼ਿੰਦਗੀ ਪ੍ਰਭਾਵਿਤ ਹੋਵੇ। ਸ੍ਰੀਕਾਂਤ ਨੰਦਨੀ ਦੇ ਕਹਿਣ 'ਤੇ ਸਿਰਫ਼ ਉਸਦੀ ਬਾਂਹ ਨੂੰ ਛੂਹ ਕੇ ਉਸ ਦੇ ਵਧੇ ਹੋਏ ਵਜ਼ਨ ਨੂੰ ਮਹਿਸੂਸ ਕਰਦਾ ਹੈ, ਜਦਕਿ ਨੰਦਨੀ ਉਸ ਦੇ ਗਿਲਾਸ ਵਿਚੋਂ ਨਿੰਬੂ ਪਾਣੀ ਦੀ ਇੱਕ ਘੁੱਟ ਪੀਂਦੀ ਹੈ। ਉਨ੍ਹਾਂ ਦੇ ਰਿਸ਼ਤੇ ਦੀ ਪੂਰੀ ਭਾਵਨਾ ਇਸ ਕਾਵਿਕ ਪੰਕਤੀ ਵਿਚ ਸਮਾ ਜਾਂਦੀ ਹੈ—'ਅਬ ਕੇ ਹਮ ਬਿਛੜੇ ਤੋ ਸ਼ਾਇਦ ਕਿਤਾਬੋਂ ਮੇਂ ਮਿਲੇਂ'। ਅਰਥਾਤ, ਜੇ ਇਸ ਵਾਰ ਅਸੀਂ ਵਿਛੜ ਗਏ ਤਾਂ ਸ਼ਾਇਦ ਮੁੜ ਸਿਰਫ਼ ਕਿਤਾਬਾਂ ਵਿਚ ਹੀ ਮਿਲਾਂਗੇ। 'ਹਮਰਾਹੀ' ਨੂੰ ਨਾ ਤਾਂ ਬਹੁਤ ਕੱਟੜ ਰਵਾਇਤੀ ਨਜ਼ਰੀਏ ਨਾਲ ਅਤੇ ਨਾ ਹੀ ਬਹੁਤ ਆਧੁਨਿਕ ਜਾਂ ਉੱਤਰ-ਆਧੁਨਿਕ ਨਜ਼ਰੀਏ ਨਾਲ ਪੂਰੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਹ ਰਵਾਇਤ ਨਾਲ ਜੁੜਿਆ ਹੋਇਆ ਪਰ ਭਾਵਨਾਤਮਕ ਤੌਰ 'ਤੇ ਬਹੁਤ ਪੱਕਾ ਨਾਟਕ ਹੈ, ਜੋ ਦੱਸਦਾ ਹੈ ਕਿ ਮਨੁੱਖ ਡੂੰਘੇ ਭਾਵਨਾਤਮਕ ਰਿਸ਼ਤਿਆਂ ਦਾ ਸਤਿਕਾਰ ਕਰਦਿਆਂ ਆਪਣੀ ਜ਼ਿੰਮੇਵਾਰੀ ਵੀ ਨਿਭਾ ਸਕਦਾ ਹੈ।

ਸੁਹਾਸ ਗੋਸਾਵੀ ਦੇ ਨਿਰਦੇਸ਼ਨ ਹੇਠ ਹਿੰਦੀ ਵਿਚ ਕੀਤੀ ਗਈ ਇਸ ਪੇਸ਼ਕਾਰੀ ਨੇ ਨਾਟਕ ਦੀ ਅੰਦਰੂਨੀ ਸੰਜਮ ਵਾਲੀ ਭਾਵਨਾ ਨੂੰ ਬਹੁਤ ਸੁੰਦਰ ਢੰਗ ਨਾਲ ਪੇਸ਼ ਕੀਤਾ। ਇਸ ਤੋਂ ਇਸ ਗਰੁੱਪ ਦੀ ਰੰਗਮੰਚੀ ਤਾਕਤ, ਭਰੋਸੇ ਅਤੇ ਪੱਕਿਆਈ ਦਾ ਪਤਾ ਲੱਗਦਾ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਹ ਗਰੁੱਪ ਆਮ ਤੌਰ 'ਤੇ ਕਾਮੇਡੀ ਨਾਟਕ ਪੇਸ਼ ਕਰਨ ਲਈ ਜਾਣਿਆ ਜਾਂਦਾ ਹੈ। ਸੁਨੀਲ ਮੁੰਡਲੇ ਨੇ ਸ੍ਰੀਕਾਂਤ ਅਤੇ ਸਵਾਤੀ ਪਾਂਡੇ ਨੇ ਨੰਦਨੀ ਦੀ ਭੂਮਿਕਾ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪ੍ਰੌਢ ਢੰਗ ਨਾਲ ਨਿਭਾਈ। ਕਈ ਥਾਵਾਂ 'ਤੇ ਉਨ੍ਹਾਂ ਦੀ ਚੁੱਪ ਨੇ ਸੰਵਾਦਾਂ ਨਾਲੋਂ ਵੱਧ ਗੱਲ ਕੀਤੀ। ਪਰ ਆਡੀਟੋਰੀਅਮ ਦੀ ਖ਼ਰਾਬ ਆਵਾਜ਼ ਪ੍ਰਣਾਲੀ ਅਤੇ ਕਮਜ਼ੋਰ ਲਾਈਟਿੰਗ ਕਾਰਨ ਨਾਟਕ ਦੀ ਬਰੀਕ ਚੁੱਪ ਅਤੇ ਪਿੱਛੇ ਚੱਲ ਰਹੇ ਸੰਗੀਤ ਦਾ ਪ੍ਰਭਾਵ ਕੁਝ ਘੱਟ ਹੋ ਗਿਆ। ਸਾਊਂਡ ਠੀਕ ਤਰ੍ਹਾਂ ਕੰਮ ਨਹੀਂ ਕਰ ਰਿਹਾ ਸੀ ਅਤੇ ਲਾਈਟਾਂ ਦੀ ਆਪਣੀ ਸਮੱਸਿਆ ਸੀ। ਮੈਂ ਤਕਨੀਕੀ ਟੀਮ ਦੀ ਪਰੇਸ਼ਾਨੀ ਨੂੰ ਸਮਝ ਸਕਦਾ ਹਾਂ, ਕਿਉਂਕਿ ਦੋ ਸਾਲ ਪਹਿਲਾਂ ਜਦੋਂ ਮੈਂ ਇੱਥੇ ਆਪਣਾ ਹਿੰਦੀ ਨਾਟਕ 'ਮੈਂ ਤੋ ਏਕ ਸਾਰੰਗੀ ਹੂੰ' ਪੇਸ਼ ਕੀਤਾ ਸੀ, ਤਾਂ ਮੈਨੂੰ ਵੀ ਬਿਲਕੁਲ ਇਸੇ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ।

ਦੂਜਾ ਨਾਟਕ ਮਰਾਠੀ ਵਿਚ 'ਸਟਾਕਹੋਮ ਚਿਆ ਭਾਤੁਕਲੀਚੇ ਹਸਪਤਾਲ' ਸੀ, ਜਿਸ ਦਾ ਅਰਥ 'ਸਟਾਕਹੋਮ ਅਤੇ ਖਿਡੌਣਿਆਂ ਦਾ ਹਸਪਤਾਲ' ਦੇ ਨੇੜੇ-ਤੇੜੇ ਬਣਦਾ ਹੈ। ਇਸ ਨੂੰ ਬੇਸਮੈਂਟ ਥੀਏਟਰ ਵੱਲੋਂ ਪੇਸ਼ ਕੀਤਾ ਗਿਆ ਅਤੇ ਜੈਦੀਪ ਬੁਜ਼ਰੁਕ ਨੇ ਨਿਰਦੇਸ਼ਿਤ ਕੀਤਾ। ਇਹ ਨਾਟਕ ਵਿਅਕਤੀਗਤ ਮਨੋਵਿਗਿਆਨ ਤੋਂ ਅੱਗੇ ਵਧ ਕੇ ਵੱਡੇ ਪੱਧਰ 'ਤੇ ਸਮਾਜਿਕ ਹਕੀਕਤ ਵੱਲ ਧਿਆਨ ਲੈ ਜਾਂਦਾ ਹੈ। ਨੌਜਵਾਨ ਅਤੇ ਉਮੀਦਵਾਰ ਨਾਟਕਕਾਰ ਚੈਤਨਯ ਤਾਂਬੇ ਵੱਲੋਂ ਲਿਖਿਆ ਇਹ ਮਰਾਠੀ ਨਾਟਕ ਪਹਿਲਾਂ ਇੱਕ ਰਹੱਸਮਈ ਅਤੇ ਰੋਮਾਂਚਕ ਕਹਾਣੀ ਵਾਂਗ ਸ਼ੁਰੂ ਹੁੰਦਾ ਹੈ, ਪਰ ਹੌਲੀ-ਹੌਲੀ ਇਹ ਭਾਰਤੀ ਸਮਾਜਿਕ ਅਤੇ ਸੱਭਿਆਚਾਰਕ ਢਾਂਚੇ ਦੀ ਇੱਕ ਵੱਡੀ ਆਲੋਚਨਾ



ਬਣ ਜਾਂਦਾ ਹੈ।

ਕਹਾਣੀ ਸਧਾਰਨ ਢੰਗ ਨਾਲ ਸ਼ੁਰੂ ਹੁੰਦੀ ਹੈ। ਇੱਕ ਮੱਧਵਰਗੀ ਪ੍ਰੋਫੈਸਰ, ਜਿਸ ਨੂੰ 'ਬਾਬਾ' ਕਿਹਾ ਗਿਆ ਹੈ, ਉਸ ਦੀ ਪਤਨੀ ਅਤੇ ਧੀ ਨਿਸ਼ੂ ਨੂੰ ਉਨ੍ਹਾਂ ਦੇ ਆਪਣੇ ਘਰ ਵਿਚ ਡਰਾਈਵਰ ਪ੍ਰਸ਼ਾਂਤ ਕਾਂਬਲੇ ਬੰਦੂਕ ਦੀ ਨੋਕ 'ਤੇ ਬੰਧਕ ਬਣਾ ਲੈਂਦਾ ਹੈ। ਇੱਕੋ ਦਿਨ ਦੌਰਾਨ ਪ੍ਰਸ਼ਾਂਤ ਮਨੋਵਿਗਿਆਨਕ ਤੌਰ 'ਤੇ ਸਾਰਾ ਰਿਸ਼ਤਾ ਉਲਟ ਦਿੰਦਾ ਹੈ। ਉਹ ਪ੍ਰੋਫੈਸਰ ਨੂੰ ਵੱਖ-ਵੱਖ ਭੂਮਿਕਾਵਾਂ—ਅਧਿਆਪਕ, ਡਰਾਈਵਰ ਅਤੇ ਡਾਕਟਰ—ਨਿਭਾਉਣ ਲਈ ਮਜਬੂਰ ਕਰਦਾ ਹੈ ਅਤੇ ਇਸ ਤਰ੍ਹਾਂ ਪਰਿਵਾਰ ਦੀ ਉੱਪਰੋਂ ਦਿਖਾਈ ਦੇਣ ਵਾਲੀ ਇੱਜ਼ਤ ਅਤੇ ਸ਼ਰਾਫ਼ਤ ਦੀ ਪਰਤ ਨੂੰ ਹੌਲੀ-ਹੌਲੀ ਉਤਾਰ ਦਿੰਦਾ ਹੈ। ਬੰਧਕ ਬਣਨ ਦੀ ਸਥਿਤੀ ਇਹ ਸਾਹਮਣੇ ਲਿਆਉਂਦੀ ਹੈ ਕਿ ਪਰਿਵਾਰ ਦਾ ਹਰ ਮੈਂਬਰ ਕਿਸੇ ਨਾ ਕਿਸੇ ਸਮਾਜਿਕ ਬੰਧਨ ਦਾ ਬੰਧਕ ਹੈ। ਪਿਤਾ ਆਪਣੀ ਉੱਚੀ ਜਾਤ ਦੇ ਹੰਕਾਰ ਦਾ ਕੈਦੀ ਹੈ, ਮਾਂ ਵਿਆਹੀ ਹੋਈ ਔਰਤ ਦੀ ਸਮਾਜਿਕ ਪਹਿਚਾਣ ਦੀ ਬੰਧਕ ਅਤੇ ਧੀ ਇੱਕ ਜ਼ਹਿਰੀਲੇ ਵਿਆਹ ਦੀ ਗ਼ੁਲਾਮ।

ਨਾਟਕ ਦਾ ਇੱਕ ਮਹੱਤਵਪੂਰਨ ਪੱਖ ਜਾਤੀ ਅਤੇ ਵਰਗ ਬਾਰੇ ਮਨੁੱਖ ਦੀ ਅੰਨ੍ਹੀ ਸੋਚ ਨੂੰ ਸਾਹਮਣੇ ਲਿਆਉਣਾ ਹੈ। ਬਾਬਾ ਆਪਣੇ ਬ੍ਰਾਹਮਣ ਹੋਣ ਦੇ ਹੰਕਾਰ ਅਤੇ ਅੰਗਰੇਜ਼ੀ ਭਾਸ਼ਾ ਉੱਤੇ ਆਪਣੀ ਪਕੜ ਉੱਤੇ ਬਹੁਤ ਮਾਣ ਕਰਦਾ ਹੈ ਅਤੇ ਦੂਜਿਆਂ ਨੂੰ ਆਪਣੇ ਨਾਲੋਂ ਹੀਣੇ ਸਮਝਦਾ ਹੈ। ਆਪਣੇ ਡਰਾਈਵਰ ਨਾਲ ਲੰਮੇ ਸਮੇਂ ਤਕ ਕੰਮ ਕਰਨ ਦੇ ਬਾਵਜੂਦ ਉਹ ਪ੍ਰਸ਼ਾਂਤ ਦੀ ਜ਼ਿੰਦਗੀ ਦੀਆਂ ਭਿਆਨਕ ਤ੍ਰਾਸਦੀਆਂ ਨੂੰ ਸਮਝਣ ਵਿਚ ਪੂਰੀ ਤਰ੍ਹਾਂ ਅਸਫਲ ਰਹਿੰਦਾ ਹੈ। ਪ੍ਰਸ਼ਾਂਤ ਦੀ ਜ਼ਿੰਦਗੀ ਲਗਾਤਾਰ ਘਾਟ ਅਤੇ ਬੇਇਨਸਾਫ਼ੀ ਨਾਲ ਭਰੀ ਹੋਈ ਹੈ। ਉਸ ਦੀ ਧੀ ਘਰੇਲੂ ਹਿੰਸਾ ਦਾ ਸ਼ਿਕਾਰ ਹੈ, ਉਸ ਦਾ ਪੁੱਤਰ ਅਪਾਹਜ ਹੈ ਅਤੇ ਉਸ ਦੀ ਪਤਨੀ ਦੀ ਹਾਲ ਹੀ ਵਿਚ ਕੈਂਸਰ ਕਾਰਨ ਮੌਤ ਹੋ ਗਈ ਸੀ ਕਿਉਂਕਿ ਪਰਿਵਾਰ ਕੋਲ ਉਸ ਦੇ ਇਲਾਜ ਲਈ ਪੈਸੇ ਨਹੀਂ ਸਨ। ਸਮਾਜ ਵੱਲੋਂ ਮਿਲੀ ਇਸ ਪੂਰੀ ਬੇਰੁਖ਼ੀ ਅਤੇ ਮਦਦ ਦੀ ਘਾਟ ਪ੍ਰਸ਼ਾਂਤ ਦੇ



ਧਰਮ ਅਤੇ ਸਮਾਜਿਕ ਨਿਯਮਾਂ ਤੋਂ ਪੂਰੀ ਤਰ੍ਹਾਂ ਦੂਰ ਹੋ ਜਾਣ ਨੂੰ ਸਮਝਾਉਂਦੀ ਹੈ। ਇਸ ਤਰ੍ਹਾਂ ਨਾਟਕ ਦਿਖਾਉਂਦਾ ਹੈ ਕਿ ਜਾਤੀ ਦਾ ਹੰਕਾਰ ਕਿਵੇਂ ਆਸਾਨੀ ਨਾਲ ਦੂਜਿਆਂ ਪ੍ਰਤੀ ਵਰਗੀ-ਨਫ਼ਰਤ ਅਤੇ ਜ਼ੁਲਮ ਵਿਚ ਬਦਲ ਜਾਂਦਾ ਹੈ।

ਤਾਂਬੇ ਨੇ ਮਾਂ ਅਤੇ ਧੀ ਦੇ ਪਾਤਰਾਂ ਰਾਹੀਂ ਪਿਤ੍ਰਸੱਤਾਵਾਦੀ ਭਾਰਤੀ ਪਰਿਵਾਰ ਵਿਚ ਔਰਤਾਂ ਦੀ ਦੁਰਦਸ਼ਾ ਦੀ ਇੱਕ ਬਹੁਤ ਕੌੜੀ ਤਸਵੀਰ ਪੇਸ਼ ਕੀਤੀ ਹੈ। ਵਿਆਹ ਤੋਂ ਪਹਿਲਾਂ ਮਾਂ ਇੱਕ ਚੰਗੀ ਕਵਿਤਰੀ ਸੀ, ਪਰ ਵਿਆਹ ਤੋਂ ਬਾਅਦ ਉਸ ਦੇ ਪਤੀ ਨੇ ਹੌਲੀ-ਹੌਲੀ ਉਸ ਦੀ ਕਲਾਤਮਕ ਪਹਿਚਾਣ ਅਤੇ ਉਸ ਦੀ ਆਪਣੀ ਸ਼ਖ਼ਸੀਅਤ ਨੂੰ ਖਤਮ ਕਰ ਦਿੱਤਾ। ਆਖ਼ਰ ਉਹ ਇੱਕ ਬਿਨਾਂ ਤਨਖ਼ਾਹ ਵਾਲੀ ਘਰੇਲੂ ਨੌਕਰਾਣੀ ਵਰਗੀ ਬਣ ਕੇ ਰਹਿ ਗਈ। ਉਸ ਦਾ ਸ਼ੁਰੂਆਤੀ ਸੰਵਾਦ ਇਸ ਮੱਧਵਰਗੀ ਜ਼ਿੰਦਗੀ ਦੀ ਘੁਟਣ ਨੂੰ ਬਹੁਤ ਤਿੱਖੇ ਢੰਗ ਨਾਲ ਬਿਆਨ ਕਰਦਾ ਹੈ—'ਵਿਆਹ, ਨਾਮਕਰਨ ਅਤੇ ਮੌਤ ਤੋਂ ਇਲਾਵਾ ਸਾਡੀ ਜ਼ਿੰਦਗੀ ਵਿਚ ਹੋਰ ਕੁਝ ਵੀ ਨਹੀਂ।'

ਨਾਟਕ ਔਰਤ ਅਤੇ ਮਰਦ ਦੀ ਮਨੋਵਿਗਿਆਨਕ ਬਣਤਰ ਵਿਚ ਇੱਕ ਫ਼ਰਕ ਵੱਲ ਵੀ ਇਸ਼ਾਰਾ ਕਰਦਾ ਹੈ। ਔਰਤ ਲਈ ਮਨ ਅਤੇ ਸਰੀਰ ਆਪਸ ਵਿਚ ਡੂੰਘੇ ਤੌਰ 'ਤੇ ਜੁੜੇ ਹੋਏ ਹਨ, ਜਦਕਿ ਮਰਦ ਦੀਆਂ ਸਰੀਰਕ ਇੱਛਾਵਾਂ ਉਸ ਦੇ ਮਨ ਤੋਂ ਬਿਲਕੁਲ ਵੱਖਰੀਆਂ ਹੋ ਸਕਦੀਆਂ ਹਨ ਜਾਂ ਕਈ ਵਾਰ ਉਸ ਦੇ ਮਨ ਦੀ ਇੱਛਾ ਦੇ ਉਲਟ ਵੀ ਚੱਲ ਸਕਦੀਆਂ ਹਨ। ਧੀ ਨਿਸ਼ੂ ਦੀ ਸਥਿਤੀ ਆਪਣੀ ਮਾਂ ਨਾਲੋਂ ਵੀ ਵਧੇਰੇ ਦੁਖਦਾਈ ਹੈ। ਕਦੇ ਪੜ੍ਹਾਈ ਵਿਚ ਬਹੁਤ ਅੱਗੇ ਰਹੀ ਨਿਸ਼ੂ ਪਿਛਲੇ ਚਾਰ ਸਾਲਾਂ ਤੋਂ ਰਿਸ਼ੀ ਨਾਲ ਵਿਆਹੀ ਹੋਈ ਹੈ। ਰਿਸ਼ੀ ਲਗਾਤਾਰ ਹੋਰ ਔਰਤਾਂ ਨਾਲ ਸਬੰਧ ਬਣਾਉਂਦਾ ਰਿਹਾ ਅਤੇ ਉਸ ਨੇ ਇੱਕ ਖ਼ਤਰਨਾਕ ਸਮੇਂ ਦੌਰਾਨ ਨਿਸ਼ੂ ਨੂੰ ਗਰਭਪਾਤ ਕਰਵਾਉਣ ਲਈ ਮਜਬੂਰ ਕੀਤਾ। ਆਪਣੀ ਮਾਂ ਤੋਂ ਵੱਖਰੀ, ਨਿਸ਼ੂ ਆਪਣੀ ਸਵੈ-ਇੱਜ਼ਤ ਨੂੰ ਪੂਰੀ ਤਰ੍ਹਾਂ ਕੁਚਲਣ ਲਈ ਤਿਆਰ ਨਹੀਂ ਹੁੰਦੀ। ਇਸ ਕਾਰਨ ਉਸ ਨੂੰ ਬਹੁਤ ਡੂੰਘੀ ਭਾਵਨਾਤਮਕ ਇਕੱਲ ਅਤੇ ਪੀੜ ਦਾ ਸਾਹਮਣਾ ਕਰਨਾ ਪੈਂਦਾ ਹੈ। ਨਾਟਕ ਆਪਣੇ ਸਭ ਤੋਂ ਤਿੱਖੇ ਅਤੇ ਸਭ ਤੋਂ ਵੱਧ ਚਰਚਾ ਯੋਗ ਮੋੜ 'ਤੇ ਉਦੋਂ ਪਹੁੰਚਦਾ ਹੈ ਜਦੋਂ ਪ੍ਰਸ਼ਾਂਤ ਪਰਿਵਾਰਕ ਅਤੇ ਸਮਾਜਿਕ ਰਵਾਇਤਾਂ ਨੂੰ ਸਿੱਧੀ ਚੁਣੌਤੀ ਦਿੰਦਾ ਹੈ। ਉਹ ਸੁਝਾਅ ਦਿੰਦਾ ਹੈ ਕਿ ਪਰਿਵਾਰ ਦੀਆਂ ਭਾਵਨਾਤਮਕ ਅਤੇ ਸਰੀਰਕ ਲੋੜਾਂ ਨੂੰ 'ਆਊਟਸੋਰਸ' ਕੀਤਾ ਜਾ ਸਕਦਾ ਹੈ। ਪ੍ਰਸ਼ਾਂਤ ਕਹਿੰਦਾ ਹੈ ਕਿ ਔਰਤ ਦੀਆਂ ਸਾਰੀਆਂ ਲੋੜਾਂ ਸਿਰਫ਼ ਪਤੀ ਵੱਲੋਂ ਹੀ ਪੂਰੀਆਂ ਹੋਣੀਆਂ ਜ਼ਰੂਰੀ ਨਹੀਂ ਹਨ। ਉਸ ਨੂੰ ਗੱਲ ਕਰਨ ਲਈ ਇੱਕ ਦੋਸਤ, ਪਿਆਰ ਕਰਨ ਲਈ ਇੱਕ ਪ੍ਰੇਮੀ ਅਤੇ ਸਰੀਰਕ ਲੋੜ ਪੂਰੀ ਕਰਨ ਲਈ ਇੱਕ ਮਰਦ ਦੀ ਲੋੜ ਹੋ ਸਕਦੀ ਹੈ। ਜਿੱਥੇ ਪਿਤਾ ਇਸ ਗੱਲ 'ਤੇ ਗੁੱਸੇ ਨਾਲ ਭੜਕ ਉੱਠਦਾ ਹੈ, ਉੱਥੇ ਨਿਸ਼ੂ ਬਿਲਕੁਲ ਚੁੱਪ ਰਹਿੰਦੀ ਹੈ। ਇਸ ਚੁੱਪ ਨੂੰ ਇੱਕ ਤਰ੍ਹਾਂ ਦੀ ਸਹਿਮਤੀ ਵਜੋਂ ਵੀ ਸਮਝਿਆ ਜਾ ਸਕਦਾ ਹੈ। ਇਹ ਚੁੱਪ ਵਿਆਹ ਦੀ ਮੌਜੂਦਾ ਸੰਸਥਾ ਦੀ ਅੰਦਰੋਂ ਖੋਖਲੀ ਹੋ ਚੁੱਕੀ ਬਣਤਰ ਨੂੰ ਸਾਹਮਣੇ ਲਿਆਉਂਦੀ ਹੈ।

ਤਾਂਬੇ ਨੇ ਬਹੁਤ ਜਾਇਜ਼ ਅਤੇ ਅਸਲੀ ਸਵਾਲ ਉਠਾਏ ਹਨ, ਪਰ ਇਸ ਦੇ ਦਿੱਤੇ ਹੱਲ ਬਾਰੇ ਮੇਰੇ ਮਨ ਵਿਚ ਸ਼ੱਕ ਹੈ। 'ਆਊਟਸੋਰਸਿੰਗ' ਦਾ ਵਿਚਾਰ ਮੂਲ ਰੂਪ ਵਿਚ ਵਪਾਰਕ ਹੈ। ਕੀ ਮਨੁੱਖੀ ਰਿਸ਼ਤਿਆਂ ਨੂੰ ਵਪਾਰਕ ਲੈਣ-ਦੇਣ ਵਿਚ ਬਦਲਿਆ ਜਾ ਸਕਦਾ ਹੈ? ਪੱਛਮੀ ਸਮਾਜ ਦੇ ਡੇਟਿੰਗ ਜਾਂ ਵਿਆਹ ਤੋਂ ਬਿਨਾਂ ਇਕੱਠੇ ਰਹਿਣ ਵਰਗੇ ਵਿਕਲਪ ਨਾ ਤਾਂ ਭਾਰਤੀ ਸਮਾਜ ਵਿਚ ਪੂਰੀ ਤਰ੍ਹਾਂ ਸਵੀਕਾਰ ਹੋਏ ਹਨ ਅਤੇ ਨਾ ਹੀ ਇਨ੍ਹਾਂ ਨੇ ਹਰ ਥਾਂ ਸਫਲ ਨਤੀਜੇ ਦਿੱਤੇ ਹਨ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਜਲਦਬਾਜ਼ੀ ਵਿਚ ਨਹੀਂ ਮਿਲਦੇ। ਪਰ ਇਸ ਨਾਟਕ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਨੇ ਬਹੁਤ ਹਿੰਮਤ ਅਤੇ ਬੇਬਾਕੀ ਨਾਲ ਮਹੱਤਵਪੂਰਨ ਸਵਾਲ ਸਾਡੇ ਸਾਹਮਣੇ ਰੱਖੇ ਹਨ।


ਇਸ ਨਾਟਕ ਦੀ ਪੇਸ਼ਕਾਰੀ ਨੂੰ ਡਰਾਈਵਰ ਦੀ ਭੂਮਿਕਾ ਵਿਚ ਨਿਖਿਲ ਜਾਵੇਰੀ ਦੀ ਬਹੁਤ ਹੀ ਸ਼ਾਨਦਾਰ ਅਤੇ ਵੱਖ-ਵੱਖ ਭਾਵਨਾਵਾਂ ਨੂੰ ਨਿਭਾਉਣ ਵਾਲੀ ਮਾਂਜੀ ਹੋਈ ਅਦਾਕਾਰੀ ਨੇ ਸੰਭਾਲ ਕੇ ਰੱਖਿਆ। ਉਸ ਨੇ ਆਪਣੇ ਪਾਤਰ ਦੀਆਂ ਗੁੰਝਲਦਾਰ ਭਾਵਨਾਵਾਂ ਨੂੰ ਇੰਨੀ ਡੂੰਘਾਈ ਨਾਲ ਪੇਸ਼ ਕੀਤਾ ਕਿ ਪੂਰਾ ਨਾਟਕ ਉਸ ਦੀ ਅਦਾਕਾਰੀ ਦੇ ਆਸਰੇ ਜੁੜਿਆ ਰਿਹਾ। ਜੋਤੀ ਰਾਓ ਨੇ ਮਾਂ ਦੀ ਭੂਮਿਕਾ ਵਿਚ ਲੋੜੀਂਦੀ ਗੰਭੀਰਤਾ ਅਤੇ ਸੰਤੁਲਨ



ਦਿਖਾਇਆ। ਨਿਤਿਨ ਜੋਸ਼ੀ ਵੱਲੋਂ ਬਾਬਾ ਦੀ ਭੂਮਿਕਾ ਚੰਗੀ ਸੀ, ਪਰ ਉਸ ਦੇ ਪਾਤਰ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਹੋਰ ਡੂੰਘਾਈ ਨਾਲ ਪੇਸ਼ ਕਰਨ ਦੀ ਗੁੰਜਾਇਸ਼ ਹੈ। ਨਿਸ਼ੂ ਦੀ ਭੂਮਿਕਾ ਨਿਭਾਉਣ ਵਾਲੀ ਤ੍ਰਪਤੀ ਕਾਲੇ ਨਵੀਂ ਕਲਾਕਾਰ ਹੈ ਅਤੇ ਉਸ ਵਿਚ ਬਹੁਤ ਸੰਭਾਵਨਾ ਨਜ਼ਰ ਆਉਂਦੀ ਹੈ।

ਪਹਿਲੇ ਨਾਟਕ ਵਾਂਗ ਇਸ ਪੇਸ਼ਕਾਰੀ ਨੂੰ ਵੀ ਆਵਾਜ਼ ਨਾਲ ਜੁੜੀਆਂ ਕੁਝ ਤਕਨੀਕੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਮੈਂ ਦੋਵਾਂ ਨਿਰਦੇਸ਼ਕਾਂ ਨੂੰ ਆਪਣੇ ਸਟੇਜ ਡਿਜ਼ਾਈਨ ਬਾਰੇ ਮੁੜ ਸੋਚਣ ਦੀ ਸਲਾਹ ਦੇਣਾ ਚਾਹਾਂਗਾ। ਜਦੋਂ ਨਾਟਕ ਦੀ ਕਹਾਣੀ ਗੰਭੀਰ ਹੋਵੇ, ਸੰਵਾਦ ਮਹੱਤਵਪੂਰਨ ਹੋਣ ਅਤੇ ਕਲਾਕਾਰ ਬਹੁਤ ਸਮਰੱਥ ਹੋਣ, ਤਾਂ ਬਹੁਤ ਵੱਡੇ ਜਾਂ ਵਿਸਥਾਰ ਵਾਲੇ ਸੈੱਟਾਂ ਨਾਲੋਂ ਸੰਕੇਤਕ ਅਤੇ ਪ੍ਰਤੀਕਾਤਮਕ ਸਟੇਜ ਸਮੱਗਰੀ ਜ਼ਿਆਦਾ ਪ੍ਰਭਾਵਸ਼ਾਲੀ ਹੁੰਦੀ ਹੈ।


ਆਖ਼ਰ ਵਿਚ, 'ਹਮਰਾਹੀ' ਅਤੇ 'ਸਟਾਕਹੋਮ ਚਿਆ ਭਾਤੁਕਲੀਚੇ ਹਸਪਤਾਲ' ਦੋਵੇਂ ਹੀ ਮਜ਼ਬੂਤੀ ਨਾਲ ਜੋੜੇ ਹੋਏ, ਪ੍ਰਭਾਵਸ਼ਾਲੀ ਅਤੇ ਸਮਾਜਿਕ ਤੌਰ 'ਤੇ ਸੋਚਣ ਲਈ ਮਜਬੂਰ ਕਰਨ



ਵਾਲੇ ਨਾਟਕ ਹਨ। ਮਰਾਠੀ ਨਾਟਕ ਨੇ 8 ਅਗਸਤ ਨੂੰ ਸੀਐਟਲ ਵਿਚ ਹੋਏ ਦੇਸ਼-ਪੱਧਰੀ ਮਰਾਠੀ ਨਾਟਕ ਮੁਕਾਬਲੇ ਵਿਚ ਹਿੱਸਾ ਲਿਆ। ਉਮੀਦ ਮੁਤਾਬਕ ਇਸ ਨੂੰ ਸਰਵੋਤਮ ਨਾਟਕ ਦਾ ਇਨਾਮ ਮਿਲਿਆ ਅਤੇ ਇਸ ਦੇ ਨਾਲ ਸਰਵੋਤਮ ਨਾਟਕਕਾਰ, ਸਰਵੋਤਮ ਨਿਰਦੇਸ਼ਕ ਅਤੇ ਸਰਵੋਤਮ ਅਦਾਕਾਰ ਦੇ ਵਿਅਕਤੀਗਤ ਇਨਾਮ ਵੀ ਮਿਲੇ। ਮੈਂ ਖੁਦ ਇੱਕ ਪੰਜਾਬੀ ਰੰਗਮੰਚ ਨਾਲ ਜੁੜਿਆ ਵਿਅਕਤੀ ਹੋਣ ਦੇ ਨਾਤੇ, ਇੱਥੋਂ ਦੇ ਪੰਜਾਬੀ ਰੰਗਮੰਚ ਨਾਲ ਜੁੜੇ ਕਲਾਕਾਰਾਂ, ਨਿਰਮਾਤਾਵਾਂ ਅਤੇ ਦਰਸ਼ਕਾਂ ਨੂੰ ਪ੍ਰੇਰਿਤ ਕਰਨਾ ਚਾਹਾਂਗਾ ਕਿ ਉਹ ਇਨ੍ਹਾਂ ਮਰਾਠੀ ਅਤੇ ਹਿੰਦੀ ਨਾਟਕਾਂ ਵੱਲੋਂ ਦਿਖਾਈ ਗਈ ਗੰਭੀਰਤਾ, ਤਕਨੀਕੀ ਸਮਰਪਣ ਅਤੇ ਵਿਸ਼ਿਆਂ ਨੂੰ ਬੇਬਾਕੀ ਨਾਲ ਪੇਸ਼ ਕਰਨ ਦੀ ਹਿੰਮਤ ਤੋਂ ਕੁਝ ਸਬਕ ਲੈਣ।

## ਜੇ ਨਹੀਂ ਹੱਟਦੇ ਤਾਂ ਫਿਰ ਆਹ ਚੱਕੋ...

**ਚਿਊਗਮ ਖਾ ਕੇ ਸੜਕਾਂ 'ਤੇ ਸੁੱਟਣ ਵਾਲੀ ਮੰਡੀਰ ਹੱਟਦੀ ਨਹੀਂ ਸੀ। ਹਾਰ ਕੇ ਪ੍ਰਸ਼ਾਸਨ ਨੇ ਇੱਕ 'ਗਮ-ਵਾਲ' ਹੀ ਬਣਾ ਦਿੱਤੀ। ਖਾਈ ਚੱਲੋ ਤੇ ਕੰਧ 'ਤੇ ਲਾਈ ਚੱਲੋ। ਫੇਰ ਕੀ ਸੀ! ਸੰਸਾਰ ਭਰ ਦੇ ਚਿਊਗਮ-ਪ੍ਰੇਮੀਆਂ ਨੇ ਚਿੱਥੀ ਹੋਈ 'ਗਮ' ਨਾਲ ਇੱਥੇ ਅਜਿਹਾ ਮਾਡਰਨ-ਆਰਟ ਸਿਰਜਿਆ ਹੈ ਕਿ ਵੇਖ ਕੇ ਸਾਰੇ ਗਮ ਦੂਰ ਹੋ ਜਾਂਦੇ ਹਨ। -ਪਾਲੀ ਭੁਪਿੰਦਰ**



# ਰਿਸ਼ਤਿਆਂ ਦੇ ਰੇੜਕੇ ਤੇ ਭਗਤ ਅਤੇ ਗੁਰੂ ਦਾ ਰੱਫੜ

ਅਸੀਂ ਆਪਣੇ ਘਰ ਵਿਚ ਕਿਸਨੂੰ ਕੀ ਕਹਿ ਕੇ ਬੁਲਾਣਾ ਹੈ, ਇਹ ਹਰ ਕਿਸੇ ਦਾ ਨਿਜੀ ਮਾਮਲਾ ਹੁੰਦਾ ਹੈ। ਪਰ ਅਸੀਂ ਆਪਣੇ ਸਾਂਝੇ ਨਾਇਕਾਂ ਨੂੰ ਕੀ ਕਹਿਣਾ ਹੈ ਇਹ ਕਿਸੇ ਦਾ ਨਿਜੀ ਮਾਮਲਾ ਨਹੀਂ ਹੈ। ਅਸੀਂ ਸਾਰੇ ਭੈਣ-ਭਾਈ ਆਪਣੇ ਪਿਤਾ ਜੀ ਨੂੰ ਭਾਈਆ ਜੀ ਕਹਿੰਦੇ ਸਾਂ ਤੇ ਆਪਣੇ ਜੀਜਿਆਂ ਨੂੰ ਵੀ ਭਾਈਆ ਜੀ ਹੀ ਕਹਿੰਦੇ ਸਾਂ। ਦੇਖਿਆ ਜਾਵੇ ਤਾਂ ਇਹ ਕਿੰਨੀ ਹਾਸੋ-ਹੀਣੀ ਤੇ ਗੰਭੀਰ ਗਲਤੀ ਹੈ ਕਿ ਮਾਂ ਦਾ ਪਤੀ ਵੀ ਭਾਈਆ ਤੇ ਭੈਣ ਦਾ ਪਤੀ ਵੀ ਭਾਈਆ।



ਵਿਕਰਮ ਮਜੀਠਿਆ ਹੁਣ ਵੀ ਆਪਣੇ ਜੀਜੇ ਸੁਖਬੀਰ ਬਾਦਲ ਨੂੰ ਭਾਈਆ ਕਹਿੰਦਾ ਹੈ।

ਅਸੀਂ ਸਾਰੇ ਭੈਣ ਭਾਈ ਆਪਣੀ ਮਾਂ ਨੂੰ ਬੀਬੀ ਕਹਿੰਦੇ ਸਾਂ ਤੇ ਸਾਡੇ ਮਾਮੇ ਮਾਸੀਆਂ ਵੀ ਸਾਡੀ ਬੀਬੀ ਨੂੰ ਬੀਬੀ ਹੀ ਕਹਿੰਦੇ ਸਨ।

**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਇਥੋਂ ਤਕ ਕਿ ਮੇਰੇ ਪਿੰਡ ਦੀਆਂ ਔਰਤਾਂ ਵੀ ਸਾਡੀ ਬੀਬੀ ਨੂੰ ਬੀਬੀ ਕਹਿੰਦੀਆਂ ਸਨ। ਮੇਰੇ ਪਿਤਾ ਜੀ ਆਪਣੀਆਂ ਭੈਣਾ ਨੂੰ ਬੀਬੀ ਕਹਿੰਦੇ ਸਨ ਤੇ ਮੇਰੀ ਮਾਂ ਵੀ ਉਨ੍ਹਾਂ ਨੂੰ ਬੀਬੀ ਹੀ ਕਹਿੰਦੀ ਸੀ। ਮੇਰੀ ਇਕ ਭੈਣ ਦਾ ਵੱਡਾ ਬੇਟਾ ਉਸਨੂੰ ਬੀਬੀ ਕਹਿੰਦਾ ਸੀ ਤੇ ਛੋਟੇ ਬੱਚੇ ਉਸਨੂੰ ਮੰਮੀ ਕਹਿੰਦੇ ਹਨ। ਇਥੋਂ ਤਕ ਕਿ ਮੇਰੇ ਬਹੁਤੇ ਭਾਣਜੇ-ਭਾਣਜੀਆਂ, ਭਤੀਜੇ-ਭਤੀਜੀਆਂ ਤੇ ਮੇਰੇ ਬੱਚੇ ਮੇਰੀ ਮਾਂ ਨੂੰ ਬੀਬੀ ਤੇ ਪਿਤਾ ਨੂੰ ਭਾਈਆ ਹੀ ਕਹਿੰਦੇ ਸਨ। ਸਿਰਫ ਇਕ ਭੈਣ ਦੇ ਬੱਚੇ ਹੀ ਉਨ੍ਹਾਂ ਨੂੰ ਨਾਨੀ-ਨਾਨਾ ਕਹਿੰਦੇ ਸਨ।

ਮੇਰੇ ਪਿੰਡ ਦੇ ਕਈ ਬੱਚੇ ਆਪਣੇ ਪਿਤਾ ਨੂੰ ਬਾਪੂ ਕਹਿੰਦੇ ਸਨ ਤੇ ਕਈ ਆਪਣੇ ਦਾਦੇ ਨੂੰ ਬਾਪੂ ਕਹਿੰਦੇ ਸਨ। ਪਰ ਆਪਣੀ ਮਾਂ ਨੂੰ ਸਾਰੇ ਹੀ ਬੀਬੀ ਕਹਿੰਦੇ ਸਨ ਤੇ ਆਪਣੀ ਦਾਦੀ ਨੂੰ ਕਈ ਮਾਂ ਕਹਿੰਦੇ ਸਨ ਤੇ ਕਈ ਬੋਬੋ ਕਹਿੰਦੇ ਸਨ। ਹੈਰਾਨੀ ਦੀ ਗੱਲ ਹੈ ਕਿ ਆਪਣੇ ਦਾਦੇ ਨੂੰ ਨਾ ਕੋਈ ਦਾਦਾ ਕਹਿੰਦਾ ਸੀ ਤੇ ਨਾ ਬਾਬਾ। ਪਰ ਦੂਸਰਿਆਂ ਦੇ ਦਾਦਿਆਂ ਨੂੰ ਸਾਰੇ ਬਾਬਾ ਕਹਿੰਦੇ ਸਨ।

ਗੁਰੂ ਸਾਹਿਬਾਨ ਦੀਆਂ ਭੈਣਾਂ ਨੂੰ ਅਸੀਂ ਬੀਬੀ ਕਹਿੰਦੇ ਹਾਂ ਤੇ ਪਤਨੀਆਂ ਨੂੰ ਮਾਤਾ ਕਹਿੰਦੇ ਹਾਂ। ਮਾਤਾ ਕੌਲਾਂ ਤੇ ਗੁਰੂ ਹਰਗੋਬਿੰਦ ਦਾ ਸਬੰਧ ਕੁਝ ਅਜਿਹਾ ਸੀ ਜਿਸ ਬਾਰੇ ਕੁਝ ਕਹਿ ਸਕਣਾ ਮੁਸ਼ਕਲ ਹੈ। ਪਰ ਪਰੰਪਰਾ ਵਿਚ ਉਸਨੂੰ ਮਾਤਾ ਕੌਲਾਂ ਕਿਹਾ ਗਿਆ ਹੈ। ਹੁਣ ਕਈਆਂ ਨੂੰ ਦਿੱਕਤ ਆਉਣ ਲੱਗ ਪਈ ਤਾਂ ਉਨ੍ਹਾਂ ਨੇ ਭਾਈ ਗੁਰਇਕਬਾਲ ਸਿੰਘ ਨੂੰ ਮਜਬੂਰ ਕੀਤਾ ਕਿ ਉਹ ਆਪਣੇ ਮਾਤਾ ਕੌਲਾਂ ਟ੍ਰੱਸਟ ਨੂੰ ਬੀਬੀ ਕੌਲਾਂ ਟ੍ਰੱਸਟ ਕਹੇ। ਕਿਸੇ ਵੇਲੇ ਬਰਛਾ ਸੇਵਾਦਾਰ ਦੇ ਹੱਥ ਵਿਚ ਹੁੰਦਾ ਸੀ ਤਾਂ ਉਹ ਸੇਵਾ-ਭਾਵ ਨਾਲ ਕਿਸੇ ਨੂੰ ਰੋਕਦੇ-ਟੋਕਦੇ ਜਾਂ ਸਮਝਾਉਂਦੇ ਸਨ। ਪਰ ਹੁਣ ਬਰਛੇ ਵਾਲੇ ਬੁਰਛਿਆਂ ਦੀ ਤਰ੍ਹਾਂ ਰੋਕਦੇ-ਟੋਕਦੇ ਦੇਖੇ ਜਾ ਸਕਦੇ ਹਨ। ਇਸ ਲਈ ਗੁਰਇਕਬਾਲ ਸਿੰਘ ਨੇ ਮਾਤਾ ਕੌਲਾਂ ਨੂੰ ਬੀਬੀ ਕੌਲਾਂ ਕਹਿਣਾ ਸ਼ੁਰੂ ਕਰ ਦਿਤਾ। ਪਰ ਸਾਡੇ ਸਾਰੇ ਇਤਿਹਾਸ ਉਸਨੂੰ ਮਾਤਾ ਕੌਲਾਂ ਕਹਿੰਦੇ ਹਨ।

ਰਿਸ਼ਤਿਆਂ ਦੇ ਖਲਜਗਣ ਨੂੰ ਸਮਝਣਾ ਬੜਾ ਦਿਲਚਸਪ ਹੈ। ਮੇਰੇ ਪਿੰਡ ਵਿਆਹੀ ਆਈ ਇਕ ਔਰਤ ਦਾ ਨਾਂ ਭਜੋ ਸੀ ਤੇ ਭਜੋ ਨੂੰ ਕਈ ਅਧਕ ਦੇ ਬਗੈਰ ਭਜੋ ਕਹਿੰਦੇ ਸਨ ਤੇ ਕਈ ਉਸਨੂੰ ਅਧਕ ਲਗਾ ਕੇ ਭੱਜੋ ਕਹਿੰਦੇ ਸਨ। ਪਰ ਭਜੋ ਦਾ ਮੁੰਡਾ ਪੰਮਾਂ ਆਪਣੀ ਮਾਂ ਨੂੰ ਭੱਬੋ ਕਹਿੰਦਾ ਸੀ ਤੇ ਉਸਦੀ ਰੀਸੇ ਸਾਰਾ ਪਿੰਡ ਹੀ ਭਜੋ ਨੂੰ ਭੱਬੋ ਕਹਿਣ ਲੱਗ ਪਿਆ। ਸਾਡੇ ਪਿੰਡ ਵਿਚ ਇਕ ਅਜਿਹਾ ਟੱਬਰ ਵੀ ਸੀ ਜਿਨ੍ਹਾਂ ਦੇ ਬੱਚੇ ਆਪਣੇ ਪਿਤਾ ਨੂੰ ਚਾਚਾ ਕਹਿੰਦੇ ਸਨ।

ਪਿੰਡਾਂ ਵਿਚ ਕਿਤੇ-ਕਿਤੇ ਅਜਿਹੇ ਲੋਕ ਵੀ ਮਿਲ ਜਾਂਦੇ ਹਨ, ਜਿਹੜੇ ਆਪਣੀ ਮਾਂ ਨੂੰ ਭਾਬੀ ਕਹਿੰਦੇ ਹਨ। ਪਿੰਡ ਵਿਚ ਵਿਆਹੀ ਆਈ ਵਹੁਟੀ ਦੇ ਪਤੀ ਦੇ ਭੈਣ ਭਾਈ ਉਸਨੂੰ ਭਾਬੀ ਕਹਿੰਦੇ ਹਨ, ਜਿਨ੍ਹਾਂ ਦੀ ਰੀਸੇ ਉਸ ਵਹੁਟੀ ਦੇ ਆਪਣੇ ਬੱਚੇ ਵੀ ਉਸਨੂੰ ਭਾਬੀ ਕਹਿਣ ਲੱਗ ਪੈਂਦੇ ਹਨ। ਇਸੇ ਤਰ੍ਹਾਂ ਪਿੰਡ ਵਿਚ ਵੱਡੇ ਭਾਈ ਦੇ ਬੱਚੇ ਆਪਣੇ ਪਿਤਾ ਦੇ ਛੋਟੇ ਭਾਈ ਨੂੰ ਚਾਚਾ ਕਹਿੰਦੇ ਹਨ ਤੇ ਜਦ ਉਸ ਚਾਚੇ ਦੇ ਆਪਣੇ ਬੱਚੇ ਹੁੰਦੇ ਹਨ ਤਾਂ ਉਹ ਵੀ ਆਪਣੇ ਤਾਏ ਦੇ ਨਿਆਣਿਆਂ ਦੀ ਰੀਸੇ ਆਪਣੇ ਪਿਤਾ ਨੂੰ ਚਾਚਾ ਕਹਿਣ ਲਗ ਪੈਂਦੇ ਹਨ। ਇਸ ਵਿਚ ਖਾਸ ਗੱਲ ਇਹ ਹੈ ਕਿ ਪਿੰਡ ਵਿਚ ਅਜਿਹੀਆਂ ਗੱਲਾਂ ਦਾ ਕਦੇ ਕੋਈ ਬੁਰਾ ਨਹੀਂ ਮਨਾਉਂਦਾ। ਜੋ ਕਿਸੇ ਨੂੰ ਕੁਝ ਕਹਿੰਦਾ ਹੈ ਕਹਿਣ ਦਿੱਤਾ ਜਾਂਦਾ ਹੈ। ਬੁਰਾ ਮਨਾਉਣਾ ਤਾਂ ਕਿਤੇ ਰਿਹਾ, ਕੋਈ ਇਨ੍ਹਾਂ ਗੱਲਾਂ ਦਾ ਮਜ਼ਾਕ ਵੀ ਨਹੀਂ ਬਣਾਉਂਦਾ। ਕਿਸੇ ਦੀ ਮਾਸੀ ਉਸਦੇ ਚਾਚੇ ਨੂੰ ਵਿਆਹੀ ਹੋਵੇ ਤਾਂ ਕਦੇ ਕੋਈ ਨਾ ਆਪਣੀ ਮਾਸੀ ਨੂੰ ਚਾਚੀ ਕਹਿੰਦਾ ਹੈ ਤੇ ਨਾ ਆਪਣੇ ਚਾਚੇ ਨੂੰ ਮਾਸੜ ਕਹਿੰਦਾ ਹੈ। ਰਿਸ਼ਤਿਆਂ ਦੀ ਮਰਿਆਦਾ ਦਾ ਆਪਣਾ ਹੀ ਵਿਧੀ ਵਿਧਾਨ ਹੈ, ਜਿਸਨੂੰ ਸਮਝਣਾ ਮੁਸ਼ਕਲ ਹੈ।

ਪਿੰਡ ਦੇ ਰਿਸ਼ਤਿਆਂ ਦੀ ਇਹ ਆਮ ਜਿਹੀ ਗੱਲ ਹੈ। ਪਰ ਆਪਣੇ ਮਾਮੇ-ਮਾਮੀ, ਮਾਸੀ-ਮਾਸੜ ਤੇ ਭੂਆ-ਫੁੱਫੜ ਨੂੰ ਸਾਰੇ ਇਹੀ ਕਹਿੰਦੇ ਹਨ। ਇਨ੍ਹਾਂ ਦਾ ਕੋਈ ਕੂਨਾਂ ਨਹੀਂ ਹੈ। ਬਸ ਇਹੀ ਹੈ ਕਿ ਕਈ ਲੋਕ ਭੂਆ ਨੂੰ ਬੂਆ ਕਹਿੰਦੇ ਹਨ। ਪਰ ਹੁਣ ਕਈ ਮਾਮੇ ਨੂੰ ਮਾਮੂੰ, ਚਾਚੇ ਨੂੰ ਚਾਚੂ ਤੇ ਦਾਦੇ ਨੂੰ ਦੱਦੂ ਕਹਿਣ ਲੱਗ ਪਏ ਹਨ। ਬੇਸ਼ਕ ਇਹ ਬੜੀ ਅਟਪਟੀ ਜਿਹੀ ਗੱਲ ਲਗਦੀ ਹੈ। ਪਰ ਬਦਲਾਅ ਨੂੰ ਕੋਈ ਨਹੀਂ ਰੋਕ ਸਕਦਾ। ਲੋਕ ਹੁਣ ਵਿਆਹ ਦੇ ਕਾਰਡ 'ਤੇ ਲਿਖਣ ਲਗ ਪਏ ਹਨ 'ਮੇਲੇ ਚਾਚੂ ਕੀ ਛਾਦੀ ਪਲ ਜਲੂਲ ਆਨਾ।' ਪਿੱਛੇ ਜਿਹੇ ਤਾਂ ਹੱਦ ਹੀ ਹੋ ਗਈ ਜਦ ਕਿਸੇ ਨੇ ਇਹ ਲਿਖਿਆ ਹੋਇਆ ਸੀ, 'ਮੇਲੇ ਦੱਦੂ ਕੇ ਭੋਗ ਪਲ ਜਲੂਲ ਆਨਾ।' ਗੱਲ ਮੁਕਦੀ ਕਿ ਕਿਸੇ ਨੇ ਕਿਸੇ ਨੂੰ ਕੀ ਕਹਿਣਾ ਹੈ, ਇਸਨੂੰ ਕੋਈ ਹੋਰ ਤੈਅ ਨਹੀਂ ਕਰ ਸਕਦਾ। ਕੋਈ ਕਿਸੇ ਨੂੰ ਜੋ ਮਰਜ਼ੀ ਕਹੇ, ਕੋਈ ਨਹੀਂ ਰੋਕ ਸਕਦਾ। ਹਾਂ, ਟੋਕ ਸਕਦਾ ਹੈ, ਰੋਕ ਨਹੀਂ ਸਕਦਾ।

*ਜਿਸ ਮਹਾਨ ਹਸਤੀ ਨੂੰ ਅਸੀਂ ਗੁਰੂ ਕਹਿੰਦੇ ਹਾਂ ਉਹ ਸਿਰਫ ਸਾਡੇ ਗੁਰੂ ਹਨ। ਉਹ ਰੱਬ ਦੇ ਗੁਰੂ ਨਹੀਂ, ਸਾਡੇ ਹਨ ਤੇ ਸਾਡੇ ਗੁਰੂ ਰੱਬ ਦੇ ਭਗਤ ਹਨ। ਇਸੇ ਤਰ੍ਹਾਂ, ਜਿਨ੍ਹਾਂ ਨੂੰ ਭਗਤ ਕਹਿੰਦੇ ਹਾਂ ਉਹ ਸਿਰਫ ਰੱਬ ਦੇ ਭਗਤ ਹਨ, ਸਾਡੇ ਨਹੀਂ। ਬਲਕਿ ਸਾਡੇ ਤਾਂ ਉਹ ਗੁਰੂ ਹੀ ਹਨ। ਜਿਸ ਤਰ੍ਹਾਂ ਗੁਰੂ ਰੱਬ ਦੇ ਗੁਰੂ ਨਹੀਂ ਹਨ, ਸਾਡੇ ਗੁਰੂ ਹਨ, ਉਸੇ ਤਰ੍ਹਾਂ ਭਗਤ ਸਿਰਫ ਰੱਬ ਦੇ ਭਗਤ ਹਨ, ਸਾਡੇ ਨਹੀਂ, ਸਾਡੇ ਤਾਂ ਉਹ ਗੁਰੂ ਹਨ। ਜਿਨ੍ਹਾਂ ਨੂੰ ਅਸੀਂ ਭਗਤ ਕਹਿਣ ਦੀ ਅੜੀ ਕਰਦੇ ਹਾਂ ਉਹ ਗੁਰੂ ਸਾਹਿਬਾਨ ਤੋਂ ਉਮਰ ਵਿਚ ਵੱਡੇ ਸਨ ਤੇ ਪਹਿਲਾਂ ਹੋਏ ਹਨ। ਇਸ ਕਰਕੇ ਉਹ ਗੁਰੂ ਸਾਹਿਬਾਨ ਦੇ ਭਗਤ ਨਹੀਂ ਹੋ ਸਕਦੇ। ਬਲਕਿ ਗੁਰੂ ਸਾਹਿਬਾਨ ਉਨ੍ਹਾਂ ਦੇ ਭਗਤ ਕਹੇ ਜਾ ਸਕਦੇ ਹਨ। ਇਹੀ ਨੁਕਤਾ ਆਪਣੀ ਬੇਇਨਾਮੀ ਕਿਤਾਬ ਵਿਚ ਜਸਵੰਤ ਜ਼ਫਰ ਨੇ ਉਠਾਇਆ ਹੈ। ਸਪਸ਼ਟ ਹੈ ਕਿ ਭਗਤ ਸਾਹਿਬਾਨ ਸਿਰਫ ਰੱਬ ਦੇ ਹੀ ਭਗਤ ਸਨ, ਸਾਡੇ ਨਹੀਂ। ਇਸ ਲਈ ਸਾਡੇ ਵਲੋਂ ਉਨ੍ਹਾਂ ਨੂੰ ਗੁਰੂ ਕਹਿਣਾ ਹੀ ਬਣਦਾ ਹੈ। ਗੁਰੂ ਰਾਮਦਾਸ ਜੀ ਦਾ ਬਚਨ ਹੈ 'ਹਰਿ ਭਗਤੁ ਸਤਿਗੁਰੂ ਹਮਾਰਾ' ਅਰਥਾਤ ਹਰੀ ਦਾ ਭਗਤ ਸਾਡਾ ਸੱਚਾ ਗੁਰੂ ਹੈ।*

ਸਮਾਜਿਕ ਸਾਂਝੀਵਾਲਤਾ ਅਜਿਹਾ ਅਹਿਸਾਸ ਹੈ ਜਿਸ ਅਨੁਸਾਰ ਸਾਂਝੇ ਨਾਇਕਾਂ ਨੂੰ ਕੁਝ ਵੀ ਕਹਿਣ ਦੀ ਮਰਜ਼ੀ 'ਤੇ ਰੋਕ ਲਗਈ ਜਾ ਸਕਦੀ ਹੈ। ਪਰ ਜਦ ਸਾਂਝੀਵਾਲਤਾ ਟੁੱਟਦੀ ਹੈ ਤਾਂ ਸਾਂਝੇ ਨਾਇਕ ਵੀ ਸਾਂਝੇ ਨਹੀਂ ਰਹਿੰਦੇ ਤੇ ਉਨ੍ਹਾਂ ਨੂੰ ਕੁਝ ਕਹਿਣ ਦਾ ਅਧਿਕਾਰ ਵੀ ਜਾਂਦਾ ਲਗਦਾ ਹੈ। ਫਿਰ ਕਿਸੇ ਦੇ ਨਾਇਕ ਨੂੰ ਕੁਝ ਕਹਿਣ ਲਈ ਕੋਈ ਹੋਰ ਆਪਣੀ ਮਰਜ਼ੀ ਨਹੀਂ ਕਰ ਸਕਦਾ। ਸਾਂਝੀਵਾਲਤਾ ਦੇ ਟੁੱਟਣ ਨਾਲ ਲੋਕਾਂ ਦੀ ਅਜ਼ਾਦੀ ਵੀ ਮੁੱਕ ਜਾਂਦੀ ਹੈ।

1967-68 ਵਿਚ ਸਾਡੇ ਪਿੰਡ ਇਕ ਆਦਿ ਧਰਮੀ ਨੇ ਕੇਸ ਰੱਖ ਲਏ ਤੇ ਆਪਣੇ ਘਰ ਅਖੰਡਪਾਠ ਰਖਾਇਆ। ਭੋਗ ਸਮੇਂ ਪਿੰਡ ਦੇ ਇਕ ਸੱਜਣ ਨੇ ਕਵਿਤਾ ਪੜ੍ਹੀ ਜਿਸ ਵਿਚ ਬਾਰ-ਬਾਰ 'ਭਗਤ ਰਵਿਦਾਸ' ਆਉਂਦਾ ਸੀ। ਉਸ ਪਰਿਵਾਰ ਦੇ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਉਪੱਦਰ ਮਚਾ ਦਿਤਾ ਸੀ ਕਿ ਪਿੰਡ ਦੇ ਸੱਜਣ ਨੇ ਭਗਤ ਰਵਿਦਾਸ ਕਿਉਂ ਕਿਹਾ ਹੈ। ਉਸ ਵੇਲੇ ਉਸ ਪਰਿਵਾਰ ਨੇ ਆਪਣੇ ਰਿਸ਼ਤੇਦਾਰ ਨੂੰ ਟੋਕਿਆ ਸੀ ਕਿ ਉਹ ਗੱਲ ਨਾ ਵਧਾਵੇ। ਪਰ ਉਸਨੂੰ ਚੈਨ ਨਹੀਂ ਸੀ ਆ ਰਹੀ। ਉਸਦਾ ਮੰਨਣਾ ਸੀ ਕਿ ਇਹ ਮਹਾਨ ਹਸਤੀਆਂ ਵਿਚ ਸਰਾਸਰ ਵਿਤਕਰਾ ਹੈ।

ਅੱਜ ਮੇਰੇ ਪਿੰਡ ਧਰਮਸਾਲ ਬਣੀ ਹੋਈ ਹੈ। ਬੇਸ਼ਕ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਤੇ ਬਾਹਰ ਕੇਸਰੀ ਨਿਸ਼ਾਨ ਵੀ ਲੱਗਾ ਹੋਇਆ ਹੈ, ਜੋ ਹੁਣ ਪੀਲਾ ਵੀ ਕਰ ਦਿਤਾ ਗਿਆ ਹੈ। ਪਰ ਉਥੇ ਹੁਣ ਸਾਰੇ ਹੀ ਗੁਰੂ ਰਵਿਦਾਸ ਕਹਿੰਦੇ ਹਨ ਤੇ ਕਿਸੇ ਦੀ ਭਗਤ ਕਹਿਣ ਦੀ ਹਿੰਮਤ ਨਹੀਂ ਹੈ। ਇਥੋਂ ਤਕ ਕਿ ਸਾਰਾ ਪਿੰਡ ਹੀ ਗੁਰੂ ਰਵਿਦਾਸ ਕਹਿਣ ਲੱਗ ਪਿਆ ਹੈ ਤੇ ਕਿਸੇ ਨੂੰ ਕੋਈ ਇਤਰਾਜ਼ ਵੀ ਨਹੀਂ ਹੈ। ਲੋਕ ਸਮਝਦੇ ਹਨ ਕਿ ਠੀਕ ਹੀ ਹੈ।

ਮੇਰੇ ਇਕ ਪੜ੍ਹੇ-ਲਿਖੇ ਅਕਾਲੀ ਵਾਕਿਫ ਨੂੰ ਇਹ ਵਹਿਮ ਸੀ ਕਿ ਜਿਸ ਦਿਨ ਕਿਸੇ ਪੰਜਾਬੀ ਦੀ ਅਖਬਾਰ ਵਿਚ ਕਿਸੇ ਨੇ ਗੁਰੂ ਰਵਿਦਾਸ ਲਿਖ ਦਿਤਾ ਤਾਂ ਪੰਜਾਬ ਵਿਚ ਕਤਲੇਆਮ ਮਚ ਜਾਣਾ ਹੈ। ਉਹ ਅਕਾਲੀ ਸੱਜਣ ਹੁਣ ਹੁੰਦੇ ਤਾਂ ਦੇਖ ਕੇ ਹੈਰਾਨ ਹੁੰਦੇ ਕਿ ਹੁਣ ਹਲਾਤ ਇਹ ਬਣਨ ਨੂੰ ਫਿਰਦੇ ਹਨ ਕਿ ਜੇ ਕਿਸੇ ਅਖਬਾਰ ਨੇ ਭਗਤ ਰਵਿਦਾਸ ਲਿਖ ਦਿਤਾ, ਤਾਂ ਸ਼ਾਇਦ ਉਹੋ ਜਿਹਾ ਕੁਝ ਹੋ ਜਾਵੇ, ਜਿਹੋ-ਜਿਹਾ ਉਹ ਸੋਚਦਾ ਸੀ।

ਕੁਝ ਸਾਲ ਹੋਏ ਮੈਨੂੰ ਭਗਤ ਰਵਿਦਾਸ ਜੀ 'ਤੇ ਬੋਲਣ ਲਈ ਬੁਲਾਇਆ ਗਿਆ। ਮੈਂ ਇਸ ਗੱਲੋਂ ਸੁਚੇਤ ਸੀ ਕਿ ਮੇਰੇ ਭਗਤ ਕਹਿਣ 'ਤੇ ਉਪੱਦਰ ਖੜ੍ਹਾ ਹੋ ਸਕਦਾ ਹੈ। ਇਸ ਲਈ ਮੈਂ ਆਪਣਾ ਅੱਧਾ ਲੈਕਚਰ ਕੁਝ ਵੀ ਕਹੇ ਬਗੈਰ ਕਰ ਲਿਆ। ਪਰ ਫਿਰ ਕੁਝ ਕਹਿਣਾ ਹੀ ਪੈਣਾ ਸੀ। ਕਿਉਂਕਿ ਕੁਝ ਕਹੇ ਬਿਨਾ ਸਾਡਾ ਸਰਦਾ ਹੀ ਨਹੀਂ। ਇਸ ਲਈ ਮੈਂ ਭਗਤ ਰਵਿਦਾਸ ਕਹਿ ਦਿਤਾ ਤਾਂ ਇਕ ਸੱਜਣ ਭੜਕ ਕੇ ਮੇਰੇ ਕੋਲ ਆਏ ਤੇ ਕਹਿਣ ਲੱਗੇ ਭਗਤ ਨਹੀਂ, ਗੁਰੂ ਕਹੋ। ਪਰ ਮੈਂ ਉਸਦੀ ਸੁਣੀ ਅਣਸੁਣੀ ਕਰ ਕੇ ਫਿਰ ਭਗਤ ਕਹਿ ਦਿੱਤਾ। ਸਮਾਗਮ ਮੁੱਕਣ 'ਤੇ ਮੈਂ ਦੇਖਿਆ ਕਿ ਉਹ ਸੱਜਣ ਮੈਨੂੰ ਕੁੱਟਣ ਦੀ ਤਿਆਰੀ ਕਰ ਰਿਹਾ ਸੀ। ਪਰ ਪ੍ਰਧਾਨ ਜੀ ਨੇ ਵਿਚ ਪੈ ਕੇ ਮੇਰਾ ਬਚਾ ਕਰਵਾ ਦਿਤਾ। ਉਸ ਦਿਨ ਤੋਂ ਬਾਅਦ ਅੱਜ ਤਕ ਉਨ੍ਹਾਂ ਨੇ ਮੈਨੂੰ ਮੁੜ ਕੇ ਕਦੇ ਨਹੀਂ ਬੁਲਾਇਆ।

ਕੁਝ ਦਿਨ ਪਹਿਲਾਂ ਇਕ ਸਾਂਝੀ ਥਾਂ 'ਤੇ ਮੈਨੂੰ ਭਗਤ ਰਵਿਦਾਸ ਜੀ 'ਤੇ ਬੋਲਣ ਲਈ ਸੱਦਾ ਆਇਆ ਤਾਂ ਮੈਂ ਸੋਚਣ ਲੱਗ ਪਿਆ ਕਿ ਹੁਣ ਮੈਂ ਭਗਤ ਕਹਾਂ ਕਿ ਗੁਰੂ ਕਹਾਂਗਾ। ਮੈਂ ਇਸ ਮਸਲੇ ਨੂੰ ਬੜੀ ਗਹਿਰਾਈ ਤੇ ਗੰਭੀਰਤਾ ਨਾਲ ਸੋਚਿਆ ਕਿ ਸੱਚ ਕੀ ਹੈ। ਬੇਸ਼ਕ ਮੈਂ ਉਨ੍ਹਾਂ ਨੂੰ ਨਾ ਦੱਸਿਆ ਪਰ ਮੈਂ ਆਪਣੇ ਮਨ ਵਿਚ ਸੋਚ ਲਿਆ ਸੀ ਕਿ ਮੈਂ ਗੁਰੂ ਕਹਾਂਗਾ। ਕਿਉਂਕਿ ਮੈਂ ਸੋਚ-ਵਿਚਾਰ ਕਰ ਕੇ ਇਸ ਰੇੜਕੇ ਵਿਚੋਂ ਮੁਕਤ ਹੋ ਗਿਆ ਸੀ।

ਪਰ ਉਨ੍ਹਾਂ ਨੂੰ ਕਿਸੇ ਨੇ ਦੱਸ ਦਿਤਾ ਕਿ ਮੈਂ ਭਗਤ ਕਹਾਂਗਾ ਤਾਂ ਰੱਫੜ ਪੈ ਜਾਣਾ ਹੈ। ਇਸ ਲਈ ਉਨ੍ਹਾਂ ਨੇ ਆਪ ਹੀ ਦੋ ਦਿਨ ਬਆਦ ਮੈਨੂੰ ਟਾਲ ਦਿਤਾ ਕਿ ਪ੍ਰੋਗਰਾਮ ਬਦਲ ਗਿਆ ਹੈ ਤੇ ਜਦ ਨਵੀਂ ਤਰੀਕ ਤੈਅ ਹੋਈ ਤਾਂ ਦੱਸਣਗੇ। ਮੈਂ ਸਾਰੀ ਗੱਲ ਸਮਝ ਗਿਆ। ਉਹ ਪ੍ਰੋਗਰਾਮ ਉਸੇ ਤਰੀਕ ਨੂੰ ਉਥੇ ਹੀ ਹੋਇਆ। ਪਰ ਬੋਲਣ ਵਾਲਾ ਮੈਂ ਨਹੀਂ ਸਾਂ। ਮੇਰਾ ਮਨ ਥੋੜਾ ਜਿਹਾ ਦੁਖੀ ਹੋਇਆ। ਪਰ ਮੈਂ ਆਪਣੇ ਆਪ ਨੂੰ ਸਮਝਾਇਆ ਕਿ ਮਨਾ ਆਪਣੇ-ਆਪ ਵਿਚ ਰਿਹਾ ਕਰ।



ਕੁਝ ਸਾਲ ਹੋਏ ਮੈਂ ਨੈਨਸੁਖ ਦਾ ਲੈਕਚਰ ਕਰਵਾਉਣ ਲਈ ਪੋਸਟਰ ਤਿਆਰ ਕਰਨਾ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਦੇ ਨਾਂ ਅੱਗੇ ਕੀ ਲਿਖੀਏ ਤਾਂ ਉਹ ਕਹਿਣ ਲੱਗੇ ਕਿ ਨਾਂ ਦੇ ਅੱਗੇ ਪਿੱਛੇ ਕੁਝ ਵੀ ਲਿਖਣ ਦੀ ਲੋੜ ਨਹੀਂ ਹੈ। ਮੈਂ ਕਿਹਾ ਕਿ ਇਸਤਰ੍ਹਾਂ ਚੰਗਾ ਨਹੀਂ ਲਗਦਾ ਤਾਂ ਉਹ ਕਹਿਣ ਲੱਗੇ ਇਹ ਤੁਹਾਡਾ ਮਸਲਾ ਹੈ, ਮੇਰਾ ਨਹੀਂ। ਮੈਂ ਹੈਰਾਨ ਹੋਇਆ ਕਿ ਨੈਨਸੁਖ ਕਿੰਨੇ ਸਪਸ਼ਟ ਅਤੇ ਨਿਮਰ ਹਨ ਤੇ ਸਾਡੇ ਇਧਰ ਕਿਹੋ ਜਿਹੇ ਮਸਲੇ ਬਣੇ ਹੋਏ ਹਨ।

ਪਿਛੇ ਜਿਹੇ ਜਸਵੰਤ ਜ਼ਫਰ ਨੇ 'ਭਗਤ ਸਤਿਗੁਰੂ ਹਮਾਰਾ' ਕਿਤਾਬ ਲਿਖੀ ਸੀ, ਜਿਸ ਵਿਚ ਉਨ੍ਹਾਂ ਨੇ ਸਪਸ਼ਟ ਕੀਤਾ ਕਿ ਬਾਣੀ ਵਿਚ ਗੁਰੂ ਸਾਹਿਬਾਨ ਭਗਤਾਂ ਨੂੰ ਗੁਰੂ ਅਨੁਮਾਨਦੇ ਹਨ। ਇਹ ਕਿਤਾਬ ਏਨੀ ਪਸੰਦ ਕੀਤੀ ਗਈ ਕਿ ਸੁਣਨ ਮੁਤਾਬਕ ਇਕ-ਦੋ ਥਾਵਾਂ 'ਤੇ ਇਨਾਮ ਲਈ ਵੀ ਚੁਣੀ ਗਈ। ਪਰ ਇਹ ਇਸ ਕਰਕੇ ਇਨਾਮ ਨਾ ਲੈ ਸਕੀ ਕਿ ਭਗਤ ਗੁਰੂ ਦਾ ਅਜਿਹਾ ਰੱਫੜ ਹੀ ਨਾ ਛਿੜ ਜਾਵੇ ਕਿ ਸੁਲਝਾਇਆ ਨਾ ਜਾ ਸਕੇ।

ਇਕ ਵਾਰੀ ਤਾਂ ਮੈਂ ਵੀ ਜੱਜ ਸਾਂ ਤੇ ਇਸਨੂੰ ਇਨਾਮ ਦੇਣ ਦੇ ਹੱਕ ਵਿਚ ਸਾਂ। ਪਰ ਬਹੁਗਿਣਤੀ ਇਸਦੇ ਵਿਰੁੱਧ ਸੀ ਤੇ ਉਨ੍ਹਾਂ ਦੀ ਦਲੀਲ ਇਹ ਸੀ ਕਿ ਜ਼ਫਰ ਦੀ ਹਾਲੇ ਬਥੇਰੀ ਉਮਰ ਪਈ ਹੈ ਇਨਾਮ ਲੈਣ ਲਈ। ਇਹ ਦਲੀਲ ਸੁਣ ਕੇ ਮੈਨੂੰ ਬੜਾ ਹਾਸਾ ਆਇਆ ਸੀ ਕਿ ਇਨ੍ਹਾਂ ਨੂੰ ਕਿਵੇਂ ਪਤਾ ਹੈ ਕਿ ਕਿਹਦੀ ਉਮਰ ਹਾਲੇ ਰਹਿੰਦੀ ਹੈ ਤੇ ਕਿਹੜਾ ਆਪਣੀ ਟਿਕਟ ਕਟਾ ਚੁੱਕਾ ਹੈ।

ਹੁਣ ਮੈਂ ਸੋਚਦਾ ਹਾਂ ਕਿ ਆਪਣੀ ਭੂਆ ਜਾਂ ਚਾਚੇ ਦੀ ਰੀਸੇ ਆਪਣੀ ਮਾਂ ਨੂੰ ਭਾਬੀ ਨਹੀਂ ਕਹਿਣਾ ਚਾਹੀਦਾ ਤੇ ਨਾ ਹੀ ਆਪਣੇ ਤਾਏ ਦੇ ਨਿਆਣਿਆਂ ਦੀ ਰੀਸੇ ਆਪਣੇ ਬਾਪ ਨੂੰ ਚਾਚਾ ਕਹਿਣਾ ਚਾਹੀਦਾ ਹੈ। ਜੋ ਆਪਣਾ ਰਿਸ਼ਤਾ ਹੈ ਉਹੀ ਕਹਿਣਾ ਚਾਹੀਦਾ ਹੈ।

ਜਿਸ ਮਹਾਨ ਹਸਤੀ ਨੂੰ ਅਸੀਂ ਗੁਰੂ ਕਹਿੰਦੇ ਹਾਂ ਉਹ ਸਿਰਫ ਸਾਡੇ ਗੁਰੂ ਹਨ। ਉਹ ਰੱਬ ਦੇ ਗੁਰੂ ਨਹੀਂ, ਸਾਡੇ ਹਨ ਤੇ ਸਾਡੇ ਗੁਰੂ ਰੱਬ ਦੇ ਭਗਤ ਹਨ। ਇਸੇ ਤਰ੍ਹਾਂ, ਜਿਨ੍ਹਾਂ ਨੂੰ ਭਗਤ ਕਹਿੰਦੇ ਹਾਂ ਉਹ ਸਿਰਫ ਰੱਬ ਦੇ ਭਗਤ ਹਨ, ਸਾਡੇ ਨਹੀਂ। ਬਲਕਿ ਸਾਡੇ ਤਾਂ ਉਹ ਗੁਰੂ ਹੀ ਹਨ। ਜਿਸ ਤਰ੍ਹਾਂ ਗੁਰੂ ਰੱਬ ਦੇ ਗੁਰੂ ਨਹੀਂ ਹਨ, ਸਾਡੇ ਗੁਰੂ ਹਨ, ਉਸੇ ਤਰ੍ਹਾਂ ਭਗਤ ਸਿਰਫ ਰੱਬ ਦੇ ਭਗਤ ਹਨ, ਸਾਡੇ ਨਹੀਂ, ਸਾਡੇ ਤਾਂ ਉਹ ਗੁਰੂ ਹਨ।

ਜਿਨ੍ਹਾਂ ਨੂੰ ਅਸੀਂ ਭਗਤ ਕਹਿਣ ਦੀ ਅੜੀ ਕਰਦੇ ਹਾਂ ਉਹ ਗੁਰੂ ਸਾਹਿਬਾਨ ਤੋਂ ਉਮਰ ਵਿਚ ਵੱਡੇ ਸਨ ਤੇ ਪਹਿਲਾਂ ਹੋਏ ਹਨ। ਇਸ ਕਰਕੇ ਉਹ ਗੁਰੂ ਸਾਹਿਬਾਨ ਦੇ ਭਗਤ ਨਹੀਂ ਹੋ ਸਕਦੇ। ਬਲਕਿ ਗੁਰੂ ਸਾਹਿਬਾਨ ਉਨ੍ਹਾਂ ਦੇ ਭਗਤ ਕਹੇ ਜਾ ਸਕਦੇ ਹਨ। ਇਹੀ ਨੁਕਤਾ ਆਪਣੀ ਬੇਇਨਾਮੀ ਕਿਤਾਬ ਵਿਚ ਜਸਵੰਤ ਜ਼ਫਰ ਨੇ ਉਠਾਇਆ ਹੈ। ਸਪਸ਼ਟ ਹੈ ਕਿ ਭਗਤ ਸਾਹਿਬਾਨ ਸਿਰਫ ਰੱਬ ਦੇ ਹੀ ਭਗਤ ਸਨ, ਸਾਡੇ ਨਹੀਂ। ਇਸ ਲਈ ਸਾਡੇ ਵਲੋਂ ਉਨ੍ਹਾਂ ਨੂੰ ਗੁਰੂ ਕਹਿਣਾ ਹੀ ਬਣਦਾ ਹੈ। ਗੁਰੂ ਰਾਮਦਾਸ ਜੀ ਦਾ ਬਚਨ ਹੈ 'ਹਰਿ ਭਗਤੁ ਸਤਿਗੁਰੂ ਹਮਾਰਾ' ਅਰਥਾਤ ਹਰੀ ਦਾ ਭਗਤ ਸਾਡਾ ਸੱਚਾ ਗੁਰੂ ਹੈ।

ਅਖੀਰ ਵਿਚ ਆਓ ਦੇਖੀਏ ਕਿ ਭਗਤ ਕਹਿੰਦੇ ਕਿਸਨੂੰ ਹਨ। ਭਗਤ ਦਾ ਅਰਥ ਹੈ ਭਗਤੀ ਕਰਨ ਵਾਲਾ ਤੇ ਭਗਤੀ ਭਜਨ ਨੂੰ ਕਹਿੰਦੇ ਹਨ। ਭਗਤੀ ਤੇ ਭਜਨ ਇਕ ਹੀ ਗੱਲ ਹੈ, ਜਿਸਦਾ ਅਰਥ ਵੰਡਣਾ ਜਾਂ ਆਪਣਾ ਹਿੱਸਾ ਲੈਣਾ ਹੈ। ਜਿਹੜਾ ਰੱਬ ਦੀ ਹਸਤੀ ਵਿਚੋਂ ਆਪਣਾ ਹਿੱਸਾ ਲੈਂਦਾ ਹੈ ਉਹ ਭਗਤ ਹੈ। ਜਿਵੇਂ ਇਕ ਰੋਟੀ ਹੋਵੇ ਤੇ ਚਾਰ ਖਾਣ ਵਾਲੇ ਹੋਣ ਤਾਂ ਉਹ ਰੋਟੀ ਨੂੰ ਚਾਰ ਹਿੱਸਿਆਂ ਵਿਚ ਵੰਡ ਲੈਂਦੇ ਹਨ। ਇਸਤਰ੍ਹਾਂ ਉਹ ਰੋਟੀ ਚਾਰਾਂ ਦਾ ਹਿੱਸਾ ਹੋ ਜਾਂਦੀ ਹੈ। ਰੱਬ ਨੂੰ ਜੇ ਅਸੀਂ ਸਭ ਦੀ ਸਾਂਝੀ ਰੋਟੀ ਮੰਨ ਲਈਏ ਤਾਂ ਉਸ ਵਿਚ ਸਾਡਾ ਸਭਦਾ ਹਿੱਸਾ ਹੋਵੇਗਾ।

ਬਾਣੀ ਵਿਚ ਆਇਆ ਹੈ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਅਰਥਾਤ ਹੇ ਪ੍ਰਭੂ! ਤੇਰੀ ਹਸਤੀ ਦੇ ਸਾਰੇ ਹੀ ਹਿੱਸੇਦਾਰ ਹਨ, ਜਿਸ ਕਰਕੇ ਤੂੰ ਕਿਸੇ ਨੂੰ ਵੀ ਓਪਰਾ ਨਹੀਂ ਲਗਦਾ। ਰੱਬ ਰੋਟੀ ਜਿਹੀ ਕੋਈ ਚੀਜ਼ ਨਹੀਂ ਹੈ। ਉਹ ਤਾਂ ਗੁਣਾਂ ਦਾ ਮਜਮੂਆ ਹੈ। ਪ੍ਰਭੂ ਦੇ ਗੁਣਾਂ ਵਿਚ ਹਰੇਕ ਦਾ ਹਿੱਸਾ ਹੈ। ਜਿਹੜਾ ਵੀ ਕੋਈ ਪ੍ਰਭੂ ਦੇ ਗੁਣਾਂ ਵਿਚੋਂ ਆਪਣਾ ਹਿੱਸਾ ਵੰਡ ਲੈਂਦਾ ਹੈ ਉਹ ਭਗਤ ਕਿਹਾ ਜਾਂਦਾ ਹੈ। ਗੁਣਾਂ ਦਾ ਹਿੱਸਾ ਵੰਡਾਉਣ ਦਾ ਮਤਲਬ ਰੱਬ ਦੇ ਗੁਣਾਂ ਨੂੰ ਆਪਣੇ ਅਮਲ ਵਿਚ ਲਿਆਉਣਾ ਹੈ ਤੇ ਰੱਬ ਨਾਲ ਅਭੇਦ ਹੋਣਾ ਹੈ।

ਰੱਬ ਕਿਰਪਾਲੂ ਤੇ ਨਿਰਭਉ ਨਿਰਵੈਰ ਹੈ। ਜਿਹੜਾ ਵੀ ਕੋਈ ਰੱਬ ਦੇ ਗੁਣਾਂ ਵਿਚੋਂ ਆਪਣੇ ਹਿੱਸੇ ਦੇ ਗੁਣ ਆਪਣੇ ਅੰਦਰ ਉਤਾਰ ਲੈਂਦਾ ਹੈ ਉਹ ਰੱਬ ਦਾ ਭਗਤ ਕਿਹਾ ਜਾਂਦਾ ਹੈ। ਰੱਬ ਰੋਟੀ ਦੀ ਤਰ੍ਹਾਂ ਚੱਪਾ-ਚੱਪਾ ਕਰਕੇ ਵੰਡਿਆ ਨਹੀਂ ਜਾ ਸਕਦਾ। ਉਹ ਤਾਂ ਜਿੱਥੇ ਹੁੰਦਾ ਹੈ ਪੂਰਾ ਹੀ ਹੁੰਦਾ ਹੈ। ਪੂਰੇ ਵਿਚੋਂ ਪੂਰਾ ਕੱਢ ਲਿਆ ਜਾਵੇ ਤਾਂ ਉਹ ਪੂਰਾ ਹੀ ਰਹਿੰਦਾ ਹੈ ਤੇ ਪੂਰੇ ਵਿਚ ਪੂਰਾ ਪਾ ਦਿਤਾ ਜਾਵੇ ਤਾਂ ਵੀ ਉਹ ਪੂਰਾ ਹੀ ਰਹਿੰਦਾ ਹੈ। ਉਹ ਇਕ ਜੋਤ ਹੈ ਜੋ ਟੁੱਟਦੀ ਭੱਜਦੀ ਜਾਂ ਵਧਦੀ ਘਟਦੀ ਨਹੀਂ। ਇਹ ਗੱਲ ਦਸਮੇਸ਼ ਜੀ ਨੇ ਵੀ ਕਹੀ ਹੈ: 'ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ॥ ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥'

ਇਸ ਕਰਕੇ ਰੱਬ ਦੀ ਜੋਤ ਨਾਲ ਅਭੇਦ ਹੋਣ ਵਾਲਾ ਭਗਤ ਆਪ ਰੱਬ ਹੋ ਜਾਂਦਾ ਹੈ। ਭਗਤ ਰੱਬ ਦਾ ਰੂਪ ਨਹੀਂ, ਬਲਕਿ ਰੱਬ ਹੁੰਦੇ ਹਨ। ਇਸ ਲਈ ਹੀ ਰਵਿਦਾਸ ਜੀ ਨੇ ਕਿਹਾ 'ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ' ਇਹੀ ਗੱਲ ਗੁਰੂ ਨਾਨਕ ਨੇ ਕਹੀ ਕਿ 'ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ' "ਸੋ ਹੰ" ਦਾ ਅਰਥ ਹੈ ਉਹ ਮੈਂ ਹਾਂ ਤੇ "ਹੰ ਸਾ" ਦਾ ਅਰਥ ਹੈ ਮੈਂ ਉਹ ਹਾਂ। ਇਸਦਾ ਸਿਮਰਣ ਕਰਨ ਵਾਲੇ ਰੱਬ ਦਾ ਹਿੱਸਾ ਹੋ ਜਾਂਦੇ ਹਨ। ਇਸ ਹਿਸਾਬ ਨਾਲ ਰੱਬ, ਰਵਿਦਾਸ ਤੇ ਨਾਨਕ ਆਪਸ ਵਿਚ ਅਭੇਦ ਹਨ। ਇਨ੍ਹਾਂ ਵਿਚ ਕਿਸੇ ਵੀ ਤਰ੍ਹਾਂ ਦਾ ਫਰਕ ਕਰਨਾ ਅਗਿਆਨਤਾ ਹੈ। ਇਸ ਅਗਿਆਨਤਾ ਕਾਰਨ ਹੀ 'ਏਕੋ ਹੈ ਭਾਈ ਏਕੋ ਹੈ' ਦਾ ਹੋਕਾ ਦੇਣ ਵਾਲੇ ਵੀ ਇਕ ਨਹੀਂ ਹੈ ਦੀ ਅੜੀ ਕਰਦੇ ਹਨ।

ਜਿਹੜੇ ਲੋਕ ਇਤਿਹਾਸ ਨਾਲ ਖਿਲਵਾੜ ਕਰ ਕੇ ਭਗਤ ਸਾਹਿਬਾਨ ਨੂੰ ਗੁਰੂ ਨਾਨਕ ਦੇ ਸਮਕਾਲ ਵਿਚ ਲਿਆ ਕੇ ਉਨ੍ਹਾਂ ਦੇ ਪੈਰੋਕਾਰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਸਿਰਫ ਆਪਣੀ ਸੰਕੀਰਣ ਸੋਚ ਹੀ ਦਰਸਾ ਰਹੇ ਹਨ। ਜਦਕਿ ਸਾਹਿਬ ਸਿੰਘ ਨੇ ਆਪਣੀ ਪੁਸਤਕ 'ਆਦਿ ਬੀੜ ਬਾਰੇ' ਵਿਚ ਸਪਸ਼ਟ ਕੀਤਾ ਹੈ ਕਿ ਗੁਰੂ ਨਾਨਕ ਦੀ ਬਾਣੀ ਭਗਤ ਸਾਹਿਬਾਨ ਦੀ ਬਾਣੀ ਤੋਂ ਪ੍ਰੇਰਤ ਹੈ। ਗੁਰੂ ਨਾਨਕ ਦੇ ਸ਼ਬਦ ਹੂਬਹੂ ਭਗਤ ਬੇਣੀ ਦੀ ਬਾਣੀ ਨਾਲ ਅਭੇਦ ਹੁੰਦੇ ਦੇਖੇ ਜਾ ਸਕਦੇ ਹਨ, ਜਿਸਨੂੰ ਦੇਖ ਕੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ ਕਿ ਭਗਤ ਸਾਹਿਬਾਨ ਗੁਰੂ ਨਾਨਕ ਤੋਂ ਪਹਿਲਾਂ ਹੋਏ ਹਨ। ਉਹ ਗੁਰੂ ਨਾਨਕ ਦੇ ਪ੍ਰੇਰਨਾ ਸਰੋਤ ਹਨ ਤੇ ਪ੍ਰੇਰਨਾ ਸਰੋਤ ਗੁਰੂ ਹੀ ਹੁੰਦੇ ਹਨ।

ਸੱਚ ਇਹ ਵੀ ਹੈ ਕਿ ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਨੂੰ ਕੁਝ ਵੀ ਕਹਿਣ ਜਾਂ ਨਾ ਕਹਿਣ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਨਾ ਲੋਹੇ ਨੂੰ ਸੋਨਾ ਕਹਿਣ ਨਾਲ ਲੋਹੇ ਨੇ ਸੋਨਾ ਹੋ ਜਾਣਾ ਹੈ ਤੇ ਨਾ ਹੀ ਸੋਨੇ ਨੂੰ ਲੋਹਾ ਕਹਿਣ ਨਾਲ ਉਸਨੂੰ ਕੋਈ ਫਰਕ ਪੈਣਾ ਹੈ। ਫਰਕ ਸਿਰਫ ਵਪਾਰੀ ਨੂੰ ਪੈਂਦਾ ਹੈ, ਜਿਸਨੇ ਵਪਾਰ ਕਰਨਾ ਹੈ ਤੇ ਅੱਜ ਦੀ ਸਿਆਸਤ ਨਿਰਾ ਵਪਾਰ ਬਣ ਗਈ ਹੈ ਜਿਸ ਨੇ ਧਰਮ ਦਾ ਲਿਬਾਸ ਪਹਿਨ ਲਿਆ ਹੈ।

ਪਹਿਨਣ ਵਾਲੇ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਉਸਦੇ ਗਹਿਣੇ ਕਿੰਨੇ ਕੈਰਟ ਦੇ ਹਨ। ਕਿਸੇ ਨੂੰ ਕੁਝ ਕਹਿਣਾ ਜਾਂ ਨਾ ਕਹਿਣਾ ਪਰੰਪਰਾ ਹੈ ਤੇ ਪਰੰਪਰਾ ਛੱਡੀ ਜਾ ਸਕਦੀ ਹੈ। ਇਸ ਲਈ ਸੰਕੀਰਣਤਾ ਦਾ ਤਿਆਗ ਕਰਨਾ ਬਣਦਾ ਹੈ ਤੇ ਕਹਿਣ ਦੇਣਾ ਚਾਹੀਦਾ ਹੈ ਕੌਣ ਕਿਸੇ ਨੂੰ ਕੀ ਕਹਿਣਾ ਚਾਹੁੰਦਾ ਹੈ। ਘੱਟੋ-ਘੱਟ ਮੇਰੇ ਲਈ ਕੋਈ ਕਿਸੇ ਤੋਂ ਘੱਟ ਨਹੀਂ ਹੈ: ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

# ਜਦੋਂ ਪੰਜਵੇਂ ਦਲਾਈਲਾਮਾ ਨੇ ਦਿੱਤਾ ਚਿੱਤਰ ਵਾਸਤੇ ਲਾਲ ਰੰਗ ਲਈ ਖ਼ੂਨ

ਕਲਾ ਪਰਿਕਰਮਾ

ਭਾਰਤ ਦੇ ਸਭ ਤੋਂ ਵਿਸ਼ਾਲ ਤਾਵਾਂਗ ਮੱਠ ਦੇ ਕਾਕਾਲਿੰਗ ਰਾਹੀਂ ਅੰਦਰ ਦਾਖ਼ਲ ਹੁੰਦਿਆਂ ਹਵਾ ਵਿਚ ਤੈਰਦੀਆਂ ਰੰਗ-ਬਿਰੰਗੀਆਂ ਪ੍ਰਾਰਥਨਾ ਝੰਡੀਆਂ, ਜਿਨ੍ਹਾਂ 'ਤੇ ਬੋਧੀ ਮੰਤਰ ਲਿਖੇ ਹੋਏ ਸਨ, ਫ਼ਿਜ਼ਾ ਵਿਚ ਰੂਹਾਨੀਅਤ ਦੀ ਸੁਗੰਧੀ ਘੋਲ ਰਹੀਆਂ ਸਨ। ਕਾਕਾਲਿੰਗ (ਮੁੱਖ ਦਰਵਾਜ਼ਾ) ਦੀਆਂ ਕੰਧਾਂ 'ਤੇ ਅੰਦਰ ਅਤੇ ਬਾਹਰ ਬਣੇ ਚਿੱਤਰਾਂ ਨੇ ਮਨ ਮੋਹ ਲਿਆ। ਡਿਓੜੀ ਤੋਂ

ਜਸਵਿੰਦਰ ਸਿੰਘ ਭੁੱਲਰ

ਹੀ ਘਰ ਦੇ ਭਾਗਾਂ ਦਾ ਪਤਾ ਲੱਗ ਗਿਆ। ਇਕ ਵੱਖਰੀ ਤਰ੍ਹਾਂ ਦਾ ਅਧਿਆਤਮਿਕ ਸੁਗੰਧਮਈ ਮਾਹੌਲ। ਤਾਵਾਂਗ ਮੱਠ ਤਿੱਬਤੀ ਬੁੱਧ ਧਰਮ ਦੇ ਚਾਰ ਪ੍ਰਮੁੱਖ ਸੰਪਰਦਾਵਾਂ ਵਿੱਚੋਂ । ਸਭ ਤੋਂ ਪੁਰਾਤਨ ਨਿਯੰਗਮਾ ਸੰਪਰਦਾਇ ਦੀਆਂ ਸਿੱਖਿਆਵਾਂ ਤੇ ਉਸ ਦੀਆਂ ਰਸਮਾਂ-ਪਰੰਪਰਾਵਾਂ ਦਾ ਅਨੁਸਰਨ ਕਰਦਾ ਹੈ। ਇਹ ਸੰਪਰਦਾ ਗੁਰੂ ਪਦਮਾਸੰਭਵ, ਜਿਸ ਨੂੰ ਰਿੰਮਪੋਚੇ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦੀਆਂ ਸਿੱਖਿਆਵਾਂ ਦਾ ਪਾਲਣ ਕਰਨ ਲਈ ਕਹਿੰਦਾ ਹੈ। ਇਹ ਪਦਮਾਸੰਭਵ ਹੀ ਸਨ, ਜਿਨ੍ਹਾਂ ਤਿੱਬਤ ਵਿਚ ਬੁੱਧ ਧਰਮ ਦੀ ਸਥਾਪਤੀ ਦੀ ਪਹਿਲ ਕੀਤੀ ਸੀ। ਤਾਵਾਂਗ ਦੇ ਬੋਧੀਆਂ ਦਾ ਇਕ ਵਰਗ





ਪਦਮਾਸੰਭਵ ਨੂੰ ਗੁਰੂ ਨਾਨਕ ਦਾ ਪ੍ਰਗਟਾਵਾ ਸਮਝਦਾ ਹੈ।

## ਸ੍ਰਿਸ਼ਟੀ ਦੇ ਰਚੇਤਾ ਵਜੋ ਸਮਝਿਆ ਜਾਂਦਾ ਕਮਲ ਦਾ ਫੁੱਲ

ਬੁੱਧ ਦੇ ਖੱਬੇ ਹੱਥ 'ਚ ਪਾਣੀ ਦਾ ਭਾਂਡਾ ਹੈ, ਜਿਸ ਨੂੰ ਬੋਧੀ 'ਬ੍ਰਹਮ ਅੰਮ੍ਰਿਤ' ਦੀ ਨਿਆਈ ਸਮਝਦੇ ਹਨ। ਪਾਣੀ ਦਾ ਇਹ ਭਾਂਡਾ ਬੁੱਧ ਧਰਮ ਦੇ ਅੱਠ ਪ੍ਰਤੀਕਾਂ ਵਿੱਚੋਂ ਇਕ ਹੈ। ਕਈ ਵਾਰ ਇਸ ਭਾਂਡੇ ਵਿਚ ਅੰਮ੍ਰਿਤ ਦੇ ਨਾਲ-ਨਾਲ ਕਮਲ ਦਾ ਫੁੱਲ ਵੀ ਚਿੱਤਰਿਆ ਜਾਂਦਾ ਹੈ। ਕਮਲ ਦਾ ਫੁੱਲ ਸ੍ਰਿਸ਼ਟੀ ਦੇ ਰਚੇਤਾ ਵਜੋਂ ਸਮਝਿਆ ਜਾਂਦਾ ਹੈ। ਕਈ ਵਿਦਵਾਨ ਕਹਿੰਦੇ ਹਨ ਕਿ ਬੁੱਧ ਦੇ ਹੱਥ ਵਿਚ ਪਾਣੀ ਦਾ ਭਾਂਡਾ ਨਹੀਂ ਸਗੋਂ ਭਿੱਖਿਆ ਪਾਤਰ (ਭਾਂਡਾ) ਹੈ। ਬੁੱਧ ਨੂੰ ਕਮਲ ਦੇ ਫੁੱਲ ਵਾਂਗ ਬਣੇ ਸਿੰਘਾਸਣ ਉਪਰ ਬਿਰਾਜਮਾਨ ਦਿਖਾਇਆ ਜਾਂਦਾ ਹੈ ਸਿੰਘਾਸਣ ਦੇ ਵਿਚਕਾਰ ਜੀਵਨ ਚੱਕਰ ਵੀ ਚਿੱਤਰਿਆ ਜਾਂਦਾ ਹੈ ਅਰਥਾਤ ਉਹ ਸ੍ਰਿਸ਼ਟੀ ਦਾ ਚੱਕਰ ਚਲਾ ਰਹੇ ਹਨ। ਕਈ ਵਾਰ ਬੁੱਧ ਨੂੰ ਇਕ ਵਿਸ਼ਾਲ ਦਰੱਖ਼ਤ ਦੇ ਹੇਠਾਂ ਅੱਖਾਂ ਬੰਦ ਕਰੀ ਸਮਾਧੀ ਲਗਾਈ ਚਿੱਤਰਿਆ ਜਾਂਦਾ ਹੈ।

## ਗਿਆਨ ਤੇ ਧਿਆਨ ਦਾ ਦੇਵਤਾ ਮੰਜੂਸ਼ੀ

ਬੁੱਧ ਦੀ ਮੂਰਤੀ ਹੋਵੇ ਜਾਂ ਚਿੱਤਰ, ਉਨ੍ਹਾਂ ਦੇ ਆਸੇ-ਪਾਸੇ ਬੋਧੀਸਤਵ ਬਣਾਏ ਗਏ ਹੁੰਦੇ ਹਨ। ਪਾਲੀ ਭਾਸ਼ਾ ਦੇ ਸ਼ਬਦ 'ਬੋਧੀਸਤਵ' ਦਾ ਅਰਥ ਉਹ ਵਿਸ਼ੇਸ਼ ਆਤਮਾ, ਜੋ ਵਿਚਾਰਕ ਤੌਰ ਤੇ ਪ੍ਰਬੁੱਧ ਤੇ ਦਇਆ ਤੋਂ ਪ੍ਰੇਰਿਤ ਹੋਵੇ, ਨੂੰ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਰੱਖਿਅਕ ਤੌਰ 'ਤੇ ਵੀ ਪੇਸ਼ ਕੀਤਾ ਜਾਂਦਾ ਹੈ। ਬੋਧੀਸ਼ਤਵਾਂ, ਰੱਖਿਅਕ ਬੋਧੀਸਤਵਾਂ, ਦੇਵੀਆਂ ਨੂੰ ਹਥਿਆਰਾਂ ਸਮੇਤ ਤਾਂਤਰਿਕ ਗਤੀਵਿਧੀ ਕਰਦਿਆਂ ਗੁਸੈਲੇ ਰੂਪ ਵਿਚ ਚਿੱਤਰਿਆ ਜਾਂਦਾ ਹੈ। ਇਹ ਰੂਪ ਦੁਸ਼ਟ ਆਤਮਾਵਾਂ — ਤੋਂ ਰੱਖਿਆ ਮਹਿਸੂਸ ਕਰਾਉਂਦਾ ਹੈ। ਚਿੱਤਰਾਂ ਵਿਚ ਬੋਧੀ ਧਰਮ ਦੇ ਸਭ ਤੋਂ ਪਹਿਲੇ ਬੋਧੀਸਤਵ ਮੰਜੂਸ਼ੀ ਨੂੰ ਚਿੱਤਰਿਆ ਗਿਆ ਹੈ। ਮਹਾਯਾਨ ਬੁੱਧ ਧਰਮ ਵਿੱਚ ਮੰਜੂਸ਼ੀ ਗਿਆਨ ਤੇ ਧਿਆਨ ਦਾ ਦੇਵਤਾ ਹੈ। ਉਨ੍ਹਾਂ ਦੇ ਹੱਥ ਵਿਚ ਕਿਤਾਬ ਹੈ, ਜੋ ਅਧਿਆਤਮਿਕ ਗਿਆਨ ਦਾ ਚਾਨਣ। ਫੈਲਾਉਣ ਦਾ ਪ੍ਰਤੀਕ ਹੈ। ਹੱਥ ਵਿਚ ਬਲਦੀ ਤਲਵਾਰ ਚਿੱਤਰਿਤ ਕਰਨ ਦਾ ਅਰਥ ਅਗਿਆਨਤਾ ਦੇ ਹਨੇਰੇ ਨੂੰ ਚੀਰ ਕੇ ਗਿਆਨ ਹਾਸਿਲ ਕਰ ਲੈਣ ਦਾ ਪ੍ਰਤੀਕ ਹੈ। ਮੰਜੂਸ਼ੀ ਨੂੰ ਕਈ ਵਾਰ ਸ਼ੇਰ ਦੀ ਸਵਾਰੀ ਕਰਦਿਆਂ ਜਾਂ ਸ਼ੇਰ ਦੀ ਖ਼ਲ 'ਤੇ ਬੈਠਿਆਂ ਚਿੱਤਰਿਤ ਕੀਤਾ ਜਾਂਦਾ ਹੈ, ਜਿਸ ਦੇ ਅਰਥ ਖ਼ੂੰਖਾਰ ਜਾਨਵਰਾਂ ਨੂੰ ਵੱਸ 'ਚ ਕਰ ਲੈਣ ਤੋਂ ਹੈ। ਅਵਲੋਕਿਤੇਸ਼ਵਰ ਬੋਧੀਸਤਵ ਦੇ ਚਿੱਤਰ ਵੀ ਕੰਧਾਂ 'ਤੇ ਚਿੱਤਰੇ ਦੇਖਣ ਨੂੰ ਮਿਲ ਜਾਂਦੇ ਹਨ। ਮਹਾਯਾਨ ਸ਼ਾਖਾ ਦੇ ਇਸ ਬੋਧੀਸਤਵ ਨੂੰ ਕੁਦਰਤੀ ਕਰੋਪੀਆਂ ਤੋਂ ਨਿਜਾਤ ਦਿਵਾਉਣ ਤੇ ਖ਼ੂੰਖਾਰ ਜਾਨਵਰਾਂ ਤੋਂ ਰੱਖਿਆ ਕਰਨ ਵਾਲੇ ਦੇਵਤਾ ਵਜੋਂ ਮਾਨਤਾ ਹਾਸਿਲ ਹੈ।

## ਬੁੱਧ ਧਰਮ 'ਚ ਅਹਿਮ ਸਥਾਨ ਰੱਖਦੇ ਥੰਗਕਾ ਚਿੱਤਰ

ਬੁੱਧ ਧਰਮ ਵਿੱਚ ਥੰਗਕਾ ਚਿੱਤਰ ਅਹਿਮ ਸਥਾਨ ਰੱਖਦੇ ਹਨ। ਸੂਤੀ ਕੱਪੜੇ ਉਤੇ ਬੋਧੀ ਚਿੱਤਰ ਬਣਾ ਕੇ ਮੱਠ ਅਤੇ ਘਰਾਂ ਦੀਆਂ ਕੰਧਾਂ 'ਤੇ ਲਟਕਾਏ ਜਾਂਦੇ ਹਨ, ਜਿਸ ਨੂੰ ਥੰਗਕਾ ਜਾਂ ਤਿੱਬਤੀ ਵਿੱਚ ਟੰਗਕਾ ਕਿਹਾ ਜਾਂਦਾ ਹੈ। ਥੰਗਕਾ ਚਿੱਤਰਾਂਵਿੱਚ ਮਹਾਤਮਾ ਬੁੱਧ, ਉਸ ਦੇ ਵਿਭਿੰਨ ਬੋਧੀਸਤਵ, ਤਾਰਾ ਦੇਵੀ, ਮਹਾਕਾਲ ਅਤੇ ਜੀਵਨ ਚੱਕਰ ਨੂੰ ਮੁੱਖ ਤੌਰ 'ਤੇ ਚਿੱਤਰਿਆ ਜਾਂਦਾ ਹੈ। ਬੋਧੀ ਲੋਕ ਖੁਸ਼ੀ, ਖੁਸ਼ਹਾਲੀ, ਧਨ ਸੰਪਦਾ, ਘਰ ਵਿੱਚ ਅਧਿਆਤਮਿਕ । ਵਾਤਾਵਰਣ ਦੀ ਕਾਮਨਾ ਕਰਦਿਆਂ।। ਥੰਗਕਾ ਚਿੱਤਰ ਲਗਾਉਂਦੇ ਹਨ। ਦੁਖਾਂਗ ਦੀਆਂ ਕੰਧਾਂ ਤੇ ਲਟਕ ਰਹੇ ਥੰਗਕਾ ਚਿੱਤਰ ਸ੍ਰੀ ਦੇਵੀ ਨੂੰ ਸਮਰਪਿਤ ਹਨ, ਜਿਸ ਨੂੰ ਪਾਲਦੇਨ ਲਾਮੋ ਵੀ ਕਹਿੰਦੇ ਹਨ। ਕਹਿੰਦੇ ਹਨ ਕਿ ਥੰਗਕਾ ਚਿੱਤਰ ਵਿਚ ਵਰਤਿਆ



ਗਿਆ ਲਾਲ ਰੰਗ ਲਈ ਖ਼ੂਨ ਪੰਜਵੇਂ ਦਲਾਈਲਾਮਾ ਨੇ ਆਪਣੇ ਨੱਕ 'ਚੋਂ ਦਿੱਤਾ ਸੀ। ਪਾਲਦੇਨ ਲਾਮੋ ਥੰਗਕਾ ਚਿੱਤਰ ਵਿਚ ਅੱਗ ਦੀਆਂ ਲਾਟਾਂ ਵਾਂਗ ਰੋਧ ਰੂਪ ਦਰਸਾਉਂਦੀਆਂ ਲਾਮੋ ਦੀਆਂ ਅੱਖਾਂ ਦੇ ਨਾਲ ਉਸ ਨੂੰ ਕਾਲ਼ੇ ਰੰਗ ਵਿਚ ਚਿੱਤਰਿਆ ਗਿਆ ਹੈ। ਸ਼ੇਰ ਦੀ ਖ਼ਲ ਪਹਿਨੀ ਗਲ਼ ਵਿਚ ਨਰ-ਮੁੰਡ ਖੋਪੜੀਆਂ ਦੀ ਮਾਲਾ ਪਹਿਨਾ ਕੇ ਮੌਤ ਉਤੇ ਜੇਤੂ ਦਰਸਾਇਆ ਗਿਆ ਹੈ।

## ਜੀਵਨ ਦਾ ਪਹੀਆ ਨਾਮੀ ਕੰਧ ਚਿੱਤਰ

ਤਾਵਾਂਗ ਦੇ ਦੁਖਾਂਗ (ਮੁੱਖ ਉਪਾਸਨਾ ਗ੍ਰਹਿ) ਤੋਂ ਬਾਹਰ ਨਿਕਲਦਿਆਂ ਦਰਵਾਜ਼ੇ 'ਦੇ ਬਾਹਰ ਖੱਬੇ ਹੱਥ ਬਰਾਂਡੇ ਦੀ ਕੰਧ 'ਤੇ ਵੱਡ ਆਕਾਰੀ 'ਜੀਵਨ ਦਾ ਪਹੀਆ' ਨਾਮੀ 'ਕੰਧ ਚਿੱਤਰ ਬਣਿਆ ਹੈ। ਅਜਿਹਾ ਚਿੱਤਰ ਥਿਕਸੇ ਮੱਠ ਲੇਹ ਦੇ ਮੁੱਖ ਦਰਵਾਜ਼ੇ ਦੇ ਬਾਹਰ ਵੀ ਦੇਖਣ ਨੂੰ ਮਿਲਿਆ ਸੀ। ਇਸ ਚਿੱਤਰ ਨੂੰ 'ਭਾਵ ਚੱਕਰ' ਵੀ ਕਿਹਾ ਜਾਂਦਾ ਹੈ। ਇਕ ਵੱਡੇ ਸਾਰੇ ਗੋਲ ਦਾਇਰੇ ਵਿੱਚ ਬਣੇ ਚਿੱਤਰ ਦੇ ਗੋਲਾਕਾਰ ਨੂੰ ਮਹਾਕਾਲ ਬੋਧੀਸਤਵ ਨੇ ਆਪਣੇ ਵੱਡੇ-ਵੱਡੇ ਦੰਦਾਂ ਨਾਲ ਫੜਿਆ ਹੋਇਆ ਹੈ। ਉਸ ਨੂੰ ਹੱਥਾਂ 'ਤੇ ਪੈਰਾਂ ਦੀਆਂ ਵੱਡੀਆਂ ਨਹੁੰਦਰਾਂ ਨਾਲ ਡਰਾਉਣਾ ਚਿੱਤਰਿਆ ਗਿਆ ਹੈ। ਬਾਜ ਵਰਗੀਆਂ ਦੋ ਮੋਟੀਆਂ-ਮੋਟੀਆਂ ਪੂਰੀਆਂ ਖੁੱਲ੍ਹੀਆਂ ਅੱਖਾਂ ਨਾਲ ਲੋੜੋਂ ਵੱਧ ਡਰਾਉਣਾ ਰੂਪ ਉਘੜਦਾ ਹੈ।

'ਮਹਾਕਾਲ ਦੇ ਮੱਥੇ 'ਤੇ ਤੀਜੀ ਅੱਖ ਦੇ ਚਿੱਤਰੇ ਹੋਣ ਨਾਲ ਉਹ ਹਿੰਦੂ ਦੇਵਤਾ ਸ਼ਿਵਜੀ ਦੇ ਪਰਿਆਏ ਵਜੋਂ ਉਭਰਦੇ ਹਨ। ਮੱਥੇ 'ਚ ਤੀਜੇ ਨੇਤਰ ਦਾ ਹੋਣਾ ਕਾਲ (ਸਮਾਂ) ਤੋਂ ਪਰ੍ਹੇ ਹੋਣ ਦਾ ਲਖਾਇਕ ਹੈ। ਇਸ ਮਹਾ ਪਰਾ ਸ਼ਕਤੀ ਦੇ ਸਮਰੱਥ ਹੋਣ ਦਾ ਅਰਥ ਸਿਰਜਣਾ ਤੇ ਤਬਾਹ ਕਰ ਦੇਣ ਨਾਲ ਹੈ। ਤੀਜੇ ਨੇਤਰ ਦੇ ਖੁੱਲ੍ਹੇ ਹੋਣ ਦਾ ਬਹੁਤੀ ਵਾਰ ਅਰਥ ਪੁਰਾਣੇ ਨੂੰ ਤਬਾਹ ਕਰਕੇ ਨਵੇਂ ਦੇ ਪੁੰਗਰਣ ਲਈ ਰਸਤਾ ਮੋਕਲਾ ਕਰਨ ਤੋਂ ਲਿਆ ਜਾਂਦਾ ਹੈ। ਇਸ ਤਰ੍ਹਾਂ ਤ੍ਰਿ ਨੇਤਰ ਬ੍ਰਹਿਮੰਡ ਅੰਦਰ ਬ੍ਰਹਿਮੰਡੀ ਸ਼ਕਤੀਆਂ ਦੇ ਸੰਤੁਲਨ ਦਾ ਪ੍ਰਤੀਕ ਹੈ। ਚਿੱਤਰ ਨੂੰ ਵੇਖ ਕੇ ਇਹੋ ਤੱਤ ਨਿਕਲਦਾ ਹੈ ਕਿ ਮਹਾਕਾਲ ਹੀ ਹੈ, ਜੋ ਮਨੁੱਖਾ ਜੀਵਨ ਦੇ ਗੇੜ ਨੂੰ ਚਲਾ ਕੇ ਤੇ ਨਿਯੰਤ੍ਰਿਤ ਕਰ ਉਸ ਨੂੰ ਸੰਤੁਲਨ ਵਿਚ ਰੱਖ ਰਿਹਾ ਹੈ।

ਸੋ ਬੋਧੀ ਕੰਧ ਚਿੱਤਰਾਂ ਵਿਚ ਸਭ ਤੋਂ ਵੱਧ ਵਿਚਿੱਤਰ ਅਤੇ ਗੁੰਝਲਦਾਰ ਚਿੱਤਰ ਮਹਾਕਾਲ ਦਾ ਹੀ ਹੈ। ਬੋਧੀ ਵਿਸ਼ਵਾਸ ਕਰਦੇ ਹਨ ਕਿ ਜੇ ਜਨਮ-ਮੌਤ ਦੇ ਚੱਕਰ 'ਵਿੱਚੋਂ' ਮੁਕਤੀ ਛੁਟਕਾਰਾ ਹਾਸਿਲ ਕਰਨਾ ਹੈ ਤਾਂ ਉਕਤ ਵਿਕਾਰਾਂ ਤੋਂ ਪਰ੍ਹੇ ਰਹਿ ਕੇ ਜੀਵਨ ਜਿਊਣਾ ਹੋਵੇਗਾ। ਬਹੁ ਸੰਖਿਅਕ ਆਕ੍ਰਿਤੀਆਂ ਵਾਲੇ ਇਸ ਚਿੱਤਰ ਦੇ ਪੰਜਾਂ ਹਿੱਸਿਆਂ ਵਿਚ ਮਾਨਵੀ ਜ਼ਿੰਦਗੀ ਦੇ ਨਿੱਤਾ-ਪ੍ਰਤੀ ਚਲਨ ਦਾ ਚਿੱਤਰ ਉਲੀਕਿਆ ਗਿਆ ਹੈ। ਵਿਚਕਾਰ ਚਿੱਤਰੇ ਗਏ ਮੱਠ ਵਿੱਚ ਬੁੱਧ ਤੇ ਬੋਧੀਸਤਵ ਦਿਖਾਈ ਦਿੰਦੇ ਹਨ। ਇਕ ਹਿੱਸੇ ਵਿਚ ਬਲਦ, ਗਾਂ, ਹਾਥੀ, ਹਿਰਨ, ਸ਼ੇਰ, ਘੋੜਾ, ਮੁਰਗਾ, ਬੱਤਖ ਆਦਿ ਪਸ਼ੂ ਜਗਤ ਚਿੱਤਰ ਕੇ ਮਾਨਵੀ ਜੀਵਨ ਨਾਲ ਸੁਮੇਲ ਸਿਰਜਿਆ ਹੈ। ਇਕ ਹਿੱਸੇ ਵਿਚ ਦੇਵਤੇ ਦੀ ਨਿਗਰਾਨੀ ਹੇਠ ਕਰਮ ਕਾਂਡ ਕਰਦਿਆਂ ਚਿੱਤਰਿਆ ਗਿਆ ਹੈ।

-0-

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਸਤੰਬਰ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-757



*ਸਾਨੂੰ ਆਪਣਾ ਵਤਨ ਜਾਨ ਤੋਂ ਪਿਆਰਾ ਹੈ,*
*ਦੇਖਿਆ ਟੀ.ਵੀ. 'ਤੇ ਅਜਬ ਜਿਹਾ ਕਾਰਾ ਹੈ।*
*ਪੁਲਿਸ ਵਾਲ਼ਾ ਕਹਿੰਦੇ ਰਖਵਾਲਾ ਜਨਤਾ ਦਾ,*
*ਪਰ ਇੱਥੇ ਦਿਸਦਾ ਉਲਟਾ ਹੋਰ ਨਜ਼ਾਰਾ ਹੈ।*

## ਕੈਪਸ਼ਨ ਮੁਕਾਬਲਾ-755



ਕਿਸਮਤ ਮਾਰੀ ਧੀ ਰਾਣੀ ਦਾ,
ਕਰਨਾ ਪਿਆ ਦੂਜਾ ਵਿਆਹ,
ਦਿਲ 'ਚ ਕਿੰਨੇ ਗ਼ਮ ਛੁਪਾ ਕੇ,
ਨਵਿਆਂ ਸੰਗ ਪਾਇਆ ਵਾਹ।
ਪੁੱਤ ਜਿਗਰ ਦਾ ਮਾਪੇ ਛੱਡ ਕੇ,
ਲੀਹੇ ਜ਼ਿੰਦਗੀ ਲਈ ਫੇਰ ਪਾ,
ਮਾਂ ਦਾ ਸ਼ਰਾਰਾ ਖਿੱਚਦੈ ਫੜਕੇ,
ਹਾਏ! ਮੰਮੀ ਨ ਛੱਡ ਕੇ ਜਾਹ।
***-ਸੇਵਾ ਸਿੰਘ 'ਨੂਰਪੁਰੀ'***

---

ਵਿਦਾ ਹੋਣ ਦਾ ਵੇ਼ਲਾ ਆਇਆ
ਵਿਛੋੜਾ ਡਾਹਢਾ ਦੁੱਖ ਪੁਚਾਵੇ।
ਭੋ਼ਲਾ-ਭਾ਼ਲਾ ਲੜ ਫੜ ਰੋਵੇ
ਨਾ਼ਲ ਜਾਣ ਦੀ ਜ਼ਿੱਦ ਦਿਖਾਵੇ।
ਨਾ ਜਾਣੇ ਉਹ ਰੀਤ ਜੱਗ ਦੀ
ਬੱਸ ਆਪਣੀ ਅੜੀ ਪੁਗਾਵੇ।
ਤੋੜ ਕੇ ਲਾਹੁਣਾ ਔਖਾ ਹੁੰਦਾ
ਬੱਸ ਮਨ ਵਿੱਚ ਹਉਕਾ ਖਾਵੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਵੇਲਾ ਹੁੰਦਾ ਸੀ ਪਿੰਡਾਂ ਵਿਚ,
ਸਾਂਝੇ ਪਰਵਾਰ ਹੁੰਦੇ ਘਰ-ਘਰ।
ਸ਼ਹਿਰਾਂ ਵਿਚ ਵੀ ਦਿਸਦੇ ਹੁੰਦੇ,
ਵੱਡੀ ਹਵੇਲੀ ਉੱਚਾ ਵੱਡਾ ਦਰ।
ਕਈ-ਕਈ ਬਾਲ ਖੇਡਦੇ ਹੁੰਦੇ,
ਜਾਣਨ ਨਾ ਕੌਣ ਬਾਪੂ ਤਾਇਆ।
ਭੂਆ, ਚਾਚੀ, ਤਾਈ, ਮਾਂ ਵਰਗੀ,
ਜਿਸ ਵੀ ਬਾਲ ਨੂੰ ਲਾਡ ਲਡਾਇਆ।
ਪਿਆਰ-ਗੰਢ ਹੁੰਦੀ ਸੀ ਪੱਕੀ,
ਆਪਣਾ ਸੀ ਨਾ ਕੋਈ ਪਰਾਇਆ।
ਮੇਚ ਤੋਲ ਨਾ ਵੇਖੇ ਜਾਂਦੇ,
ਵੱਧ-ਘੱਟ ਕਿਸ ਖਾਇਆ ਪਾਇਆ।
ਫੇਰ ਹਵਾ ਇਕ ਐਸੀ ਚੱਲੀ,
ਪੁੱਤਰ-ਪਿਉ ਵੀ ਰਹੇ ਨਾ 'ਕੱਠੇ।
ਭਾਈ ਨੂੰ ਨਾ ਭਾਈ ਸੁਖਾਵੇ,
ਗਿਣਤੀ-ਮਿਣਤੀ ਨੇ ਘਰ ਪੱਟੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਭੂਆ ਨਾਲ ਲਗਾਓ ਸੀ ਬਹੁਤ,
ਬਚਪਨ ਵਿਚ ਰਹੀ ਖਿਡਾਉਂਦੀ।
ਭੋਲੇਪਣ ਨੂੰ ਨਹੀਂ ਪਤਾ,
ਸੱਜ ਵੱਜ ਕੇ, ਤਿਆਰ ਹੋਈ,
ਉਸ ਨੂੰ ਕਿਉਂ ਨਹੀਂ ਬੁਲਾਉਂਦੀ।
ਰੋਂਦਾ ਰੋਂਦਾ, ਪੱਲੂ ਦੀ ਕਿਨਾਰੀ ਫੜ ਕੇ,
ਉਸਦੇ ਪਿੱਛੇ ਆਉਂਦਾ।
ਟੱਬਰ ਸਾਰਾ, ਉਦਾਸੀ ਵਿਚ ਖੜ੍ਹਾ,
ਕੋਈ ਨਹੀਂ ਉਸਨੂੰ ਸਮਝਾਉਂਦਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਭੂਆ ਭਤੀਜ ਪਿਆਰ ਦਾ ਰਿਸ਼ਤਾ
ਭੂਆ ਨੂੰ ਵੇਖ ਡੋਲੀ ਬੈਠਦੇ
ਜੁਆਕ ਰੋ-ਰੋ ਬੇਹਾਲ ਹੋਇਆ
ਪਾਲਿਆ-ਪੋਸਿਆ ਲਾਡ ਲਡਾਏ
ਮਾਂ ਬਾਪ ਕੰਮਾਂ 'ਚ ਮਸਰੂਫ
ਭੂਆ ਹੀ ਸੀ ਖਾਣਾ ਖਿਲਾਇਆ।
ਚੁੱਕ ਕੁੱਛੜ ਸੀ ਦਿੰਦੀ ਲੋਰੀਆਂ
ਹੁਣ ਭੂਆ ਦਾ ਵਿਆਹ ਹੈ ਹੋਇਆ।
***-ਦਰਸ਼ਨ ਪਾਲ ਦੋਸਾਂਝ***

*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*
*847-359-0746*
*To Advertise In Punjab Times*
*Call: 847-359-0746*

# ਰੋਗ ਦਾ ਭਲਵਾਨੀ ਗੇੜਾ...!



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-905-5517

ਸਰੀਰਕ ਦੁੱਖਾਂ, ਬੀਮਾਰੀਆਂ ਬਾਰੇ ਇਹ ਧਾਰਨਾ ਆਮ ਪ੍ਰਚੱਲਤ ਹੈ ਕਿ ਇਹ ਆਉਂਦੀਆਂ ਤਾਂ ਹੁੰਦੀਆਂ ਹਨ ਘੋੜੇ ਦੀ ਸਵਾਰੀ ਕਰਕੇ ਪਰ ਜਾਣ ਵੇਲੇ ਜੂੰਅ ਦੀ ਸਵਾਰੀ 'ਤੇ ਜਾਂਦੀਆਂ। ਪਰ ਇੱਕ ਵਾਰੀ ਮੇਰੇ ਨਾਲ਼ ਇਸ ਤੋਂ ਉਲਟਾ ਵਰਤਾਰਾ ਵਾਪਰਿਆ।

ਉਦੋਂ ਮੈਂ ਕੈਲੇਫੋਰਨੀਆ ਸਟੇਟ ਦੇ ਸ਼ਹਿਰ ਸੈਨਹੋਜ਼ੇ ਵਿਚ ਰਾਤ ਦੀ ਜੌਬ ਕਰਦਾ ਹੁੰਦਾ ਸਾਂ। ਰਾਤ ਦੇ ਦਸ ਵਜੇ ਜੌਬ ਸ਼ੁਰੂ ਹੁੰਦੀ ਸੀ ਤੇ ਸਵੇਰੇ ਛੇ ਵਜੇ ਮੈਂ ਘਰੇ ਆ ਜਾਂਦਾ ਸਾਂ। ਇਸ 'ਰੁਟੀਨ' ਮੁਤਾਬਿਕ ਮੈਂ ਇਕ ਦਿਨ ਸਵੇਰੇ ਕੰਮ ਤੋਂ ਆ ਕੇ ਸਾਢੇ ਸੱਤ ਕੁ ਵਜੇ ਸੀਰੀਅਲ ਖਾ ਕੇ ਸੌਂ ਗਿਆ। ਚਾਰ ਕੁ ਘੰਟੇ ਹੀ ਮੇਰੀ ਅੱਖ ਲੱਗੀ ਪਰ ਸਾਢੇ ਕੁ ਗਿਆਰਾਂ ਵਜੇ ਅਚਾਨਕ ਮੇਰੀ ਸੱਜੀ ਵੱਖੀ ਵਿਚ ਦਰਦ ਹੋਣ ਲੱਗ ਪਿਆ। ਪਹਿਲਾਂ ਤਾਂ ਮੈਂ ਆਪਣੇ ਸੁਭਾਅ ਅਨੁਸਾਰ 'ਦੱਬ-ਘੁੱਟ ਕੇ' ਸੁੱਤਾ ਰਹਿਣ ਦੀ ਕੋਸ਼ਿਸ਼ ਕੀਤੀ... ਪਰ ਦਰਦ ਪਲ- ਪਲ ਵਧਦਾ ਦੇਖ ਕੇ ਮੈਂ ਉੱਠਿਆ ਤੇ ਸਿਰਦਰਦ ਤੋਂ ਖਾਈ ਜਾਣ ਵਾਲ਼ੀ ਗੋਲ਼ੀ 'ਟੈਲਨਲ' ਖਾਧੀ। ਕੋਈ ਅਸਰ ਨਾ ਹੋਇਆ ਦੇਖ ਕੇ ਮੈਂ 'ਸਪਰਾਈਟ' ਸੋਢੇ 'ਚ ਲੂਣ ਮਿਲ਼ਾ ਕੇ ਪੀਤਾ...ਪਰ ਦਰਦ ਹੋਰ ਵਧਦਾ ਹੀ ਗਿਆ...!

ਘਰ ਦੇ ਬਾਕੀ ਸਾਰੇ ਜੀਅ ਕੰਮਾਂ 'ਤੇ ਗਏ ਹੋਏ ਸਨ। ਹੋਈ ਜਾ ਰਹੇ ਕਹਿਰ ਦੇ ਦਰਦ ਨੇ ਮੈਨੂੰ ਰੋਣ-ਹਾਕਾ ਕਰ ਦਿੱਤਾ। ਵੱਖੀ ਮਲ਼ਦਾ ਹੋਇਆ ਮੈਂ ਹਿੰਮਤ ਕਰਕੇ ਉੱਠਿਆ.... ਗਰਮ ਪਾਣੀ ਵਾਲ਼ੀ ਬੋਤਲ ਵੱਖੀ ਉੱਤੇ ਫੇਰੀ...ਪਰ ਦਰਦ ਨੂੰ ਮਾਸਾ ਫਰਕ ਨਾ ਪਿਆ! ਅੰਤ ਜਦ 'ਕਲ਼ੀਂ-ਸਮੁੰਦ' ਹੀ ਆ ਗਿਆ...ਤਾਂ ਮੈਂ ਇਕ ਕਿਸਮ ਦਾ ਰੋਂਦਿਆਂ ਹੀ ਬੇਟੇ ਨੂੰ ਫੋਨ ਕੀਤਾ ਕਿ...ਮੇਰਾ ਬੁਰਾ ਹਾਲ ਹੈ...ਮੈਨੂੰ ਛੇਤੀ ਐਮਰਜੈਂਸੀ ਲੈ ਚੱਲੋ...!

ਉਹ ਘਬਰਾ ਕੇ ਕਹਿੰਦਾ ਕਿ ਮੈਂ ਤਾਂ ਗੱਡੀ ਸਰਵਿਸ ਕਰਵਾ ਰਿਹਾਂ ਦੁਕਾਨ 'ਤੇ ਬੈਠਾ। ਉਸਨੇ ਬੇਟੀ ਨੂੰ ਫੋਨ ਕੀਤਾ! ਉਹ ਵੀ ਰਾਤ ਦੀ ਜੌਬ ਤੋਂ ਬਾਅਦ ਘਰੇ ਆ ਕੇ ਆਪਣੇ ਨਿੱਕੇ ਕਾਕੇ ਨੂੰ ਸੰਵਾ ਰਹੀ ਸੀ...!

ਸੁਣਦਿਆਂ ਸਾਰ ਉਹ ਕਾਰ ਲੈ ਕੇ ਭੱਜੀ ਆਈ। ਘਰ ਦੇ ਲਾਗੇ ਆ ਕੇ ਉਸਨੇ ਮੈਨੂੰ ਫੋਨ 'ਤੇ ਛੇਤੀ-ਛੇਤੀ ਉੱਠ ਕੇ ਬਾਹਰ ਆਉਣ ਨੂੰ ਕਿਹਾ। ਡਿਗਦਾ-ਢਹਿੰਦਾ ਮੈਂ ਵੱਖੀ ਫੜੀ ਉਹਦੀ ਕਾਰ ਤੱਕ ਮਸਾਂ ਹੀ ਪਹੁੰਚਿਆ!

...ਹਸਪਤਾਲ ਵੱਲ ਨੂੰ ਕਾਰ ਦੌੜ ਪਈ...ਮੇਰੀ ਹਾਏ-ਕੁਰਲਾਹਟ ਸੁਣ ਕੇ ਬੇਟੀ ਨੇ ਮੈਨੂੰ ਪੀਣ ਲਈ ਪਾਣੀ ਦਿੱਤਾ...ਪਰ ਮੇਰੀ ਜਾਨ ਲਬਾਂ 'ਤੇ ਆਈ ਪਈ...ਰੋਡ 'ਤੇ ਜਦ ਵੀ ਕਿਤੇ ਮੋਹਰੇ ਚੁਰਸਤੇ ਉੱਤੇ 'ਰੈਡ ਲਾਈਟ' ਹੋਵੇ ਤਾਂ ਮੈਂ ਘਬਰਾ ਕੇ ਬੇਟੀ ਨੂੰ ਕਹਾਂ ਕਿ ਪੁੱਤ ਰੈਡ 'ਚੋਂ ਕੱਢਦੇ ਗੱਡੀ ਤੂੰ...ਜੇ ਕੋਈ ਪੁਲੀਸਮੈਨ ਆਵੇ ਤਾਂ ਦੱਸ ਦੇਈਂ ਕਿ ਮੇਰੇ ਡੈਡੀ ਦੀ ਹਾਲਤ ਬਹੁਤ ਖਰਾਬ ਹੋ ਰਹੀ ਹੈ!

ਆਖਰ ਪੰਦਰਾਂ-ਵੀਹਾਂ ਮਿੰਟਾਂ ਬਾਅਦ ਅਸੀਂ ਹਸਪਤਾਲ ਦੀ ਪਾਰਕਿੰਗ ਵਿਚ ਜਾ ਗੱਡੀ ਲਾਈ। ਧੁੰਨੀਂ 'ਤੇ ਹੱਥ ਰੱਖੀ ਹਾਏ-ਹਾਏ ਕਰਦਾ ਮੈਂ ਹਸਪਤਾਲ 'ਚ ਵੜਿਆ। ਐਮਰਜੈਂਸੀ ਵਾਲ਼ੇ ਡਾਕਟਰ ਨੇ ਮੇਰੀ ਬੇਟੀ ਨੂੰ ਫਾਰਮ ਜਿਹਾ ਫੜਾਇਆ ਮੇਰਾ ਥਹੁ-ਪਤਾ ਲਿਖਣ ਲਈ। ਆਪ ਉਹ ਮੇਰੀ ਚੈੱਕ-ਅੱਪ ਜਿਹੀ ਕਰਨ ਲੱਗਾ। ਉਸੇ ਵੇਲੇ ਮੈਨੂੰ ਅਚਾਨਕ ਆਪਣੇ ਮਸਾਨੇ ਵਿਚ ਕੁੱਝ ਵੱਖਰੀ ਤਰ੍ਹਾਂ ਦੀ ਤੇਜ਼ ਜਿਹੀ ਜਲਣ ਮਹਿਸੂਸ ਹੋਈ...ਜਿਵੇਂ ਅੰਦਰ ਕੋਈ ਸੂਈ ਖੁੱਭ ਗਈ ਹੋਵੇ ਤੇ ਨਾਲ਼ੇ ਮੈਨੂੰ ਪਿਸ਼ਾਬ ਦੀ ਜ਼ੋਰਦਾਰ ਹਾਜਤ ਹੋਈ!

ਮੈਂ ਡਾਕਟਰ ਨੂੰ ਦੱਸਿਆ। ਉਸਨੇ ਵਾਸ਼ਰੂਮ ਵੱਲ ਇਸ਼ਾਰਾ ਕੀਤਾ। ਲੈਟਰੀਨ ਵਾਲ਼ੇ ਪੌਟ ਜਿਹੇ ਵਿਚ ਪਿਸ਼ਾਬ ਕਰਦਿਆਂ ਮੇਰੇ ਅੰਦਰ ਇਕ ਦਮ ਚੀਰ ਜਿਹਾ ਤਾਂ ਪਿਆ ਪਰ ਪਿਸ਼ਾਬ ਕਰਨ ਤੋਂ ਬਾਅਦ ਮੇਰੀ ਦਰਦ ਦੁਰਦ ਸਭ ਗਾਇਬ! ਕਹਿ ਤਾਂ ਮੈਂ ਘਰੋਂ 'ਹਾਏ ਹਾਏ' ਕਰਦਾ ਹਸਪਤਾਲ ਵੜਿਆ ਸਾਂ ਪਰ ਹੁਣ ਮੈਂ ਇਕਦਮ ਨੌਰਮਲ ਮਹਿਸੂਸ ਕਰ ਰਿਹਾ ਸਾਂ। ਜਿਵੇਂ ਕਿਤੇ ਦਰਦ ਮੇਰੇ ਸੁਪਨੇ ਵਿਚ ਹੀ ਹੋਇਆ ਹੋਵੇ! ਫਲੱਸ਼ ਕਰਨ ਲੱਗਿਆਂ ਮੈਂ ਦੇਖਿਆ ਕਿ ਮੇਰੇ ਕੀਤੇ ਹੋਏ ਪਿਸ਼ਾਬ ਵਿਚ ਪੈਨਸਿਲ ਦੇ ਟੁੱਟੇ ਹੋਏ ਸੁਰਮੇ ਵਰਗੀ ਇਕ ਕਾਲ਼ੀ ਕਾਲ਼ੀ ਨੁੱਕਰ ਜਿਹੀ ਪਈ ਹੈ!

ਟਿਸ਼ੂ ਪੇਪਰ 'ਤੇ ਉਹ ਚੁੱਕ ਕੇ ਮੈਂ ਵਾਪਸ ਡਾਕਟਰ ਦੇ ਰੂਮ ਵੱਲ ਤੁਰ ਪਿਆ। ਹੁਣੇ ਪਲ ਭਰ ਪਹਿਲਾਂ ਡਾਕਟਰ ਕੋਲ਼ੋਂ ਦਰਦ ਨਾਲ਼ ਕ੍ਰਾਹੁੰਦੇ ਗਏ ਨੂੰ ਮੈਨੂੰ ਹੱਸਦਾ ਹੋਇਆ ਤੁਰਿਆ ਆਇਆ ਦੇਖ ਕੇ ਡਾਕਟਰ ਤੇ ਬੇਟੀ ਦੋਵੇਂ ਬੜੀ ਹੈਰਾਨੀ ਨਾਲ ਮੇਰੇ ਵੱਲ ਦੇਖਣ ਲੱਗੇ!

ਜਦ ਮੈਂ ਡਾਕਟਰ ਨੂੰ ਵਾਸ਼ਰੂਮ ਵਾਲ਼ੀ ਗੱਲ ਦੱਸਦਿਆਂ ਉਹਦੇ ਮੋਹਰੇ ਟਿਸ਼ੂ ਪੇਪਰ ਕੀਤਾ ਤਾਂ ਕਾਲ਼ੀ ਨੁੱਕਰ ਜਿਹੀ ਨੂੰ ਗਹੁ ਨਾਲ ਦੇਖ ਕੇ ਮੁਸਕ੍ਰਾਇਆ ਤੇ ਕਹਿੰਦਾ-

"ਤੇਰੇ ਮਸਾਨੇ 'ਚ ਪਈ ਇਹ ਪਥਰੀ 'ਡਾਕਟਰ' ਨੂੰ ਦੇਖ ਕੇ ਹੀ 'ਡਰ ਗਈ' ਤੇ ਤੇਰਾ ਖਹਿੜਾ ਛੱਡ ਗਈ ਐ!"

ਲਉ ਜੀ, ਘੜੀ ਘੰਟੇ ਵਿਚ ਹੀ ਹਸਪਤਾਲੋਂ ਬਰੰਗ ਲਿਫਾਫੇ ਵਾਂਗ ਮੁੜਨ ਵੇਲੇ ਮੈਂ ਤੰਦਰੁਸਤਾਂ ਵਾਂਗ ਆਪਣੀ ਬੇਟੀ ਨਾਲ਼ ਗੱਲਾਂ ਕਰਦਾ ਘਰੇ ਮੁੜ ਆਇਆ ਸਾਂ!

'ਭਾਰ ਦੁੱਖਾਂ ਦਾ ਬੰਨ੍ਹ ਕੇ ਇਹਨੂੰ ਸੁੱਟਿਆ ਸੀ ਦਰਿਆ ਦੇ ਵਿਚ,
ਫਿਰ ਵੀ ਜਿਸਮ ਸੀ ਏਨਾ ਹੌਲ਼ਾ ਤਰ ਆਇਆ ਸੀ ਪਾਣੀ 'ਤੇ।'
(ਗੁਰਦੇਵ ਨਿਰਧਨ)




## ਜਗਤ ਤਮਾਸ਼ਾ

ਇੱਕ ਪਾਸੇ ਜੇ ਰੋਣਾ ਹੈ
ਤਾਂ ਦੂਜੇ ਪਾਸੇ ਹਾਸਾ ਹੈ
ਐਂਵੇਂ ਨਾ ਮਨ ਨੂੰ ਲਾਇਆ ਕਰ
ਬਸ ਇਹੀ ਜਗਤ ਤਮਾਸ਼ਾ ਹੈ

ਲਗਦਾ ਤੈਨੂੰ ਯਾਰ ਬੜੇ ਨੇ
ਜਿਹੜੇ ਤੇਰੇ ਨਾਲ ਖੜੇ ਨੇ
ਇਹ ਵਰਤ ਕੇ ਅਹੁ ਜਾਣਗੇ
ਕਈ ਆਏ ਤੇ ਕਈ ਝੜੇ ਨੇ
ਇੱਕ ਹੱਥ ਹੀ ਹੈ ਤੇਰੇ ਵੱਲ ਨੂੰ
ਦੂਜੇ ਹੱਥ ਗੰਡਾਸਾ ਹੈ—
ਬਸ ਇਹੀ ਜਗਤ ਤਮਾਸ਼ਾ ਹੈ...।

ਬਹੁਤੀਆਂ ਤਾਂ ਬਸ ਲੀਰਾਂ ਨੇ
ਰਿਸ਼ਤਿਆਂ ਦੀਆਂ ਕਤੀੜਾਂ ਨੇ
ਅਕਲ ਦੇ ਬੂਹੇ ਖੋਲ੍ਹ ਇਹੀ ਤਾਂ
ਮਰਦੇ ਦਮ ਤੱਕ ਪੀੜਾਂ ਨੇ
ਢਿੱਡ ਇਨ੍ਹਾਂ ਦਾ ਭਰਨਾ ਨਹੀਂ
ਤੇ ਮੂੰਹ ਇਨ੍ਹਾਂ ਦਾ ਕਾਸਾ ਹੈ—
ਬਸ ਇਹੀ ਜਗਤ ਤਮਾਸ਼ਾ ਹੈ...।

ਗਹੁ ਨਾਲ ਵੇਖੀਂ ਖੱਬੇ ਸੱਜੇ
ਇਹੀ ਤਿੱਖੀਆਂ ਛੁਰੀਆਂ ਨੇ
ਚਿਹਰੇ ਹੀ ਬਸ ਬੀਬੇ ਮਿੱਤਰਾ
ਨਜ਼ਰਾਂ ਰੱਜ ਕੇ ਬੁਰੀਆਂ ਨੇ
ਨਾ ਇਨ੍ਹਾਂ ਨੂੰ ਹਿਯਾ 'ਭੌਰੇ' ਕੋਈ
ਨਾ ਸ਼ਰਮ ਦਾ ਮਾਸਾ ਹੈ-
ਬਸ ਇਹੀ ਜਗਤ ਤਮਾਸ਼ਾ ਹੈ...।

# ਮਰਨ ਉਪਰੰਤ ਪੂਰਨ ਮਾਫ਼ੀ ਹਾਸਲ ਕਰਨ ਵਾਲੀ – ਲੀਨਾ ਬੇਕਰ

ਸੁਰਜੀਤ ਸਿੰਘ

ਲੀਨਾ ਬੇਕਰ ਅਮਰੀਕਾ ਦੇ ਜਾਰਜੀਆ ਰਾਜ ਦੀ ਇੱਕ ਅਫ਼ਰੀਕੀ-ਅਮਰੀਕੀ ਔਰਤ ਸੀ, ਜਿਸ ਦੀ ਜ਼ਿੰਦਗੀ ਨਸਲੀ ਵਿਤਕਰੇ, ਅਨਿਆਂ ਅਤੇ ਆਤਮ-ਰੱਖਿਆ (ਸਵੈ-ਰੱਖਿਆ) ਦੀ ਇੱਕ ਇਤਿਹਾਸਕ ਕਹਾਣੀ ਹੈ !

ਲੀਨਾ ਬੇਕਰ ਦਾ ਜਨਮ 8 ਜੂਨ 1901 ਨੂੰ ਜਾਰਜੀਆ ਦੇ ਕਥਬਰਟ (Cuthbert) ਸ਼ਹਿਰ ਵਿਚ ਹੋਇਆ ਤੇ ਉਹ ਇੱਕ ਗਰੀਬ ਪਰਿਵਾਰ ਨਾਲ ਸੰਬੰਧਿਤ ਸੀ ਅਤੇ ਆਪਣੇ ਬੱਚਿਆਂ ਦਾ ਪੇਟ ਪਾਲਣ ਲਈ ਮਜ਼ਦੂਰੀ ਅਤੇ ਘਰੇਲੂ ਕੰਮ (ਸਫ਼ਾਈ-ਸੁਥਰਾਈ) ਕਰਦੀ ਸੀ।


ਲੀਨਾ ਬੇਕਰ (1901–1945). ਸਰੋਤ: African American Registry – ਲੀਨਾ ਬੇਕਰ (1901–1945). ਸਰੋਤ: African...

1944 ਵਿਚ, ਲੀਨਾ ਨੇ ਅਰਨੈਸਟ ਨਾਈਟ (Ernest Knight) ਨਾਂ ਦੇ ਇੱਕ ਗੋਰੇ ਵਿਅਕਤੀ ਦੇ ਘਰ ਕੰਮ ਕਰਨਾ ਸ਼ੁਰੂ ਕੀਤਾ। ਅਰਨੈਸਟ ਉਸ ਦਾ ਸਰੀਰਕ ਸ਼ੋਸ਼ਣ ਕਰਦਾ ਸੀ, ਉਸ ਨੂੰ ਧਮਕਾਉਂਦਾ ਸੀ ਅਤੇ ਉਸ ਨੂੰ ਆਪਣੀ ਮਰਜ਼ੀ ਖ਼ਿਲਾਫ਼ ਬੰਦੀ ਬਣਾ ਕੇ ਰੱਖਦਾ ਸੀ।

ਇੱਕ ਦਿਨ, ਜਦੋਂ ਅਰਨੈਸਟ ਨੇ ਉਸ 'ਤੇ ਹਮਲਾ ਕੀਤਾ ਅਤੇ ਉਸ ਨੂੰ ਲੋਹੇ ਦੀ ਪਾਈਪ ਨਾਲ ਮਾਰਨ ਦੀ ਧਮਕੀ ਦਿੱਤੀ, ਤਾਂ ਆਪਣੀ ਜਾਨ ਬਚਾਉਣ ਲਈ ਹੋਈ ਹਥੋ-ਪਾਈ ਦੌਰਾਨ ਗੋਲੀ ਚੱਲ ਗਈ, ਜਿਸ ਨਾਲ ਅਰਨੈਸਟ ਦੀ ਮੌਤ ਹੋ ਗਈ।

### ਅਨਿਆਂਪੂਰਨ ਸੁਣਵਾਈ ਅਤੇ ਫਾਂਸੀ (1945)

**ਇੱਕਪਾਸੜ ਅਦਾਲਤੀ ਕਾਰਵਾਈ:** ਉਸ ਸਮੇਂ ਅਮਰੀਕਾ ਵਿਚ ਨਸਲੀ ਵਿਤਕਰਾ ਚਰਮ 'ਤੇ ਸੀ। ਲੀਨਾ ਦੇ ਕੇਸ ਵਿਚ ਅਦਾਲਤ ਦੇ ਸਾਰੇ ਜੂਰੀ ਮੈਂਬਰ ਗੋਰੇ ਅਤੇ ਪੁਰਸ਼ ਸਨ। ਇੱਕ ਦਿਨ ਵਿਚ ਹੀ ਫੈਸਲਾ ਸੁਣਾਇਆ ਗਿਆ।

ਉਸ ਦੇ ਸਰਕਾਰੀ ਵਕੀਲ ਨੇ ਉਸ ਦਾ ਪੱਖ ਸਹੀ ਤਰੀਕੇ ਨਾਲ ਨਾ ਰੱਖਿਆ, ਅਤੇ ਅਦਾਲਤ ਨੇ ਆਤਮ-ਰੱਖਿਆ ਦੀ ਦਲੀਲ ਨਕਾਰਦਿਆਂ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ।

**5 ਮਾਰਚ 1945:** ਲੀਨਾ ਬੇਕਰ ਨੂੰ ਜਾਰਜੀਆ ਰਾਜ ਵਿਚ ਇਲੈਕਟ੍ਰਿਕ ਚੇਅਰ (ਬਿਜਲੀ ਦੀ ਕੁਰਸੀ) 'ਤੇ ਬਠਾ ਕੇ ਮੌਤ ਦੀ ਸਜ਼ਾ ਦਿੱਤੀ ਗਈ। ਉਹ ਜਾਰਜੀਆ ਦੇ ਇਤਿਹਾਸ ਵਿਚ ਇਸ ਤਰੀਕੇ ਨਾਲ ਮਰਨ ਵਾਲੀ ਇਕਲੌਤੀ ਔਰਤ ਸੀ।

60 ਸਾਲ ਬਾਅਦ ਲੀਨਾ ਦੇ ਪਰਿਵਾਰ ਨੇ ਉਸ ਦੇ ਨਾਮ ਨੂੰ ਦਾਗ਼-ਮੁਕਤ ਕਰਨ ਲਈ ਲੰਮੀ ਕਾਨੂੰਨੀ ਲੜਾਈ ਲੜੀ। ਘਟਨਾ ਦੇ 60 ਸਾਲ ਬਾਅਦ, 2005 ਵਿਚ, ਜਾਰਜੀਆ ਦੇ 'ਬੋਰਡ ਆਫ਼ ਪਾਰਡਨਜ਼' ਨੇ ਮੰਨਿਆ ਕਿ ਲੀਨਾ ਬੇਕਰ ਨਾਲ ਘੋਰ ਅਨਿਆਂ ਹੋਇਆ ਸੀ ਅਤੇ ਉਸ ਨੇ ਆਪਣੀ ਜਾਨ ਬਚਾਉਣ ਲਈ ਸਵੈ-ਰੱਖਿਆ ਵਿਚ ਕਦਮ ਚੁੱਕਿਆ ਸੀ। ਰਾਜ ਨੇ ਲੀਨਾ ਬੇਕਰ ਨੂੰ ਮਰਨ ਉਪਰੰਤ ਪੂਰਨ ਮਾਫ਼ੀ (Posthumous Pardon) ਦਿੱਤੀ।

*ਸਰੋਤ (ਇਤਿਹਾਸਕ ਸੱਚ )*

# ਓਥੇ ਅਮਲਾਂ ਦੇ ਹੋਣਗੇ ਨਿਬੇੜੇ...ਕਿਸੇ ਨਹੀਂ ਤੇਰੀ ਜਾਤ ਪੁੱਛਣੀ

ਜ਼ਿੰਦਗੀ ਨਾਮਾ




ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ।***

ਸੰਨ ਛਿਹਾਠ ਵਿਚ ਬਣੀ ਹਿੰਦੀ ਫਿਲਮ...'ਤੀਸਰੀ ਕਸਮ'...ਇੱਕ ਗਾਣਾ ਅਜੇ ਵੀ ਸੁਰਤ ਠਿਕਾਣੇ ਲਾ ਦਿੰਦਾ...'ਸੱਜਣ ਰੇ ਝੂਠ ਮਤ ਬੋਲੋ...ਖੁਦਾ ਕੇ ਪਾਸ ਜਾਣਾ ਹੈ...ਨਾ ਹਾਥੀ ਹੈਂ ਨਾ ਘੋੜੇ ਹੈ...ਵਹਾਂ ਪੈਦਲ ਹੀ ਜਾਣਾ ਹੈ...ਸੱਜਣ ਰੇ ਝੂਠ ਮਤ ਬੋਲੋ'

ਵਾਹਵਾ ਲੰਮਾ ਏ ਬਾਕੀ ਦਾ ਆਪੇ ਸੁਣ ਲੈਣਾ...!

ਪਰ ਇਸ ਸੱਜਣ ਨੇ ਰੱਜ ਕੇ ਝੂਠ ਬੋਲਿਆ...ਕੁਫਰ ਤੋਲਿਆ...ਮੇਰਾ ਕੋਈ ਹੱਥ ਨਹੀਂ...ਹਾਲਾਂਕਿ ਲਿਸਟਾਂ ਫੜ ਭੀੜ ਦੀ ਅਗਵਾਈ ਕੀਤੀ...ਦਸਤਾਰਾਂ ਦਾਹੜੀਆਂ ਵਾਲੇ ਜਿਉਂਦੇ ਸਾੜੇ...ਅਸਮਤਾਂ ਲੁੱਟੀਆਂ...ਭੀੜਾਂ ਨੂੰ ਪੇਮੈਂਟਾਂ ਵੀ ਕੀਤੀਆਂ...ਇੱਕ ਲੋਥ ਦਾ ਸ਼ਾਇਦ ਸੌ ਰੁਪਈਆ...ਮਗਰੋਂ ਥਾਪੜੇ ਵਜੀਰੀਆਂ ਅਹੁਦੇ ਵੀ ਲਏ...ਸੈਂਕੜੇ ਤਸਵੀਰਾਂ ਮੌਜੂਦ ਨੇ ਪਰ ਲੋਕਤੰਤਰ ਦਾ ਚੋਥਾ ਥੰਮ ਆਖਦਾ...ਲੋੜੀਂਦੇ ਸਬੂਤ ਹੈਨੀ!



ਜਿਨ੍ਹਾਂ ਦੇ ਜੀਅ ਮਾਰੇ ਗਏ...ਅੱਜ ਤੀਜੀ ਪੀੜੀ...ਬਤਾਲੀ ਸਾਲ ਰੋਂਦੇ ਰਹੇ ਕੁਰਲਾਉਂਦੇ ਰਹੇ...ਪਰ ਅਖੌਤੀ ਲੋਕਤੰਤਰ ਆਖਦਾ ਰਿਹਾ ਹੋਰ ਗਵਾਹੀਆਂ ਸਬੂਤ ਲਿਆਓ...ਅਗਲੀ ਗੱਲ ਤਾਂ ਕਰਾਂਗੇ...!

ਪਾਰਟੀ ਸਾਥੀਆਂ ਮੁਲਖ ਅਦਾਲਤਾਂ ਪ੍ਰੈਸ ਚੈਨਲਾਂ ਆਪਣਿਆਂ ਅਤੇ ਬੇਗਾਨਿਆਂ ਨੇ...ਸਭ ਨੇ ਢਾਲ ਬਣ ਰਾਖੀ ਕੀਤੀ...'ਹੁਸਨ ਹਾਜਿਰ ਹੈ ਮੁਹੱਬਤ ਕੀ ਸਜਾ ਪਾਨੇ ਕੋ...ਕੋਈ ਪੱਥਰ ਸੇ ਨਾ ਮਾਰੇ ਮੇਰੇ ਦੀਵਾਨੇ ਕੋ...!'

ਕਈ ਬੁੱਕਲ ਦੇ ਸੱਪ ਸੰਕੇਤਕ ਸਜਾ ਦੀ ਗੱਲ ਵੀ ਕਰਦੇ ਰਹੇ...ਕਿਸੇ ਇੱਕ ਨੂੰ ਫਾਂਸੀ ਜਾਂ ਉਮਰ ਕੈਦ ਦੇ ਦਿਓ...ਸਿੱਖ ਸਬਰ ਦਾ ਘੁੱਟ ਭਰ ਲੈਣਗੇ...ਪਰ ਸਿਸਟਮ ਨੇ ਉਹ ਵੀ ਨਾ ਮੰਨੀ...ਮਿੱਟੀ ਦੀ ਬੁਗਨੀ ਵਾਂਙ ਵਿਸ਼ਵਾਸ਼ ਇਤਬਾਰ ਵਫ਼ਾਦਾਰੀ ਸਭ ਕੁਝ ਭੰਨ ਦਿੱਤਾ...ਕਮਲਿਓ ਇਹੋ ਜਿਹੀਆਂ ਸਖਤ ਸਜਾਵਾਂ ਤੇ ਰਾਖਵੀਆਂ ਹੀ ਭਾਈ ਸਤਵੰਤ ਅਤੇ ਹਵਾਰਿਆ ਵਰਗਿਆਂ ਲਈ...!

ਅਜੋਕੇ ਭਗਵੇਂ...ਪੰਜੇ ਨੂੰ ਮੇਹਣਾ ਮਾਰਦੇ...ਤੁਸੀਂ ਸਿਖਾਂ ਦੇ ਤਖ਼ਤ ਭੰਨੇ...ਟੈਂਕ ਚੜਾਏ...ਪਰ ਅਡਵਾਨੀ ਵਾਜਪਾਈ...ਚੋਰ ਨਾਲੋਂ ਪੰਡ ਕਾਹਲੀ...ਇੰਦਰਾ ਤੇ ਆਨਾਕਾਣੀ ਕਰਦੀ ਸੀ...ਅਸੀ ਜ਼ੋਰ ਦਿੱਤਾ ਤਾਂ ਹੀ ਘੱਲੀ...!

ਅਜੀਬ ਫਿਤਰਤ ਹੈ ਤੇਰੀ ਤੌਫ਼ੀਕ ਏ ਰਹਿਬਰੀ ਕੀ...ਅਪਨੀ ਔਲਾਦ ਕਾ ਸਵਾਲ ਹੋ ਤੋਂ ਕੁਰਬਾਨੀ ਕਾ ਬੱਕਰਾ ਯਾਦ ਆ ਜਾਤਾ...ਨੱਥਾ ਸਿੰਘ ਐਂਡ ਪ੍ਰੇਮ ਸਿੰਘ...ਵੰਨ ਐਂਡ ਦਾ ਸੇਮ ਥਿੰਗ...ਇੱਕੋ ਥਾਲੀ ਦੇ ਚੱਟੇ ਵੱਟੇ...ਕੁਝ ਨੇ ਏਨਾ ਸੋਚ ਸਮਰਪਣ ਵੀ ਕਰ ਦਿੱਤਾ...ਹੁਣ ਪੰਜ ਦਹਾਕੇ ਹੋਣ ਵਾਲੇ...ਕਿਥੋਂ ਤੀਕਰ ਲੰਮੇਰਾ ਕਰੀਏ...!

ਬਾਹਰਲੇ ਘੱਲੂਕਾਰੇ ਦੀ ਯਾਦ ਮਨਾਉਂਦੇ ਤਾਂ ਇਨ੍ਹਾਂ ਦੀਆਂ ਅੰਬੈਸੀਆਂ ਆਖਦੀਆਂ ਅੱਤਵਾਦੀ ਨੇ...ਪੂਰੀ ਸਖਤੀ ਕਰੋ...!

ਮਾਝੇ ਦੇ ਇੱਕ ਸੀਨੀਅਰ ਪੰਜਾ ਧਾਰੀ ਨੂੰ ਪੁੱਛਿਆ...ਕਦੇ ਹਾਈ ਕਮਾਂਡ ਦੀ ਮੀਟਿੰਗ ਵੇਲੇ ਅੱਗਿਓਂ ਟਾਈਟਲਰ ਸੱਜਣ ਕੁਮਾਰ ਟੱਕਰ ਜਾਵਣ ਤਾਂ ਕੀ ਕੈਫ਼ੀਅਤ ਹੁੰਦੀ...?

ਕਹਿੰਦਾ ਬੱਸ ਨਜਰਾਂ ਨਹੀਂ ਮਿਲਾਈਦੀਆਂ...ਨਜਰਅੰਦਾਜ ਕਰਕੇ ਲੰਘ ਜਾਈਦਾ...ਮੈਂ ਤੇ ਕਦੇ ਹੱਥ ਵੀ ਨੀ ਸੁੱਟਿਆ...ਹਾਲਤ ਬਾਪ ਦੀ ਰਖੇਲ ਤੋਂ ਪੈਦਾ ਹੋਈ ਨਜਾਇਜ ਔਲਾਦ ਨੂੰ ਵੇਖ ਨੱਕ ਬੁੱਲ ਵੱਟਦੇ ਉਸ ਪੁੱਤ ਵਰਗੀ ਜਿਸਨੂੰ ਬਾਪ ਛਿੱਤਰ ਦੇ ਜ਼ੋਰ ਆਖਦਾ ਤੇਰਾ ਵੱਡਾ ਭਾਈ ਏ ਕਲਾਵੇ ਵਿਚ ਲੈ...ਉਹ ਪੀੜੀ ਜਿਸਨੂੰ ਰੋਂਦੀ ਹੋਈ ਨੂੰ ਚੁੱਪ ਕਰਾਉਣ ਲਈ ਫੇਰ ਹੋਰ ਜੁੱਤੀ ਫੇਰੀ ਜਾਂਦੀ ਸੀ...ਕਮਲਿਆਂ ਨੂੰ ਨਹੀਂ ਪਤਾ ਵੱਡਾ ਰੁੱਖ ਡਿੱਗੇ ਤਾਂ ਖੜਾਕ ਤੇ ਹੋਣਾ ਹੁੰਦਾ!

ਖੈਰ ਸੂਰਜ ਏਧਰ ਤੋਂ ਓਧਰ ਹੋ ਜਾਵੇ...ਪੰਜੇ ਨਾਲ ਰੋਸਾ ਰਹੂੰ...ਮਿਥ ਕੇ ਭਾਣਾ ਜੂ ਵਰਤਾਇਆ...ਆਪਣੇ ਬੱਚਿਆਂ ਨੂੰ ਵੀ ਤੇ ਅੱਗੋਂ ਓਹਨਾਂ ਦੇ ਬੱਚਿਆਂ ਨੂੰ ਵੀ ਕੱਲੀ-ਕੱਲੀ ਗੱਲ ਦੱਸ ਕੇ ਜਾਵਾਂਗੇ...!

ਜਵਾਨੀ ਵੇਲੇ ਸੰਤਾਂ ਦੇ ਕੱਟੜ ਹਿਮਾਇਤੀ ਰਹੇ ਪਰ ਹੁਣ ਪੰਜੇ ਦੀ ਗ੍ਰਿਫਤ ਵਿਚ ਆਏ ਇੱਕ ਬਜ਼ੁਰਗ ਨੂੰ ਪੁੱਛਿਆ ਇੰਝ ਯੂ ਟਰਨ ਕਿ"...?

ਅੱਗਿਓਂ ਆਂਹਦਾ, ਹਰੇਕ ਦੀਵੇ ਦੀ ਕਿਸਮਤ ਵਿਚ ਆਖਰੀ ਵੇਲੇ ਲਟ-ਲਟ ਬਲਣਾ ਨਹੀਂ ਲਿਖਿਆ ਹੁੰਦਾ...ਅਗਲੀ ਪੀੜੀ ਆਖਦੀ ਬਾਪੂ ਤੂੰ ਤੇ ਹੰਢਾਅ ਲਈ ਹੁਣ ਜਾਂਦਾਜਾਂਦਾ ਸਾਡੇ ਪੂੜੇ ਨਾ ਸ਼ਿਕਵਾ ਦੇਵੀਂ...ਅਸੀਂ ਓਹਨਾ ਨਾਲ ਪਿਆਰ ਵਿਓਪਾਰ ਵੀ ਕਰਨਾ ਤੇ ਰਿਸ਼ਤੇ ਵੀ ਗੰਢਣੇ...!

ਭਾਵੇਂ ਚੁਰਾਸੀ ਵੇਲੇ ਦੇ ਬਲਵਾਨ ਖੋਖਰ ਤੇ ਕਿਸ਼ੋਰੀ ਲਾਲ ਕਸਾਈ ਹੋਵਣ ਤੇ ਭਾਵੇਂ ਦੋ ਹਜਾਰ ਦੋ ਨੂੰ ਸੌ ਕਤਲ ਕਰ ਕੇ ਆਪਣੇ ਆਪ ਨੂੰ ਮਹਾਰਾਣਾ ਪ੍ਰਤਾਪ ਦਾ ਅਵਤਾਰ ਮੰਨਣ ਵਾਲਾ ਬਾਬੂ ਬਜਰੰਗੀ ਹੋਵੇ...ਸਿਸਟਮ ਨੇ ਵਾਲ ਵੀ ਵਿੰਗਾਂ ਨੀ ਹੋਣ ਦੇਣਾ...!

ਓਹਨਾ ਦਾ ਧੰਨਵਾਦ ਜਿਹੜੇ ਬੇਸ਼ੱਕ ਦੱਬੀ ਸੁਰ ਵਿਚ ਹੀ ਕਰਦੇ...ਥੋੜੀ ਬਹੁਤ ਹਮਦਰਦੀ ਕਰਦੇ ਜਰੂਰ...ਆਈਨਾ ਦੇਖ ਕਰ ਤਸੱਲੀ ਹੁਈ...ਹਮਕੋ ਇਸ ਘਰ ਮੇਂ ਜਾਨਤਾ ਹੈ ਕੋਈ...!

ਖੈਰ ਇੱਕ ਆਖਰੀ ਅਦਾਲਤ ਉਚੇ ਦਰਬਾਰ ਵੀ...ਜਿਥੇ ਨਾ ਕੋਈ ਵਕੀਲ ਦਲੀਲ ਤੇ ਨਾ ਕੋਈ ਅਪੀਲ ਹੀ ਕੰਮ ਆਉਂਦੀ...ਓਥੇ ਅਮਲਾਂ ਦੇ ਹੋਣਗੇ ਨਿਬੇੜੇ...ਜਾਤ ਕਿਸੇ ਪੁੱਛਣੀ ਨਹੀਂ...ਜਾ ਬਈ ਸੱਜਣਾ ਤੈਨੂੰ ਵੀ ਓਸੇ ਅਦਾਲਤ ਦੇ ਸਪੁਰਦ ਕੀਤਾ!

# ਫ਼ਾਸ਼ੀਵਾਦ ਦਾ ਨਵਾਂ ਮੁਹਾਵਰਾ

ਜਗਦੀਸ਼ਵਰ ਚਤੁਰਵੇਦੀ
ਅਨੁਵਾਦ: ਐਮ.ਐਸ.ਭਾਟੀਆ

ਭਾਰਤ ਦਾ ਫਾਸ਼ੀਵਾਦ ਇਟਲੀ ਅਤੇ ਜਰਮਨੀ ਦੇ ਫਾਸ਼ੀਵਾਦ ਨਾਲੋਂ ਵੱਖਰਾ ਹੈ। ਭਾਰਤੀ ਫਾਸ਼ੀਵਾਦ ਦਾ ਧੁਰਾ ਧਾਰਮਿਕਤਾ, ਮੁਸਲਿਮ-ਵਿਰੋਧੀ ਨਫ਼ਰਤ, ਹਿੰਸਾ ਅਤੇ ਗਰੀਬੀ ਹੈ।

ਮੋਦੀ ਜੀ ਦਾ ਫਾਸ਼ੀਵਾਦ ਸਿੱਧੇ ਤੌਰ 'ਤੇ ਅਮਰੀਕੀ ਲਿਬਰਲ ਫਾਸ਼ੀਵਾਦ ਦੀ ਫੋਟੋ ਕਾਪੀ ਹੈ।

ਫਾਸ਼ੀਵਾਦ ਦਾ ਅਰਥ ਹੈ— ਜਦੋਂ ਰਾਜ ਪ੍ਰਸ਼ਾਸਨ ਨੂੰ ਕਾਰਪੋਰੇਟ ਘਰਾਣੇ ਆਪਣੇ ਹੱਥਾਂ ਵਿਚ ਲੈ ਲੈਣ।

ਮੋਦੀ ਨੇ ਫਾਸ਼ੀਵਾਦ ਨੂੰ ਇੱਕ ਨਵਾਂ ਰੂਪ ਦਿੱਤਾ ਹੈ। ਉਨ੍ਹਾਂ ਨੇ ਹਿੰਦੂਤਵ ਨੂੰ ਸਭ ਤੋਂ ਉੱਪਰ ਥਾਂ ਦਿੱਤੀ ਹੈ ਅਤੇ ਦੇਸ਼-ਬਦੇਸ਼ ਦੀਆਂ ਘਟਨਾਵਾਂ ਨੂੰ ਹਿੰਦੂਤਵ ਦੇ ਚੌਖਟੇ ਵਿਚ ਪੇਸ਼ ਕੀਤਾ ਹੈ। ਹਿੰਦੂ ਮਿਥਕਾਂ ਅਤੇ ਮਿਥਕੀ ਪਾਤਰਾਂ ਨੂੰ ਆਮ ਪ੍ਰਗਟਾਵੇ ਦਾ ਸਾਧਨ ਬਣਾਇਆ ਗਿਆ ਹੈ। ਹਿੰਦੂ ਨੈਤਿਕਤਾ ਨੂੰ ਸਰਵੋਤਮ ਨੈਤਿਕਤਾ ਵਜੋਂ ਪੇਸ਼ ਕੀਤਾ ਗਿਆ ਹੈ, ਜਿਸ ਕਾਰਨ ਦੇਸ਼ ਵਿਚ ਹਿੰਦੂਤਵ ਦਾ ਮਾਹੌਲ ਹੋਰ ਗੂੜ੍ਹਾ ਹੋਇਆ ਹੈ।

ਦੂਜਾ ਵੱਡਾ ਬਦਲਾਅ ਇਹ ਕੀਤਾ ਗਿਆ ਹੈ ਕਿ ਸਰਜੀਕਲ ਸਟ੍ਰਾਈਕ ਅਤੇ ਯੁੱਧ ਵਰਗੇ ਸ਼ਬਦ-ਜੋੜਾਂ ਨੂੰ ਹਿੰਦੂਤਵ ਦੀ ਨੈਤਿਕਤਾ ਨਾਲ ਜੋੜ ਦਿੱਤਾ ਗਿਆ ਹੈ। ਹੁਣ ਹਰ ਚੀਜ਼ ਦੇ ਖ਼ਿਲਾਫ਼ ਮੋਦੀ ਜੀ ਸਰਜੀਕਲ ਸਟ੍ਰਾਈਕ ਕਰ ਰਹੇ ਹਨ, ਯੁੱਧ ਕਰ ਰਹੇ ਹਨ ਜਾਂ ਅਪ੍ਰੇਸ਼ਨ ਸਿੰਧੂਰ ਚਲਾ ਰਹੇ ਹਨ।

ਮਿਸਾਲ ਵਜੋਂ-ਕਾਲੇ ਧਨ ਦੇ ਖ਼ਿਲਾਫ਼ ਸਰਜੀਕਲ ਸਟ੍ਰਾਈਕ, ਗੰਦਗੀ ਦੇ ਖ਼ਿਲਾਫ਼ ਯੁੱਧ, ਗਰੀਬੀ ਦੇ ਖ਼ਿਲਾਫ਼ ਯੁੱਧ, ਕਰੋਨਾ ਦੇ ਖ਼ਿਲਾਫ਼ ਯੁੱਧ, ਜੰਤਰ-ਮੰਤਰ ਅੰਦੋਲਨ ਅਤੇ ਦਿਮਾਗੀ ਨਕਸਲ ਆਦਿ ਦੇ ਖ਼ਿਲਾਫ਼ ਸਰਜੀਕਲ ਸਟ੍ਰਾਈਕ। ਕਾਰਪੋਰੇਟ ਮੀਡੀਆ ਸੱਤਾ-ਤੰਤਰ ਦੇ ਪ੍ਰਚਾਰ ਦੇ ਰੂਪ ਵਿਚ ਇਹ ਸਭ ਕੁਝ ਲਗਾਤਾਰ ਸਾਡੇ ਜ਼ਿਹਨ ਵਿਚ ਉਤਾਰ ਰਿਹਾ ਹੈ।

ਸਰਜੀਕਲ ਸਟ੍ਰਾਈਕ ਜਾਂ ਯੁੱਧ ਦੇ ਨਾਂਅ 'ਤੇ ਹਰ ਕਿਸਮ ਦੇ ਵਿਚਾਰਧਾਰਕ ਮੱਤਭੇਦਾਂ ਨੂੰ ਰੱਦ ਕੀਤਾ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਵਿਚਾਰਧਾਰਕ ਮੱਤਭੇਦ ਵਿਚ ਨਾ ਲਿਆਓ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਬਹਿਸ ਕਰਨ ਦਾ ਸਮਾਂ ਨਹੀਂ, ਕੰਮ ਕਰਨ ਦਾ ਸਮਾਂ ਹੈ—ਬਹਿਸ ਨਾ ਕਰੋ, ਸਵਾਲ ਨਾ ਪੁੱਛੋ, ਸਿਰਫ਼ ਸੱਤਾ ਦੇ ਪਿੱਛੇ ਚੱਲੋ।

ਇੱਕ ਸਮਾਂ ਸੀ, ਜਦੋਂ ਆਮ ਆਦਮੀ ਫਿਰਕੂ ਵਿਚਾਰਾਂ ਨੂੰ ਨਫ਼ਰਤ ਕਰਦਾ ਸੀ ਅਤੇ ਆਪਣੇ ਆਪ ਨੂੰ ਉਨ੍ਹਾਂ ਤੋਂ ਦੂਰ ਰੱਖਦਾ ਸੀ, ਪਰ ਅੱਜ ਹਾਲਾਤ ਗੁਣਾਤਮਕ ਤੌਰ 'ਤੇ ਬਦਲ ਗਏ ਹਨ। ਅੱਜ ਆਮ ਆਦਮੀ ਫਿਰਕੂ ਵਿਚਾਰਾਂ ਨਾਲ ਨਫ਼ਰਤ ਨਹੀਂ ਕਰਦਾ ਸਗੋਂ ਉਨ੍ਹਾਂ ਨਾਲ ਜੁੜਨ ਨੂੰ ਆਪਣਾ ਸੁਭਾਗ ਸਮਝਣ ਲੱਗ ਪਿਆ ਹੈ। ਕੱਲ੍ਹ ਤੱਕ ਧਾਰਮਿਕ ਪਛਾਣ ਮੁੱਖ ਨਹੀਂ ਸੀ, ਪਰ ਅੱਜ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਇਹ ਪ੍ਰਮੁੱਖ ਹੋ ਗਈ ਹੈ। ਪਹਿਲਾਂ ਲੋਕ ਜਾਤ ਪੁੱਛਣ ਵਿਚ ਸੰਕੋਚ ਕਰਦੇ ਸਨ, ਅੱਜ ਖੁੱਲ੍ਹ ਕੇ ਜਾਤ ਪੁੱਛੀ ਜਾਂਦੀ ਹੈ।

ਫਾਸ਼ੀਵਾਦ ਦੇ ਅਸਲ ਮਾਇਨੇ ਕੀ ਹਨ, ਇਸ ਬਾਰੇ ਭਾਰਤ ਵਿਚ ਕਾਫ਼ੀ ਬਹਿਸ ਹੈ। ਇਸ ਬਹਿਸ ਵਿਚ ਵੱਡੇ-ਵੱਡੇ ਵਿਦਵਾਨ ਵੀ ਉਲਝੇ ਹੋਏ ਹਨ, ਪਰ ਅੱਜ ਤੱਕ ਇਸ ਦੀ ਕੋਈ ਸਰਵ-ਪ੍ਰਵਾਨਤ ਪਰਿਭਾਸ਼ਾ ਤੈਅ ਨਹੀਂ ਹੋ ਸਕੀ। ਫਾਸ਼ੀਵਾਦ ਉਹ ਵੀ ਸੀ, ਜੋ ਹਿਟਲਰ ਅਤੇ ਮੁਸੋਲਿਨੀ ਨੇ ਕੀਤਾ: ਫਾਸ਼ੀਵਾਦ ਦਾ ਇੱਕ ਰੂਪ ਉਹ ਵੀ ਸੀ, ਜੋ ਐਮਰਜੈਂਸੀ ਦੌਰਾਨ ਸ੍ਰੀਮਤੀ ਇੰਦਰਾ ਗਾਂਧੀ ਨੇ ਕੀਤਾ ਅਤੇ ਫਾਸ਼ੀਵਾਦ ਦਾ ਇੱਕ ਰੂਪ ਉਹ ਵੀ ਹੈ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਿਹਾ ਹੈ।

ਮੋਦੀ ਦੇ ਫਾਸ਼ੀਵਾਦ ਦੀਆਂ ਲੱਛਣਾਤਮਕ ਵਿਸ਼ੇਸ਼ਤਾਵਾਂ ਵੱਖਰੀਆਂ ਹਨ। ਮੋਦੀ ਜੀ ਦਾ ਫਾਸ਼ੀਵਾਦ ਵਿਕਾਸ ਅਤੇ ਗਰੀਬ ਦੇ ਮੋਢਿਆਂ 'ਤੇ ਸਵਾਰ ਹੈ, ਪਰ ਇਸ ਦੇ ਪ੍ਰਸ਼ਾਸਨ ਦੇ ਸੰਚਾਲਕ ਕਾਰਪੋਰੇਟ ਘਰਾਣੇ ਹਨ। ਇਸ ਦਾ ਧੁਰਾ ਮੀਡੀਆ ਮੈਨੇਜਮੈਂਟ ਅਤੇ ਰਾਜ ਦੇ ਵਸੀਲਿਆਂ ਦੀ ਖੁੱਲ੍ਹੀ ਲੁੱਟ ਹੈ। ਇਸ ਦਾ ਟੀਚਾ ਸਮਾਜ ਦਾ ਅਪਰਾਧੀਕਰਨ ਅਤੇ ਲੋਕਤੰਤਰੀ-ਸੰਵਿਧਾਨਕ ਢਾਂਚਿਆਂ ਨੂੰ ਢਾਹੁਣਾ ਹੈ।

ਇਹ ਆਪਣੇ ਵਿਰੋਧੀਆਂ ਨੂੰ ਰਾਸ਼ਟਰਧਰੋਹੀ ਜਾਂ ਰਾਸ਼ਟਰ-ਵਿਰੋਧੀ ਕਹਿ ਕੇ ਕਲੰਕਿਤ ਕਰਦਾ ਹੈ। ਇਸ ਕੋਲ ਮੀਡੀਆ ਅਤੇ ਸਾਈਬਰ ਮੀਡੀਆ ਦੀ ਬੇਸ਼ੁਮਾਰ ਤਾਕਤ ਹੈ। ਇਹ ਅਜਿਹੀ ਸੱਤਾ ਹੈ, ਜੋ ਕਿਸੇ ਦੀ ਆਵਾਜ਼ ਨਹੀਂ ਸੁਣਦੀ। ਜੇ ਜੀਣਾ ਚਾਹੁੰਦੇ ਹੋ ਤਾਂ ਸਿਰਫ਼ ਮੋਦੀ ਅਤੇ ਸੰਘ ਦੀ ਆਵਾਜ਼ ਸੁਣੋ। ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਦਿਨ-ਰਾਤ ਮੋਦੀ ਨੂੰ ਸੁਣੋ, ਮੋਦੀ-ਭਗਤਾਂ ਨੂੰ ਸੁਣੋ।

ਦਿਲਚਸਪ ਪਹਿਲੂ ਇਹ ਹੈ ਕਿ ਇਸ ਸਮੇਂ ਮੋਦੀ ਅਤੇ ਉਨ੍ਹਾਂ ਦੇ ਭਗਤਾਂ ਤੋਂ ਇਲਾਵਾ ਕੋਈ ਬੋਲਦਾ ਹੋਇਆ ਦਿਖਾਈ ਨਹੀਂ ਦਿੰਦਾ। ਬਾਕੀ ਸਭ ਉਨ੍ਹਾਂ ਨੂੰ ਸੁਣ ਰਹੇ ਹਨ। ਜਨਤਾ ਬੋਲ ਨਹੀਂ ਰਹੀ; ਉਹ ਸਿਰਫ਼ ਸੁਣ ਰਹੀ ਹੈ ਅਤੇ ਆਗਿਆ ਦਾ ਪਾਲਣ ਕਰ ਰਹੀ ਹੈ। ਸਾਡੇ ਵਰਗੇ ਲੋਕ ਜੋ ਕੁਝ ਕਹਿ ਰਹੇ ਹਨ, ਉਸ ਨੂੰ ਨਾ ਜਨਤਾ ਸੁਣ ਰਹੀ ਹੈ ਅਤੇ ਨਾ ਸੱਤਾ। ਅਸੀਂ ਆਪਣੀ ਆਵਾਜ਼ ਆਪ ਹੀ ਸੁਣ ਰਹੇ ਹਾਂ। ਅਸੀਂ ਸਹਿਮਤ ਲੋਕਾਂ ਨੂੰ ਹੀ ਸੁਣਾ ਰਹੇ ਹਾਂ ਅਤੇ ਆਪਣੇ ਹੱਥੀਂ ਆਪਣੀ ਪਿੱਠ ਥਾਪੜ ਰਹੇ ਹਾਂ।

ਭਾਰਤੀ ਟੀ ਵੀ ਚੈਨਲਾਂ ਦਾ ਇਹ ਨਿੱਤ ਦਾ ਰਿਵਾਜ ਬਣ ਗਿਆ ਹੈ ਕਿ ਆਰ.ਐਸ.ਐਸ. ਦੇ ਥਿੰਕ-ਟੈਂਕ ਸੰਗਠਨਾਂ ਵਿਚ ਕੰਮ ਕਰਨ ਵਾਲੇ ਹਿੰਦੂਤਵਵਾਦੀ ਚਿੰਤਕਾਂ ਨੂੰ ਸੱਦ ਕੇ ਸਮਕਾਲੀ ਵਿਸ਼ਿਆਂ 'ਤੇ ਉਨ੍ਹਾਂ ਦੀ ਰਾਇ ਸੁਣਾਈ ਜਾਂਦੀ ਹੈ। ਸਾਡਾ ਸਿਰਫ਼ ਇੱਕ ਇਤਰਾਜ਼ ਹੈ, ਜੇ ਆਰ.ਐਸ.ਐਸ. ਆਪਣੇ ਆਪ ਨੂੰ ਸਮਾਜਿਕ ਸੰਗਠਨ ਦੱਸਦਾ ਹੈ ਤਾਂ ਉਸ ਦੇ ਵਿਚਾਰਕ ਹਰ ਸਮਕਾਲੀ ਸਿਆਸੀ ਮੁੱਦੇ 'ਤੇ ਕਿਉਂ ਬੋਲਦੇ ਹਨ? ਜੇ ਉਹ ਸਿਆਸੀ ਮੁੱਦਿਆਂ 'ਤੇ ਬੋਲਣਾ ਚਾਹੁੰਦੇ ਹਨ ਤਾਂ ਸੰਘ ਨੂੰ ਆਪਣੇ ਆਪ ਨੂੰ ਸਿਆਸੀ ਸੰਗਠਨ ਐਲਾਨਣਾ ਚਾਹੀਦਾ ਹੈ। ਇਹ ਪਖੰਡ ਬੰਦ ਹੋਣਾ ਚਾਹੀਦਾ ਹੈ।

ਦੂਜੀ ਗੱਲ, ਟੀ ਵੀ ਚੈਨਲਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਕਿਸ ਆਧਾਰ 'ਤੇ ਸੰਘ ਦੇ



ਬੁਲਾਰਿਆਂ ਨੂੰ ਹਰ ਰੋਜ਼ ਬੁਲਾਉਂਦੇ ਹਨ? ਕੀ ਮੁਲਕ ਵਿਚ ਇਹੀ ਇੱਕੋ-ਇੱਕ ਸੰਗਠਨ ਹੈ, ਜਿਸ ਦੇ ਲੋਕਾਂ ਨੂੰ ਬੁਲਾਇਆ ਜਾਣਾ ਚਾਹੀਦਾ ਹੈ? ਕੀ ਮੁਲਕ ਵਿਚ ਸਮਾਜ-ਵਿਗਿਆਨ, ਵਿਗਿਆਨ ਅਤੇ ਹੋਰ ਖੇਤਰਾਂ ਦੇ ਬੁੱਧੀਜੀਵੀਆਂ ਦੀ ਘਾਟ ਹੈ? ਸੰਘ ਦੇ ਨੁਮਾਇੰਦਿਆਂ ਨੂੰ ਤਰਜੀਹ ਦੇ ਕੇ ਟੀਵੀ ਚੈਨਲ ਯੋਜਨਾਬੱਧ ਢੰਗ ਨਾਲ ਲੋਕਾਂ ਵਿਚ ਘਟੀਆ ਵਿਚਾਰਾਂ ਦਾ ਪ੍ਰਚਾਰ-ਪ੍ਰਸਾਰ ਕਰਕੇ ਹਿੰਦੂ ਫਿਰਕਾਪ੍ਰਸਤੀ ਦੇ ਫੈਲਾਅ ਵਿਚ ਸਿੱਧੀ ਭੂਮਿਕਾ ਨਿਭਾ ਰਹੇ ਹਨ।

ਦੰਗਾਈਆਂ ਵੱਲੋਂ ਵੱਖ-ਵੱਖ ਬਹਾਨਿਆਂ ਹੇਠ ਭਾਰਤ ਦੇ ਲੋਕਾਂ, ਮਸਜਿਦਾਂ, ਮਕਬਰਿਆਂ ਅਤੇ ਦਰਗਾਹਾਂ ਆਦਿ 'ਤੇ ਕੀਤੇ ਗਏ ਯੋਜਨਾਬੱਧ ਹਮਲਿਆਂ ਨੂੰ ਦੇਖਦਿਆਂ ਲੋਕਾਂ ਨੂੰ ਹਰ ਇਲਾਕੇ ਵਿਚ ਸ਼ਾਂਤੀ ਸਮੂਹ ਬਣਾਉਣੇ ਚਾਹੀਦੇ ਹਨ। ਇਹ ਅਜਿਹੇ ਸਮੂਹ ਹੋਣ, ਜੋ ਆਪਣੇ ਇਲਾਕਿਆਂ ਵਿਚ ਅਮਨ ਕਾਇਮ ਰੱਖਣ ਲਈ ਆਪਣੇ ਤੌਰ 'ਤੇ ਸਰਗਰਮ ਹੋਣ। ਹਰ ਇਲਾਕੇ ਵਿਚ ਝਗੜੇ ਜਾਂ ਤਣਾਅ ਦੀ ਤੁਰੰਤ ਸੂਚਨਾ ਦੇਣ ਵਾਲਾ ਨੈੱਟਵਰਕ ਬਣਾਇਆ ਜਾਣਾ ਚਾਹੀਦਾ ਹੈ।

ਅੱਜ ਦੇ ਯੁੱਗ ਵਿਚ ਸਿਆਸੀ ਐਕਸ਼ਨ, ਦੰਗੇ ਅਤੇ ਧਾਰਮਿਕ ਕਰਮਕਾਂਡ ਆਦਿ ਹਮੇਸ਼ਾ ਆਪਣੇ ਆਪ ਪੈਦਾ ਨਹੀਂ ਹੁੰਦੇ; ਇਨ੍ਹਾਂ ਦੇ ਪਿੱਛੇ ਕਈ ਵਾਰ ਯੋਜਨਾਬੰਦੀ ਕੰਮ ਕਰਦੀ ਹੈ। ਫਿਰਕੂ ਦੰਗੇ ਜਾਂ ਭਾਈਚਾਰਿਆਂ ਵਿਚਕਾਰ ਝਗੜੇ ਵੀ ਯੋਜਨਾਬੱਧ ਹਿੰਸਕ ਕਾਰਵਾਈਆਂ ਦਾ ਨਤੀਜਾ ਹੋ ਸਕਦੇ ਹਨ।

ਮਨੁੱਖ ਸੁਭਾਵਿਕ ਤੌਰ 'ਤੇ ਹਿੰਸਕ ਨਹੀਂ, ਸਗੋਂ ਸ਼ਾਂਤੀਪ੍ਰੇਮੀ ਹੈ। ਸੱਤਾ-ਤੰਤਰ ਵਿਚ ਜਿੰਨਾ ਵੱਧ ਤਾਨਾਸ਼ਾਹ ਬਦਲਾਅ ਜਾਂ ਰੁਝਾਨ ਆਵੇਗਾ, ਦੰਗਿਆਂ ਅਤੇ ਹਿੰਸਾ ਦਾ ਖ਼ਤਰਾ ਓਨਾ ਹੀ ਵਧੇਗਾ। ਇਹ ਹਿੰਸਾ ਸੱਤਾ ਵੱਲੋਂ ਵੀ ਹੋ ਸਕਦੀ ਹੈ ਅਤੇ ਹਿੰਸਕ ਗਰੋਹਾਂ ਵੱਲੋਂ ਯੋਜਨਾਬੱਧ ਢੰਗ ਨਾਲ ਵੀ। ਅਸਲ ਵਿਚ ਅਸੀਂ ਅਜੇ ਤੱਕ ਹਿੰਸਕ ਤਾਕਤਾਂ ਨੂੰ ਪਛਾਣਨਾ ਅਤੇ ਉਨ੍ਹਾਂ ਵਿਰੁੱਧ ਇਕਜੁੱਟ ਹੋਣਾ ਨਹੀਂ ਸਿੱਖਿਆ, ਅਸੀਂ ਡਰਦੇ ਹਾਂ ਅਤੇ ਬੋਲਦੇ ਨਹੀਂ।

ਪਤੰਗ ਉਡਾਉਣ 'ਤੇ ਹਿੰਸਾ, ਲਾਊਡ ਸਪੀਕਰ 'ਤੇ ਹਿੰਸਾ, ਮੰਦਰ-ਮਸਜਿਦ ਆਉਣ-ਜਾਣ 'ਤੇ ਹਿੰਸਾ, ਚਾਹ ਪੀਦਿਆਂ ਹਿੰਸਾ, ਰੈਸਟੋਰੈਂਟ ਦਾ ਬਿੱਲ ਅਦਾ ਕਰਨ 'ਤੇ ਹਿੰਸਾ, ਪਿਆਰ ਕਰਨ 'ਤੇ ਹਿੰਸਾ, ਭਜਨ ਕਰਨ 'ਤੇ ਹਿੰਸਾ ਅਤੇ ਫੇਸਬੁਕ ਕਮੈਂਟਾਂ 'ਤੇ ਹਿੰਸਾ। ਸਾਡੇ ਮੁਲਕ ਵਿਚ ਕਮਾਲ ਦੇ ਦੰਗਈ ਸਮੂਹ ਪੈਦਾ ਹੋ ਗਏ ਹਨ। ਇਹ ਸਮੂਹ ਕਿਸੇ ਵੀ ਥਾਂ ਕਿਸੇ ਵੀ ਮਸਲੇ 'ਤੇ ਹਿੰਸਾ ਕਰਨ ਲਈ ਉਤਰ ਆਉਂਦੇ ਹਨ। ਹਰ ਸ਼ਹਿਰ ਵਿਚ ਹਿੰਸਕ ਸਮੂਹ ਕੰਨ ਖੜ੍ਹੇ ਰੱਖਦੇ ਹਨ ਅਤੇ ਖ਼ਬਰ ਮਿਲਦਿਆਂ ਹੀ ਐਕਸ਼ਨ ਵਿਚ ਆ ਜਾਂਦੇ ਹਨ। ਉਨ੍ਹਾਂ ਦੀ ਕਾਰਵਾਈ ਏਨੀ ਤੇਜ਼ ਹੁੰਦੀ ਹੈ ਕਿ ਸਭ ਕੁਝ ਆਪਣੇ-ਆਪ ਵਾਪਰਦਾ ਹੋਇਆ ਲੱਗ ਸਕਦਾ ਹੈ, ਪਰ ਲੇਖਕ ਦੇ ਅਨੁਸਾਰ ਅਜਿਹਾ ਨਹੀਂ ਹੈ। ਉਸ ਦਾ ਦਾਅਵਾ ਹੈ ਕਿ ਸ਼ਹਿਰਾਂ ਵਿਚ ਇਨ੍ਹਾਂ ਦੀਆਂ ਸਰਗਰਮ ਇਕਾਈਆਂ ਹਨ ਅਤੇ ਹੁਕਮ ਮਿਲਦਿਆਂ ਹੀ ਉਹ ਪਹੁੰਚ ਕੇ ਕਾਰਵਾਈ ਕਰਦੀਆਂ ਹਨ।

ਇਨ੍ਹਾਂ ਹਿੰਸਕ ਅਨਸਰਾਂ ਨੂੰ ਪਛਾਣੋ। ਇਨ੍ਹਾਂ ਨੂੰ ਸਿਰਫ਼ ਜਾਤ, ਪਾਰਟੀ ਜਾਂ ਵਿਚਾਰਧਾਰਾ ਦੇ ਆਧਾਰ 'ਤੇ ਨਹੀਂ, ਸਗੋਂ ਹਿੰਸਕ-ਅਪਰਾਧੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਮੂਲ ਲੇਖ ਦਾ ਦਾਅਵਾ ਹੈ ਕਿ ਇਹ ਆਪਣੇ-ਆਪ ਕਾਰਵਾਈ ਨਹੀਂ ਕਰ ਰਹੇ, ਸਗੋਂ ਕੇਂਦਰੀ ਕਮਾਨ ਹੇਠ ਕੰਮ ਕਰਦੇ ਹਨ ਅਤੇ ਤਨਖ਼ਾਹੀਏ ਸੰਗਠਿਤ ਅਪਰਾਧੀ ਗਰੋਹਾਂ ਵਾਂਗ ਕਾਰਵਾਈ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਹਿੰਦੂਤਵ ਦੇ ਨਾਅਰੇ ਲਾਉਂਦੇ ਹਨ।

ਵੱਖ-ਵੱਖ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥਾਂ ਵਿਚ ਬਹੁਤ ਸਾਰੀਆਂ ਸੁੰਦਰ ਅਤੇ ਗਿਆਨ ਵਧਾਊ ਗੱਲਾਂ ਲਿਖੀਆਂ ਗਈਆਂ ਹਨ। ਹਿੰਦੂ ਧਰਮ ਦੇ ਵੱਖ-ਵੱਖ ਦਾਰਸ਼ਨਿਕਾਂ ਨੇ ਵੀ ਬਹੁਤ ਮਹੱਤਵਪੂਰਨ ਗਿਆਨ-ਚਰਚਾ ਕੀਤੀ ਹੈ ਅਤੇ ਇਹ ਗਿਆਨ ਅੱਜ ਇੰਟਰਨੈੱਟ 'ਤੇ ਮੁਫ਼ਤ ਉਪਲੱਬਧ ਹੈ। ਸੰਘ ਨਾਲ ਜੁੜੇ ਲੋਕ ਇਸ ਗਿਆਨ ਦਾ ਪ੍ਰਚਾਰ ਕਰਨ ਦੀ ਥਾਂ ਹਿੰਦੂ ਧਰਮ-ਗ੍ਰੰਥਾਂ ਵਿਚ ਲਿਖੀਆਂ ਗੱਲਾਂ ਦਾ ਵਿਗੜਿਆ ਰੂਪ ਪੇਸ਼ ਕਰਦੇ ਹਨ ਅਤੇ ਉਨ੍ਹਾਂ ਦੇ ਉਲਟ ਵਿਹਾਰ ਕਰਦੇ ਹਨ। ਸੰਘ ਪਰਿਵਾਰ ਵੱਲੋਂ ਹਿੰਦੂ ਧਰਮ ਦੇ ਨਾਂ 'ਤੇ ਘ੍ਰਿਣਾ ਦਾ ਪ੍ਰਚਾਰ ਕਰਨ ਦਾ ਤਰੀਕਾ ਫਾਸ਼ੀਵਾਦੀ ਤਰੀਕਾ ਹੈ।

ਫੇਸਬੁਕ ਮਿੱਤਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਭਾਰਤ ਦੀ ਪੁਰਾਣੀ ਅਤੇ ਨਵੀਂ ਗਿਆਨ-ਦੌਲਤ, ਸਾਹਿਤ ਅਤੇ ਕਲਾ ਨੂੰ ਇੰਟਰਨੈੱਟ 'ਤੇ ਅਜਿਹੇ ਹਮਲਿਆਂ ਤੋਂ ਬਚਾਉਣ।

ਭਾਰਤੀ ਸਮਾਜ ਦੀ ਅਵਿਕਸਿਤ ਮਾਨਸਿਕਤਾ ਨੂੰ ਸੰਘ ਪਰਿਵਾਰ ਆਪਣੇ ਜ਼ਹਿਰੀਲੇ ਅਤੇ ਸਮਾਜ ਨੂੰ ਵੰਡਣ ਵਾਲੇ ਪ੍ਰਚਾਰ ਲਈ ਵਰਤ ਰਿਹਾ ਹੈ। ਨਵੀਂ ਸੰਚਾਰ ਤਕਨੀਕ, ਕੰਪਿਊਟਰ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੀ ਵੀ ਆਪਣੇ ਗ਼ੈਰਵਿਗਿਆਨਕ, ਅਪ੍ਰਮਾਣਿਕ ਅਤੇ ਜ਼ਹਿਰੀਲੇ ਪ੍ਰਚਾਰ ਲਈ ਦੁਰਵਰਤੋਂ ਕੀਤੀ ਜਾ ਰਹੀ ਹੈ।

ਫੇਸਬੁਕ ਅਤੇ ਹੋਰ ਸੋਸ਼ਲ ਮੀਡੀਆ ਮੰਚਾਂ 'ਤੇ ਸੰਘ ਪਰਿਵਾਰ ਦੇ ਦਹਾਕਿਆਂ ਤੋਂ ਵੱਧ ਸਮੇਂ ਤੋਂ ਯੋਜਨਾਬੱਧ ਢੰਗ ਨਾਲ ਵਿਚਾਰਧਾਰਕ ਜ਼ਹਿਰ ਫੈਲਾ ਰਿਹਾ ਹੈ। ਇਸ ਜ਼ਹਿਰ ਦੇ ਕਈ ਰੂਪ ਹਨ। ਮਿਸਾਲ ਵਜੋਂ, ਜਿਉਂ ਹੀ ਕੋਈ ਧਰਮ ਨਿਰਪੱਖ, ਬਹੁਲਤਾਵਾਦੀ ਜਾਂ ਫਿਰਕੂ ਸਦਭਾਵਨਾ ਵਾਲਾ ਵਿਚਾਰ ਰੱਖਦਾ ਹੈ, ਇਹ ਲੋਕ ਆ ਕੇ ਪੂਰੀ ਤਾਕਤ ਨਾਲ ਕਾਂਗਰਸ-ਵਿਰੋਧ, ਇਸਲਾਮ-ਵਿਰੋਧ ਅਤੇ ਮੁਸਲਿਮ-ਵਿਰੋਧੀ ਨਫ਼ਰਤ ਦਾ ਪ੍ਰਚਾਰ ਕਰਨ ਲੱਗਦੇ ਹਨ। ਤੱਥਹੀਣ ਅਤੇ ਭੜਕਾਊ ਗੱਲਾਂ ਲਿਖੀਆਂ ਜਾਂਦੀਆਂ ਹਨ। ਵੱਖ-ਵੱਖ ਆਗੂਆਂ ਦੇ ਭੰਡ-ਚਿੱਤਰ ਅਤੇ ਕਿਰਦਾਰਕੁਸ਼ੀ ਵਾਲੀਆਂ ਤਸਵੀਰਾਂ ਪੋਸਟ ਕੀਤੀਆਂ ਜਾਂਦੀਆਂ ਹਨ। ਕਮਿਊਨਿਜ਼ਮ ਅਤੇ ਧਰਮ ਨਿਰਪੱਖ ਵਿਚਾਰਾਂ ਦਾ ਵਿਰੋਧ ਕਰਨਾ ਇਨਾਂ ਦੀ ਰੋਜ਼ਮਰਾ ਸਰਗਰਮੀ ਬਣ ਗਿਆ ਹੈ। ਇਸ ਤਰ੍ਹਾਂ ਦੀ ਸਮੱਗਰੀ ਭਾਰਤ ਦੇ ਸਿਆਸੀ ਅਤੇ ਸੱਭਿਆਚਾਰਕ ਮਾਹੌਲ ਵਿਚ ਜ਼ਹਿਰ ਘੋਲ ਰਹੀ ਹੈ।

ਫੇਸਬੁਕ ਨੂੰ ਇੱਕ ਉਦਾਰ ਮੰਚ ਬਣਾਉਣ ਲਈ ਮਿੱਤਰਾਂ ਨੂੰ ਸੁਚੇਤ ਯਤਨ ਕਰਨੇ ਪੈਣਗੇ। ਫੇਸਬੁਕ 'ਤੇ ਉਦਾਰ ਅਤੇ ਪਰਿਵਰਤਨਕਾਰੀ ਵਿਚਾਰਾਂ ਦਾ ਸਵਾਗਤ ਹੋਣਾ ਚਾਹੀਦਾ ਹੈ। ਜਿਹੜੇ ਲੋਕ ਸੰਕੀਰਣਤਾਵਾਦ, ਹਰ ਕਿਸਮ ਦੇ ਕੱਟੜਪੰਥ, ਅੱਤਵਾਦ ਜਾਂ ਸਮਾਜਿਕ ਨਫ਼ਰਤ ਫੈਲਾਉਂਦੇ ਹਨ, ਉਨ੍ਹਾਂ ਨੂੰ ਬਲਾਕ ਕੀਤਾ ਜਾਣਾ ਚਾਹੀਦਾ ਹੈ। ਹਿੰਦੀ ਸੋਸ਼ਲ ਮੀਡੀਆ ਵਿਚ ਇਹ ਬਿਮਾਰੀ ਨਾਸੂਰ ਦਾ ਰੂਪ ਧਾਰਦੀ ਜਾ ਰਹੀ ਹੈ।

ਅਸਲ ਵਿਚ ਫ਼ਲਸਫ਼ੇ ਤੋਂ ਬਿਨਾਂ ਦ੍ਰਿਸ਼ਟੀਕੋਣ ਨਹੀਂ ਬਣਦਾ। ਜਿਨ੍ਹਾਂ ਕੋਲ ਕੋਈ ਦਾਰਸ਼ਨਿਕ ਦ੍ਰਿਸ਼ਟੀ ਨਹੀਂ ਜਾਂ ਜੋ ਦਾਰਸ਼ਨਿਕ ਵਿਗਾੜ ਦਾ ਸ਼ਿਕਾਰ ਹਨ, ਉਹ ਅਕਸਰ ਅਰਥ ਦਾ ਅਨਰਥ ਕਰਦੇ ਰਹਿੰਦੇ ਹਨ। ਅਜਿਹੇ ਲੋਕ ਦ੍ਰਿਸ਼ਟੀ-ਬੰਧਨ ਦਾ ਸ਼ਿਕਾਰ ਹਨ। ਸਮਾਜਿਕ ਬੰਧਨਾਂ ਵਾਂਗ ਦ੍ਰਿਸ਼ਟੀ-ਬੰਧਨ ਵੀ ਇੱਕ ਵੱਡੀ ਸਮੱਸਿਆ ਹੈ। ਅਸਲ ਸਵਾਲ ਇਹ ਹੈ ਕਿ ਸਮਾਜਿਕ ਬੰਧਨਾਂ ਅਤੇ ਦ੍ਰਿਸ਼ਟੀ-ਬੰਧਨ ਤੋਂ ਮੁਕਤੀ ਕਿਵੇਂ ਹਾਸਲ ਕੀਤੀ ਜਾਵੇ।

ਮਾਰਕਸਵਾਦ ਇਨ੍ਹਾਂ ਦੋਵਾਂ ਤੋਂ ਮੁਕਤੀ ਹਾਸਲ ਕਰਨ ਵਿਚ ਮਦਦ ਕਰਦਾ ਹੈ। ਇਸੇ ਕਰਕੇ ਬੰਧਨਾਂ ਦੇ ਹਮਾਇਤੀ ਵਾਰ-ਵਾਰ ਮਾਰਕਸਵਾਦ ਅਤੇ ਮਾਰਕਸਵਾਦੀਆਂ 'ਤੇ ਹਮਲੇ ਕਰਦੇ ਰਹਿੰਦੇ ਹਨ। ਇਸੇ ਲੜੀ ਵਿਚ ਨਵਾਂ ਹਮਲਾ ਨਕਸਲ ਦੇ ਨਾਂਅ 'ਤੇ ਸਾਹਮਣੇ ਆਇਆ ਹੈ।

# ਸੇਜਲ ਅੱਖਾਂ ਦਾ ਭੇਤ

## ਯਾਦਾਂ ਦੀ ਕਿਤਾਬ ਦੇ ਸੁਨਹਿਰੀ ਪੰਨੇ

ਨਵਦੀਪ ਸਿੰਘ ਝਨੀਰ (ਮਾਨਸਾ)
ਫੋਨ: +91-98769-68193

ਗੱਲ ਸਾਲ 2012 ਦੀ ਹੈ, ਜੋ ਅੱਜ ਵੀ ਮੇਰੇ ਚੇਤਿਆਂ ਵਿਚ ਪੂਰੀ ਸ਼ਿੱਦਤ ਨਾਲ ਉੱਕਰੀ ਹੋਈ ਹੈ। ਮੈਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੇ ਰੂ-ਬ-ਰੂ ਹੋ ਕੇ ਅਜੀਤ ਕੌਰ ਦੀ ਸ਼ਾਹਕਾਰ ਕਹਾਣੀ 'ਇੱਕ ਪੈਰ ਘੱਟ ਤੁਰਨਾ' ਪੜ੍ਹਾ ਰਿਹਾ ਸਾਂ।



ਜਿਉਂ-ਜਿਉਂ ਕਹਾਣੀ ਦਾ ਤਾਣਾ-ਬਾਣਾ ਉਧੜ ਰਿਹਾ ਸੀ, ਜਮਾਤ ਦਾ ਸਮੁੱਚਾ ਮਾਹੌਲ ਗੰਭੀਰ ਉਦਾਸੀ ਦੀ ਲਪੇਟ ਵਿਚ ਆਉਂਦਾ ਜਾ ਰਿਹਾ ਸੀ। ਅੱਲ੍ਹੜ ਉਮਰ ਦੀ ਸੁਭਾਵਿਕ ਚੰਚਲਤਾ ਅਤੇ ਚਹਿਲ-ਪਹਿਲ ਜਿਵੇਂ ਕਿਤੇ ਦੂਰ ਖੰਭ ਲਾ ਕੇ ਉੱਡ ਚੁੱਕੀ ਸੀ। ਹਰ ਨਜ਼ਰ ਮੇਰੇ ਬੋਲਾਂ ਉੱਤੇ ਟਿਕੀ ਹੋਈ ਸੀ। ਨਾ ਕੋਈ ਹਿੱਲਜੁਲ, ਨਾ ਕੋਈ ਕਾਨਾਫੂਸੀ। ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਕਹਾਣੀ ਦੇ ਦਰਦ ਨੇ ਸਮੁੱਚੀ ਜਮਾਤ ਦੀ ਚੇਤਨਾ ਨੂੰ ਆਪਣੇ ਕਲਾਵੇ ਵਿਚ ਬੰਨ੍ਹ ਲਿਆ ਹੋਵੇ। ਮੇਰੇ ਲਫ਼ਜ਼ ਆਪਣੀ ਚਰਮ ਸੀਮਾ ਨੂੰ ਛੂਹ ਰਹੇ ਸਨ ਅਤੇ ਆਖ਼ਰ ਕਹਾਣੀ ਆਪਣੇ ਅੰਤ 'ਤੇ ਪਹੁੰਚ ਕੇ ਖਾਮੋਸ਼ ਹੋ ਗਈ।

ਘੰਟੀ ਵੱਜ ਚੁੱਕੀ ਸੀ, ਪਰ ਕਮਰੇ ਵਿਚ ਇੱਕ ਗਹਿਰੀ ਚੁੱਪ ਪਸਰੀ ਰਹੀ। ਅਜਿਹੀ ਖ਼ਾਮੋਸ਼ੀ ਜਿਸ ਵਿਚ ਲਫ਼ਜ਼ ਬੇਮਾਅਨੇ ਹੋ ਜਾਂਦੇ ਹਨ ਅਤੇ ਸਿਰਫ਼ ਦਰਦਮਈ ਅਹਿਸਾਸ ਸਾਹ ਲੈਂਦੇ ਹਨ। ਸਭ ਦੇ ਬੋਲ ਜਿਵੇਂ ਸੰਘ ਵਿਚ ਹੀ ਕਿਤੇ ਦਮ ਤੋੜ ਗਏ ਸਨ। ਇਸੇ ਸੁੰਨ-ਮਸੁੰਨੇ ਆਲਮ ਵਿਚ ਮੇਰੀ ਨਿਗਾਹ ਇੱਕ ਅਜਿਹੀ ਵਿਦਿਆਰਥਣ 'ਤੇ ਪਈ, ਜਿਸ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਰਹੇ ਸਨ। ਉਸ ਦੇ ਕਰੁਣਾਮਈ ਚਿਹਰੇ ਨੂੰ ਤੱਕ ਕੇ ਮੇਰਾ ਆਪਣਾ ਅੰਦਰਲਾ ਵੀ ਧੁਰ ਅੰਦਰੋਂ ਝੰਜੋੜਿਆ ਗਿਆ। ਉਸ ਨਾਜ਼ੁਕ ਘੜੀ ਉਸ ਦੀ ਨਿੱਜਤਾ ਦਾ ਸਤਿਕਾਰ ਕਰਦਿਆਂ, ਮੈਂ ਉਸ ਤੋਂ ਬਿਨਾਂ ਕੁਝ ਪੁੱਛੇ ਭਰੇ ਮਨ ਨਾਲ ਜਮਾਤ ਵਿਚੋਂ ਬਾਹਰ ਆ ਗਿਆ।

ਘਰ ਪਰਤ ਕੇ ਵੀ ਉਹ ਸੇਜਲ ਅੱਖਾਂ ਮੇਰੇ ਜ਼ਿਹਨ ਦਾ ਪਿੱਛਾ ਕਰਦੀਆਂ ਰਹੀਆਂ। ਮੇਰਾ ਕਿਆਸ ਸੀ ਕਿ ਸ਼ਾਇਦ ਉਸ ਦੇ ਪਰਿਵਾਰ ਵਿਚ ਕੋਈ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝ ਰਿਹਾ ਹੋਵੇਗਾ, ਜਿਸ ਕਾਰਨ ਮੁੱਖ ਪਾਤਰ ਰਸ਼ੀਦ ਦਾ ਦਰਦ ਉਸ ਨੂੰ ਆਪਣੇ ਵਿਹੜੇ ਦਾ ਹੀ ਵਿਰਲਾਪ ਜਾਪਿਆ ਹੋਵੇਗਾ। ਅਗਲੇ ਦਿਨ ਜਦੋਂ ਮੈਂ ਉਸੇ ਪਿੰਡ ਦੇ ਇੱਕ ਅਧਿਆਪਕ ਸਾਥੀ ਤੋਂ ਪੁੱਛ-ਪੜਤਾਲ ਕੀਤੀ, ਤਾਂ ਪਤਾ ਲੱਗਾ ਕਿ ਉਸ ਦਾ ਘਰ-ਪਰਿਵਾਰ ਬਿਲਕੁਲ ਤੰਦਰੁਸਤ, ਖੁਸ਼ਹਾਲ ਅਤੇ ਹੱਸਦਾ-ਵੱਸਦਾ ਸੀ। ਮੇਰੀ ਹੈਰਾਨੀ ਹੋਰ ਗਹਿਰੀ ਹੋ ਗਈ, ਪਰ ਉਸ ਮਾਸੂਮ ਬੱਚੀ ਦੇ ਜਜ਼ਬਾਤਾਂ ਨੂੰ ਫਰੋਲਣ ਦੀ ਜ਼ੁਰਅਤ ਮੈਂ ਫਿਰ ਵੀ ਨਾ ਕਰ ਸਕਿਆ।

ਸਮਾਂ ਆਪਣੀ ਰਵਾਨੀ ਨਾਲ ਬੀਤਦਾ ਰਿਹਾ।



ਉਹ ਗਿਆਰ੍ਹਵੀਂ ਵਿਚ ਪਹੁੰਚੀ ਤੇ ਫਿਰ ਬਾਰ੍ਹਵੀਂ ਵਿਚ। ਉਸ ਤੋਂ ਬਾਅਦ ਵੀ ਜਦੋਂ ਮੈਂ ਅਗਲੀਆਂ ਜਮਾਤਾਂ ਵਿਚ ਇਸ ਕਹਾਣੀ ਦਾ ਪਾਠ ਕਰਦਾ, ਉਸ ਕੁੜੀ ਦਾ ਰੋਂਦਾ ਚਿਹਰਾ ਮੇਰੀਆਂ ਅੱਖਾਂ ਸਾਹਮਣੇ ਸਾਕਾਰ ਹੋ ਉੱਠਦਾ।

ਅਖੀਰ ਇੱਕ ਦਿਨ, ਬਾਰ੍ਹਵੀਂ ਜਮਾਤ ਪਾਸ ਕਰਕੇ ਕਾਲਜ ਜਾ ਚੁੱਕੀ ਉਹ ਵਿਦਿਆਰਥਣ ਆਪਣੇ ਸਰਟੀਫਿਕੇਟ ਲੈਣ ਸਕੂਲ ਪਰਤੀ। ਬਾਕੀ ਅਧਿਆਪਕਾਂ ਨੂੰ ਮਿਲਦਿਆਂ ਜਦੋਂ ਉਹ ਮੇਰੇ ਸਨਮੁਖ ਆਈ, ਤਾਂ ਸਾਲਾਂ ਤੋਂ ਦਿਲ ਵਿਚ ਦਫ਼ਨ ਸਵਾਲ ਆਖ਼ਰ ਮੇਰੀ ਜ਼ੁਬਾਨ 'ਤੇ ਆ ਹੀ ਗਿਆ-

'ਬੱਚੇ, ਤੈਨੂੰ ਯਾਦ ਹੈ ਜਦੋਂ ਦਸਵੀਂ ਵਿਚ ਮੈਂ 'ਇੱਕ ਪੈਰ ਘੱਟ ਤੁਰਨਾ' ਪੜ੍ਹਾਈ ਸੀ, ਤਾਂ ਤੂੰ ਜ਼ਾਰੋ-ਜ਼ਾਰ ਰੋਈ ਸੀ? ਆਖ਼ਰ ਅਜਿਹਾ ਕੀ ਵਾਪਰਿਆ ਸੀ ਤੇਰੇ ਅੰਦਰ?' ਉਸ ਨੇ ਹੈਰਾਨੀ ਭਰੀਆਂ ਅੱਖਾਂ ਨਾਲ ਮੇਰੇ ਵੱਲ ਤੱਕਿਆ, 'ਸਰ! ਤੁਹਾਨੂੰ ਉਹ ਗੱਲ ਅਜੇ ਤੱਕ ਯਾਦ ਹੈ?'

'ਹਾਂ ਬੱਚੇ, ਉਹ ਦ੍ਰਿਸ਼ ਅੱਜ ਵੀ ਮੇਰੀ ਰੂਹ 'ਤੇ ਉੱਕਰਿਆ ਹੋਇਆ ਹੈ।'

ਉਹ ਕੁਝ ਪਲ ਲਈ ਚੁੱਪ ਦੀ ਓਟ ਵਿਚ ਗਈ ਅਤੇ ਬੜੀ ਸਾਦਗੀ ਨਾਲ ਬੋਲੀ, 'ਸਰ, ਰਸ਼ੀਦ ਜਿਸ ਕੈਂਸਰ ਦੀ ਪੀੜ ਨਾਲ ਜੂਝ ਰਿਹਾ ਸੀ... ਉਸ ਦੇ ਬਾਵਜੂਦ ਉਸ ਅੰਦਰ ਜ਼ਿੰਦਗੀ ਨੂੰ ਮਾਣਨ ਦੀ ਕਿੰਨੀ ਅਥਾਹ ਤਾਂਘ ਸੀ। ਉਸ ਨੇ ਆਪਣੀ ਬਚੀ ਹੋਈ ਛੇ ਮਹੀਨਿਆਂ ਦੀ ਜ਼ਿੰਦਗੀ ਨੂੰ ਇੰਝ ਜੀਵਿਆ ਜਿਵੇਂ ਸਦੀਆਂ ਉਸੇ ਵਿਚ ਸਮੇਟ ਲਈਆਂ ਹੋਣ। ਮੇਰੇ ਤੋਂ ਉਸ ਦੀ ਉਹ ਬੇਵੱਸ ਪੀੜ ਸਹਾਰੀ ਨਹੀਂ ਜਾ ਰਹੀ ਸੀ। ਮੈਨੂੰ ਜਾਪਿਆ ਜਿਵੇਂ ਰਸ਼ੀਦ ਮੇਰਾ ਆਪਣਾ ਕੋਈ ਬੇਹੱਦ ਕਰੀਬੀ ਹੋਵੇ... ਉਸ ਦਾ ਦੁੱਖ ਮੈਨੂੰ ਆਪਣੇ ਵਜੂਦ ਦਾ ਦਰਦ ਲੱਗਿਆ, ਅਤੇ ਮੇਰੇ ਅੱਥਰੂ ਆਪ-ਮੁਹਾਰੇ ਵਹਿ ਤੁਰੇ।'

ਮੈਂ ਨਿਰਉੱਤਰ ਹੋ ਗਿਆ। ਮੇਰੇ ਕੋਲ ਕਹਿਣ ਲਈ ਕੋਈ ਸ਼ਬਦ ਬਾਕੀ ਨਹੀਂ ਸਨ ਬਚੇ।

ਜਿਸ ਸਵਾਲ ਦੀ ਤਲਾਸ਼ ਵਿਚ ਮੈਂ ਸਾਲਾਂਬੱਧੀ ਭਟਕਦਾ ਰਿਹਾ ਸੀ, ਉਸ ਦਾ ਜਵਾਬ ਅੱਜ ਕਿੰਨਾ ਪਵਿੱਤਰ ਅਤੇ ਪਾਰਦਰਸ਼ੀ ਸੀ। ਨਾ ਉਸ ਦੇ ਘਰ ਕੋਈ ਦੁੱਖ ਸੀ, ਨਾ ਕੋਈ ਆਪਣਾ ਬਿਮਾਰ। ਉਹ ਤਾਂ ਮਹਿਜ਼ ਇੱਕ ਕਿਤਾਬੀ ਪਾਤਰ ਦੇ ਹੰਝੂਆਂ ਨੂੰ ਆਪਣੀ ਰੂਹ ਦਾ ਦਰਦ ਬਣਾ ਕੇ ਰੋਈ ਸੀ।

ਅਕਸਰ ਕਿਹਾ ਜਾਂਦਾ ਹੈ ਕਿ ਅੱਜ-ਕੱਲ੍ਹ ਦੀ ਨਵੀਂ ਪੀੜ੍ਹੀ ਸੰਵੇਦਨਹੀਣ ਅਤੇ ਬੇਪਰਵਾਹੀ ਵਿਚ ਗੁਆਚੀ ਹੋਈ ਹੈ। ਪਰ ਉਸ ਵਿਦਿਆਰਥਣ ਦੇ ਨਿਰਛਲ ਅੱਥਰੂਆਂ ਨੇ ਮੈਨੂੰ ਇਹ ਸਿਖਾ ਦਿੱਤਾ ਕਿ ਸੰਵੇਦਨਸ਼ੀਲਤਾ ਕਿਸੇ ਉਮਰ ਜਾਂ ਤਜਰਬੇ ਦੀ ਮੁਹਤਾਜ ਨਹੀਂ ਹੁੰਦੀ। ਉਸ ਦਿਨ ਮੈਂ ਸਾਹਿਤ ਦੀ ਉਸ ਤਾਕਤ ਨੂੰ ਤਨੋਂ-ਮਨੋਂ ਮਹਿਸੂਸ ਕੀਤਾ, ਜੋ ਲਹੂ ਦੇ ਰਿਸ਼ਤਿਆਂ ਤੋਂ ਪਾਰ ਜਾ ਕੇ ਇੱਕ ਬੇਗਾਨੇ ਦਰਦ ਨੂੰ ਵੀ ਆਪਣੀ ਰੂਹ ਦੀ ਚੀਸ ਬਣਾਉਣ ਦਾ ਹੌਸਲਾ ਬਖ਼ਸ਼ਦੀ ਹੈ।

# ਸ਼ੁਗਲ ਤੇ ਸੀਰਤ ਦਾ ਸੁਮੇਲ – ਕੇਹਰ ਸਿਉਂ ਰਾਜਾ

## ਮੇਰੇ ਆਪਣੇ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

***ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖ਼ੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।***



ਜਦ ਮੈਂ ਆਪਣੇ ਬੀਤੇ 'ਤੇ ਝਾਤੀ ਮਾਰਦਾਂ ਤਾਂ ਬਹੁਤ ਅਚੰਭਾ ਹੁੰਦਾ ਕਿ ਮੈਂ ਆਪਣੇ ਜੀਵਨ ਵਿਚ ਬਹੁਤ ਸਾਰੀਆਂ ਚੰਗੀਆਂ*ਮੰਦੀਆਂ ਤਬਦੀਲੀਆਂ ਦੇਖੀਆਂ ਜਿਨ੍ਹਾਂ ਨੂੰ ਬਚਪਨੇ ਵਿਚ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ। ਇਹ ਬਦਲਾਅ ਦਰਅਸਲ ਪੰਜਾਬ ਵਿਚ ਆਈ ਹਰੀ ਕ੍ਰਾਂਤੀ ਨੇ ਲਿਆਂਦਾ ਜਿਸਨੇ ਪਿੰਡਾਂ ਵਿਚ ਰਹਿਣ ਵਾਲੇ ਪੰਜਾਬੀਆਂ ਦਾ ਰਹਿਣ-ਸਹਿਣ, ਜੀਵਨ-ਜਾਚ ਅਤੇ ਉਨ੍ਹਾਂ ਦੀ ਮਾਨਸਿਕਤਾ ਵਿਚ ਭਾਰੀ ਤਬਦੀਲੀ ਲਿਆਂਦੀ। ਸਾਡੇ ਬੱਚੇ ਇਹ ਤਾਂ ਕਦੇ ਸੋਚ ਵੀ ਨਹੀਂ ਸਕਦੇ ਕਿ ਪੰਜਾਬੀ ਭਾਈਚਾਰਾ ਪਿੰਡਾਂ ਵਿਚ ਰਹਿੰਦਿਆਂ ਕੇਹੀ ਜ਼ਿੰਦਗੀ ਨੂੰ ਖ਼ੂਬਸੂਰਤੀ ਪਰ ਸਧਾਰਨਤਾ ਨਾਲ ਜਿਉਂਦਿਆਂ ਜੀਵਨ ਦਾ ਹਰ ਪਲ ਮਾਣਦਾ ਸੀ। ਸਾਰਾ ਦਿਨ ਕੰਮਕਾਜ ਕਰਦਿਆਂ ਵੀ ਢੋਲੇ ਦੀਆਂ ਲਾਉਂਦੇ। ਪੰਜਾਬੀ ਭਾਈਚਾਰਾ ਬਹੁਤ ਮਜ਼ਬੂਤ ਸੀ। ਹਰ ਵਰਗ ਅਤੇ ਜਾਤ ਦੇ ਲੋਕਾਂ ਦਾ ਭਰਾਤਰੀ ਭਾਵ, ਆਪਸੀ ਮਿਲਵਰਤਨ, ਇਕ ਦੂਜੇ ਦੇ ਦੁੱਖ-ਸੁੱਖ ਨੂੰ ਸਾਂਝਾ ਕਰਨਾ, ਪਲ-ਪਲ ਇਕੱਠਿਆਂ ਮਾਣਨਾ। ਹਰ ਮੁਸ਼ਕਲ ਵਿਚੋਂ ਨਵੀਂ ਸਵੇਰ ਨੂੰ ਖੁਸ਼-ਆਮਦੀਦ ਕਹਿ ਕੇ ਨਵੀਂ ਸ਼ੁਰੂਆਤ ਕਰਨੀ। ਹਰ ਵਰਗ ਦੇ ਲੋਕ ਬਹੁਤ ਮੁਹੱਬਤੀ। ਇਕ ਦੂਜੇ ਦੇ ਦਿਲਾਂ ਦੀਆਂ ਜਾਣਨ ਵਾਲੇ। ਇਕ ਦੂਜੇ ਦੀ ਖੁਸ਼ੀ ਵਿਚੋਂ ਆਪਣੇ ਲਈ ਸਕੂਨ ਅਤੇ ਸੁਖਨ ਲੋਚਣ ਵਾਲੇ।

ਬਾ-ਕਮਾਲ ਸੀ ਉਨ੍ਹਾਂ ਦਿਨਾਂ ਵਿਚ ਜ਼ਿੰਦਗੀ ਜਦੋਂ ਹਰ ਵਿਅਕਤੀ ਦੀਆਂ ਹਰ ਨਿੱਕੀਆਂ ਵੱਡੀਆਂ ਲੋੜਾਂ ਪਿੰਡ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਪਿੰਡ ਦਾ ਮੋਚੀ ਮੇਚ ਲੈ ਕੇ ਜੁੱਤੀਆਂ ਬਣਾਉਂਦਾ। ਜੁਲਾਹੇ ਖੱਦਰ ਬਣਾਉਂਦੇ ਅਤੇ ਪਿੰਡ ਦਾ ਦਰਜੀ ਹੀ ਕਪੜੇ ਸਿਉਂ ਦਿੰਦਾ ਸੀ। ਦਾਹੜੀ ਮੁੱਛ ਕਟਵਾਉਣ ਜਾਂ ਬਣਾਉਣ ਲਈ ਕਿਸੇ ਸੈਲੂਨ 'ਤੇ ਜਾਣ ਦੀ ਬਜਾਏ ਪਿੰਡ ਦਾ ਨਾਈ ਹੀ ਹੁੰਦਾ ਸੀ। ਨਾਈ ਵਾਲ ਕੱਟਣ ਦੇ ਨਾਲ-ਨਾਲ ਪਿੰਡ ਵਿਚ ਹੋਣ ਵਾਲੇ ਕਿਸੇ ਵੀ ਪਰਿਵਾਰਕ ਸਮਾਗਮ ਵਿਚ ਸਬਜ਼ੀਆਂ, ਦਾਲਾਂ, ਕੜਾਹ, ਖੀਰ ਜਾਂ ਜ਼ਰਦਾ ਆਦਿ ਖੁਦ ਹੀ ਬਣਾਉਂਦਾ ਸੀ। ਬਾਹਰੋਂ ਕਿਸੇ ਵੀ ਹਲਵਾਈ ਜਾਂ ਕੁੱਕ ਨੂੰ ਸੱਦਣ ਦਾ ਕੋਈ ਰਿਵਾਜ਼ ਨਹੀਂ ਸੀ। ਅਜੇਹੇ ਮੌਕਿਆਂ 'ਤੇ ਪਾਣੀ ਭਰਨ ਜਾਂ ਭਾਂਡੇ ਮਾਂਜਣ ਲਈ ਝਿਊਰ ਹੁੰਦਾ ਸੀ। ਪਿੰਡ ਦੇ ਸਾਰੇ ਲਾਗੀ ਪਰਿਵਾਰਾਂ ਸਮੇਤ ਵਿਆਹ, ਮੰਗਣੇ ਜਾਂ ਪਾਠ ਦੇ ਭੋਗ ਸਮੇਂ ਰੋਟੀ-ਪਾਣੀ ਉਥੋਂ ਹੀ ਖਾਂਦੇ, ਘਰੋਗੀ ਕੰਮਾਂ ਵਿਚ ਹੱਥ ਵਟਾਉਂਦੇ ਅਤੇ ਸਮਾਗਮ ਦੌਰਾਨ ਲਾਗ ਵੀ ਲੈਂਦੇ। ਇਹ ਸਾਰਿਆਂ ਦੀਆਂ ਨਿੱਕੀਆਂ ਖੁਸ਼ੀਆਂ ਹੀ ਹੁੰਦੀਆਂ ਸਨ ਜਿਹੜੀਆਂ ਪਰਿਵਾਰ ਦੀਆਂ ਖੁਸ਼ੀਆਂ ਨੂੰ ਦੂਣ ਸਿਵਾਇਆ ਕਰਦੀਆਂ ਸਨ।

ਸਭ ਤੋਂ ਖ਼ੂਬਸੂਰਤ ਰਿਵਾਜ ਇਹ ਸੀ ਕਿ ਲਾਗੀਆਂ ਦੀ ਹਰ ਲੋੜ ਦਾ ਪਰਿਵਾਰਾਂ ਵਲੋਂ ਖਾਸ ਖ਼ਿਆਲ ਰੱਖਿਆ ਜਾਂਦਾ। ਉਹ ਕਿਸੇ ਵੀ ਖੇਤ ਤੋਂ ਸਾਗ ਤੋੜ ਸਕਦੇ, ਆਪਣੇ ਲਵੇਰੇ ਡੰਗਰ ਲਈ ਪੱਠੇ ਵੱਢ ਸਕਦੇ ਅਤੇ ਕਣਕ ਦੀ ਵਢਾਈ ਦੌਰਾਨ, ਉਨ੍ਹਾਂ ਲਈ ਕਣਕ ਦਾ ਖਾਸ ਟੋਟਾ ਰੱਖਿਆ ਜਾਂਦਾ ਤਾਂ ਕਿ ਉਹ ਇਸਨੂੰ ਵੱਢ ਕੇ ਆਪਣੇ ਪਰਿਵਾਰਕ-ਪੂਰਤੀ ਕਰ ਸਕਣ। ਕਈ ਵਾਰ ਲਾਗੀ ਰੋਅਬ ਨਾਲ ਕੁਝ ਵੱਧ ਵੀ ਵੱਢ ਲੈਂਦੇ। ਇਹ ਸਭ ਕੁਝ ਬਹੁਤ ਹੀ ਸਹਿਜ ਰੂਪ ਜੀਵਨ ਜਿਊਣਾ ਹੁੰਦਾ। ਪਿੰਡ ਦੀ ਭਾਈਚਾਰਕ ਸਾਂਝ ਵਿਚ ਕਿਸੇ ਵੀ ਸੰਭਾਵੀ ਵਿਗਾੜ ਨੂੰ ਖਤਮ ਕਰਨ ਲਈ ਲਾਗੀ ਵੀ ਆਪਣਾ ਯੋਗਦਾਨ ਜ਼ਰੂਰ ਪਾਉਂਦੇ।

ਸਾਡੇ ਪਿੰਡ ਦਾ ਨਾਈ ਕੇਹਰ ਸਿੰਘ ਰਾਜਾ ਬਹੁਤ ਹੀ ਖੁਸ਼ਦਿਲ ਤੇ ਟਿੱਚਰੀ ਸੁਭਾਅ ਦਾ ਬੰਦਾ ਸੀ। ਬਹੁਤ ਹੀ ਹਸਾਸ। ਉਸਦੀ ਦਾੜੀ ਅਤੇ ਮੁੱਛਾਂ ਦੇ ਕੱਢੇ ਹੋਏ ਖੱਤ ਕਮਾਲ ਦੇ। ਲਾਲ ਸੂਹਾ ਰੰਗ। ਹਮੇਸ਼ਾ ਚਿੱਟੀ ਤੁੱਰਲੇ ਵਾਲੀ ਪੱਗ ਦਾ ਲੜ ਲਮਕਦਾ ਹੁੰਦਾ। ਉਹ ਲੰਗਰ ਆਦਿ ਖਾਣੇ ਵੀ ਬੜੀ ਰੂਹਦਾਰੀ ਨਾਲ ਤਿਆਰ ਕਰਦਾ ਅਤੇ ਹਰ ਕੰਮ ਆਪਣੀਆਂ ਹੀ ਸ਼ਰਤਾਂ 'ਤੇ ਕਰਦਾ। ਪੱਤੀ ਦੇ ਹਰ ਘਰ ਦੀ ਚਾਹਨਾ ਹੁੰਦੀ ਕਿ ਕਿਸੇ ਵੀ ਵਿਆਹ, ਸ਼ਾਦੀ ਜਾਂ ਮੰਗਣੀ ਤੋਂ ਪਹਿਲਾਂ ਉਸ ਕੋਲੋਂ ਦਾਹੜੀ ਦੇ ਖੱਤ ਕਢਵਾਏ ਜਾਣ।

ਵਿਆਹ, ਪਾਠ ਜਾਂ ਵਿਸ਼ੇਸ਼ ਸਮਾਗਮ ਦੇ ਮੌਕੇ 'ਤੇ ਇਕ ਦਿਨ ਪਹਿਲਾਂ ਸ਼ਾਮ ਨੂੰ ਸਬੰਧਤ ਘਰ ਪਹੁੰਚਦਾ। ਘਰ ਵੜਦਿਆਂ ਸਾਰ ਹਾਕ ਮਾਰਦਾ, 'ਸ਼ਾਹਣੀਏ! ਚਾਹ ਬਣਾ ਕਾਨੇ ਗੱਡਵੀਂ ਅਤੇ ਨਾਲ ਥਾਲ 'ਚ ਸੀਰਨੀ ਅਤੇ ਲੱਡੂ ਲਿਆ। ਚਾਹ ਪੀ ਕੇ ਭੱਠੀਆਂ ਪੁੱਟੀਏ ਕੱਲ੍ਹ ਲਈ।' ਚਾਹ ਪੀ ਕੇ ਦੋ-ਤਿੰਨ ਚੋਬਰ ਨਾਲ ਲੈ ਲੈਂਦਾ। ਫਿਰ ਹਾਕ ਮਾਰਦਾ, 'ਸ਼ਾਹਣੀਏ! ਆਣ ਕੇ ਤੇਲ ਚੋਅ, ਸ਼ਗਨ ਕਰ ਤੇ ਭੱਠੀਆਂ ਪੁੱਟੀਏ।' ਇਕ ਭੱਠੀ ਫੁਲਕਿਆਂ ਵਾਸਤੇ ਤਵੀ ਲਈ ਅਤੇ ਦੋ ਭੱਠੀਆਂ ਦੇਗਾਂ ਚਾੜ੍ਹਨ ਲਈ। ਦੂਸਰੇ ਦਿਨ ਸਵੇਰੇ ਹੀ ਉਹ ਭੱਠੀਆਂ 'ਤੇ ਦੇਗਾਂ ਚਾੜ੍ਹ ਦਿੰਦਾ। ਉਹ ਹਰ ਜਵਾਨ 'ਤੇ ਹੁਕਮ ਚਲਾਉਂਦਾ, ਹੱਲਾਸ਼ੇਰੀ ਦਿੰਦਾ ਅਤੇ ਟਿੱਚਰੀ ਗੱਲਾਂ ਦੀ ਲੜੀ ਨਾ ਟੁੱਟਣ ਦਿੰਦਾ। ਮਾੜਚੂ ਜਿਹੇ ਨੂੰ ਬੱਲੇ ਬਈ ਭਲਵਾਨਾ ਕਹਿ ਕੇ ਸਾਰੇ ਪਾਸੇ ਹਾਸਾ ਪਾ ਦਿੰਦਾ। ਉਸਨੂੰ ਜਾਚ ਸੀ ਕਿ ਕਿਸ ਬੰਦੇ ਕੋਲੋਂ ਕਿਹੜਾ ਕੰਮ ਲੈਣਾ? ਉਸਦੀ ਇਹ ਆਦਤ ਸੀ ਕਿ ਉਹ ਬੈਠਾ-ਬੈਠਾ ਹੀ ਹਰ ਇਕ 'ਤੇ ਹੁਕਮ ਚਲਾਉਂਦਾ ਸੀ।

ਉਨ੍ਹਾਂ ਸਮਿਆਂ ਵਿਚ ਘਰ ਵਿਚ ਚਾਨਣੀਆਂ ਅਤੇ ਕਨਾਤਾਂ, ਆਂਢ-ਗੁਆਂਢ ਦੇ ਨੌਜਵਾਨਾਂ ਵਲੋਂ ਹੀ ਲਗਾਈਆਂ ਜਾਂਦੀਆਂ ਤਾਂ ਰਾਜੇ ਦੀ ਜ਼ੈਲਦਾਰੀ ਦੇਖਣ ਵਾਲੀ ਹੁੰਦੀ। ਕਿਹੜੀ ਕਨਾਤ ਕਿੰਜ ਲਾਉਣੀ? ਕਿਹੜੀ ਚਾਨਣੀ ਗੁਰੂ ਗਰੰਥ ਸਾਹਿਬ ਉਪਰ ਲਾਉਣੀ ਅਤੇ ਕਿਹੜੀ ਬਾਹਰਵਾਰ ਲਾਉਣੀ ਆਦਿ 'ਤੇ ਉਸਦੀ ਹੀ ਮਰਜ਼ੀ ਹੁੰਦੀ।

ਦਰਅਸਲ ਘਰ ਦੇ ਵਿਹੜੇ ਜਾਂ ਛੱਤ 'ਤੇ ਲੱਗੀ ਹੋਈ ਚਾਨਣੀ ਜਾਂ ਕਨਾਤਾਂ ਹੀ ਵਿਆਹ ਵਾਲੇ ਘਰ ਦੀ ਨਿਸ਼ਾਨੀ ਹੁੰਦੀ। ਪਿੰਡ ਵਿਚ ਉਤਰੀ ਬਰਾਤ ਗੁਰਦੁਆਰੇ ਠਹਿਰਦੀ ਸੀ। ਘਰ ਵਿਚ ਹੀ ਲਾਵਾਂ ਆਦਿ ਹੁੰਦੀਆਂ ਸਨ ਅਤੇ ਘਰ ਨੂੰ ਭਾਗਾਂ ਵਾਲਾ ਸਮਝਿਆ ਜਾਂਦਾ ਸੀ। ਚੁਬਾਰੇ 'ਤੇ ਕਈ ਦਿਨਾਂ ਤੱਕ ਵੱਜਦਾ ਸਪੀਕਰ ਸਾਰੇ ਪਿੰਡ ਨੂੰ ਇਹ ਖ਼ਬਰ ਕਰ ਦਿੰਦਾ ਕਿ ਕਿਹੜੀ ਪੱਤੀ ਵਿਚ ਕਿਸ ਘਰ ਵਿਚ ਕੋਈ ਖਾਸ ਮੁਬਾਰਕ ਦਿਨ ਹੈ। ਅਗਰ ਅਜੇਹੇ ਮੌਕੇ 'ਤੇ ਪਿੰਡ ਵਿਚ ਕੋਈ ਮਰਗ ਹੋ ਜਾਂਦੀ ਤਾਂ ਸੋਗਵਾਰ ਪਰਿਵਾਰ ਦੀਆਂ ਭਾਵਨਾਵਾਂ ਨੂੰ ਸਮਝ ਕੇ ਸਪੀਕਰ ਨਹੀਂ ਸੀ ਵੱਜਦਾ।

ਸਮਾਗਮ ਵਾਲੇ ਦਿਨ ਸਭ ਤੋਂ ਪਹਿਲਾਂ ਕੇਹਰ ਸਿੰਘ ਰਾਜਾ ਪਹੁੰਚਦਾ। ਆਪਣੇ ਲਈ ਨਿੱਕੇ ਪਤੀਲੇ ਵਿਚ ਕਾਨੇ ਗੱਢਵੀਂ ਚਾਹ ਬਣਾ, ਬਦਾਨਾ ਤੇ ਲੱਡੂ ਖਾ ਕੇ ਹਰ ਕੰਮ ਲਈ ਤਿਆਰ-ਬਰ-ਤਿਆਰ। ਫਿਰ ਕਿਸੇ ਨੂੰ ਕੁਝ ਵੀ ਕਹਿਣ ਦੀ ਲੋੜ ਨਾ ਰਹਿੰਦੀ ਕਿ ਦਾਲ, ਸਬਜ਼ੀ, ਖ਼ੀਰ, ਕੜਾਹ ਜਾਂ ਜ਼ਰਦਾ ਆਦਿ ਕਦੋਂ ਬਣਾਉਣਾ? ਕਿਹੜੇ ਭਾਂਡੇ ਵਿਚ ਬਣਾਉਣਾ? ਕੋਰੇ ਖੱਦਰ ਦਾ 5 ਗਜ਼ ਕੱਪੜਾ ਘਰ ਵਾਲਿਆਂ ਕੋਲੋਂ ਲੈਂਦਾ ਤਾਂ ਕਿ ਦੇਗਾਂ, ਕੜਾਹੀਆਂ ਜਾਂ ਪਤੀਲਿਆਂ ਨੂੰ ਭੱਠੀ ਤੋਂ ਚੁੱਕਣ ਵੇਲੇ ਸੌਖ ਰਹੇ। ਉਹ ਵੱਡੇ ਪਤੀਲੇ ਵਿਚ ਚਾਹ ਬਣਾ ਕੇ ਚਾਰ-ਪੰਜ ਆਂਢ-ਗੁਆਂਢ ਦੇ ਜਵਾਨਾਂ ਨੂੰ ਹਾਕ ਮਾਰਦਾ ਅਤੇ ਉਨ੍ਹਾਂ ਨੂੰ ਚਾਹ ਪਿਲਾ ਕੇ ਪੱਤੀ ਵਿਚੋਂ ਦੁੱਧ ਅਤੇ ਲੱਸੀ 'ਕੱਠੀ ਕਰਨ ਲਈ ਤੋਰ ਦਿੰਦਾ। ਕੇਹਾ ਖ਼ੂਬਸੂਰਤ ਰਿਵਾਜ ਸੀ ਕਿ ਹਰ ਘਰ ਬਣਦਾ ਸਰਦਾ ਦੁੱਧ ਅਤੇ ਲੱਸੀ ਦੇਣਾ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਦਾ। ਕਈ ਵਾਰ ਕਿਸੇ ਘਰ ਅਣਜਾਣੇ 'ਚ ਨਾ ਜਾ ਹੁੰਦਾ ਤਾਂ ਘਰ ਵਾਲੇ ਨਿਹੋਰਾ ਜ਼ਰੂਰ ਮਾਰਦੇ। ਘਰ ਵਿਚ ਰਖਵਾਏ ਗਏ ਅਖੰਡ ਪਾਠ ਸਮੇਂ ਜਿਹੜਾ ਵੀ ਮੱਥਾ ਟੇਕਣ ਆਉਂਦਾ, ਉਹ ਦੁੱਧ ਜ਼ਰੂਰ ਲੈ ਕੇ ਆਉਂਦਾ। ਖਾਲੀ ਡੋਲੂ ਜਾਂ ਬਰਤਨ ਵਿਚ ਵਾਪਸੀ 'ਤੇ ਭਾਜੀ ਪਾਈ ਜਾਂਦੀ। ਲੜਕੀ ਦੇ ਵਿਆਹ 'ਤੇ ਤਾਂ ਮੰਜੇ ਬਿਸਤਰੇ ਵੀ ਇਕੱਠੇ ਕੀਤੇ ਜਾਂਦੇ।

ਜਦ ਦੁੱਧ ਅਤੇ ਲੱਸੀ ਇਕੱਠੀ ਹੋ ਜਾਂਦੀ ਤਾਂ ਰਾਜੇ ਕਿਹਰ ਸਿੰਘ ਦਾ ਕੰਮ ਸ਼ੁਰੂ ਹੋ ਜਾਂਦਾ। ਉਹ ਇਕ ਕੜਾਹੀ ਵਿਚ ਦੁੱਧ ਉਬਾਲਦਾ, ਖੀਰ ਬਣਾਉਂਦਾ ਜਾਂ ਚਾਹ ਆਦਿ ਲਈ ਵਰਤਦਾ। ਇਕੱਠੀ ਕੀਤੀ ਲੱਸੀ ਦਾ ਖੱਟਾ ਬਣਾਉਣ ਲਈ ਬੂਹੇ ਜਾਂ ਮੰਜੇ ਨਾਲ ਖੱਦਰ ਦੀ ਚਾਦਰ ਦੀ ਬੁੱਚਕੀ ਜਹੀ ਬਣਾਉਂਦਾ। ਉਸ ਵਿਚ ਲੱਸੀ ਪਾਉਂਦਾ। ਹੌਲੀ-ਹੌਲੀ ਲੱਸੀ ਵਿਚੋਂ ਪਾਣੀ ਨਿਕਲ ਜਾਂਦਾ ਅਤੇ ਫਿਰ ਉਹ ਇਸ ਵਿਚ ਤਾਜ਼ਾ ਪਾਣੀ ਅਤੇ ਪਕੌੜੀਆਂ, ਲੂਣ-ਮਿਰਚ ਆਦਿ ਪਾ ਕੇ ਖੱਟਾ ਬਣਾਉਂਦਾ ਜਿਹੜਾ ਖਾਣੇ ਵੇਲੇ ਬਾਕੀ ਵਸਤਾਂ ਨਾਲ ਵਰਤਾਇਆ ਜਾਂਦਾ।

ਤਾਏ ਕਿਹਰ ਸਿੰਘ ਨੇ ਸਾਰੇ ਕਾਰਜ ਭੁਗਤਾਉਣ ਤੋਂ ਬਾਅਦ ਵਾਪਸ ਜਾਣ ਵੇਲੇ ਕਹਿਣਾ, 'ਲੈ ਸ਼ਾਹਣੀਏ ਤੇਰੇ ਕਾਰਜ ਸਾਰੇ ਪੂਰੇ ਹੋ ਗਏ। ਹੁਣ ਲਾਗ ਦੇ ਤੇ ਅਸੀਂ ਆਪਣੇ ਘਰਾਂ ਨੂੰ ਜਾਈਏ'। ਉਸਦਾ ਲਾਗ ਬਾਕੀ ਲਾਗੀਆਂ ਨਾਲੋਂ ਹਮੇਸ਼ਾ ਹੀ ਜ਼ਿਆਦਾ ਹੁੰਦਾ ਕਿਉਂਕਿ ਉਸਦਾ ਰੋਅਬ ਹੀ ਅਜੇਹਾ ਸੀ। ਕੋਈ ਵੀ ਉਸਨੂੰ ਨਾਂਹ ਨਹੀਂ ਸੀ ਕਰ ਸਕਦਾ ਭਾਵੇਂ ਕਿ ਆਮ ਤੌਰ 'ਤੇ ਸਾਰੇ ਲਾਗੀਆਂ ਦਾ ਲਾਗ ਇਕਸਾਰ ਹੀ ਹੁੰਦਾ ਸੀ।

ਪਿੰਡ ਦੇ ਚੋਬਰਾਂ ਨੇ ਕਿਸੇ ਮੇਲੇ, ਮੱਸਿਆ ਜਾਂ ਕਿਸੇ ਵਿਆਹ 'ਤੇ ਜਾਣ ਸਮੇਂ ਤਾਏ ਕਿਹਰ ਸਿੰਘ ਕੋਲੋਂ ਦਾਹੜੀ ਕਟਵਾਉਣ ਜਾਣਾ ਤਾਂ ਉਹ ਦਾਹੜੀ ਕੱਟਦਿਆਂ ਅਤੇ ਖੱਤ ਕੱਢਦਿਆਂ, ਆਪਣੀ ਜਵਾਨੀ ਦੇ ਕਿੱਸੇ ਵੀ ਛੋਹ ਲੈਂਦਾ। ਤਾਏ ਕਿਹਰ ਸਿੰਘ ਰਿਸ਼ਤੇ ਕਰਵਾਉਣ ਲਈ ਬਹੁਤ ਮਸ਼ਹੂਰ ਸੀ। ਕਿਸੇ ਵੀ ਰਿਸ਼ਤੇ ਦੀ ਦੱਸ ਪਾਉਣ ਵੇਲੇ ਅਜੇਹੇ ਪੜੁੱਲ ਬੰਨ੍ਹਦਾ ਕਿ ਸੁਣਨ ਵਾਲਾ ਬਾਗੋਬਾਗ ਹੋ ਜਾਂਦਾ। ਉਨ੍ਹਾਂ ਸਮਿਆਂ ਵਿਚ ਜ਼ਿਆਦਾਤਰ ਰਿਸ਼ਤੇ ਵੀ ਰਾਜਾ ਹੀ ਕਰਵਾਉਂਦੇ ਸਨ। ਉਨ੍ਹਾਂ ਦਾ ਨੇੜਲੇ ਪਿੰਡਾਂ ਵਿਚ ਆਣਾ-ਜਾਣਾ ਹੁੰਦਾ ਸੀ। ਉਨ੍ਹਾਂ ਨੂੰ ਪਤਾ ਹੁੰਦਾ ਕਿਹੜੇ ਘਰ ਦਾ ਜਵਾਨ ਲੜਕਾ ਜਾਂ ਲੜਕੀ ਹੈ ਅਤੇ ਕਿਸ ਪਰਿਵਾਰ ਦਾ ਕੇਹੇ ਪਰਿਵਾਰ ਨਾਲ ਰਿਸ਼ਤਾ ਬਹੁਤ ਚੰਗਾ ਨਿਭੇਗਾ?

ਮੇਰੇ ਪਿੰਡ ਵਿਚ ਬਾਬਾ ਸ਼ਾਹ ਅਨਾਇਤ ਅਲੀ ਜੀ ਦੀ ਦਰਗਾਹ ਹੈ ਜਿਥੇ ਹਰ ਵੀਰਵਾਰ ਨੂੰ ਕੋਈ ਨਾ ਕੋਈ ਪਰਿਵਾਰ ਮਿੱਠੇ ਚੌਲਾਂ ਦੀ ਦੇਗ ਚੜ੍ਹਾਉਂਦਾ। ਸ਼ਾਇਦ ਇਹ ਰਿਵਾਇਤ ਹੁਣ ਵੀ ਹੋਵੇ। ਮਿੱਠੇ ਚੌਲਾਂ ਦੀ ਦੇਗ ਤਿਆਰ ਕਰਨ ਲਈ ਰਾਜਾ ਕਿਹਰ ਸਿੰਘ ਦੀ ਡਿਊਟੀ ਹੁੰਦੀ ਕਿਉਂਕਿ ਉਸਨੂੰ ਖ਼ਾਸ ਮੁਹਾਰਤ ਸੀ ਗੁੜ ਵਾਲੇ ਮਿੱਠੇ ਚੌਲ ਬਣਾਉਣ ਦੀ। ਮਿੱਠੇ ਚੌਲਾਂ ਦੀ ਦੇਗ ਤਿਆਰ ਕਰਨ ਸਮੇਂ ਉਸਦੀ ਰੂਹਦਾਰੀ ਅਤੇ ਸ਼ਰਧਾਮਈ ਭਾਵਨਾ ਕਮਾਲ ਦੀ ਹੁੰਦੀ ਜਿਸ ਨਾਲ ਦੇਗ ਚੜ੍ਹਾਉਣ ਵਾਲੇ ਪਰਿਵਾਰ ਨੂੰ ਬੜੀ ਖੁਸ਼ੀ ਤੇ ਸੰਤੁਸ਼ਟੀ ਮਿਲਦੀ ਕਿ ਰਾਜੇ ਨੇ ਪੂਰਨ ਪ੍ਰੇਮ ਭਾਵਨਾ ਨਾਲ ਉਨ੍ਹਾਂ ਦੀ ਮੰਨਤ ਪੂਰਾ ਕਰਨ ਵਿਚ ਹਿੱਸਾ ਪਾਇਆ।

ਰਾਜਾ ਕਿਹਰ ਸਿੰਘ ਦਾ ਟੌਹਰ ਉਸ ਵੇਲੇ ਦੇਖਣ ਵਾਲਾ ਹੁੰਦਾ ਜਦ ਉਹ ਕਿਸੇ ਬਰਾਤ ਦੀ ਮਿਲਣੀ ਦੇ ਸਮੇਂ ਧਰੇਤਿਆਂ ਅਤੇ ਪਰੇਤਿਆਂ ਦੀ ਮਿਲਣੀ ਕਰਵਾਉਂਦਾ। ਉਹ ਇੰਨਾ ਸੋਹਣਾ ਫ਼ੱਬਤ ਵਾਲਾ ਅਤੇ ਰੋਅਬਦਾਰ ਹੁੰਦਾ ਕਿ ਕਈ ਵਾਰ ਕੁੜਮ/ਚਾਚਾ/ਤਾਇਆ/ਮਾਮਾ/ਫੁੱਫੜ ਆਦਿ ਦੀ ਮਿਲਣੀ ਸਮੇਂ ਭੁਲੇਖੇ ਨਾਲ ਉਸਦੇ ਹੀ ਗ਼ਲ ਵਿਚ ਹਾਰ ਪਾ ਦਿੰਦੇ ਕਿਉਂਕਿ ਅਕਸਰ ਉਸਨੂੰ ਹੀ ਰਿਸ਼ਤੇਦਾਰ ਸਮਝ ਲਿਆ ਜਾਂਦਾ। ਉਹ ਜੰਞ ਵਿਚ ਸਭ ਤੋਂ ਵੱਧ ਰੰਗੀਲਾ ਹੁੰਦਾ ਅਤੇ ਹਰ ਵੇਲੇ ਰੌਣਕ ਲਾਈ ਰੱਖਦਾ।

ਮੇਰਾ ਪਿੰਡ ਬਹੁਤ ਬਦਲ ਗਿਆ ਹੈ। ਲਾਗੀ ਵੀ ਨਹੀਂ ਰਹੇ। ਹੁਣ ਹਲਵਾਈਆਂ ਜਾਂ ਕੁੱਕਾਂ 'ਤੇ ਨਿਰਭਰ ਹੋ ਗਏ ਹਨ ਜੋ ਸਿਰਫ਼ ਆਪਣੇ ਕਿੱਤੇ ਵਜੋਂ ਹੀ ਇਹ ਕੰਮ ਕਰਦੇ। ਪਰ ਪੂਰਨ ਸਮਰਪਿਤਾ, ਚਾਹਨਾ, ਪਰਿਵਾਰਕ ਸੰਬੰਧ ਅਤੇ ਮਨ ਦੀ ਭਾਵਨਾ ਨਾਲ ਕਿਸੇ ਵੀ ਪਰਿਵਾਰਕ ਸਮਾਗਮ ਲਈ ਰੋਟੀ/ਲੰਗਰ ਤਿਆਰ ਕਰਨ ਵਾਲੇ, ਅਤੇ ਸਬਰ-ਸ਼ੁਕਰ ਵਿਚੋਂ ਆਪਣੀ ਜ਼ਿੰਦਗੀ ਨੂੰ ਰੂਹਦਾਰੀ ਨਾਲ ਮਾਨਣ ਵਾਲੇ ਰਾਜਾ ਕਿਹਰ ਸਿੰਘ ਵਰਗੇ ਲੋਕ ਭਲਾ ਕਿਥੇ ਥਿਆਉਂਦੇ? ਨਹੀਉਂ ਮਿਲਣੇ ਲਾਲ ਗਵਾਚੇ, ਵਕਤਾਂ ਦੀ ਧੂੜ ਜੰਮਗੀ। ਪਰ ਉਸ ਦੀਆਂ ਸ਼ਖ਼ਸੀ ਯਾਦਾਂ ਅਤੇ ਹਰ ਕਾਰਜ ਨੂੰ ਆਪਣਾ ਸਮਝ ਕੇ ਪੂਰਾ ਕਰਨ ਵਾਲੇ ਕਿਰਤੀ ਤੇ ਧਰਮੀ ਲੋਕ ਹਮੇਸ਼ਾਂ ਚੇਤਿਆਂ ਵਿਚ ਵੱਸਦੇ।

ਪਿੰਡ ਤਾਂ ਭਾਵੇਂ ਬਦਲ ਗਿਆ। ਅਸੀਂ ਬਹੁਤ ਅਮੀਰ ਹੋ ਗਏ। ਨਿੱਜਵਾਦੀ ਹੋ ਗਏ। ਨਿੱਕੇ-ਨਿੱਕੇ ਦਾਇਰਿਆਂ ਵਿਚ ਸੁੰਗੜ ਕੇ ਭਾਈਚਾਰਕ ਸਾਂਝ ਨਾਲ ਹਰ ਕਾਰਜ ਨੇਪਰੇ ਚਾੜ੍ਹਨ ਵਾਲੀ ਬਿਰਤੀ ਤੋਂ ਬਹੁਤ ਦੂਰ ਜਾ ਚੁੱਕੇ ਹਾਂ। ਸਾਨੂੰ ਆਪਣਾ ਉਹ ਵਿਰਸਾ ਯਾਦ ਰੱਖਣ ਲਈ ਕਦੇ-ਕਦਾਈਂ ਯਾਦ-ਜੂਹੇ ਜ਼ਰੂਰ ਗੇੜਾ ਮਾਰਨਾ ਚਾਹੀਦਾ ਤਾਂ ਕਿ ਅਸੀਂ ਆਪਣੇ ਮਨ-ਮੰਜੀ ਪੁਰਖ਼ਿਆਂ ਨੂੰ ਚੇਤੇ ਕਰੀਏ ਜਿਨ੍ਹਾਂ ਨੇ ਪਿੰਡ ਦੀ ਆਬੋ-ਹਵਾ ਵਿਚ ਮਹਿਕ ਤੇ ਰੰਗ ਭਰੇ। ਪਿੰਡ ਦੀ ਬਹੁਰੰਗਤਾ ਨੂੰ ਭਾਗ ਲਾਉਣ ਵਾਲੇ ਇਨ੍ਹਾਂ ਬਜ਼ੁਰਗਾਂ ਨੂੰ ਸਲਾਮ।

ਸ. ਕਿਹਰ ਸਿੰਘ ਰਾਜਾ ਨੂੰ ਰੂਹ ਤੋਂ ਨਮਸਕਾਰ।

# ਰਾਵੀ ਮੇਰੇ ਆਰ ਪਾਰ



**ਪ੍ਰੋਫੈਸਰ ਗੁਰਭਜਨ ਸਿੰਘ ਗਿੱਲ**

ਦਰਿਆ ਸਰਹੱਦ ਬਣ ਗਿਆ। ਇੰਜ ਹੈ ਜਿਵੇਂ ਬਰਛੀ ਸਰੀਰ ਦੇ ਆਰ-ਪਾਰ ਹੋ ਕੇ ਸਰੀਰ ਚੀਰ ਜਾਵੇ।

ਅਮਰੀਕਾ ਦੇ ਮੈਰੀਲੈਂਡ ਸੂਬੇ ਵਿਚ ਵੱਸਦੀ ਬੇਚੈਨ ਰੂਹ ਦਾ ਨਾਮ ਹੈ ਧਰਮ ਸਿੰਘ ਗੋਰਾਇਆ। ਡੇਰਾ ਬਾਬਾ ਨਾਨਕ ਨੇੜਲੇ ਪਿੰਡ ਰਣਸ਼ੀਂਹ ਕੇ ਮੀਰਾ ਦਾ ਜੰਮ ਪਲ। ਸਾਰੇ ਭੈਣ ਭਰਾ ਹੀ ਕਲਮਧਾਰੀ ਜਾਂ ਜ਼ਿੰਦਗੀ- ਰਣ ਯੁੱਧ ਦੇ ਕਰਮਸ਼ੀਲ ਬਲਕਾਰੀ।

ਗੁਰੂ ਨਾਨਕ ਕਾਲਿਜ ਗੁਰਦਾਸਪੁਰ ਵਿਚ ਪੜ੍ਹਦਿਆਂ ਪ੍ਰਿੰਸੀਪਲ ਸੁਜਾਨ ਸਿੰਘ ਦਾ ਚੇਲਾ, ਪੰਜਾਬ ਸਟੂਡੈਂਟਸ ਯੂਨੀਅਨ ਦਾ ਸਰਗਰਮ ਕਾਰਕੁਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਵੱਡੇ ਵੀਰ ਡਾ. ਨਿਰਮਲ ਆਜ਼ਾਦ ਕੋਲ ਐੱਮ ਏ ਕਰਨ ਗਿਆ ਤਾਂ ਫਿਰ ਓਹੀ ਰੱਸੇ ਪੈੜੇ।

ਸੰਘਰਸ਼ਸ਼ੀਲ ਸੁਭਾਅ ਹੁਣ ਤੀਕ ਅੰਗ*ਸੰਗ ਹੈ।

ਇੱਕ ਮੰਜ਼ਲ ਸਰ ਕਰਕੇ ਦੂਜੀ ਲਈ ਤੁਰ ਪੈਂਦਾ ਹੈ ਅਗਲੀ ਸਵੇਰ।




ਹੁਣ ਤੀਕ ਉਹ ਚੀ ਗੁਏਰਾ, ਦੁੱਲਾ ਭੱਟੀ, ਤੇਜਾ ਸਿੰਘ ਸੁਤੰਤਰ, ਰਾਏ ਅਹਿਮਦ ਖਾਂ ਖਰਲ, ਜੱਗਾ ਸੂਰਮਾ ਦੀਆਂ ਜੀਵਨੀਆਂ ਲਿਖਣ ਤੋਂ ਇਲਾਵਾ ਸਵੈ-ਜੀਵਨੀ ਮੂਲਕ ਰਚਨਾ 'ਕਰਮਾ' ਵੀ ਲਿਖ ਚੁੱਕਾ ਹੈ।

ਇਹ ਸੱਜਰੀ ਕਿਤਾਬ 'ਰਾਵੀ ਮੇਰੇ ਆਰ-ਪਾਰ' ਸਤੰਬਰ ਮਹੀਨੇ ਵਿਚ ਉਹ ਆਪ ਪੰਜਾਬ ਆ ਕੇ ਲੋਕ ਅਰਪਣ ਕਰੇਗਾ। ਧਰਮ ਸਿੰਘ ਗੋਰਾਇਆ ਮੇਰਾ ਸਨੇਹੀ ਹੋਣ ਕਾਰਨ ਮੈਨੂੰ ਉਸ ਦਾ ਇਹ ਯਤਨ ਬੇਹੱਦ ਚੰਗਾ ਲੱਗਾ ਹੈ।

ਰਾਵੀ ਦੇ ਬਿਲਕੁਲ ਕੰਢੇ 'ਤੇ ਜੰਮਿਆ ਹੋਣ ਕਾਰਨ ਉਸ ਨੇ ਰਾਵੀ ਦਰਿਆ ਨੂੰ ਕੇਂਦਰ ਵਿਚ ਰੱਖ ਕੇ ਇਸ ਦੇ ਦੋਹੀਂ ਪਾਸੀਂ ਪਸਰੀ ਸਾਹਿਤਕ, ਸੱਭਿਆਚਾਰਕ ਵਿਰਾਸਤ ਦੀ ਵਾਰਤਾ ਛੋਹੀ ਹੈ। ਇਹ ਕਿਤਾਬ ਸਾਬਤ ਕਰਦੀ ਹੈ ਕਿ ਰਾਵੀ ਸਰਹੱਦ ਜ਼ਰੂਰ ਬਣ ਗਈ ਪਰ ਅੱਜ ਵੀ ਰਾਵੀ ਦੇ ਜਾਇਆਂ ਲਈ ਪ੍ਰਚੰਡ ਊਰਜਾ ਹੈ। ਵੰਡ ਨਹੀਂ ਸਕੀ ਪੁੱਤਰਾਂ ਧੀਆਂ ਨੂੰ।

ਧਰਮ ਸਿੰਘ ਗੋਰਾਇਆ ਦੀ ਨਵੀਂ ਕਿਰਤ ਨੂੰ ਸਤਿਕਾਰਦਿਆਂ ਏਸੇ ਬਹਾਨੇ ਮੈਂ ਵੀ ਆਪਣੀ ਇੱਕ ਸਵਾਰੀ ਏਸ ਯੱਕੇ 'ਤੇ ਗ਼ਜ਼ਲ ਰੂਪ ਬਿਠਾਈ ਹੈ। ਪੜ੍ਹੋ ਤੇ ਅੱਗੇ ਪੜ੍ਹਾਉ।




# ਅਮਰੀਕਾ-ਇਜ਼ਰਾਈਲ-ਇਰਾਨ ਯੁੱਧ ਬਾਰੇ ਪਵੇਲ ਕੁੱਸਾ ਦੀ ਸਮਝ 'ਤੇ ਸਵਾਲ!

*ਪੰਜਾਬ ਤੋਂ ਛਪਦੇ ਇੱਕ ਅਗਾਂਹਵਧੂ ਪੰਜਾਬੀ ਮੈਗਜ਼ੀਨ 'ਸੁਰਖ ਲੀਹ' ਦੇ ਸਹਾਇਕ ਸੰਪਾਦਕ ਪਵੇਲ ਕੁੱਸਾ ਨੇ, ਅਮਰੀਕਾ-ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਹਮਲੇ ਨੂੰ ਪਛਾੜਨ ਲਈ ਇਰਾਨ ਵਲੋਂ ਵਰਤੀ ਤਕਨੀਕ ਅਤੇ ਯੁੱਧਨੀਤੀ ਦੇ ਸਬੰਧ ਵਿਚ 13 ਅਗਸਤ ਨੂੰ ਫੇਸਬੁੱਕ 'ਤੇ ਇੱਕ ਪੋਸਟ ਪਾਈ ਸੀ। ਉਸ ਦਾ ਕਹਿਣਾ ਹੈ ਕਿ ਇਰਾਨ ਵੱਲੋਂ ਈਜਾਦ ਕੀਤੀ ਇਹ ਤਕਨੀਕ ਤੇ ਯੁਧਨੀਤੀ ਹੋਰਨਾਂ ਮੁਲਕਾਂ 'ਤੇ ਹਮਲਾਵਰ ਹੋਣ ਵਲੀ ਨਹੀਂ ਹੈ, ਇਹ ਤਾਂ ਰੱਖਿਆਤਮਕ ਲੜਾਈ ਲਈ ਵਿਕਸਤ ਕੀਤੀ ਗਈ ਹੈ। ਇਸ ਲਈ ਇਰਾਨ ਦੇ ਇਸ ਖੇਤਰ 'ਚ ਵੱਡੀ ਫੌਜੀ ਸ਼ਕਤੀ ਵਜੋਂ ਉੱਭਰ ਆਉਣ ਦੇ ਦਾਅਵੇ ਵਧਵੇਂ ਹਨ। ਉਸ ਮੁਤਾਬਕ ਇਰਾਨ ਨੇ ਇਹ ਯੁੱਧਨੀਤਕ ਢਾਂਚਾ ਸਾਮਰਾਜੀ ਮੁਲਕ ਮੂਹਰੇ ਲੋਕਾਂ ਦੀਆਂ ਕੌਮੀ ਉਮੰਗਾਂ ਸਹਾਰੇ ਲੜੇ ਜਾਣ ਵਾਲੇ ਯੁੱਧ ਲਈ ਉਸਾਰਿਆ ਹੈ! ਪਵੇਲ ਦੀ ਇਸ ਪੋਸਟ 'ਤੇ ਮੈਂ ਜੋ ਟਿੱਪਣੀ ਕੀਤੀ ਹੈ, ਉਹ ਪਾਠਕਾਂ ਲਈ ਹਾਜ਼ਰ ਹੈ।*
*—ਪਰਮਜੀਤ ਰੋਡੇ*

**ਪਵੇਲ ਕੁੱਸਾ ਦੀ ਪੋਸਟ 'ਤੇ ਪਰਮਜੀਤ ਰੋਡੇ ਦੀ ਟਿੱਪਣੀ:**

ਮੇਰੀ ਸਮਝ ਮੁਤਾਬਕ ਪਵੇਲ ਕੁੱਸਾ ਵਲੋਂ ਆਪਣੀ ਪੋਸਟ 'ਚ ਪੇਸ਼ ਕੀਤੀ ਸਮਝ ਸਾਰੇ ਨੁਕਤਿਆਂ 'ਤੇ ਹੀ ਗਲਤ ਅਤੇ ਇਕਤਰਫੀ ਹੈ

ਨੰਬਰ ਇਕ: ਕਿਸੇ ਵੀ ਦੇਸ਼ ਦੀ ਤਕਨੀਕੀ ਤੇ ਫੌਜੀ ਯੁਧਨੀਤੀ ਕਿਸੇ ਖਲਾਅ 'ਚ ਪੈਦਾ ਨਹੀਂ ਹੁੰਦੀ, ਇਹ ਇਤਿਹਾਸ 'ਚ ਹੋਈਆਂ ਜੰਗਾਂ ਅਤੇ ਜਿੱਤਾਂ-ਹਾਰਾਂ ਦਾ ਨਿਚੋੜ ਹੁੰਦੀ ਹੈ। ਉਹ ਹਮੇਸ਼ਾ ਉਸ ਦੇਸ਼ ਦੀਆਂ ਹਾਕਮ ਜਮਾਤਾਂ ਦੀਆਂ ਅੰਦਰੂਨੀ ਤੇ ਬਾਹਰੀ ਲੋੜਾਂ ਮੁਤਾਬਿਕ 'ਈਜਾਦ' ਕੀਤੀ ਜਾਂਦੀ ਹੈ ਜੀਹਨੂੰ ਹਾਕਮ ਜਮਾਤਾਂ ਦੇਸ਼ ਦੇ ਅੰਦਰੂਨੀ ਤੇ ਬਾਹਰੀ ਦੁਸ਼ਮਣਾਂ ਖਿਲਾਫ਼ ਘੜੀ ਯੁੱਧਨੀਤੀ ਦਾ ਨਾਮ ਦਿੰਦੇ ਹਨ। ਇਹ ਹਾਕਮ ਜਮਾਤਾਂ ਦੀਆਂ ਬਦਲਦੀਆਂ ਲੋੜਾਂ ਮੁਤਾਬਿਕ ਸੁਧਰਦੀ ਤੇ ਵਿਕਸਤ ਹੁੰਦੀ ਰਹਿੰਦੀ ਹੈ। ਇਹ ਕੋਈ 'ਕੱਲੀ-ਕਹਿਰੀ ਫੌਜੀ ਨੀਤੀ ਨਹੀਂ ਹੁੰਦੀ ਬਲਕਿ ਇਕ-ਦੂਜੀ ਨਾਲ ਜੁੜੀਆਂ ਅਤੇ ਅੰਤਰ-ਨਿਰਭਰ ਵੱਖ-ਵੱਖ ਫੌਜੀ ਨੀਤੀਆਂ ਦਾ



**ਪਰਮਜੀਤ ਰੋਡੇ**
**ਫੋਨ: 737-274-2370**

ਬੱਝਵਾਂ ਸੈਟ ਹੁੰਦਾ ਹੈ। ਇਸ ਯੁੱਧਨੀਤੀ 'ਚ ਰੱਖਿਆਤਮਕ ਤੇ ਹਮਲਾਵਰ ਦੋਵੇਂ ਪੱਖ ਸਮਾਏ ਹੁੰਦੇ ਹਨ। ਸਮੇਂ ਦੀ ਲੋੜ ਮੁਤਾਬਕ ਇਕ ਸਮੇਂ ਰੱਖਿਆਤਮਕ ਪੱਖ ਭਾਰੂ ਹੁੰਦਾ ਹੈ ਅਤੇ ਬਦਲੀਆਂ ਹਾਲਤਾਂ 'ਚ ਦੂਜੇ ਸਮੇਂ ਹਮਲਾਵਰ ਪੱਖ ਭਾਰੂ ਹੋ ਜਾਂਦਾ ਹੈ। ਜਿਸ ਦੇਸ਼ ਨੇ ਪਹਿਲਾਂ ਇਸ ਤਕਨੀਕ ਤੇ ਫੌਜੀ ਯੁਧਨੀਤੀ ਨੂੰ ਆਪਣੀ ਰੱਖਿਆ ਲਈ ਵਰਤਿਆ ਹੁੰਦਾ ਹੈ, ਬਦਲੇ ਹਾਲਾਤਾਂ 'ਚ ਉਹੀ ਦੇਸ਼ ਇਸ ਤਕਨੀਕ ਨੂੰ ਕਿਸੇ ਦੂਜੇ ਦੇਸ਼ 'ਤੇ ਹਮਲਾ ਕਰਨ ਲਈ ਵਰਤ ਸਕਦਾ ਹੈ।

ਇਹ ਇਰਾਨ ਵਲੋਂ ਈਜਾਦ ਕੀਤੀ ਯੁੱਧਨੀਤੀ ਦੇ ਮਾਮਲੇ 'ਚ ਵੀ ਸੱਚ ਹੈ! ਇਸ ਸਮੇਂ ਅਮਰੀਕੀ-ਇਜ਼ਰਾਈਲੀ ਹਮਲੇ ਖਿਲਾਫ਼ ਲੜੀ ਜਾ ਰਹੀ ਜੰਗ 'ਚ ਵੀ ਇਹ ਦੋਵੇਂ ਪੱਖ; ਰੱਖਿਆਤਮਕ ਅਤੇ ਹਮਲਾਵਰ ਕਿਰਿਆਸ਼ੀਲ ਹਨ! ਫਰਕ ਸਿਰਫ ਇਹ ਹੈ ਕਿ ਇਸ ਸਮੇਂ ਰੱਖਿਆਤਮਕ ਪੱਖ ਹਮਲਾਵਰ ਪੱਖ 'ਤੇ ਭਾਰੂ ਹੈ ਅਤੇ ਹਮਲਾਵਰ ਪੱਖ ਉਸ ਦੇ ਅਧੀਨ ਸਰਗਰਮ ਰਹਿੰਦਾ ਹੋਇਆ ਵੀ ਰੱਖਿਆਤਮ ਪੱਖ ਨੂੰ ਹੀ ਤਾਕਤ ਬਖਸ਼ ਰਿਹਾ ਹੈ। ਇਸ ਕਰਕੇ ਹੀ ਅਸੀਂ ਕਹਿੰਦੇ ਹਾਂ ਕਿ ਇਰਾਨ ਰੱਖਿਆਤਮਕ ਲੜਾਈ ਲੜ ਰਿਹਾ ਹੈ।

ਪਰ ਇਹ ਸਥਿਤੀ ਸਥਾਈ ਨਹੀਂ ਹੈ। ਜੇ ਇਰਾਨ ਜੰਗ ਜਿੱਤ ਜਾਂਦਾ ਹੈ ਤਾਂ ਇਹ ਦੋਵੇਂ ਪੱਖ ਥਾਂ ਬਦਲੀ ਕਰ ਸਕਦੇ ਹੈ। ਉਸ ਹਾਲਾਤ 'ਚ ਇਰਾਨ, ਲੰਬੇ ਸਮੇਂ 'ਚ ਈਜਾਦ ਕੀਤੀ ਇਸੇ ਯੁੱਧਨੀਤੀ ਨੂੰ ਕਿਸੇ ਹੋਰ ਮੁਲਕ 'ਤੇ ਹਮਲਾ ਕਰਨ ਜਾਂ ਉਸ 'ਤੇ ਭਾਰੂ ਪੈਣ ਲਈ ਵਰਤ ਸਕਦਾ ਹੈ ਅਤੇ ਲੱਗ ਰਿਹਾ ਹੈ ਵਰਤੇਗਾ ਵੀ! ਇਸ ਦੀ ਝਲਕ ਉਸ ਦੀਆਂ ਹੁਣ ਦੀਆਂ ਕਾਰਵਾਈਆਂ ਤੋਂ ਵੀ ਮਿਲਦੀ ਹੈ।

ਅੱਜ ਵੀ ਇਰਾਨ ਜਦੋਂ ਅਮਰੀਕੀ ਫੌਜੀ ਬੇਸਾਂ ਵਾਲੇ ਫ਼ਾਰਸ ਦੀ ਖਾੜੀ ਦੇ ਹੋਰਨਾਂ ਦੇਸ਼ਾਂ (ਬਹਿਰੀਨ, ਕੁਵੈਤ, ਕਤਰ, ਯੂ.ਏ.ਈ., ਸਾਊਦੀ ਅਰਬ) ਜਾਰਡਨ ਤੇ ਇਜ਼ਰਾਈਲ 'ਤੇ ਹਮਲੇ ਕਰਦਾ ਹੈ ਤਾਂ ਇਸ ਯੁੱਧਨੀਤੀ ਦੇ ਅਧਾਰ 'ਤੇ ਹੀ ਕਰਦਾ ਹੈ! ਫਿਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਹ ਯੁੱਧਨੀਤੀ ਸਿਰਫ ਰੱਖਿਆਤਮਕ ਲੜਾਈ ਲੜਨ ਦੇ ਅਨੁਕੂਲ ਹੈ ਪਰ ਹਮਲਾਵਰ ਲੜਾਈ ਲੜਨ ਦੇ ਨਹੀਂ?

ਨੰਬਰ ਦੋ: ਪਵੇਲ ਕੁੱਸਾ ਦਾ ਇਹ ਕਹਿਣਾ ਕਿ 'ਇਰਾਨ ਦੇ ਇਸ ਖੇਤਰ ਵਿਚ ਵੱਡੀ ਫੌਜੀ ਸ਼ਕਤੀ ਵਿਚ ਉੱਭਰ ਆਉਣ ਦੇ ਦਾਅਵੇ ਵਧਵੇਂ ਹਨ' ਸਰਾਸਰ ਗਲਤ ਹੈ। ਇਹ ਸਪੱਸ਼ਟ ਹੈ ਕਿ ਜੇ ਇਰਾਨ ਜੰਗ ਜਿੱਤ ਜਾਂਦਾ ਹੈ (ਲੱਗਦਾ ਹੈ ਜਿੱਤੇਗਾ ਹੀ) ਤਾਂ ਮੱਧ ਪੂਰਬ 'ਚ ਇਹ ਇਕ ਸ਼ਕਤੀਸ਼ਾਲੀ ਦੇਸ਼ ਵਜੋਂ ਉੱਭਰੇਗਾ। ਬੇਸ਼ੱਕ ਜਿੰਨੀ ਉਹਦੀ ਤਬਾਹੀ ਹੋਈ ਹੈ ਉਸ 'ਤੇ ਕਾਬੂ ਪਾਉਣ 'ਤੇ ਸਮਾਂ ਲੱਗੇਗਾ ਪਰ ਉਸ ਦੇ ਹੱਥ ਜੇ ਹੋਰਮੂਜ਼ ਸਟਰੇਟ ਦਾ ਕੰਟਰੋਲ ਆ ਜਾਂਦਾ ਹੈ ਤਾਂ ਉਸ ਦੀ ਤਾਕਤ 'ਚ ਵੀ ਬਹੁਤ ਵਾਧਾ ਹੋਵੇਗਾ। ਤਾਕਤ ਦਾ ਇੱਕ ਆਪਣਾ ਤਰਕ ਹੋਇਆ ਕਰਦਾ ਹੈ। ਇਸ ਲਈ ਕੋਈ ਦੇਸ਼ ਆਰਥਿਕ, ਸਿਆਸੀ ਤੇ ਫੌਜੀ ਤੌਰ 'ਤੇ ਜਿੰਨਾ ਤਾਕਤਵਰ ਹੁੰਦਾ ਹੈ, ਉਸ ਹੱਦ ਤੱਕ ਹੀ ਉਹ ਆਪਣੀ ਇਸ ਤਾਕਤ ਦੀ ਵੱਟਤ ਕਰਨ ਲਈ ਸਾਧਨ ਵੀ ਜੁਟਾਉਂਦਾ ਹੈ! ਇਰਾਨ ਹੁਣ ਜਦੋਂ ਅਮਰੀਕਾ-ਇਜ਼ਰਾਈਲ ਖਿਲਾਫ਼ ਰੱਖਿਆਤਮਕ ਲੜਾਈ ਲੜ ਰਿਹਾ ਹੈ ਤਾਂ ਆਪਣੀ ਹਾਸਲ ਤਾਕਤ ਮੁਤਾਬਕ ਹੁਣ ਵੀ ਇਸ ਦਾ ਦਿਖਾਵਾ ਕਰ ਰਿਹਾ ਹੈ। ਜਿਵੇਂ:

1) ਹੋਰਮੂਜ਼ ਦੀ ਖਾੜੀ 'ਚ ਬਰਾਬਰ ਦੇ ਭਾਈਵਾਲ ਦੇਸ਼ ਓਮਾਨ ਨੂੰ ਇਹ ਕਹਿਣਾ ਕਿ ਉਸ ਨੂੰ ਆਮਦਨ ਦਾ ਤਾਂ ਅੱਧ ਮਿਲੇਗਾ ਪਰ ਇਸ ਦਾ ਕੰਟਰੋਲ ਸਿਰਫ਼ ਮੇਰੇ 'ਕੱਲੇ ਦੇ ਹੱਥ 'ਚ ਹੀ ਹੋਵੇਗਾ।

2) ਆਪਣੀ ਪ੍ਰਭੂਸੱਤਾ ਦੀ ਰਾਖੀ ਲਈ ਤਾਂ ਇਰਾਨ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਹੈ ਪਰ ਖਾੜੀ ਦੇ ਬਾਕੀ ਪ੍ਰਭੂਸੱਤਾ ਸੰਪੰਨ ਦੇਸ਼ਾਂ 'ਤੇ ਹਮਲੇ ਕਰਕੇ ਉਹ ਉਨ੍ਹਾਂ 'ਤੇ ਸ਼ਰਤਾਂ ਮੜ੍ਹ ਰਿਹਾ ਕਿ ਜਾਂ ਤਾਂ ਅਮਰੀਕੀ ਫੌਜੀ ਛਾਉਣੀਆਂ ਨੂੰ ਆਪਣੇ ਦੇਸ਼ਾਂ 'ਚੋਂ ਹਟਾਓ! ਨਹੀਂ ਫਿਰ ਸਜ਼ਾ ਭੁਗਤਣ ਲਈ ਤਿਆਰ ਰਹੋ!

3) ਹੋਰਮੂਜ਼ ਜਲ ਡਮਰੂ 'ਤੇ ਕਬਜ਼ਾ ਕਰਕੇ, ਬਾਕੀ ਦੇਸ਼ਾਂ ਦੇ ਜਹਾਜ਼ਾਂ ਦੀ ਇਸ ਰਾਹੀਂ ਆਵਾਜਾਈ 'ਤੇ ਪਾਬੰਦੀ ਲਾਉਣੀ! ਜਾਂ ਫਿਰ ਆਪਣੀਆਂ ਸ਼ਰਤਾਂ 'ਤੇ ਹੀ ਲੰਘਣ ਦੀ ਇਜਾਜ਼ਤ ਦੇਣ ਜਿਹੇ ਕਦਮ ਵੀ ਉਹ ਆਪਣੀ ਵਧੀ ਹੋਈ ਤਾਕਤ ਕਰਕੇ ਹੀ ਚੁੱਕ ਸਕਿਆ ਹੈ। ਉਹ ਜਾਣਦਾ ਹੈ ਕਿ ਯੁੱਧ 'ਚ ਅਜਿਹੇ ਮਸਲਿਆਂ ਦਾ ਹੱਲ ਸ਼ਰਾਫ਼ਤ ਨਾਲ ਨਹੀਂ, ਤਾਕਤ ਦੇ ਅਧਾਰ 'ਤੇ ਹੁੰਦਾ ਹੈ।

ਇਰਾਨ ਜੇ ਅੱਜ ਸਾਮਰਾਜੀ ਹਮਲੇ ਦੀ ਮਾਰ ਝੱਲਦਾ ਹੋਇਆ ਵੀ ਆਪਣੀ ਤਾਕਤ ਦੇ ਜ਼ੋਰ ਇਹ ਸਭ ਕਰ ਸਕਦਾ ਹੈ ਤਾਂ ਜੰਗ ਜਿੱਤਣ ਅਤੇ ਹੋਰ ਤਾਕਤਵਰ ਹੋਣ ਤੋਂ ਬਾਅਦ, ਉਸ ਦਾ ਖ਼ਿੱਤੇ ਦੇ ਬਾਕੀ ਕਮਜ਼ੋਰ ਮੁਲਕਾਂ ਪ੍ਰਤੀ ਕੀ ਰਵੱਈਆ ਹੋਵੇਗਾ? ਇਹ ਸਮਝਣਾ ਮੁਸ਼ਕਲ ਨਹੀਂ! ਪਰ ਪਵੇਲ ਤਾਂ ਦਾਅਵਾ ਕਰਦਾ ਹੈ ਕਿ ਇਰਾਨ ਦੇ ਇਸ ਖੇਤਰ 'ਚ ਵੱਡੀ ਫੌਜੀ ਸ਼ਕਤੀ ਵਿਚ ਉਭਰਨ ਦੇ ਦਾਅਵੇ ਵਧਵੇਂ ਹਨ!

ਨੰਬਰ ਤਿੰਨ: ਇਹ ਠੀਕ ਹੈ ਕਿ ਇਰਾਨ ਆਪਣੇ ਵਲੋਂ ਖੜ੍ਹੇ ਕੀਤੇ ਫ਼ੌਜੀ ਯੁੱਧਨੀਤਕ ਢਾਂਚੇ ਦੀ, ਲੋਕਾਂ ਦੇ ਆਸਰੇ ਸਾਮਰਾਜ ਖ਼ਿਲਾਫ਼ ਲੜੇ ਜਾ ਰਹੇ ਸੰਘਰਸ਼ 'ਚ ਵਰਤੋਂ ਕਰ ਰਿਹਾ ਹੈ। ਪਰ ਇੱਥੇ ਕੁਝ ਸਵਾਲ ਹਨ! ਜੰਗ ਖ਼ਤਮ ਹੋਣ ਤੋਂ ਬਾਅਦ ਕੀ ਇਹ ਫੌਜੀ ਯੁੱਧਨੀਤਕ ਢਾਂਚਾ ਕੰਡਮ ਹੋ ਜਾਵੇਗਾ? ਬਿਲਕੁਲ ਨਹੀਂ! ਜੰਗ ਖਤਮ ਹੋਣ ਤੋਂ ਬਾਅਦ, ਕੀ ਇਰਾਨੀ ਰਾਜ ਅਤੇ ਲੋਕਾਂ ਦਾ ਆਪਸੀ ਰਿਸ਼ਤਾ ਉਹੀ ਰਹੇਗਾ ਜੋ ਅੱਜ ਹੈ? ਬਿਲਕੁਲ ਨਹੀਂ ਕਿਉਂਕਿ ਉਨ੍ਹਾਂ 'ਚ ਏਕਤਾ ਅਸਥਾਈ ਹੈ ਅਤੇ ਸਾਮਰਾਜੀ ਹਮਲੇ ਦੇ ਜਾਰੀ ਰਹਿਣ ਤੱਕ ਹੈ! ਕੀ ਇਰਾਨ ਦੀਆਂ ਹਾਕਮ ਜਮਾਤਾਂ ਅਤੇ ਲੋਕਾਂ ਦੇ ਹਿਤ ਟਕਰਾਵੇਂ ਅਤੇ ਦੁਸ਼ਮਣਾਨਾਂ ਘੇਰੇ 'ਚ ਨਹੀਂ ਆਉਂਦੇ? ਬਿਲਕੁਲ ਆਉਂਦੇ ਹਨ ਕਿਉਂਕਿ ਉਨ੍ਹਾਂ 'ਚ ਬੁਨਿਆਦੀ ਜਮਾਤੀ ਵਿਰੋਧ ਹਨ! ਕੀ ਇਰਾਨ ਦੇ ਭਵਿੱਖ 'ਚ ਕਦੇ ਵੀ ਇਨਕਲਾਬੀ ਹਥਿਆਰਬੰਦ ਲਹਿਰ ਨਹੀਂ ਖੜ੍ਹੀ ਹੋਵੇਗੀ? ਜ਼ਰੂਰ ਹੋਵੇਗੀ ਕਿਉਂਕਿ ਬਗੈਰ ਇਨਕਲਾਬ ਦੇ ਇਰਾਨੀ ਲੋਕਾਂ ਦੀ ਜੂਨ ਸੁਧਰ ਹੀ ਨਹੀਂ ਸਕਦੀ! ਜੇ ਲਹਿਰ ਖੜ੍ਹੀ ਹੋਵੇਗੀ ਤਾਂ ਫਿਰ ਇਰਾਨੀ ਰਾਜ ਨੇ ਜਿਹੜੀ ਯੁੱਧਨੀਤੀ ਸਾਮਰਾਜੀ ਹਮਲੇ ਖ਼ਿਲਾਫ਼ ਰੱਖਿਆਤਮਕ ਲੜਾਈ ਲੜਨ ਲਈ ਵਿਕਸਤ ਕੀਤੀ ਹੈ, ਉਹ ਇਸ ਦੀ ਵਰਤੋਂ ਇਨਕਲਾਬੀ ਹਥਿਆਰਬੰਦ ਜਨਤਕ ਤੇ ਗੁਰੀਲਾ ਲਹਿਰ ਖ਼ਿਲਾਫ਼ ਕਿਉਂ ਨਹੀਂ ਕਰੇਗਾ? ਜ਼ਰੂਰ ਕਰੇਗਾ ਅਤੇ ਉਸ ਸਮੇਂ ਵੀ ਇਰਾਨੀ ਹਾਕਮ, ਇਸ ਨੂੰ ਅੰਦਰੂਨੀ ਦੁਸ਼ਮਣ ਖ਼ਿਲਾਫ਼ ਲੜਾਈ ਦਾ ਨਾਮ ਦੇਣਗੇ!

ਸਾਮਰਾਜੀ ਕੁਨੈਕਸ਼ਨ:—ਇਸ ਸਬੰਧੀ ਕਿਸੇ ਨੂੰ ਵੀ ਭੁਲੇਖਾ ਨਹੀਂ ਕਿ ਇਰਾਨ ਵਲੋਂ ਵਿਕਸਤ ਕੀਤੀ ਤਕਨੀਕ ਅਤੇ ਫੌਜੀ ਯੁੱਧ ਨੀਤੀ ਕਮਾਲ ਦੀ ਹੈ, ਜੀਹਨੇ ਸੁਪਰਪਾਵਰ ਅਮਰੀਕਾ ਅਤੇ ਇਜ਼ਰਾਈਲ ਦੇ ਸਾਂਝੇ ਹਮਲੇ ਦਾ ਮੂੰਹ ਤੋੜ'ਤਾ! ਇਹ ਇਸੇ ਯੁੱਧਨੀਤੀ ਦਾ ਕਮਾਲ ਹੈ ਕਿ ਦੁਨੀਆ ਦੀ ਸਭ ਤੋਂ ਤਾਕਤਵਰ ਫੌਜ ਦਾ ਮਾਲਕ ਅਤੇ ਸੁਪਰਪਾਵਰ ਵਜੋਂ ਜਾਣਿਆ ਜਾਂਦਾ ਦੇਸ਼ ਅਮਰੀਕਾ, ਇੱਕ ਗਰੀਬ ਦੇਸ਼ ਇਰਾਨ ਮੂਹਰੇ ਬੇਵੱਸ ਹੋਇਆ ਬੈਠਾ ਹੈ! ਇਹ ਵੀ ਕਿਹਾ ਜਾ ਸਕਦਾ ਹੈ ਕਿ ਇਰਾਨ ਵਲੋਂ ਦੇਸ਼ ਅਤੇ ਖ਼ਿੱਤੇ ਦੀਆਂ ਠੋਸ ਸਥਿਤੀਆਂ ਮੁਤਾਬਕ ਵਿਕਸਿਤ ਕੀਤੀ ਇਸ ਯੁੱਧਨੀਤੀ ਨੇ, ਅਮਰੀਕਾ-ਇਜ਼ਰਾਈਲ ਗੱਠਜੋੜ ਅਤੇ ਉਨ੍ਹਾਂ ਦੇ ਇਲਾਕਾਈ ਸੰਗੀਆਂ ਦੇ ਕੰਨਾਂ ਨੂੰ ਹੱਥ ਲੁਆ ਦਿੱਤੇ ਹਨ!

ਇਸ ਸਭ ਕੁਝ ਦੇ ਬਾਵਜੂਦ ਸਾਨੂੰ ਇਸ ਤੱਥ ਸਬੰਧੀ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਾਮਰਾਜੀ ਦੇਸ਼ਾਂ; ਰੂਸ-ਚੀਨ ਵਲੋਂ ਇਰਾਨ ਨਾਲ ਤਕਨੀਕ ਅਤੇ ਇੰਟੈਲੀਜੈਂਸ ਸਾਂਝੀ ਕਰਨ ਤੋਂ ਬਗੈਰ, ਇਰਾਨ ਦੀ ਇਹ ਫੌਜੀ ਯੁੱਧਨੀਤੀ ਅਧੂਰੀ ਸੀ!

ਜ਼ਰਾ ਕਿਆਸ ਕਰਕੇ ਦੇਖੋ:

ਇਸ ਜੰਗ 'ਚ ਜੇ ਚੀਨ ਨੇ ਇਰਾਨ ਦੇ ਡਰੋਨ ਅਤੇ ਮੀਜ਼ਾਈਲ ਸੈਕਟਰ ਨੂੰ, ਇਲੈਕਟ੍ਰਾਨਿਕ ਅਤੇ ਨੇਵੀਗੇਸ਼ਨ ਮੁਹੱਈਆ ਕਰਨੇ ਸ਼ੁਰੂ ਨਾ ਕੀਤੇ ਹੁੰਦੇ ਤਾਂ ਫਿਰ ਕੀ ਹੁੰਦਾ? ਜੇਕਰ ਚੀਨ ਨੇ ਪੋਜ਼ੀਸ਼ਨਿੰਗ ਤੇ ਟੈਕਨੀਕਲ ਕੋਆਰਡੀਨੇਸ਼ਨ ਲਈ GPS ਦੀ ਥਾਂ 'ਤੇ ਆਪਣੇ ਸੈਟਲਾਈਟ ਸਿਸਟਮ ਬੀਡੂ (BeiDou) ਤੱਕ ਇਰਾਨ ਦੀ ਪਹੁੰਚ ਨਾ ਬਣਾਈ ਹੁੰਦੀ ਤਾਂ ਇਸ ਲੜਾਈ 'ਚ ਇਰਾਨ ਦਾ ਕੀ ਬਣਦਾ?

ਇਸੇ ਤਰ੍ਹਾਂ ਜੇ ਰੂਸ ਨੇ ਆਪਣੇ ਸਰਵੀਲੀਐਂਸ ਅਤੇ ਸੈਟੇਲਾਈਟ ਸਿਸਟਮ ਰਾਹੀਂ, ਅਮਰੀਕੀ ਜੰਗੀ ਜਹਾਜ਼ਾਂ ਬਾਰੇ ਇਰਾਨ ਨੂੰ ਜਾਣਕਾਰੀ ਦੇਣ ਤੋਂ ਇਲਾਵਾ ਏਅਰਕਰਾਫਟਸ ਅਤੇ ਰੀਜਨਲ ਅਮਰੀਕੀ ਮਿਲਟਰੀ ਬੇਸਾਂ ਬਾਰੇ, ਕੋਆਰਡੀਨੇਸ਼ਨ ਤੇ ਟ੍ਰੈਕਿੰਗ ਮੁਹੱਈਆ ਨਾ ਹੁੰਦੀ ਤਾਂ ਲੜਾਈ 'ਚ ਕੀ ਵਾਪਰਦਾ? ਜੇ ਰੂਸ ਇਰਾਨੀ ਮਿਲਟਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਖਿਲਾਫ਼ ਬਦਲੇ ਦੀਆਂ ਕਾਰਵਾਈਆਂ ਕਰਨ ਵਾਸਤੇ ਗਾਈਡ ਕਰਨ ਲਈ, ਕ੍ਰਿਟੀਕਲ ਇੰਫਰਾਸਟ੍ਰੱਕਚਰ ਅਤੇ ਨੋਠਜ ਸੇਵਾਵਾਂ ਨਾ ਮੁਹੱਈਆ ਕਰਦਾ ਤਾਂ ਇਸ ਲੜਾਈ 'ਚ ਇਰਾਨ ਨੂੰ ਕਿੰਨੀ ਕੁ ਸਫਲਤਾ ਮਿਲਦੀ? ਇਸ ਤੋਂ ਬਿਨਾਂ ਜੇ ਰੂਸ ਉਸ ਨੂੰ ਐਡਵਾਂਸ ਸਾਈਬਰ ਓਪਟਿਕ ਡਰੋਨ ਕੰਪੋਨੈਂਟ ਨਾ ਮੁਹੱਈਆ ਕਰਦਾ ਤਾਂ ਇਰਾਨ ਇਸ ਘਾਟ ਨੂੰ ਕਿੱਥੋਂ ਪੂਰੀ ਕਰਦਾ?

ਸਪੱਸ਼ਟ ਹੈ ਕਿ ਬਗੈਰ ਸਾਮਰਾਜੀ ਦੇਸ਼ਾਂ; ਰੂਸ ਅਤੇ ਚੀਨ ਵਲੋਂ ਇਰਾਨੀ ਮਿਲਟਰੀ ਨੂੰ ਤਕਨੀਕੀ ਤੇ ਇੰਟੈਲੀਜੈਂਸ ਸਪੋਰਟ ਦੇ, ਇਰਾਨ ਦੀ ਬਾਕਮਾਲ ਫੌਜੀ ਯੁੱਧਨੀਤੀ ਵੀ ਅਪਾਹਜ ਸੀ! ਪਰ ਪਵੇਲ ਕੁੱਸਾ ਨੇ ਤਾਂ ਇਸ ਵਰਤਾਰੇ 'ਚੋਂ ਵਿਰੋਧੀ ਸਾਮਰਾਜੀ ਦਖਲ ਅਤੇ ਸਪੋਰਟ ਅਤੇ ਇਸ ਯੁੱਧਨੀਤੀ 'ਤੇ ਪੈਣ ਵਾਲੇ ਪਰਛਾਂਵੇਂ ਨੂੰ ਤਾਂ ਬਾਹਰ ਹੀ ਕੱਢ ਦਿੱਤਾ! ਆਪਣੀ ਇਸ ਪੋਸਟ 'ਚ ਉਸ ਨੇ ਉਨ੍ਹਾਂ ਸਾਮਰਾਜੀ ਦੇਸ਼ਾਂ ਦਾ ਨਾਮ ਤੱਕ ਨਹੀਂ ਲਿਆ!

# ਕੈਨੇਡਾ ਗਏ ਵਿਦਿਆਰਥੀਆਂ ਦੀ ਬਾਂਹ ਫੜੇ ਪੰਜਾਬ ਸਰਕਾਰ

ਸਾਹਿਲ ਕੇ ਤਮਾਸ਼ਾਈ ਹਰ ਡੂਬਨੇ ਵਾਲੇ ਪਰ,
ਅਫਸੋਸ ਤੋ ਕਰਤੇ ਹੈਂ ਇਮਦਾਦ ਨਹੀਂ ਕਰਤੇ।

ਫ਼ਨਾ ਨਿਜ਼ਾਮੀ ਦਾ ਇਹ ਸ਼ਿਅਰ ਉਸ ਵੇਲੇ ਮੇਰੇ ਦਿਮਾਗ਼ ਵਿਚ ਬਿਜਲੀ ਵਾਂਗ ਕੌਂਧ ਗਿਆ, ਜਦੋਂ ਮੈਨੂੰ ਕੈਨੇਡਾ ਦੇ ਅਲਬਰਟਾ ਸੂਬੇ ਦੇ ਕੈਲਗਰੀ ਵਿਚ ਦਰ-ਬ-ਦਰ ਰੁਲਦੇ ਭਾਰਤੀ ਜਿਨ੍ਹਾਂ ਵਿਚ ਬਹੁਤੇ ਪੰਜਾਬੀ ਵਿਦਿਆਰਥੀ ਹਨ, ਬਾਰੇ ਲਿਖਣ ਦਾ ਖਿਆਲ

**ਹਰਜਿੰਦਰ ਸਿੰਘ ਲਾਲ**
**ਫੋਨ: 92168-60000**

ਆਇਆ। ਇਨ੍ਹਾਂ ਵਿਦਿਆਰਥੀਆਂ ਨਾਲ ਸਰੀਹਨ ਧੱਕਾ ਤੇ ਧੋਖਾ ਹੋਇਆ ਹੈ ਪਰ ਉਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਇਹ ਬੱਚੇ ਕਿਸੇ 'ਨਾ-ਕਰਦਾ' ਗੁਨਾਹ ਦੀ ਸਜ਼ਾ ਭੁਗਤ ਰਹੇ ਜਾਪਦੇ ਹਨ, ਕਿਉਂਕਿ ਉਨ੍ਹਾਂ ਨੇ ਜਿਨ੍ਹਾਂ ਕੋਰਸਾਂ ਅਤੇ ਕਾਲਜਾਂ ਵਿਚ 2023 ਤੇ 2024 ਵਿਚ ਦਾਖਲਾ ਲਿਆ ਸੀ, ਉਸ ਸਮੇਂ ਉਨ੍ਹਾਂ ਨੇ ਇਹ ਦਾਖਲਾ ਬਾਕਾਇਦਾ ਅਧਿਕਾਰਿਤ 'ਡੈਜ਼ੀਗਨੇਟਡ ਲਰਨਿੰਗ ਇੰਸਟੀਚਿਊਸ਼ਨ ਪ੍ਰੋਗਰਾਮ ਦੇ ਅਧੀਨ ਹੀ ਲਿਆ ਸੀ। ਉਨ੍ਹਾਂ ਨਾਲ ਕਾਲਜਾਂ ਅਤੇ ਸਲਾਹਕਾਰਾਂ ਨੇ ਵਾਅਦਾ ਕੀਤਾ ਸੀ ਕਿ ਡਿਪਲੋਮਾ ਪੂਰਾ ਹੋਣ 'ਤੇ ਉਨ੍ਹਾਂ ਨੂੰ 3 ਸਾਲ ਦਾ ਵਰਕ ਪਰਮਿਟ ਮਿਲੇਗਾ। ਪਰ ਅਫ਼ਸੋਸ ਦੀ ਗੱਲ ਹੈ ਕਿ ਹੁਣ ਜੂਨ 2026 ਵਿਚ ਜਾ ਕੇ ਜਦੋਂ ਉਨ੍ਹਾਂ ਦੀ ਪੜ੍ਹਾਈ ਪੂਰੀ ਹੋ ਚੁੱਕੀ ਸੀ, 'ਇੰਮੀਗ੍ਰੇਸ਼ਨ, ਰਿਫਊਜ਼ੀਜ ਅਤੇ ਸਿਟੀਜ਼ਨਸ਼ਿਪ ਕੈਨੇਡਾ' ਨੇ ਇਕ ਸਪੱਸ਼ਟੀਕਰਨ ਪਾ ਦਿੱਤਾ ਕਿ ਇਨ੍ਹਾਂ ਵਿਦਿਆਰਥੀਆਂ ਵਲੋਂ ਕੀਤੀ ਪੜ੍ਹਾਈ 'ਨਾਨ ਕ੍ਰੈਡਿਟ ਪ੍ਰੋਗਰਾਮ' ਹੈ ਤੇ ਇਹ ਵਰਕ-ਪਰਮਿਟ ਦੇ ਯੋਗ ਨਹੀਂ ਹੈ। ਕੁਝ ਵਿਦਿਆਰਥੀਆਂ ਨੂੰ ਵਰਕ ਪਰਮਿਟ ਦੇ ਵੀ ਦਿੱਤੇ ਗਏ ਤੇ ਬਹੁਤਿਆਂ ਨੂੰ ਨਾਂਹ ਕਰ ਦਿੱਤੀ ਗਈ। ਮੇਰੀ ਸੂਚਨਾ ਅਨੁਸਾਰ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਉਨ੍ਹਾਂ ਨੂੰ ਇਨਸਾਫ਼ ਦੇਣ ਦੀ ਥਾਂ ਸਗੋਂ ਉਨ੍ਹਾਂ ਦੇ ਵਰਕ ਪਰਮਿਟ ਵੀ ਰੱਦ ਕਰ ਦਿੱਤੇ ਗਏ ਹਨ, ਜਿਨ੍ਹਾਂ ਨੂੰ ਪਹਿਲਾਂ ਇਹ ਦਿੱਤੇ ਗਏ ਸਨ। ਜਦੋਂ ਕਿ ਕਸੂਰਵਾਰ ਤਾਂ ਕਾਲਜ ਪ੍ਰਬੰਧਕ ਹਨ ਜਾਂ ਉਹ ਐਡਵਾਈਜ਼ਰ (ਸਲਾਹਕਾਰ) ਹਨ, ਜਿਨ੍ਹਾਂ ਨੇ ਵਰਕ ਪਰਮਿਟ ਦੇ ਵਾਅਦੇ ਕਰਕੇ ਦਾਖਲੇ ਦਿੱਤੇ, ਫੀਸਾਂ ਲਈਆਂ ਜਾਂ ਫਿਰ ਖੁਦ ਕੈਨੇਡਾ ਸਰਕਾਰ, ਜਿਸ ਨੇ ਅਜਿਹੇ ਕਾਲਜਾਂ ਨੂੰ ਦਾਖਲੇ ਦੀ ਇਜਾਜ਼ਤ ਦਿੱਤੀ ਤੇ ਉਸ ਦੇ ਅਧਾਰ 'ਤੇ ਸਟੱਡੀ ਪਰਮਿਟ 'ਤੇ ਵੀਜ਼ੇ ਵੀ ਜਾਰੀ ਕੀਤੇ। ਫਿਰ ਜੇਕਰ ਕੋਈ ਕਾਨੂੰਨੀ ਵਿਆਖਿਆ ਜੂਨ 2026 ਵਿਚ ਬਦਲਦੀ ਹੈ ਤਾਂ ਉਹ 2024 ਵਿਚ ਦਾਖਲ ਹੋਏ ਵਿਦਿਆਰਥੀਆਂ 'ਤੇ ਲਾਗੂ ਕਰਨੀ ਕਿਵੇਂ ਜਾਇਜ਼ ਹੈ? ਹਰ ਵਿਦਿਆਰਥੀ ਨੇ ਕਰੀਬ 20 ਲੱਖ ਰੁਪਏ ਫੀਸ ਭਰੀ ਤੇ ਹੋਰ ਖਰਚੇ ਪਾ ਕੇ ਉਸ ਨੇ 40 ਤੋਂ 50 ਲੱਖ ਰੁਪਏ ਬਰਬਾਦ ਹੀ ਨਹੀਂ ਕੀਤੇ ਸਗੋਂ ਆਪਣੀ ਜ਼ਿੰਦਗੀ ਦੇ ਕੀਮਤੀ 2-3 ਸਾਲ ਵੀ ਬਰਬਾਦ ਕਰ ਲਏ ਹਨ। ਪਰ ਅਫਸੋਸ ਕਿ ਨਾ ਤਾਂ ਭਾਰਤੀ ਮੂਲ ਦੇ ਕੈਨੇਡੀਅਨ ਰਾਜਨੀਤੀਵਾਨ, ਐਮ.ਪੀ., ਐਮ.ਐਲ.ਏ. ਅਤੇ ਨਾ ਹੀ ਸਰਦੇ-ਪੁੱਜਦੇ ਭਾਰਤੀ ਤੇ ਪੰਜਾਬੀ ਹੀ ਇਨ੍ਹਾਂ ਬੱਚਿਆਂ ਦੀ ਕੋਈ ਠੋਸ ਮਦਦ ਕਰ ਰਹੇ ਹਨ। ਉਨ੍ਹਾਂ ਬੱਚਿਆਂ ਦਾ ਕੈਰੀਅਰ ਤੇ ਭਵਿੱਖ ਤਬਾਹ ਹੋ ਰਿਹਾ ਹੈ। ਸਾਡੀ ਭਾਰਤ ਸਰਕਾਰ ਨੂੰ ਬੇਨਤੀ ਹੈ ਕਿ ਉਹ ਇਸ ਬਾਰੇ ਕੈਨੇਡਾ ਸਰਕਾਰ ਨਾਲ ਸਿੱਧੀ ਗੱਲਬਾਤ ਕਰੇ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਵਰਕ ਪਰਮਿਟ ਦੇਣ ਬਾਰੇ ਦਬਾਅ ਬਣਾਏ। ਪਰ ਕਿਉਂਕਿ ਇਹ ਮਸਲਾ ਅਲਬਰਟਾ ਸੂਬੇ ਦੀ ਸਰਕਾਰ ਵੀ ਹੱਲ ਕਰ ਸਕਦੀ ਹੈ ਤੇ ਇਨ੍ਹਾਂ ਵਿਚ ਬਹੁਤੇ ਵਿਦਿਆਰਥੀ ਵੀ ਪੰਜਾਬੀ ਹੀ ਹਨ, ਇਸ ਲਈ ਉਸ ਦੀ ਹਮ-ਰੁਤਬਾ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਖੁਦ ਅਲਬਰਟਾ ਇਕ ਵਫਦ ਭੇਜ ਕੇ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ ਤੇ ਇਸ ਵਫ਼ਦ ਵਿਚ ਇੰਮੀਗ੍ਰੇਸ਼ਨ ਮਾਹਿਰਾਂ ਤੋਂ ਇਲਾਵਾ ਚੀਫ਼ ਸੈਕਟਰੀ ਜਾਂ ਕੋਈ ਹੋਰ ਕਾਬਲ ਆਈ.ਏ.ਐਸ. ਅਫਸਰ ਤੇ ਪੰਜਾਬ ਦੇ ਐਡਵੋਕੇਟ ਜਨਰਲ ਨੂੰ ਭੇਜਣਾ ਚਾਹੀਦਾ ਹੈ ਤੇ ਇਹ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਜਦੋਂ ਇਨ੍ਹਾਂ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ, ਉਸ ਵੇਲੇ ਕਾਨੂੰਨ ਕੀ ਸੀ, ਜੇ ਲੋੜ ਪਵੇ ਤਾਂ ਕੈਨੇਡੀਅਨ ਅਦਾਲਤ ਵਿਚ ਕੇਸ ਵੀ ਕਰਨਾ ਚਾਹੀਦਾ ਹੈ। ਪਹਿਲਾਂ ਹੀ ਬਰਬਾਦ ਹੋ ਚੁੱਕੇ ਬੱਚੇ ਖੁਦ ਤਾਂ ਇਸ ਦੇ ਸਮਰੱਥ ਨਹੀਂ ਹਨ। ਬੇਸ਼ੱਕ ਮੇਰੇ ਮਨ ਵਿਚ ਤੌਖਲਾ ਹੈ ਕਿ ਸਾਡੀ ਕਿਸੇ ਨੇ ਨਹੀਂ ਸੁਣਨੀ, ਕਿਉਂਕਿ ਸਾਡੀ ਹਾਲਤ ਤਾਂ ਅਹਿਮਦ ਫਰਾਜ਼ ਦੇ ਇਸ ਸ਼ਿਅਰ ਵਰਗੀ ਹੈ:

ਵੋ ਜੋ ਮੌਜੂਦ ਨਹੀਂ ਉਸ ਕੀ ਮਦਦ ਚਾਹਤੇ ਹੈਂ,
ਵੋ ਜੋ ਸੁਨਤਾ ਹੀ ਨਹੀਂ, ਉਸ ਕੋ ਪੁਕਾਰੇ ਜਾਏਂ।

### ਭਾਜਪਾ ਦੀ ਪੰਜਾਬ ਰਾਜਨੀਤੀ?

ਉਸ ਕੋ ਹਮ ਪੂਛ ਥੋੜ੍ਹੀ ਸਕਤੇ ਹੈਂ।
ਉਸ ਕੀ ਮਰਜ਼ੀ ਜਹਾਂ ਰੱਖੇ ਜਿਸ ਕੋ। (ਅਜ਼ਹਰ ਫ਼ਰਾਗ਼)

ਇਕ ਪਾਸੇ ਇਹ ਚਰਚਾ ਹੈ ਕਿ ਅਕਾਲੀ ਦਲ ਤੇ ਭਾਜਪਾ ਵਿਚ ਚੋਣ ਸਮਝੌਤਾ ਲਗਭਗ ਹੋ ਚੁੱਕਾ ਹੈ ਤੇ ਦੂਜੇ ਪਾਸੇ ਭਾਜਪਾ ਦੇ ਪੰਜਾਬ ਦੇ ਆਗੂ 117 ਸੀਟਾਂ 'ਤੇ ਹੀ ਚੋਣ ਲੜਨ ਦੀ ਗੱਲ ਵੀ ਕਰ ਰਹੇ ਹਨ। ਪਹਿਲਾਂ ਇਹ ਸਾਫ਼ ਪ੍ਰਭਾਵ ਸੀ ਕਿ ਭਾਜਪਾ ਪੰਜਾਬ ਵਿਚ ਕਿਸੇ ਵੀ ਕੀਮਤ 'ਤੇ ਕਾਂਗਰਸ ਨੂੰ ਜਿੱਤਣ ਤੋਂ ਰੋਕਣਾ ਚਾਹੁੰਦੀ ਹੈ ਤੇ ਉਹ ਅਜਿਹਾ ਮਾਹੌਲ ਬਣਾ ਸਕਦੀ ਹੈ ਕਿ ਆਪ ਜਿੱਤ ਜਾਵੇ।

ਕਿਉਂਕਿ ਜਦੋਂ 'ਆਪ' ਦਿੱਲੀ ਵਿਚ ਹਾਰੀ ਸੀ ਤਾਂ ਬਹੁਤ ਗਰਮ ਖ਼ਬਰਾਂ ਸਨ ਕਿ 'ਆਪ' ਮੁਖੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸਤੇਂਦਰ ਜੈਨ ਤੇ ਹੋਰ 'ਆਪ' ਆਗੂ ਫਿਰ ਜੇਲ੍ਹ ਭੇਜੇ ਜਾਣਗੇ। ਪਰ ਇਹ ਖ਼ਬਰਾਂ ਅਚਾਨਕ ਹੀ ਗਾਇਬ ਹੋ ਗਈਆਂ, ਚੁੱਪ-ਚਾਂਅ ਵਰਤ ਗਈ। ਇਸ ਨੂੰ ਉਸ ਵੇਲੇ ਦੇ ਉਪ-ਰਾਸ਼ਟਰਪਤੀ ਜਗਦੀਪ ਧਨਖੜ ਦੀਆਂ ਕੇਜਰੀਵਾਲ ਤੇ ਚੰਦਰ ਬਾਬੂ ਨਾਇਡੂ ਦੇ ਬੇਟੇ ਨਾਰਾ ਲੋਕੇਸ਼ ਨਾਲ ਹੋਈਆਂ ਮੁਲਾਕਾਤਾਂ ਤੇ ਉਨ੍ਹਾਂ ਦਰਮਿਆਨ ਹੋਈਆਂ ਗੱਲਾਂਬਾਤਾਂ ਦੇ ਲੀਕ ਹੋਣ ਨਾਲ ਜੋੜ ਕੇ ਵੇਖਿਆ ਗਿਆ ਸੀ। ਜਿਸ ਤੋਂ ਬਾਅਦ ਧਨਖੜ ਨੂੰ ਅਸਤੀਫਾ ਵੀ ਦੇਣਾ ਪਿਆ ਸੀ। ਪਰ ਹੁਣ ਅਚਾਨਕ ਫਿਰ ਇਕ 'ਆਪ' ਨੇਤਾ ਸਤੇਂਦਰ ਜੈਨ ਦੀ ਗ੍ਰਿਫ਼ਤਾਰੀ ਨੇ ਸਥਿਤੀ ਬਦਲ ਦਿੱਤੀ ਹੈ। ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੁਲਾਕਾਤ ਤੋਂ ਬਾਅਦ ਅਕਾਲੀ ਦਲ ਵਲੋਂ ਹੱਦਬੰਦੀ ਬਿੱਲ ਤੇ ਭਾਜਪਾ ਦੀ ਹਮਾਇਤ ਦਾ ਫੈਸਲਾ ਵੀ ਬਿਲਕੁਲ ਅਜਿਹਾ ਹੈ, ਜਿਸ ਨੇ ਪੰਜਾਬ ਦੀ ਰਾਜਨੀਤੀ ਦੇ ਚੌਰਾਹੇ ਦੇ ਕੇਂਦਰ ਵਿਚ ਭਾਜਪਾ ਨੂੰ ਖੜ੍ਹਾ ਕਰ ਦਿੱਤਾ ਹੈ।

ਬੇਸ਼ੱਕ ਅਜੇ ਵੀ ਇਹ ਸਪੱਸ਼ਟ ਨਹੀਂ ਕਿ ਭਾਜਪਾ ਅਕਾਲੀ ਦਲ ਨਾਲ ਚੋਣ ਸਮਝੌਤਾ ਕਰਦੀ ਹੈ ਜਾਂ ਨਹੀਂ, ਪਰ ਇਕ ਗੱਲ ਸਾਫ਼ ਸਪੱਸ਼ਟ ਹੋ ਰਹੀ ਹੈ ਕਿ ਹੁਣ ਭਾਜਪਾ ਪੰਜਾਬ ਪ੍ਰਤੀ ਲਾ-ਪ੍ਰਵਾਹ ਨਹੀਂ ਹੈ। ਹਾਲਾਂਕਿ ਕੁਝ ਲੋਕ ਇਹ ਕਹਿ ਰਹੇ ਹਨ ਕਿ ਅਕਾਲੀ ਦਲ ਤੇ ਭਾਜਪਾ ਵਿਚ ਚੋਣ ਸਮਝੌਤੇ ਦਾ ਰਾਹ ਪੱਧਰਾ ਹੋ ਚੁੱਕਾ ਹੈ ਪਰ ਐਲਾਨ ਅਕਤੂਬਰ-ਨਵੰਬਰ ਵਿਚ ਜਾ ਕੇ ਹੋਵੇਗਾ।

ਅਸੀਂ ਸਮਝਦੇ ਹਾਂ ਕਿ ਹੁਣ ਭਾਜਪਾ ਪੰਜਾਬ ਵਿਚ ਕਾਂਗਰਸ ਨੂੰ ਤਾਂ ਹਰਾਉਣਾ ਚਾਹੁੰਦੀ ਹੀ ਹੈ ਪਰ 'ਆਪ' ਨੂੰ ਵੀ ਭਾਵੇਂ ਪੂਰੀ ਤਰ੍ਹਾਂ ਖ਼ਤਮ ਨਹੀਂ ਕਰਨਾ ਚਾਹੁੰਦੀ ਪਰ ਕਮਜ਼ੋਰ ਜ਼ਰੂਰ ਕਰਨਾ ਚਾਹੁੰਦੀ ਹੈ। ਕਿਉਂਕਿ ਹੁਣ 'ਆਪ' ਇੰਡੀਆ ਗੁੱਟ ਤੋਂ ਪੂਰੀ ਤਰ੍ਹਾਂ ਬਾਹਰ ਹੈ। ਇਸ ਲਈ ਉਹ ਹੁਣ ਕਾਂਗਰਸ ਦੀ ਥਾਂ ਕੁਝ ਥਾਵਾਂ 'ਤੇ ਭਾਜਪਾ ਦੀਆਂ ਵੋਟਾਂ ਵੀ ਖ਼ਰਾਬ ਕਰ ਸਕਦੀ ਹੈ।

ਭਾਜਪਾ ਪੰਜਾਬ ਪ੍ਰਤੀ ਕਿੰਨੀ ਕੁ ਗੰਭੀਰ ਹੈ, ਇਸ ਦੇ ਸੰਕੇਤ ਸਤੀਸ਼ ਪੂਨੀਆ ਨੂੰ ਪੰਜਾਬ ਭਾਜਪਾ ਦਾ ਇੰਚਾਰਜ ਲਾਉਣ, ਪੰਜਾਬ ਦੇ ਮਨਪ੍ਰੀਤ ਸਿੰਘ ਬਾਦਲ ਅਤੇ ਤਰੁਣ ਚੁੱਘ ਦੀਆਂ ਨਿਯੁਕਤੀਆਂ ਤੋਂ ਮਿਲਦਾ ਹੈ। ਪਰ ਸਭ ਤੋਂ ਵੱਡੀ ਖ਼ਬਰ ਤੇ ਸੰਕੇਤ ਇਹ ਹੈ ਕਿ ਪੰਜਾਬ ਭਾਜਪਾ ਦੀ ਸਮੁੱਚੀ ਚੋਣ ਮੁਹਿੰਮ ਦਾ ਇੰਚਾਰਜ ਪ੍ਰਧਾਨ

**(ਬਾਕੀ ਅਗਲੇ ਸਫੇ 'ਤੇ)**

# 'ਪੌਣਾ ਮੀਲ ਸਰਹੱਦ'

'ਪੌਣਾ ਮੀਲ ਸਰਹੱਦ' ਸੁਰਿੰਦਰ ਗਿੱਲ ਜੈਪਾਲ ਦੀ ਕਵਿਤਾ+ਵਾਰਤਕ ਦੇ ਸੁੰਦਰ ਸੰਜੋਗ ਵਿਚੋਂ ਪੈਦਾ ਹੋਈ ਕਿਤਾਬ ਹੈ। ਉਹ ਮੂਲ ਤੌਰ 'ਤੇ ਸ਼ਾਇਰਾ ਹੈ। ਇਸਤੋਂ ਪਹਿਲਾਂ ਉਹਦਾ ਕਾਵਿ-ਸੰਗ੍ਰਹਿ 'ਇੱਕ ਸਫ਼ਾ ਮੇਰਾ ਵੀ' ਪ੍ਰਕਾਸ਼ਿਤ ਹੋ ਚੁੱਕਾ ਹੈ। ਲੰਮੇ ਸਾਹਿਤਕ ਸਫ਼ਰ ਦੌਰਾਨ ਉਹਦੀ ਇਹ ਦੂਜੀ ਪੁਸਤਕ ਹੈ। ਇਸਤੋਂ ਪਤਾ ਲੱਗਦਾ ਹੈ ਕਿ ਉਹ ਸੰਜਮ ਨਾਲ ਲਿਖਣ ਵਾਲੀ ਲੇਖਿਕਾ ਹੈ। ਉਸ ਵਿਚ ਲਿਖਣ ਅਤੇ ਛਪਣ ਦੀ ਕਾਹਲ ਨਹੀਂ। ਅਜਿਹੇ ਲੇਖਕ ਦੌੜਨ ਨਾਲੋਂ, ਠਹਿਰ ਕੇ, ਹਾਲਾਤ ਦੇ ਡੂੰਘ ਵਿਚ ਉਤਰਨ ਦੇ ਸਿਰਜਣਾਤਮਕ ਯਤਨ ਵਿਚ ਲੱਗੇ ਰਹਿੰਦੇ ਹਨ। ਹਥਲੀ ਪੁਸਤਕ ਵੀ ਏਸੇ ਡੂੰਘ ਵਿਚੋਂ ਉਪਜੀ ਸਿਰਜਣਾ ਹੈ। ਸੱਚ, ਸੁਹਜ, ਸੰਜਮ, ਸੰਖੇਪਤਾ ਤੇ ਸੰਵੇਦਨਾ ਇਸ ਪੁਸਤਕ ਦੇ ਖ਼ਮੀਰ ਵਿਚ ਰਚੀਆਂ ਵੱਸੀਆਂ ਹਨ।



'ਪੌਣਾ ਮੀਲ ਸਰਹੱਦ' ਸੰਤਾਲੀ ਦੀ ਵੰਡ ਦੀ ਦਰਦ-ਕਹਾਣੀ ਹੈ। ਇਹ ਜ਼ਿਲ੍ਹਾ ਮੁਲਤਾਨ ਦੀ ਤਹਿਸੀਲ ਖਾਨੇਵਾਲ ਦੇ ਪਿੰਡ 'ਤਿੰਨ ਕੱਸੀ' ਤੋਂ

**ਰਜਵੰਤ ਕੌਰ ਸੰਧੂ**
ਫੋਨ: 97790-11385, 98726-02296

## ਪੁਸਤਕ ਸਮੀਖਿਆ

ਸੁਰਿੰਦਰ ਦੇ ਪਰਿਵਾਰ ਦੇ ਉਜਾੜੇ ਦੀ ਦਾਸਤਾਨ ਹੈ। ਉਹਦੀ ਇੱਕ ਕਵਿਤਾ ਵਿਚ ਬਹੁਤ ਠੀਕ ਆਖਿਆ ਗਿਆ ਹੈ ਕਿ ਪੰਜਾਬੀਆਂ ਲਈ 'ਸੰਤਾਲੀ' ਇੱਕ ਹਿੰਦਸਾ ਨਹੀਂ, ਇੱਕ ਹਾਦਸਾ ਬਣ ਚੁੱਕਾ ਹੈ।

ਚੁੱਲ੍ਹੇ 'ਤੇ ਰੋਟੀ ਪਕਾਉਂਦਿਆਂ
ਬੀਬੀ ਸਾਨੂੰ ਗਿਣਤੀ ਸਿਖਾਉਂਦੀ
ਇੱਕ ਦਾ ਏਕਾ...
ਦੋ ਦਾ ਦੂਆ...
ਚਾਲੀ ਸੱਤ ਸੰਤਾਲੀ ਉਤੇ
ਸਦ ਅਟਕ ਜਾਂਦੀ
ਬੀਬੀ ਵਾਸਤੇ :ਸੰਤਾਲੀ
ਹਿੰਦਸਾ ਨਹੀਂ
ਹਾਦਸਾ ਸੀ।

ਸ਼ਾਇਦ ਹੀ ਕੋਈ ਪੰਜਾਬੀ ਪਰਿਵਾਰ ਹੋਵੇ, ਜਿਸ ਦਾ ਆਪਣਾ ਜਾਂ ਆਪਣੇ ਕਿਸੇ ਸਕੇ ਸੋਦਰੇ ਦਾ ਇਸ ਹਾਦਸੇ ਨਾਲ ਵਾਸਤਾ ਨਾ ਪਿਆ ਹੋਵੇ। ਇਹ ਹਾਦਸਾ ਅਜਿਹਾ ਨਾਸੂਰ ਹੈ ਜੋ ਕਈ ਦਹਾਕਿਆਂ ਬਾਅਦ ਵੀ ਦੋਵਾਂ ਪਾਸਿਆਂ ਦੇ ਪੰਜਾਬੀਆਂ ਦੇ ਦਿਲਾਂ ਵਿਚ ਰਿਸਦਾ ਪਿਆ ਹੈ। ਜਿਸ ਪੀੜ੍ਹੀ ਨੇ ਇਹ ਦਰਦ ਆਪਣੇ ਤਨ-ਮਨ 'ਤੇ ਹੰਢਾਇਆ, ਉਹ ਤਾਂ ਹੌਲੀ-ਹੌਲੀ ਜੀਵਨ-ਦ੍ਰਿਸ਼ ਤੋਂ ਓਹਲੇ ਹੁੰਦੀ ਜਾ ਰਹੀ ਹੈ ਪਰ ਉਸ ਪੀੜ੍ਹੀ ਦਾ ਇਹ ਦਰਦ ਦਰਿਆ ਵਾਂਗ ਲਗਾਤਾਰ ਵਹਿੰਦਾ ਆ ਰਿਹਾ ਹੈ। ਪੀੜ੍ਹੀ-ਦਰ-ਪੀੜ੍ਹੀ ਇਹ ਦਰਦ ਯਾਤਰਾ ਕਰਦਾ ਆ ਰਿਹਾ ਹੈ। ਇੰਞ ਹੀ ਸੁਰਿੰਦਰ ਗਿੱਲ ਦੇ ਦਾਦਕਿਆਂ-ਨਾਨਕਿਆਂ ਤੇ ਹੋਰ ਨਿਗਦੇ ਪਰਿਵਾਰਾਂ ਦਾ ਦਰਦ ਯਾਤਰਾ ਕਰਦਾ, ਸੁਰਿੰਦਰ ਤੱਕ ਪਹੁੰਚਦਾ ਹੈ ਤੇ ਉਸਤੋਂ ਅੱਗੇ ਉਹਦੇ ਬੱਚਿਆਂ ਤਕ ਵੀ ਪਹੁੰਚ ਜਾਂਦਾ ਹੈ। ਲੱਗਦਾ ਹੈ ਕਿ ਇਹ ਦਰਦ ਅੱਗੇ ਤੋਂ ਅੱਗੇ ਤੁਰਦਾ ਰਹਿਣਾ ਹੈ। ਮੇਰੇ ਪੁੱਤਰ ਸੁਧਨ ਨੇ ਪਾਕਿਸਤਾਨ ਜਾ ਕੇ ਸਭ ਤੋਂ ਪਹਿਲਾਂ ਆਪਣੇ ਪਿਉ-ਦਾਦੇ ਦੇ ਪਿੰਡ ਝਡਾਣੇ ਨੂੰ ਹੀ ਵੇਖਣ ਦਾ ਤਰਲਾ ਲਿਆ ਸੀ ਤੇ ਪਿੰਡ ਦੀ ਕੰਧ ਨੂੰ ਜੱਫੀ ਪਾ ਕੇ ਰੋਣ ਲੱਗ ਪਿਆ ਸੀ। ਇਹੋ ਰੋਣ ਮੈਨੂੰ ਸੁਰਿੰਦਰ ਦੇ ਬੱਚਿਆਂ ਦੇ ਸ਼ਬਦਾਂ ਵਿਚੋਂ ਡੁਲ੍ਹਦਾ ਨਜ਼ਰ ਆਉਂਦਾ ਹੈ।

ਸੁਰਿੰਦਰ ਦੀ ਧੀ ਸੰਗੀਤ ਤੂਰ ਨੂੰ ਆਪਣੀ ਮਾਂ ਦੀਆਂ ਡਾਇਰੀਆਂ ਵਿਚੋਂ ਅਣਛਪੀਆਂ ਕਵਿਤਾਵਾਂ ਲੱਭੀਆਂ। ਇਨ੍ਹਾਂ ਵਿਚੋਂ ਬਹੁਤੀਆਂ ਦੇਸ-ਵੰਡ ਦੀ ਤਰਾਸਦੀ ਨਾਲ ਜੁੜੀਆਂ ਸਨ। ਜਦੋਂ ਸੁਰਿੰਦਰ ਨੇ ਕਵਿਤਾਵਾਂ ਨੂੰ ਕਿਤਾਬੀ ਰੂਪ ਵਿਚ ਛਾਪਣ ਦਾ ਫ਼ੈਸਲਾ ਕੀਤਾ ਤਾਂ ਸੰਗੀਤ ਤੇ ਉਹਦੇ ਪਤੀ ਨੇ ਕੇਵਲ ਸੰਤਾਲੀ ਦੇ ਦੁਖਾਂਤ ਨਾਲ ਸੰਬੰਧਿਤ ਕਵਿਤਾਵਾਂ ਹੀ ਇੱਕ ਥਾਂ ਇਕੱਠੀਆਂ ਕਰ ਕੇ ਛਾਪਣ ਦੀ ਸਲਾਹ ਦਿੱਤੀ। ਇਹ ਗੱਲ ਇਸ ਗੱਲ ਵੱਲ ਸੰਕੇਤ ਹੈ ਕਿ ਮਾਂ ਦੀਆਂ ਇਨ੍ਹਾਂ ਕਵਿਤਾਵਾਂ ਵਿਚਲਾ ਦਰਦ ਉਨ੍ਹਾਂ ਦੇ ਧੁਰ ਅੰਦਰ ਲਹਿ ਚੁੱਕਾ ਸੀ। ਏਸੇ ਨੂੰ ਮੈਂ ਪੀੜ੍ਹੀ-ਦਰ-ਪੀੜ੍ਹੀ ਤੁਰਦੇ ਦਰਦ ਦੀ ਸੰਗਿਆ ਦਿੱਤੀ ਹੈ। ਇੱਕ ਗੱਲ ਹੋਰ ਵੀ ਸੰਗੀਤ ਦੀ ਲਿਖਤ ਵਿਚੋਂ ਉਭਰਦੀ ਹੈ ਕਿ ਕੋਈ ਰਚਨਾ ਨਿਰੋਲ ਰੱਬੋਂ ਉਤਰੀ ਜਾਂ ਇਲਹਾਮੀ ਸਿਰਜਣਾ ਨਹੀਂ ਹੁੰਦੀ, ਸਗੋਂ, ਕਿਸੇ ਰਚਨਾ ਦਾ ਆਕਾਰ ਕਈ ਵਾਰ ਢਾਹੁਣ, ਬਣਾਉਣ ਵਿਚੋਂ ਹੀ ਉਭਰਦਾ ਹੈ।

ਸੰਗੀਤ ਤੂਰ ਆਪਣੀ ਮਾਂ ਦੀਆਂ ਕਵਿਤਾਵਾਂ ਦੇ ਹਵਾਲੇ ਨਾਲ ਇਸ ਪੁਸਤਕ ਦਾ ਕੇਂਦਰੀ ਸੂਤਰ ਪਕੜਦੀ ਹੈ।

ਉਹ ਲਿਖਦੀ ਹੈ:-ਇਹਦੇ ਵਿਚ ਮੇਰੀ ਮਾਂ ਦੇ ਬਚਪਨ ਦੇ ਉਹ ਟੋਟੇ ਵੀ ਹਨ, ਜੋ ਉਨ੍ਹਾਂ ਦੇ ਪਰਿਵਾਰਾਂ ਦੇ ਵੰਡ-ਵਿਛੋੜੇ, ਤੋੜ-ਮਰੋੜੇ ਦਰਦਾਂ ਦੇ ਬਿਆਨ ਹਨ। ਕੁਝ ਨਕਸ਼ੇ ਹਨ ਜੋ ਪਰਿਵਾਰਾਂ ਦੀਆਂ ਸੰਤਾਲੀ ਦੀ ਸਰਹੱਦ ਦੇ ਉਰਲੇ ਤੇ ਪਰਲੇ ਪਾਸੇ ਦੀਆਂ ਪੈੜਾਂ ਹਨ।'

ਸੰਗੀਤ ਦੇ ਪਤੀ ਜਸਦੀਪ ਨੇ ਇੱਕ ਨਕਸ਼ਾ ਵੀ ਤਿਆਰ ਕੀਤਾ ਹੈ ਜੋ 3 ਕੱਸੀ ਜਦੀਦ ਤੋਂ ਚੱਲ ਕੇ ਕਈ ਵਲ-ਵਲੇਵੇਂ ਖਾਂਦਾ, ਉਨ੍ਹਾਂ ਦੇ ਵਰਤਮਾਨ ਪਿੰਡ ਤੱਕ ਪਹੁੰਚਦਾ ਹੈ। ਮਨਾਂ 'ਤੇ ਵਗੇ ਨਕਸ਼ੇ ਕਦੀ ਮਿਟਦੇ ਨਹੀਂ, ਜਿਵੇਂ ਸੰਤਾਲੀ ਦੀ ਪੀੜ ਨਹੀਂ ਮਿਟਦੀ।

ਪੁਸਤਕ ਵਿਚ ਇੱਕ ਬਿਰਤਾਂਤ ਸੁਰਿੰਦਰ ਦੀ ਭੂਆ ਦੇ ਦਿਉਰ ਬਲਕਾਰ ਸਿੰਘ ਦਾ ਲਿਖਿਆ ਹੋਇਆ ਹੈ, ਜਿਸ ਵਿਚ ਉਹ ਪਾਕਿਸਤਾਨ ਵਿਚੋਂ ਉਜੜ ਕੇ ਆਏ ਕਾਫ਼ਲੇ ਦੇ ਵੱਢੇ-ਟੁੱਕੇ ਜਾਣ ਦੇ ਦਰਦਨਾਕ ਦ੍ਰਿਸ਼ ਨੂੰ ਬਿਆਨਦਾ ਹੈ। ਕਾਫ਼ਿਲਾ ਸੁਲੇਮਾਨ ਹੈਡ ਤੋਂ ਪਾਰ ਹੋ ਕੇ ਹਿੰਦੁਸਤਾਨ ਵਿਚ ਪਹੁੰਚਣ ਵਾਲਾ ਹੀ ਹੈ ਕਿ ਸਰਹੱਦ ਤੋਂ ਪਹਿਲਾਂ ਕਾਫ਼ਿਲੇ 'ਤੇ ਹਮਲਾ ਹੋ ਜਾਂਦਾ ਹੈ। ਅਜਿਹੇ ਹਮਲਿਆਂ ਵਿਚ ਕੀ ਕੁਝ ਹੋਇਆ ਇਹ ਬਿਆਨ ਕਰਨ ਦੀ ਲੋੜ ਨਹੀਂ। ਦੋਵੇਂ ਪਾਸਿਉਂ ਆ ਰਹੇ ਕਾਫ਼ਲਿਆਂ ਨਾਲ ਹੀ ਇਹ ਕੁਝ ਹੋਇਆ ਸੀ। ਏਸੇ ਕਰਕੇ ਇਹ ਇੱਕ ਬੰਦੇ, ਇੱਕ ਪਰਿਵਾਰ ਜਾਂ ਇੱਕ ਕਾਫ਼ਿਲੇ ਦੀ ਦਰਦ-ਦਾਸਤਾਨ ਨਹੀਂ। ਲੱਖਾਂ ਲੋਕਾਂ ਦੀ ਦਾਸਤਾਨ ਹੈ।

ਸੁਰਿੰਦਰ ਨੇ ਆਪਣੇ ਅੰਦਾਜ਼ ਵਿਚ ਇਹ ਦਾਸਤਾਨ ਬਿਆਨ ਕੀਤੀ ਹੈ। ਪਰ ਇਹ ਇਕੱਲੀ ਉਸਦੀ ਨਹੀਂ ਰਹਿ ਜਾਂਦੀ, ਸਗੋਂ, ਸਭਨਾਂ ਦੀ ਦਾਸਤਾਨ ਬਣ ਜਾਂਦੀ ਹੈ।

ਕਵਿਤਾ ਹੋਏ ਬੀਤੇ ਦਾ ਹੂ-ਬ-ਹੂ ਉਤਾਰਾ ਨਹੀਂ ਹੁੰਦੀ ਸਗੋਂ ਪ੍ਰਾਪਤ ਅਨੁਭਵ ਨੂੰ ਕਸ਼ੀਦ ਕਰਕੇ ਚਿੰਨ੍ਹਾਂ ਤੇ ਬਿੰਬਾਂ ਵਿਚ ਢਾਲਣ ਦਾ ਨਾਮ ਹੈ। ਬਲਕਾਰ ਸਿੰਘ ਦੇ ਲਿਖੇ ਬਿਰਤਾਂਤ ਵਿਚ ਇੱਕ ਵੇਰਵਾ ਆਉਂਦਾ ਹੈ ਕਿ ਕਾਫ਼ਿਲੇ ਵਿਚ ਛੋਟੀ ਬੱਚੀ ਹਮਲੇ ਦੌਰਾਨ ਮਰ ਚੁੱਕੀ ਮਾਂ ਦਾ ਦੁੱਧ ਚੁੰਘ ਰਹੀ ਹੈ। ਇਸ ਤ੍ਰਾਸਦਿਕ ਦ੍ਰਿਸ਼ ਨੂੰ ਜਿਸ ਕਾਵਿਕ ਹੁਨਰਮੰਦੀ ਨਾਲ ਸੁਰਿੰਦਰ ਨੇ ਬਿਆਨ ਕੀਤਾ ਹੈ, ਉਹਦਾ ਨਮੂਨਾ ਵੇਖੋ:

ਮੱਠੀ ਚਾਲੇ ਗੱਡਿਆਂ ਉਤੇ
ਜਾਣ ਕਾਫ਼ਿਲੇ ਕੁੰਗੜੇ ਹੋਏ
ਜੋਰ-ਧਿਗਾਣੇ, ਨਵੇਂ ਪੁਰਾਣੇ
ਬਾਹਾਂ ਵਾਲੇ ਬਿਰਖ ਜਾਂ ਕੋਹੇ
ਮਰੀਆਂ ਹੋਈਆਂ ਨਾਲ ਟਾਹਣੀਆਂ
ਫੁੱਲ ਅਜੇ ਵੀ ਚਿੰਮੜੇ ਹੋਏ।

ਇੰਞ ਹੀ 'ਵੇਲਾ ਮਾੜਾ' ਕਵਿਤਾ ਵਿਚ ਉਸ ਹਕੀਕਤ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਜਦੋਂ ਮਜ਼੍ਹਬ ਦਿਲਾਂ ਵਿਚੋਂ ਨਿਕਲ ਕੇ ਸਿਰਾਂ 'ਤੇ ਸਵਾਰ ਹੋ ਗਿਆ ਸੀ। ਸੁਰਿੰਦਰ ਲਿਖਦੀ ਹੈ:

ਮਸਤਕ ਵਿਚੋਂ ਸ਼ਬਦ ਦਾ ਚਾਨਣ
ਕਿਸਰਾਂ ਡੁੱਲ੍ਹ ਗਿਆ
ਲਟ ਲਟ ਜਗਦੇ ਬੰਦੇ ਵਿਚੋਂ
ਆਪੇ ਬੰਦਾ ਕਿੰਦਾਂ ਬੁਝ ਗਿਆ।


ਇਹ ਪੁਸਤਕ ਬੰਦੇ ਅੰਦਰੋਂ ਬੁਝ ਗਏ ਬੰਦੇ ਨੂੰ ਮੁੜ ਜਗਾਉਣ ਦਾ ਸਾਹਿਤਕ ਉੱਦਮ ਹੈ। ਇਹ ਕਵਿਤਾ ਅਹਿਸਾਸ ਕਰਾਉਂਦੀ ਹੈ ਕਿ ਇਹ ਦਰਦ ਜਗਦਾ-ਜਾਗਦਾ ਰਹਿਣਾ ਚਾਹੀਦਾ ਹੈ ਤਾਂ ਕਿ ਸਾਡੀ ਸੰਵੇਦਨਾ ਜਗਦੀ-ਜਾਗਦੀ ਰਹੇ। ਅਸੀਂ ਪੱਥਰ ਨਾ ਹੋ ਜਾਈਏ। ਸੰਵੇਦਨਾ ਜਾਗਦੀ ਰਹੇਗੀ ਤਾਂ ਅਸੀਂ ਉਨ੍ਹਾਂ ਚਾਲਾਂ ਜਾਂ ਸਾਜ਼ਿਸ਼ਾਂ ਤੋਂ ਸੁਚੇਤ ਰਹਾਂਗੇ ਜਿਹੜੀਆਂ ਅੱਜ ਵੀ ਸੁੱਖੀ-ਸਾਂਦੀ ਵੱਸਦੇ ਭਰਾਵਾਂ ਨੂੰ ਹਿੰਦੂ-ਸਿੱਖ ਤੇ ਮੁਸਲਮਾਨ ਵਿਚ ਵੰਡ ਕੇ ਲੋਕਾਂ ਦੇ ਦਿਲਾਂ ਵਿਚ ਨਫ਼ਰਤ ਦੀ ਅੱਗ ਬਾਲੀ ਜਾ ਰਹੀ ਹੈ।

'ਪੌਣਾ ਮੀਲ ਸਰਹੱਦ' ਵਰਗੀਆਂ ਰਚਨਾਵਾਂ ਇਸ ਨਫ਼ਰਤ ਦੀ ਅੱਗ 'ਤੇ ਪਿਆਰ, ਮੁਹੱਬਤ ਤੇ ਮਿਲਵਰਤਣ ਦੀ ਬਰਖਾ ਕਰਦੀਆਂ ਨੇ। ਅੱਗ ਨੂੰ ਠੰਢਾ ਕਰਦੀਆਂ ਨੇ।

ਸੁਰਿੰਦਰ ਦੀ ਕਵਿਤਾ ਦਾ ਵੇਗ ਅਜਿਹਾ ਹੈ ਕਿ ਕਈ ਕਵਿਤਾਵਾਂ ਪੜ੍ਹਦਿਆਂ ਮੈਂ ਉਨ੍ਹਾਂ ਦੇ ਨਾਲ ਹੀ ਵਹਿ ਤੁਰੀ। 'ਰਾਵੀ' ਕਵਿਤਾ ਦਾ ਆਖ਼ਰੀ ਬੰਦ ਵੇਖੋ:

ਨਾਨਕ-ਛੁਹ ਵਾਲਾ ਆਬ ਨਹੀਂ
ਸੁਰ ਹੋਈ ਰਬਾਬ ਨਹੀਂ
ਪਾਣੀ 'ਤੇ ਨਾ ਬਾਣੀ ਖੁਣੀ
ਲਹਿਰਾਂ ਉਤੇ ਹਾਲ ਦੁਹਾਈ
ਬੁੱਕ ਭਰਿਆ ਤਾਂ ਚੀਕ ਸੁਣੀ
ਕਿਹੜਾ ਪੰਖੀ ਹੋਠ ਛੁਹਾਏ।

ਇਸ ਕਵਿਤਾ ਵਿਚ ਸਾਡਾ ਸਜਿੰਦ ਇਤਿਹਾਸ ਵੀ ਹੈ, ਜਦੋਂ ਰਾਵੀ ਦੇ ਪਾਣੀਆਂ ਵਿਚ ਬਾਬੇ ਨਾਨਕ ਦੀ ਬਾਣੀ ਤੇ ਮਰਦਾਨੇ ਦੀ ਰਬਾਬ ਦਾ ਸੰਗੀਤ ਘੁਲਿਆ ਸੀ। ਜਦੋਂ ਪੰਜਾਬ ਗੁਰਾਂ ਦੇ ਨਾਂ 'ਤੇ ਜਿਉਂਦਾ ਸੀ। ਅਸੀਂ ਗੁਰੂ ਦੀ ਸਿੱਖਿਆ ਤੋਂ ਵਿਜੋਗੇ ਤੇ ਵਿਛੁੰਨੇ ਗਏ ਤਾਂ ਰਾਵੀ ਦਾ ਪਾਣੀ ਮਾਨਵੀ ਮੁਹੱਬਤ ਦੀ ਥਾਂ ਨਫ਼ਰਤ ਦੇ




ਜ਼ਹਿਰ ਨਾਲ ਭਰ ਗਿਆ। ਮੈਨੂੰ ਯਾਦ ਆਉਂਦਾ ਹੈ, ਉਹ ਲੋਕ-ਸ਼ਬਦ, ਜੋ ਅਸੀਂ ਬਚਪਨ ਵਿਚ ਗਾਇਆ ਕਰਦੀਆਂ ਸਾਂ।

ਵਗਦੀ ਏ ਰਾਵੀ
ਵਿਚ ਸੁੱਟਾਂ ਗੰਡੇਰੀਆਂ
ਅੱਗੇ ਅੱਗੇ ਬਾਬਾ ਨਾਨਕ
ਪਿੱਛੇ ਸੰਗਤਾਂ ਬਥੇਰੀਆਂ।

ਪਰ ਸੰਤਾਲੀ ਵੇਲੇ ਹਾਲਾਤ ਕੁਝ ਅਜਿਹੇ ਬਣ ਗਏ ਕਿ ਉਹ ਲੋਕ-ਸ਼ਬਦ ਵੀ ਰੋਣ ਲੱਗ ਪਿਆ।

ਵਗਦੀ ਏ ਰਾਵੀ
ਵਿਚ ਸੁੱਟਾਂ ਗੰਡੇਰੀਆਂ
ਅੱਗੇ ਅੱਗੇ ਬਾਬਾ ਨਾਨਕ
ਪਿੱਛੇ ਲਾਸ਼ਾਂ ਬਥੇਰੀਆਂ।

ਮੇਰਾ ਦਿਲ ਕਰਦਾ ਹੈ ਇੱਕ-ਇੱਕ ਕਵਿਤਾ ਨੂੰ ਲੈ ਕੇ ਉਸ ਵਿਚ ਲੁਕੇ ਰਹੱਸ ਬਾਰੇ ਗੱਲ ਕਰਾਂ। ਹਰ ਕਵਿਤਾ ਦੀ ਵਿਆਖਿਆ ਕਰਨ ਦਾ ਯਤਨ ਕਰਾਂ, ਪਰ ਇਹ ਵੀ ਲੱਗਦਾ ਹੈ ਕਿ ਇਹ ਫੁੱਲ ਦੀ ਪੱਤੀ-ਪੱਤੀ ਤੋੜ ਕੇ ਖ਼ੁਸ਼ਬੂ ਨੂੰ ਲੱਭਣ ਵਰਗੀ ਗੱਲ ਬਣ ਜਾਣੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਕਵਿਤਾ ਫੁੱਲ ਵਿਚ ਲੁਕੀ ਮਹਿਕ ਵਰਗੀ ਹੈ। ਤੁਸੀਂ ਮਹਿਕ ਨੂੰ ਸੁੰਘ ਤਾਂ ਸਕਦੇ ਹੋ ਫੜ ਨਹੀਂ ਸਕਦੇ। ਇਹ ਕਵਿਤਾ ਵਿਆਖਿਆ ਕਰਨ ਵਾਲੀ ਨਹੀਂ, ਮਹਿਸੂਸ ਕਰਨ ਵਾਲੀ, ਸੂਖਮ ਤੇ ਸੰਵੇਦਨਾ ਨੂੰ ਟੁੰਬਣ ਵਾਲੀ ਹੈ। ਇਹ ਕਵਿਤਾ ਸੁਗਮ ਸੰਗੀਤ ਵਰਗੀ ਹੈ, ਜਿਸ ਦੀਆਂ ਸੁਰਾਂ ਤੇ ਤਰੰਗਾਂ ਨੂੰ ਮਾਣਿਆ ਜਾ ਸਕਦਾ ਹੈ। ਉਹ ਅਲੌਕਿਕ ਅਨੁਭਵ ਦੀ ਵਿਆਖਿਆ ਨਹੀਂ ਹੋ ਸਕਦੀ। ਸੁਰਿੰਦਰ ਕੋਲ ਸ਼ਬਦਾਂ ਨੂੰ ਕਾਵਿਕ-ਮੁਹਾਵਰੇ ਵਿਚ ਢਾਲਣ ਦਾ ਹੁਨਰ ਹੈ ਜੋ ਕਾਵਿਕ ਹੁਸਨ ਬਣ ਕੇ ਨਮੂਦਾਰ ਹੁੰਦਾ ਹੈ।

ਇਸ ਕਵਿਤਾ ਦੀ ਇਹ ਵੀ ਖ਼ੂਬੀ ਹੈ ਕਿ ਇਹ ਸਾਨੂੰ ਦਰਦ ਦੇ ਦਰਿਆ ਵਿਚ ਡੁੱਬਣ ਨਹੀਂ ਦਿੰਦੀ। ਇਹ ਵੰਡੇ ਹੋਏ ਪੰਜਾਬ ਨੂੰ ਜੋੜਨਾ ਚਾਹੁੰਦੀ ਹੈ। ਕੰਡੇਦਾਰ ਤਾਰਾਂ ਉਤੋਂ ਦੀ ਮੁਹੱਬਤ ਦਾ ਪੁਲ ਉਸਾਰਨ ਦਾ ਹੀਲਾ ਕਰਦੀ ਹੈ।

ਸੁੱਚੇ ਸਾਹਿਤ ਦਾ ਕਾਰਜ ਹੀ ਮਨੁੱਖ ਨੂੰ ਮਨੁੱਖ ਨਾਲ ਜੋੜਨਾ ਹੈ। ਇਹ ਕਿਤਾਬ ਵੀ ਮਨੁੱਖੀ ਮਨਾਂ ਤੇ ਦੋਵਾਂ ਪੰਜਾਬਾਂ ਨੂੰ ਜੋੜਨ ਦਾ ਕੰਮ ਕਰਦੀ ਹੈ।

ਬਾਬਾ ਫ਼ਰੀਦ ਜੀ ਨੂੰ ਕਿਸੇ ਨੇ ਕੈਂਚੀ ਭੇਟ ਕੀਤੀ ਤਾਂ ਉਨ੍ਹਾਂ ਕਿਹਾ ਸੀ, 'ਮੈਨੂੰ ਕੈਂਚੀ ਨਹੀਂ, ਸੂਈ ਦਿਉ ਕਿਉਂਕਿ ਮੈਂ ਕੱਟਣ ਲਈ ਨਹੀਂ, ਸਿਊਣ ਲਈ ਆਇਆ ਹਾਂ।'

ਸੁਰਿੰਦਰ ਜੈਪਾਲ ਬਾਬਾ ਫ਼ਰੀਦ ਦੀ ਹੀ ਧੀ ਧਿਆਣੀ ਹੈ। ਉਹਦੀ ਲਿਖਤ ਦੋਵਾਂ ਮੁਲਕਾਂ ਦੇ ਆਮ ਲੋਕਾਂ ਵਿਚੋਂ ਨਫ਼ਰਤ ਦੇ ਜਜ਼ਬੇ ਨੂੰ ਹੁੰਝ ਕੇ ਪਿਆਰ ਦਾ ਬੀਜ ਬੀਜਦੀ ਹੈ। ਆਪਣੇ ਵਡੇਰਿਆਂ ਦੀਆਂ ਕਰਤੂਤਾਂ ਬਾਰੇ ਪਾਠਕ ਦੇ ਮਨ ਵਿਚ ਸ਼ਰਮਿੰਦਗੀ ਦੇ ਭਾਵ ਪੈਦਾ ਕਰਦੀ ਹੈ।

ਪਿਛਲੇ ਸਾਲਾਂ ਵਿਚ ਅਸੀਂ ਸੁਣਿਆ-ਵੇਖਿਆ ਹੈ ਕਿ ਦੋਵਾਂ ਪੰਜਾਬਾਂ ਵਿਚ, ਖ਼ਾਸ ਤੌਰ 'ਤੇ ਪੱਛਮੀ ਪੰਜਾਬ ਵਿਚ ਯੂਟਿਊਬਰਾਂ ਨੇ ਬੜਾ ਸਾਰਥਕ ਕੰਮ ਕੀਤਾ ਹੈ। ਉਨ੍ਹਾਂ ਨੇ ਸੰਤਾਲੀ ਤੋਂ ਬਾਅਦ ਵਿਛੜ ਚੁੱਕੇ ਕਈ ਪਰਿਵਾਰਾਂ ਨੂੰ ਮਿਲਾਇਆ ਹੈ। ਅਸੀਂ ਜਦੋਂ ਉਨ੍ਹਾਂ ਲੋਕਾਂ ਦੀ ਦਰਦ ਕਹਾਣੀ ਸੁਣਦੇ ਹਾਂ ਤਾਂ ਸਾਡਾ ਕਾਲਜਾ ਹਿੱਲ ਜਾਂਦਾ ਹੈ। 'ਪੌਣਾ ਮੀਲ ਸਰਹੱਦ' ਵੀ ਕਾਲਜਾ ਹਿਲਾ ਦੇਣ ਵਾਲੀ ਰਚਨਾ ਹੈ। ਇਸ ਵਿਚ ਨਿੱਕੇ-ਨਿੱਕੇ ਬਿਰਤਾਂਤ ਵੀ ਹਨ ਤੇ ਨਾਲ ਹੀ ਨਿੱਕੀਆਂ-ਨਿੱਕੀਆਂ ਕਵਿਤਾਵਾਂ। ਪਰ ਇਹ ਵੇਖਣ ਨੂੰ ਹੀ ਨਿੱਕੀਆਂ ਨੇ, ਇਨ੍ਹਾਂ ਵਿਚਲੀ ਪੀੜ ਬੜੀ ਲੰਮੀ ਹੈ। ਇਹ ਪੀੜ ਪੌਣਾ ਮੀਲ ਨਹੀਂ, ਹਜ਼ਾਰਾਂ ਮੀਲ ਲੰਮੀ ਹੈ।

ਇਸ ਪੁਸਤਕ ਦਾ ਆਕਾਰ ਨਿੱਕਾ ਜਿਹਾ ਹੈ, ਪਰ ਇਸ ਵਿਚਲਾ ਦਰਦ, ਸੱਚ ਨਿੱਕਾ ਨਹੀਂ, ਬਹੁਤ ਵੱਡਾ ਹੈ। ਵੱਡੇ ਸੱਚ ਨੂੰ ਨਿੱਕੇ ਕੁੱਜੇ ਵਿਚ ਸਮੇਟ ਲੈਣਾ ਹੀ ਇਸ ਪੁਸਤਕ ਦੀ ਰਚਨਾਤਮਕ ਵਡਿਆਈ ਹੈ।

ਇਸ ਪੁਸਤਕ ਵਿਚ ਦੋ ਨਿੱਕੀਆਂ, ਪਰ ਵੱਡੇ ਅਰਥਾਂ ਵਾਲੀਆਂ ਕਵਿਤਾਵਾਂ ਹਨ।

ਤਾਂਘ ਲਹੌਰ ਦੀ
ਸੋਹਣੀਏ ਅਟਾਰੀਏ ਨੀਂ
ਜਾਨ ਤੋਂ ਪਿਆਰੀਏ ਨੀਂ
ਲਹੌਰ ਪਏ ਸੁਫ਼ਨੇ ਨੂੰ
ਮਿਲਣੇ ਦੀ ਤਾਂਘ ਏ
ਦੱਸ ਖਾਂ ਰਕਾਨੇ
ਕਿੰਨੇ ਫ਼ਰਲਾਂਗ ਏ...?

ਕਾਗ਼ਜ਼ ਜੇ ਵੱਲ ਨੇ
ਤਾਂ ਇੱਕ ਹੀ ਉਲਾਂਘ ਏ
ਜੇ ਹਾਕਮਾਂ ਦੇ ਦਿਲਾਂ ਵਿਚ ਸੋੜ ਏ
ਤੇ ਬੋਲ ਵਿਚ ਕੌੜ ਏ
ਸੁਣ ਭਾਗਵਾਨੇ
ਅਮਿਣਵਾਂ ਲਹੌਰ ਏ।

ਕਵਿਤਾ ਸੰਕੇਤ ਕਰਦੀ ਹੈ ਕਿ ਦੋਵਾਂ ਮੁਲਕਾਂ ਦੇ ਹਾਕਮ ਚਾਹੁਣ ਤਾਂ ਆਉਣ-ਜਾਣ ਦੀ ਖੁੱਲ੍ਹ ਦੇ ਸਕਦੇ ਹਨ। ਭਰਾਵਾਂ ਨੂੰ ਭਰਾਵਾਂ ਨਾਲ ਮਿਲਣ ਦਾ ਮੌਕਾ ਮੁਹੱਈਆ ਕਰ ਸਕਦੇ ਹਨ। ਪਿਆਰ-ਮੁਹੱਬਤ, ਸਾਂਝ ਤੇ ਆਪਸੀ ਰਵਾਦਾਰੀ ਦਾ ਮਾਹੌਲ ਸਿਰਜ ਸਕਦੇ ਹਨ। ਪਰ ਉਨ੍ਹਾਂ ਅੰਦਰ ਪਈ ਕੌੜ ਅਟਾਰੀ ਦਾ ਰਾਹ ਖੁੱਲ੍ਹਣ ਨਹੀਂ ਦਿੰਦੀ।

ਲਹੌਰ ਬਾਰੇ ਕਦੀ ਸੂਬਾ ਸਿੰਘ ਨੇ ਲਿਖਿਆ ਸੀ, 'ਸ਼ਹਿਰ ਲਹੌਰੋਂ ਅੰਬਰਸਰ ਦਾ, ਕਿੰਨਾਂ ਪੈਂਡਾ ਘਰ ਤੋਂ ਘਰ ਦਾ!' ਲਹੌਰ ਤੇ ਅੰਬਰਸਰ ਵਿਚ ਆਉਣਾ-ਜਾਣਾ ਆਪਣੇ ਘਰ ਆਉਣ ਜਾਣ ਵਰਗਾ ਸੀ। ਪਰ ਹਾਕਮਾਂ ਦੀ ਹੱਦ ਨੇ ਇਨ੍ਹਾਂ ਨੂੰ ਕਿੰਨਾ ਦੂਰ ਕਰ ਦਿੱਤਾ ਹੈ। ਇਹ ਕਵਿਤਾ ਇਸ 'ਦੂਰੀ' ਦੇ ਬਾਵਜੂਦ ਵੀ ਅੰਬਰਸਰ ਤੋਂ ਲਹੌਰ ਜਾਣ ਦਾ ਸੁਫਨਾ ਜਿਉਂਦਾ ਰੱਖਦੀ ਹੈ। ਕਿਉਂਕਿ

ਇੱਕ ਸੁਫ਼ਨਾ ਲਹੌਰ ਪਿਆ
ਅਟਾਰੀਏ ਨੀ ਰਾਹ ਛੱਡ ਦੇ
ਸਾਨੂੰ ਮਿਲਣੇ ਦਾ ਹੌਲ ਪਿਆ।

'ਪੌਣਾ ਮੀਲ ਸਰਹੱਦ' ਦੀ ਕਵਿਤਾ ਦੀ ਵਿਸ਼ੇਸ਼ਤਾ ਇਸ ਸੁਪਨੇ ਨੂੰ ਜਿਉਂਦਾ ਰੱਖਣ ਵਿਚ ਹੈ। ਇਹ ਸੁਫ਼ਨਾ ਇਕੱਲਾ ਸੁਰਿੰਦਰ ਦਾ ਹੀ ਨਹੀਂ, ਆਪਣੀਆਂ ਪੁਰਾਣੀਆਂ ਧਰਤੀਆਂ ਤੋਂ ਵਿਛੜ ਚੁੱਕੇ ਸਭਨਾਂ ਲੋਕਾਂ ਦਾ ਹੈ। ਮੈਨੂੰ ਵੀ ਸਾਰੀ ਉਮਰ ਲਹੌਰ ਨੂੰ ਮਿਲਣ ਦਾ ਸੁਫ਼ਨਾ ਹੌਲ ਪਾਉਂਦਾ ਰਿਹਾ। ਪਰ ਅਟਾਰੀ ਰਾਹ ਨਹੀਂ ਸੀ ਛੱਡ ਰਹੀ।

ਇਸ ਕਵਿਤਾ ਦੀ ਵਿਸ਼ੇਸ਼ਤਾ ਹੈ ਕਿ ਇਹ ਸੁਫ਼ਨੇ ਨੂੰ ਜਿਉਂਦਾ ਰੱਖਦੀ ਹੈ। ਸੁਪਨੇ ਦਾ ਮਰਨਾ ਬਹੁਤ ਖ਼ਤਰਨਾਕ ਹੁੰਦਾ ਹੈ। ਪਾਸ਼ ਨੇ ਵੀ ਕਿਹਾ ਸੀ, 'ਸਭ ਤੋਂ ਖ਼ਤਰਨਾਕ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ!'

ਮੈਂ ਸੁਰਿੰਦਰ ਗਿੱਲ ਨੂੰ ਇਹ ਸੁਪਨਾ ਜਿਉਂਦਾ ਰੱਖਣ ਦੀ ਵਧਾਈ ਦਿੰਦੀ ਹਾਂ।

ਤੁਸੀਂ ਵੀ ਇਸ ਸੁਪਨੇ ਨਾਲ ਜੁੜਨਾ ਚਾਹੁੰਦੇ ਹੋ ਤਾਂ ਇਸ ਕਵਿਤਾ ਨੂੰ ਜ਼ਰੂਰ ਪੜ੍ਹੋ।

---

*(ਪਿਛਲੇ ਸਫੇ ਦਾ ਬਾਕੀ)*

ਮੰਤਰੀ ਦੇ ਅਤਿ ਵਿਸ਼ਵਾਸਪਾਤਰ ਗੁਜਰਾਤ ਭਾਜਪਾ ਦੇ ਪ੍ਰਧਾਨ ਰਹੇ ਕੇਂਦਰੀ ਮੰਤਰੀ ਚੰਦਰਕਾਂਤ ਰਘੁਨਾਥ ਪਾਟਿਲ ਨੂੰ ਲਾਇਆ ਜਾ ਰਿਹਾ ਹੈ। ਉਹ ਪ੍ਰਧਾਨ ਮੰਤਰੀ ਦੀ ਆਪਣੀ ਚੋਣ ਮੁਹਿੰਮ ਦੇ ਵੀ ਇੰਚਾਰਜ ਰਹੇ ਹਨ। ਸੋ, ਹੁਣ ਇਕੱਲੇ ਅਮਿਤ ਸ਼ਾਹ ਹੀ ਪੰਜਾਬ ਨੂੰ ਨਹੀਂ ਦੇਖਣਗੇ ਸਗੋਂ ਪ੍ਰਧਾਨ ਮੰਤਰੀ ਖੁਦ ਪੰਜਾਬ ਦੀ ਦੇਖ-ਰੇਖ ਕਰਨਗੇ ਅਤੇ ਅਕਾਲੀ ਦਲ ਨਾਲ ਚੋਣ ਸਮਝੌਤਾ ਕਰਨ ਜਾਂ ਨਾ ਕਰਨ ਦਾ ਫੈਸਲਾ ਲੈਣਗੇ। ਪਰ ਅਫਸੋਸ ਦੀ ਗੱਲ ਹੈ ਕਿ ਹਰ ਪਾਰਟੀ ਤੇ ਲੋਕ ਸਿਰਫ਼ ਇਸ ਗੱਲ ਦੀ ਹੀ ਚਰਚਾ ਕਰ ਰਹੇ ਹਨ ਕਿ ਪੰਜਾਬ ਵਿਚ ਅਗਲੀ ਸਰਕਾਰ ਕਿਸ ਦੀ ਬਣੇਗੀ, ਪਰ ਕਿਸੇ ਨੂੰ ਫਿਕਰ ਨਹੀਂ ਕਿ ਡੁੱਬ ਰਹੇ ਪੰਜਾਬ ਦਾ ਕੀ ਬਣੇਗਾ।

ਬਾਤ ਕੁਰਸੀ ਕੀ ਬਹੁਤ ਗਰਮ ਹੈ ਚੌਰਾਹੀਂ ਪਰ
ਡੂਬਤੇ ਗਾਂਵ ਕੀ ਕਰਤਾ ਨਹੀਂ ਚਰਚਾ ਕੋਈ।

(ਓਂਕਾਰ ਗੁਲਸ਼ਨ)


**ਵੰਦੇ ਮਾਤਰਮ ਗੀਤ ਤੇ ਕਾਂਗਰਸ**

ਕਾਂਗਰਸ ਵਰਕਿੰਗ ਕਮੇਟੀ ਨੇ ਫੈਸਲਾ ਲਿਆ ਹੈ ਕਿ 1937 ਦੀ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਜਿਸ ਵਿਚ ਰਾਬਿੰਦਰ ਨਾਥ ਟੈਗੋਰ ਦੀ ਸਲਾਹ ਨਾਲ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਸੁਭਾਸ਼ ਚੰਦਰ ਬੋਸ ਅਤੇ ਹੋਰ ਪ੍ਰਮੁੱਖ ਨੇਤਾਵਾਂ ਨੇ ਫੈਸਲਾ ਲਿਆ ਸੀ ਕਿ ਵੰਦੇ ਮਾਤਰਮ ਗੀਤ ਦੇ ਸਿਰਫ਼ ਪਹਿਲੇ ਦੋ ਪੈਰ੍ਹੇ ਹੀ ਗਾਏ ਜਾਇਆ ਕਰਨਗੇ, ਉਪਰ ਹੁਣ ਵੀ ਅਮਲ ਕੀਤਾ ਜਾਵੇਗਾ। ਇਸ ਦਾ ਕਾਰਨ ਇਹੀ ਸੀ ਕਿ ਪਹਿਲੇ ਦੋ ਪੈਰ੍ਹੇ ਮਾਤ ਭੂਮੀ, ਨਦੀਆਂ, ਫਸਲਾਂ ਤੇ ਖ਼ੁਸ਼ਹਾਲੀ ਦੀ ਉਸਤਤ ਵਿਚ ਸਨ ਤੇ ਬਾਕੀ ਪਹਿਰੇ ਹਿੰਦੂ ਦੇਵੀਆਂ ਦੀ ਪੂਜਾ ਲਈ ਸਨ। ਸਾਨੂੰ ਹਿੰਦੂ ਦੇਵੀ ਦੇਵਤਿਆਂ ਦੀ ਉਸਤੁਤ 'ਤੇ ਕੋਈ ਇਤਰਾਜ਼ ਨਹੀਂ ਤੇ ਨਾ ਹੀ ਕਿਸੇ ਹੋਰ ਨੂੰ ਇਤਰਾਜ਼ ਹੋਣਾ ਚਾਹੀਦਾ ਹੈ ਹੈ ਪਰ ਕਿਸੇ ਦੂਜੇ ਧਰਮ ਦੇ ਲੋਕਾਂ ਨੂੰ ਕਿਸੇ ਹੋਰ ਧਰਮ ਦੇ ਮਹਾਂਪੁਰਸ਼ਾਂ ਦੀ ਉਸਤੁਤ ਕਰਨ ਲਈ ਮਜਬੂਰ ਕਰਨਾ ਲੋਕਰਾਜ ਦੇ ਅਨੁਕੂਲ ਨਹੀਂ ਹੈ। ਭਾਜਪਾ ਨੇ 'ਪ੍ਰੀਵੈਨਸ਼ਨ ਆਫ਼ ਇਨਸਲਟ ਟੂ ਨੈਸ਼ਨਲ ਆਨਰ (ਅਮੈਂਡਮੈਂਟ) ਐਕਟ 2026' ਬਣਾ ਕੇ ਇਸ ਗੀਤ ਨੂੰ ਰਾਸ਼ਟਰੀ ਗਾਣ 'ਜਨ ਗਣ ਮਨ' ਵਾਂਗ ਕਾਨੂੰਨੀ ਸੁਰੱਖਿਆ ਦੇ ਦਿੱਤੀ ਹੈ, ਜਿਸ ਅਧੀਨ ਇਸ ਦੇ ਗਾਉਣ ਵਿਚ ਵਿਘਨ ਪਾਉਣ 'ਤੇ ਤਿੰਨ ਸਾਲ ਕੈਦ ਤੇ ਜੁਰਮਾਨਾ ਹੋ ਸਕਦਾ ਹੈ। ਇਸ ਨੂੰ ਭਾਜਪਾ ਦਾ ਹਿੰਦੂ ਰਾਸ਼ਟਰ ਵੱਲ ਚੁੱਕਿਆ ਇਕ ਕਦਮ ਮੰਨਿਆ ਜਾ ਰਿਹਾ ਹੈ। ਸੰਵਿਧਾਨ ਦੀ ਧਾਰਾ 25 ਧਾਰਮਿਕ ਆਜ਼ਾਦੀ ਨੂੰ ਜੋ ਮਹੱਤਵ ਦਿੰਦੀ ਹੈ, ਇਹ ਕਾਨੂੰਨ ਉਸ ਨਾਲ ਸਿੱਧਾ ਟਕਰਾਉਂਦਾ ਹੈ। ਮੁਸਲਮਾਨ ਪਹਿਲੇ 2 ਪੈਰਿਆਂ ਨੂੰ ਛੱਡ ਕੇ ਬਾਕੀ ਪੈਰ੍ਹਿਆਂ ਦਾ ਵਿਰੋਧ ਸਿਰਫ਼ ਇਕ ਖ਼ੁਦਾ ਦੀ ਉਸਤੁਤ ਦੇ ਆਧਾਰ 'ਤੇ ਕਰਦੇ ਹਨ। ਪਰ ਇਕੱਲੇ ਮੁਸਲਿਮ ਹੀ ਨਹੀਂ ਸਗੋਂ ਨਾਗਾਲੈਂਡ ਬੈਪਟਿਸਟ ਚਰਚ ਕੌਂਸਲ ਅਤੇ ਆਂਧਰਾ ਇਸਾਈ ਫੋਰਮ ਨੇ ਵੀ ਇਸ ਦਾ ਵਿਰੋਧ ਕੀਤਾ ਹੈ। ਇਸ ਵੇਲੇ ਸਿੱਖ ਲੀਡਰਸ਼ਿਪ ਅਜੇ ਭਾਵੇਂ ਇਸ ਬਾਰੇ ਪੂਰੀ ਤਰ੍ਹਾਂ ਚੁੱਪ ਹੈ ਪਰ 2006 ਵਿਚ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਨੇ ਆਪਣੇ ਸਕੂਲਾਂ ਵਿਚ ਇਸ ਨੂੰ ਗਾਉਣ ਤੋਂ ਨਾਂਹ ਕਰ ਦਿੱਤੀ ਸੀ, ਕਿਉਂਕਿ ਸਿੱਖ ਇਕ ਓਂਕਾਰ (੧ੴ) ਦੀ ਹੀ ਪੂਜਾ ਕਰਦੇ ਹਨ। ਇਸ ਤੋਂ ਬਹੁਤ ਪਹਿਲਾਂ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਵੀ ਇਸ 'ਤੇ ਇਤਰਾਜ਼ ਜਤਾ ਚੁੱਕੇ ਹਨ।

ਖ਼ੈਰ ਹੁਣ ਜਦੋਂ ਭਾਜਪਾ ਬਹੁ ਗਿਣਤੀ ਵੋਟਾਂ ਦੀ ਰਾਜਨੀਤੀ ਕਰ ਰਹੀ ਹੈ, ਉਸ ਵੇਲੇ ਕਾਂਗਰਸ ਵਲੋਂ ਇਹ ਫੈਸਲਾ ਲੈਣਾ ਇਕ ਵੱਡਾ ਕਦਮ ਹੈ ਜੋ ਕਾਂਗਰਸ ਤੇ ਸਰਕਾਰ ਵਿਚ ਸਿੱਧਾ ਟਕਰਾਅ ਪੈਦਾ ਕਰੇਗਾ ਅਤੇ ਇਹ ਦੇਸ਼ ਦੀ ਰਾਜਨੀਤੀ ਹੀ ਨਹੀਂ ਸਗੋਂ ਸਮੁੱਚੇ ਦੇਸ਼ ਨੂੰ ਪ੍ਰਭਾਵਿਤ ਕਰੇਗਾ। ਕਾਸ਼! ਅਸੀਂ ਬੀਤੇ ਸਮੇਂ ਤੋਂ ਕੋਈ ਸਬਕ ਲੈਂਦੇ ਅਤੇ ਅਜੇ ਰਾਜਨੀਤਕ ਤੇ ਧਾਰਮਿਕ ਹਿੱਤਾਂ ਨੂੰ ਤਰਜੀਹ ਦੀ ਥਾਂ ਧਾਰਮਿਕ ਬਰਾਬਰੀ ਦਾ ਰਾਹ ਅਪਨਾਉਂਦੇ ਹੋਏ 'ਸਰਬੱਤ ਦੇ ਭਲੇ' ਦੀ ਗੱਲ ਕਰਦੇ।

# ਮੇਰੀ ਜ਼ਿੰਦਗੀ ਦੀ ਦਿਸ਼ਾ ਬਦਲਣ ਵਾਲੇ — ਸ. ਬਲਵਿੰਦਰ ਸਿੰਘ 'ਏ ਵੰਨ ਕਾਰਪੇਟ'

ਕਾਮਯਾਬੀ ਦੀਆਂ ਪੌੜੀਆਂ ਚੜ੍ਹਦਿਆਂ ਅਕਸਰ ਇਨਸਾਨ ਮੰਜ਼ਿਲ ਤਾਂ ਯਾਦ ਰੱਖਦਾ ਹੈ, ਪਰ ਉਹ ਮੋਢੇ ਭੁੱਲ ਜਾਂਦਾ ਹੈ ਜਿਨ੍ਹਾਂ ਦਾ ਸਹਾਰਾ ਲੈ ਕੇ ਪਹਿਲੀ ਪੌੜੀ ਚੜ੍ਹੀ ਸੀ। ਮੈਂ ਉਨ੍ਹਾਂ ਮੋਢਿਆਂ ਨੂੰ ਕਦੇ ਨਹੀਂ ਭੁੱਲ ਸਕਦਾ।



ਅਮਰੀਕ ਸਿੰਘ 'ਅਮਰ'
ਸ਼ਿਕਾਗੋ, (ਯੂ.ਐਸ.ਏ.)
ਫੋਨ: 773-507-8043

ਅੱਜ ਮੈਂ ਆਪਣੀ ਜ਼ਿੰਦਗੀ ਦੇ ਉਸ ਸ਼ਖ਼ਸ ਬਾਰੇ ਕੁਝ ਲਿਖਣਾ ਚਾਹੁੰਦਾ ਹਾਂ, ਜਿਸ ਦਾ ਮੇਰੀ ਜ਼ਿੰਦਗੀ ਅਤੇ ਮੇਰੇ ਕਾਰੋਬਾਰੀ ਸਫ਼ਰ ਵਿਚ ਯੋਗਦਾਨ ਸਿਰਫ਼ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ—ਸ. ਬਲਵਿੰਦਰ ਸਿੰਘ 'ਏ ਵੰਨ ਕਾਰਪੇਟ', ਸ਼ਿਕਾਗੋ।

ਰਿਸ਼ਤਾ ਸਾਡਾ ਖ਼ੂਨ ਦਾ ਵੀ ਹੈ ਤੇ ਦਿਲ ਦਾ ਵੀ। ਸ. ਬਲਵਿੰਦਰ ਸਿੰਘ ਜੀ ਦੇ ਪਿਤਾ ਅਤੇ ਮੇਰੇ ਪਿਤਾ ਜੀ ਭੂਆ-ਮਾਮੇ ਦੇ ਪੁੱਤਰ ਸਨ। ਉਹ ਸ. ਭਗਵਾਨ ਸਿੰਘ ਜੀ ਦੇ ਪੋਤਰੇ ਹਨ, ਜਿਨ੍ਹਾਂ ਦਾ ਪਰਿਵਾਰ 1947 ਦੀ ਵੰਡ ਵੇਲੇ ਪਾਕਿਸਤਾਨ ਦੇ ਪਿੰਡ ਝਲਾਰ ਤੋਂ ਉੱਜੜ ਕੇ ਆਇਆ ਸੀ। ਪਰ ਮੇਰੇ ਲਈ ਬਲਵਿੰਦਰ ਸਿੰਘ ਜੀ ਦੀ ਪਛਾਣ ਰਿਸ਼ਤੇਦਾਰੀ ਤੋਂ ਕਿਤੇ ਵੱਡੀ ਹੈ—ਉਹ ਮੇਰੇ ਉਸਤਾਦ, ਮੇਰੇ ਮਾਰਗਦਰਸ਼ਕ ਅਤੇ ਕਾਰੋਬਾਰੀ ਜੀਵਨ ਦੇ ਰੋਲ ਮਾਡਲ ਹਨ।

ਅਮਰੀਕਾ ਵਿਚ ਮੇਰੀਆਂ ਸ਼ੁਰੂਆਤੀ ਕੁਝ ਰਾਤਾਂ ਮੇਰੇ ਚਾਰ ਦੋਸਤਾਂ ਸਮੇਤ ਉਨ੍ਹਾਂ ਦੇ ਘਰ ਬੀਤੀਆਂ। ਪਰ ਉਨ੍ਹਾਂ ਨੇ ਸਿਰਫ਼ ਆਪਣੇ ਘਰ ਦੇ ਦਰਵਾਜ਼ੇ ਨਹੀਂ ਖੋਲ੍ਹੇ—ਉਨ੍ਹਾਂ ਨੇ ਮੇਰੇ ਲਈ ਮੌਕਿਆਂ ਦੇ ਦਰਵਾਜ਼ੇ ਖੋਲ੍ਹੇ।

ਮੈਨੂੰ ਉਨ੍ਹਾਂ ਕੋਲ ਲਗਭਗ ਪੰਜ ਸਾਲ ਕੰਮ ਕਰਨ ਦਾ ਮੌਕਾ ਮਿਲਿਆ। ਉੱਥੇ ਮੈਂ ਸਿਰਫ਼ ਕਾਰਪੈਟ ਵੇਚਣਾ ਜਾਂ ਕਾਰੋਬਾਰ ਕਰਨਾ ਨਹੀਂ ਸਿੱਖਿਆ; ਮੈਂ ਗਾਹਕ ਨਾਲ ਰਿਸ਼ਤਾ ਬਣਾਉਣਾ, ਮਿਹਨਤ ਦੀ ਕਦਰ ਕਰਨੀ, ਲੋਕਾਂ ਵਿਚ ਆਪਣੀ ਸਾਖ਼ ਬਣਾਉਣੀ ਅਤੇ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਸਿੱਖਿਆ।

ਅੱਜ ਜੇ ਸ. ਅਮਰੀਕ ਸਿੰਘ 'ਅਮਰ' ਦਾ ਕਾਰਪੇਟ ਕਾਰੋਬਾਰ ਵਿਚ ਕੋਈ ਨਾਮ ਜਾਂ ਪਛਾਣ ਹੈ, ਤਾਂ ਉਸ ਦੀ ਨੀਂਹ ਵਿਚ ਸ. ਬਲਵਿੰਦਰ ਸਿੰਘ ਜੀ ਦੀ ਦਿੱਤੀ ਸਿੱਖਿਆ ਅਤੇ ਮੌਕਾ ਸ਼ਾਮਲ ਹੈ। ਇਹ ਕਰਜ਼ਾ ਪੈਸਿਆਂ ਨਾਲ ਨਹੀਂ ਉਤਰਦਾ; ਇਹ ਸਿਰਫ਼ ਸਾਰੀ ਉਮਰ ਸ਼ੁਕਰਗੁਜ਼ਾਰ ਰਹਿ ਕੇ ਹੀ ਮੰਨਿਆ ਜਾ ਸਕਦਾ ਹੈ।

ਉਨ੍ਹਾਂ ਦੀ ਸ਼ਖ਼ਸੀਅਤ ਸਿਰਫ਼ ਕਾਰੋਬਾਰ ਤੱਕ ਸੀਮਤ ਨਹੀਂ ਸੀ। ਸ਼ਿਕਾਗੋ ਦੇ ਭਾਰਤੀ ਭਾਈਚਾਰੇ ਵਿਚ ਉਨ੍ਹਾਂ ਦੀ ਇੱਕ ਵੱਖਰੀ ਪਛਾਣ ਰਹੀ। ਜਦੋਂ ਬਰਾਕ ਓਬਾਮਾ ਸ਼ਿਕਾਗੋ ਤੋਂ ਸੈਨੇਟਰ ਸਨ, ਬਲਵਿੰਦਰ ਸਿੰਘ ਜੀ ਦੀ ਪਾਰਖੂ ਨਜ਼ਰ ਨੇ ਬਹੁਤ ਪਹਿਲਾਂ ਕਹਿ ਦਿੱਤਾ ਸੀ ਕਿ ਇਸ ਆਗੂ ਵਿਚ ਇੱਕ ਦਿਨ ਅਮਰੀਕਾ ਦਾ ਰਾਸ਼ਟਰਪਤੀ ਬਣਨ ਦੀ ਸਮਰੱਥਾ ਹੈ।

ਉਸ ਦੌਰ ਵਿਚ ਅਸੀਂ ਮਿਲ ਕੇ ਬਰਾਕ ਓਬਾਮਾ ਲਈ ਸ਼ਿਕਾਗੋ ਦੀ ਛਲਅਰਕ ਟਰਇਟ ਉੱਤੇ ਫੰਡਰੇਜ਼ਿੰਗ ਪ੍ਰੋਗਰਾਮ ਉਲੀਕੇ ਅਤੇ ਉਨ੍ਹਾਂ ਦੀ ਸਿਆਸੀ ਮੁਹਿੰਮ ਲਈ ਵੱਡੀ ਰਕਮ ਇਕੱਠੀ ਕਰਨ ਵਿਚ ਆਪਣਾ ਯੋਗਦਾਨ ਪਾਇਆ। ਮੇਰੇ ਲਈ ਉਹ ਦਿਨ ਅੱਜ ਵੀ ਇਤਿਹਾਸ ਦੇ ਪੰਨਿਆਂ ਵਾਂਗ ਯਾਦ ਹਨ।

ਜਦੋਂ ਬਰਾਕ ਓਬਾਮਾ ਅਮਰੀਕਾ ਦੇ ਰਾਸ਼ਟਰਪਤੀ ਬਣੇ, ਉਨ੍ਹਾਂ ਵੱਲੋਂ ਬਲਵਿੰਦਰ ਸਿੰਘ ਜੀ ਅਤੇ ਉਨ੍ਹਾਂ ਨਾਲ ਕੰਮ ਕਰਨ ਵਾਲੇ ਸਾਥੀਆਂ ਦੇ ਯੋਗਦਾਨ ਨੂੰ ਯਾਦ ਕਰਨਾ ਅਤੇ ਧੰਨਵਾਦ ਕਰਨਾ ਸਾਡੇ ਲਈ ਮਾਣ ਵਾਲਾ ਪਲ ਸੀ।



ਮੇਰੀਆਂ ਯਾਦਾਂ ਵਿਚ ਇੱਕ ਹੋਰ ਬਹੁਤ ਖ਼ਾਸ ਅਧਿਆਇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਨਾਲ ਜੁੜਿਆ ਹੈ। ਉਨ੍ਹਾਂ ਦੀ ਅਮਰੀਕਾ ਯਾਤਰਾ ਦੌਰਾਨ ਬਲਵਿੰਦਰ ਸਿੰਘ ਜੀ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਮਿਲਣਾ ਅਤੇ ਬਾਅਦ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਯਾਤਰਾ ਨਾਲ ਜੁੜੇ ਡੈਲੀਗੇਸ਼ਨ ਵਿਚ ਉਨ੍ਹਾਂ ਦੀ ਸ਼ਮੂਲੀਅਤ ਮੇਰੇ ਲਈ ਉਨ੍ਹਾਂ ਦੇ ਸਮਾਜਿਕ ਅਤੇ ਸਿਆਸੀ ਕੱਦ ਦੀਆਂ ਯਾਦਗਾਰ ਨਿਸ਼ਾਨੀਆਂ ਹਨ।

ਉਨ੍ਹਾਂ ਦੀ ਬਦੌਲਤ ਮੈਨੂੰ ਵੀ ਜ਼ਿੰਦਗੀ ਵਿਚ ਅਜਿਹੇ ਮੌਕੇ ਮਿਲੇ ਜਿਨ੍ਹਾਂ ਬਾਰੇ ਇੱਕ ਆਮ ਪ੍ਰਵਾਸੀ ਸ਼ੁਰੂਆਤੀ ਦਿਨਾਂ ਵਿਚ ਸੋਚ ਵੀ ਨਹੀਂ ਸਕਦਾ। ਬਰਾਕ ਓਬਾਮਾ ਤੋਂ ਲੈ ਕੇ ਬਿੱਲ ਕਲਿੰਟਨ ਅਤੇ ਜੋਅ ਬਾਈਡਨ ਵਰਗੀਆਂ ਵੱਡੀਆਂ ਸ਼ਖ਼ਸੀਅਤਾਂ ਨੂੰ ਮਿਲਣ ਦੇ ਮੌਕੇ ਮੇਰੀਆਂ ਯਾਦਾਂ ਦਾ ਅਨਮੋਲ ਹਿੱਸਾ ਹਨ।

ਪਰ ਬਲਵਿੰਦਰ ਸਿੰਘ ਜੀ ਦੀ ਅਸਲ ਵਡਿਆਈ ਵੱਡੇ ਆਗੂਆਂ ਨਾਲ ਤਸਵੀਰਾਂ ਜਾਂ ਜਾਣ-ਪਛਾਣ ਵਿਚ ਨਹੀਂ ਸੀ।

ਉਨ੍ਹਾਂ ਦੀ ਸਭ ਤੋਂ ਵੱਡੀ ਪਛਾਣ ਇਹ ਸੀ ਕਿ ਉਨ੍ਹਾਂ ਦੇ ਦਰ ਤੋਂ ਮਦਦ ਮੰਗਣ ਆਇਆ ਇਨਸਾਨ ਖਾਲੀ ਹੱਥ ਮੁੜਦਾ ਬਹੁਤ ਘੱਟ ਸੀ।

ਕਿਸੇ ਨੂੰ ਕੰਮ ਚਾਹੀਦਾ ਸੀ, ਕਿਸੇ ਨੂੰ ਕਾਰੋਬਾਰ ਵਿਚ ਰਾਹ, ਕਿਸੇ ਨਵੇਂ ਪ੍ਰਵਾਸੀ ਨੂੰ ਸਹਾਰਾ ਅਤੇ ਕਿਸੇ ਨੂੰ ਭਾਈਚਾਰੇ ਵਿਚ ਅੱਗੇ ਵਧਣ ਲਈ ਇੱਕ ਹੱਥ—ਉਹ ਹੱਥ ਬਲਵਿੰਦਰ ਸਿੰਘ ਬਣ ਜਾਂਦੇ ਸਨ। ਇਸੇ ਲਈ ਜੇ ਮੈਂ ਉਨ੍ਹਾਂ ਨੂੰ ਆਪਣੇ ਸਮੇਂ ਦੇ ਸ਼ਿਕਾਗੋ ਦੇ ਭਾਰਤੀ ਭਾਈਚਾਰੇ ਦੀਆਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿਚੋਂ ਇੱਕ ਕਹਾਂ, ਤਾਂ ਮੇਰੇ ਲਈ ਇਹ ਕੋਈ ਅਤਿਕਥਨੀ ਨਹੀਂ।

ਸਮੇਂ ਦਾ ਦਸਤੂਰ ਬੜਾ ਅਜੀਬ ਹੈ। ਜਦੋਂ ਕੋਈ ਸ਼ਖ਼ਸ ਮਹਿਫ਼ਲਾਂ ਵਿਚ ਸਰਗਰਮ ਹੁੰਦਾ ਹੈ ਤਾਂ ਉਸ ਦੇ ਆਲੇ-ਦੁਆਲੇ ਭੀੜ ਹੁੰਦੀ ਹੈ। ਜਦੋਂ ਉਹੀ ਇਨਸਾਨ ਮਹਿਫ਼ਲਾਂ ਤੋਂ ਦੂਰ ਹੋ ਜਾਵੇ, ਤਾਂ ਹੌਲੀ-ਹੌਲੀ ਲੋਕ ਉਸ ਨੂੰ ਯਾਦ ਕਰਨਾ ਵੀ ਘਟਾ ਦਿੰਦੇ ਹਨ।

ਪਰ ਅਹਿਸਾਨਮੰਦ ਇਨਸਾਨ ਦੀ ਯਾਦਦਾਸ਼ਤ ਕਦੇ ਕਮਜ਼ੋਰ ਨਹੀਂ ਹੋਣੀ ਚਾਹੀਦੀ।

ਅੱਜ ਦੀ ਪੀੜ੍ਹੀ ਅਤੇ ਖ਼ਾਸ ਕਰਕੇ ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਨੂੰ ਜ਼ਿੰਦਗੀ ਵਿਚ ਥੋੜ੍ਹੀ ਜਿਹੀ ਕਾਮਯਾਬੀ ਮਿਲਦਿਆਂ ਹੀ ਆਪਣੇ ਪੁਰਾਣੇ ਸਾਥੀ, ਉਸਤਾਦ ਅਤੇ ਮਦਦਗਾਰ ਛੋਟੇ ਲੱਗਣ ਲੱਗ ਪੈਂਦੇ ਹਨ, ਮੇਰਾ ਇੱਕੋ ਸੁਨੇਹਾ ਹੈ—

ਉੱਚੇ ਜ਼ਰੂਰ ਉੱਡੋ, ਪਰ ਉਸ ਆਲ੍ਹਣੇ ਨੂੰ ਕਦੇ ਨਾ ਭੁੱਲੋ ਜਿੱਥੋਂ ਤੁਹਾਡੇ ਖੰਭਾਂ ਨੂੰ ਪਹਿਲੀ ਵਾਰ ਉੱਡਣ ਦਾ ਹੌਸਲਾ ਮਿਲਿਆ ਸੀ।

ਅਹੁਦੇ ਬਦਲ ਜਾਂਦੇ ਹਨ।
ਦੌਲਤ ਆਉਂਦੀ-ਜਾਂਦੀ ਹੈ।
ਮਹਿਫ਼ਲਾਂ ਸਜਦੀਆਂ ਤੇ ਉੱਜੜਦੀਆਂ ਹਨ।
ਤਸਵੀਰਾਂ ਪੁਰਾਣੀਆਂ ਹੋ ਜਾਂਦੀਆਂ ਹਨ।

ਪਰ ਜਿਸ ਇਨਸਾਨ ਨੇ ਤੁਹਾਨੂੰ ਉਸ ਵੇਲੇ ਹੱਥ ਦਿੱਤਾ ਹੋਵੇ, ਜਦੋਂ ਤੁਹਾਡੇ ਕੋਲ ਆਪਣਾ ਕਹਿਣ ਲਈ ਕੁਝ ਵੀ ਨਹੀਂ ਸੀ—ਉਸ ਦਾ ਅਹਿਸਾਨ ਕਦੇ ਪੁਰਾਣਾ ਨਹੀਂ ਹੁੰਦਾ।

ਮੇਰੇ ਲਈ ਸ. ਬਲਵਿੰਦਰ ਸਿੰਘ 'ਏ ਵੰਨ ਕਾਰਪੇਟ' ਅੱਜ ਵੀ ਉਹੀ ਸ਼ਖ਼ਸ ਹਨ ਜਿਨ੍ਹਾਂ ਨੇ ਇੱਕ ਨਵੇਂ ਪ੍ਰਵਾਸੀ ਨੂੰ ਸਿਰਫ਼ ਕੰਮ ਨਹੀਂ ਦਿੱਤਾ, ਕੰਮ ਕਰਨ ਦਾ ਹੁਨਰ ਦਿੱਤਾ; ਸਿਰਫ਼ ਰੋਜ਼ੀ ਨਹੀਂ ਦਿੱਤੀ, ਆਪਣਾ ਕਾਰੋਬਾਰ ਖੜ੍ਹਾ ਕਰਨ ਦਾ ਰਾਹ ਦਿਖਾਇਆ।

ਮੈਂ ਜ਼ਿੰਦਗੀ ਵਿਚ ਕਿੰਨਾ ਵੀ ਅੱਗੇ ਚਲਾ ਜਾਵਾਂ, ਆਪਣੀ ਸ਼ੁਰੂਆਤ ਕਦੇ ਨਹੀਂ ਭੁੱਲਾਂਗਾ।

ਕਿਉਂਕਿ ਦਰੱਖ਼ਤ ਭਾਵੇਂ ਕਿੰਨਾ ਵੀ ਉੱਚਾ ਹੋ ਜਾਵੇ,

ਉਸ ਦੀ ਅਸਲ ਤਾਕਤ ਉਨ੍ਹਾਂ ਜੜ੍ਹਾਂ ਵਿਚ ਹੁੰਦੀ ਹੈ

ਜੋ ਦੁਨੀਆ ਨੂੰ ਦਿਖਾਈ ਨਹੀਂ ਦਿੰਦੀਆਂ।

ਮੇਰੇ ਕਾਰੋਬਾਰੀ ਜੀਵਨ ਦੀਆਂ ਉਨ੍ਹਾਂ ਜੜ੍ਹਾਂ ਵਿਚ ਇੱਕ ਨਾਮ ਹਮੇਸ਼ਾ ਰਹੇਗਾ—ਸ. ਬਲਵਿੰਦਰ ਸਿੰਘ 'ਏ ਵੰਨ ਕਾਰਪੇਟ।' ਤੁਹਾਡੇ ਦਿੱਤੇ ਮੌਕੇ, ਸਿੱਖਿਆ, ਪਿਆਰ ਅਤੇ ਸਹਾਰੇ ਲਈ ਮੈਂ ਜ਼ਿੰਦਗੀ ਭਰ ਸ਼ੁਕਰਗੁਜ਼ਾਰ ਰਹਾਂਗਾ।

ਕੁਝ ਲੋਕ ਸਾਡੀ ਜ਼ਿੰਦਗੀ ਵਿਚ ਸਿਰਫ਼ ਮਿਲਦੇ ਨਹੀਂ—

ਉਹ ਸਾਡੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਜਾਂਦੇ ਹਨ।

# 'ਖੰਡ ਕੌੜੀ ਤੇ ਪਿਆਜ਼ ਰੁਲਾਵੇ, ਬੰਦਾ ਭਲਾ ਕਿਧਰ ਜਾਵੇ'

ਕੌੜੀ ਖੰਡ ਕਾਰਨ ਜੀਭ ਅਜੇ ਬੁਰੀ ਤਰ੍ਹਾਂ ਸੜੀ ਹੀ ਪਈ ਸੀ ਕਿ ਪਿਆਜ਼ ਦੀਆਂ ਛਲਾਂਗਾਂ ਮਾਰ ਰਹੀਆਂ ਕੀਮਤਾਂ ਨੇ ਅੱਖਾਂ 'ਚੋਂ ਝੜੀ ਲਗਾ ਛਡੀ! ਫਰਲ-ਪਰਲ ਹੰਝੂ ਵਗਾ ਦਿਤੇ! ਯਾਣੀ, ਖੰਡ ਕੌੜੀ ਤੇ ਪਿਆਜ਼ ਰੁਲਾਵੇ, ਬੰਦਾ ਭਲਾ ਕਿਧਰ ਜਾਵੇ!

ਅੱਜ ਕੱਲ੍ਹ ਅਸੀਂ ਰਸੋਈ 'ਚ ਬੜਾ ਰੋਂਦੇ ਹਾਂ। ਰੋਂਦੇ ਤਾਂ ਅਸੀਂ ਉਦੋਂ 'ਤੋਂ ਹਾਂ ਜਦ 'ਤੋਂ ਸਾਡੀ ਸਲੀਕਾ ਸੁਥਰੀ ਨੇ ਸਾਨੂੰ ਰਸੋਈਏ ਬਨਣ ਦਾ ਸੁਭਾਗਾ ਸਮਾਂ ਬਖਸ਼ਿਸ਼ ਕੀਤੈ। 'ਤੇ ਇਸ ਭਾਗਾਂ-ਭਰੇ ਸਮੇਂ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਨੂੰ ਮਿਲਿਆਂ 46 ਸਾਲ ਹੋ ਗਏ ਹਨ। ਸਮਾਜਿਕ ਰੀਤ ਵਾਲੀ 'ਰਸੋਈ ਚੜ੍ਹਨ' ਦੀ ਕਾਰਵਾਈ ਉਪਰੰਤ ਸਾਡੀ ਫਰਾਖ-ਦਿਲ ਸੁਥਰੀ ਨੇ ਚਕਲਾ-ਵੇਲਣਾ ਸਾਡੇ ਹੱਥ ਫੜਾ'ਤਾ 'ਤੇ ਆਪ 'ਸ਼ਿੰਗਾਰ ਦੀ ਦੁਕਾਨ' 'ਤੇ 'ਮੈਨੀਕਿਉਰ' (ਪਤਾ ਨਹੀਂ 'ਪੈਡੀਕਿਉਰ'?) ਕਰਵਾਉਣ ਚਲੀ ਗਈ! ਵਾਪਿਸ ਤਾਂ ਮੁੜੀ ਪਰ ਰਸੋਈ ਦੀ ਸੇਵਾ ਸਾਡੇ ਜ਼ਿੰਮੇ ਹੀ ਰਹੀ!

ਇਹ ਨਹੀਂ ਕਿ ਸਾਨੂੰ ਰਸੋਈ ਤੋਂ ਬਾਹਰ ਰੋਣ ਦੀ ਆਗਿਆ ਨਹੀਂ। ਖੁਲ੍ਹੀ-ਡੁਲ੍ਹੀ ਆਗਿਆ ਹੈ। ਆਖਿਰਕਾਰ ਆਪਣਾ ਘਰ ਹੈ, ਜਿਥੇ ਮਰਜ਼ੀ ਬੈਠ ਕੇ ਰੋ ਸਕਦੇ ਹਾਂ-ਅਖੇ 'ਆਪਣਾ ਘਰ, ਚਾਹੇ ਹਗ-ਹਗ ਭਰ!' ਉਂਝ ਵੀ ਰੋਂਦੜਾਂ ਨੂੰ ਰੋਣ ਲਈ ਕਿਸੇ ਆਗਿਆ ਦੀ ਕਦ ਲੋੜ ਹੁੰਦੀ ਹੈ? ਤੇ ਨਾ ਹੀ ਕਿਸੇ ਵਿਸ਼ੇਸ਼ ਸਥਾਨ ਜਾਂ ਖਾਸ ਸਮੇਂ ਦੀ। ਬਸ ਜਦੋਂ ਦਿਲ ਕੀਤਾ, ਰੋ ਪਏ-'ਯੂੰ ਹਸਰਤੋਂ ਕੇ ਦਾਗ ਮੁਹਬਤ ਮੇਂ ਧੋ ਲੀਏ/ਖੁਦ ਦਿਲ ਸੇ ਦਿਲ ਕੀ ਬਾਤ ਕਹੀ ਔਰ ਰੋ ਲੀਏ।'

ਆਹ ਰਸੋਈ 'ਚ ਸਹੁਰੀ ਦਾ ਪਿਆਜ਼ ਰੁਆ ਦਿੰਦੈ। ਅੱਜ ਕੱਲ੍ਹ ਸਾਡੀਆਂ ਕੋਮਲ ਅੱਖੀਆਂ 'ਚੋਂ ਗੰਗਾ-ਯਮੁਨਾ ਵਗਦੀ ਐ। ਭਾਵੇਂ ਸਾਨੂੰ ਯਾਦ ਤਾਂ ਇਕ ਗੀਤ ਦੇ ਬੋਲ ਆ ਰਹੇ ਹਨ ਕਿ 'ਇਨ੍ਹਾਂ 'ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ ਵੇ ਅੱਖੀਆਂ 'ਚ ਤੂੰ ਵਸਦਾ' ਪਰ ਪਿਆਜ਼ ਦੇ ਰੇਟਾਂ ਨੇ ਕੱਜਲੇ ਦੀ ਬਜਾਏ ਕੋਸੇ-ਕੋਸੇ ਅੱਥਰੂ ਟਪਕਾ ਦਿਤੇ। ਪਤਾ ਨਹੀਂ ਕਜਲੇ ਤੋਂ ਸਾਨੂੰ ਇਕ ਹੋਰ ਰੁਮਾਂਟਿਕ ਗੀਤ ਦੇ ਬੋਲ ਫਿਰ ਕਿਉਂ ਚੇਤੇ ਆ ਗਏ- 'ਕਜਰਾਰੇ ਕਜਰਾਰੇ ਤੇਰੇ ਕਾਰੇ ਕਾਰੇ ਨੈਨਾਂ।'


ਤਿਉਹਾਰਾਂ ਦੇ ਦਿਨਾਂ ਦੌਰਾਨ ਖੰਡ 65-70 ਰੁਪਏ ਕਿਲੋ ਹੋ ਰਹੀ ਐ। ਭਲਾ ਲੱਡੂ-ਜਲੇਬੀਆਂ-ਬਰਫੀਆਂ ਦਾ ਸੁਆਦ ਬਕਬਕਾ ਨਹੀਂ ਹੋਵੇਗਾ? ਪਿਆਜ਼ 50-55 ਰੁਪਏ ਕਿਲੋ 'ਤੇ ਅੱਪੜ ਗਿਐ। ਫੈਸਟੀਵਲਾਂ 'ਚ ਗਰਮ-ਗਰਮ ਪਕੌੜੇ ਅਤੇ ਹੋਰ ਚਟਾਖੇਦਾਰ ਸੁਆਦਲੇ ਪਦਾਰਥ ਬੇਸੁਆਦੇ ਨਹੀਂ ਹੋ ਜਾਣਗੇ? ਹਰ ਸਬਜ਼ੀ-ਭਾਜੀ ਵਿਚ ਪਿਆਜ਼ ਦੀ ਵਰਤੋਂ ਹੁੰਦੀ ਹੈ। ਕੱਚੇ ਦੀ ਵੀ ਤੇ ਪੱਕੇ ਦੀ ਵੀ। ਪਿਆਜ਼ ਦੀ ਐਡੀ ਵਢੀ ਛਲਾਂਗ ਕਾਰਨ ਰੋਣਾ ਤਾਂ ਆਪੇ ਨਿਕਲਣੈ। ਜੇ ਖੰਡ ਨੇ ਖੇਹ ਕਰ ਛਡੀ ਐ ਤਾਂ ਪਿਆਜ਼ ਨੇ ਵੀ ਨੱਕ 'ਚ ਦਮ ਕਰ ਮਾਰਿਐ!

ਅਸੀਂ ਉਡਦੀ ਉਡਦੀ ਗੱਲ ਸੁਣੀ ਹੈ ਕਿ ਸਵਾਰਥੀ ਅਨਸਰ ਆਪਣੇ ਸਖੀ ਕਾਰਪੋਰੇਟ ਘਰਾਣਿਆਂ/ਟਰੇਡਰਾਂ ਨੂੰ ਲਾਭ ਪਹੁੰਚਾਉਣ ਖਾਤਰ ਇਹ ਭਾਅ ਵਧਾਉਂਦੇ ਹਨ। ਫਿਰ ਚੋਣਾਂ ਲਾਗੇ ਭਾਅ ਘਟਾ ਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ ਤਾਂ ਕਿ ਵੋਟਾਂ ਬਟੋਰ ਸਕਣ। ਆਹ ਰਸੋਈ ਗੈਸ ਦੇ ਸਿਲੈਂਡਰਾਂ ਦਾ ਵੀ ਅਜਿਹਾ ਹੀ ਹੋਇਆ। ਪਹਿਲਾਂ ਧੜਾ-ਧੜ ਰੇਟ ਵਧਾ ਦਿਤੇ ਤੇ ਫਿਰ ਊਠ ਦੀ ਪਿੱਠ 'ਤੋਂ ਛਾਨਣੀ ਲਾਹ ਦਿਤੀ! ਭਲਾ ਊਠ ਦੇ ਮੂੰਹ 'ਚ ਜੀਰਾ ਦਿਤਿਆਂ ਸਰੂ?

ਖੈਰ, ਸਾਡਾ ਤਾਂ ਵੈਸੇ ਰੋਣਾ ਇਸ ਨਾਮੁਰਾਦ ਦੇ ਘਟ ਰੇਟਾਂ ਵੇਲੇ ਵੀ ਨਿਕਲਦਾ ਹੀ ਸੀ ਪਰ ਵਧ ਕੀਮਤਾਂ ਨੇ ਹੰਝੂਆਂ ਦੀ ਮਿਕਦਾਰ 'ਤੇ ਰਫਤਾਰ ਜ਼ਰਾ ਵਧਾ ਦਿਤੀ।

ਸਾਨੂੰ ਬਚਪਨ ਤੋਂ ਬੀਮਾਰੀ ਹੈ ਰੋਟੀ ਨਾਲ ਪਿਆਜ਼ ਅਤੇ ਹਰੀਆਂ ਮਿਰਚਾਂ ਖਾਣ ਦੀ। ਭਾਵੇਂ ਅਸੀਂ ਚਸਕੋਲੇ ਤਾਂ ਨਹੀਂ ਹਾਂ ਪਰ ਇਹ ਆਦਤ ਪੁਸ਼ਤੈਨੀ ਹੈ। ਜਿਨ੍ਹਾਂ ਸੁਲੱਖਣੇ ਸਮਿਆਂ 'ਚ ਅਸੀਂ ਇਸ ਧਰਤੀ ਨੂੰ ਭਾਗ ਲਾਏ ਸਨ, ਉਨ੍ਹਾਂ ਸਮਿਆਂ 'ਚ ਤਾਂ ਅਸੀਂ ਗੋਡੇ ਉੱਪਰ ਰਖ ਕੇ ਪਿਆਜ਼ ਦਾ ਬੁਥਾੜਾ ਭੰਨ ਦਈਦਾ ਸੀ 'ਤੇ ਕਈ ਵਾਰ ਅਚਾਰ-ਪਿਆਜ਼-ਹਰੀ ਮਿਰਚ ਨਾਲ ਹੀ ਪ੍ਰਸ਼ਾਦਾ-ਪਾਣੀ ਛਕ ਲਈਦਾ ਸੀ। ਪਰ ਹੁਣ ਤਾਂ ਗੋਡਿਆਂ ਦਾ ਹਾਲ 'ਉਠ ਹੋਵੇ ਨਾ ਫਿਟੇ ਮੂੰਹ ਗੋਡਿਆਂ ਦਾ' ਵਾਲਾ ਹੋ ਗਿਐ, ਪਿਆਜ਼ ਹੁਣ ਡਾਹ ਨਹੀਂ ਦਿੰਦਾ, ਨਾ ਗੋਡਿਆਂ ਨੂੰ, ਨਾ ਬੋਝਿਆਂ ਨੂੰ।

ਪਤਾ ਨਹੀਂ ਜਨਾਬ ਫਿਕਰ ਤੌਸਵੀਂ ਵੇਲੇ ਪਿਆਜ਼ ਸਸਤਾ ਹੋਵੇਗਾ ਜੋ ਉਹ ਕਈ ਸਾਲ 'ਪਿਆਜ਼ ਕੇ ਛਿਲਕੇ' ਨਾਮੀ ਅਖਬਾਰੀ ਕਾਲਮ ਲਿਖਦੇ ਰਹੇ ਅਤੇ ਅਸੀਂ ਬੜੇ ਅਨੰਦ ਨਾਲ ਪੜ੍ਹਦੇ ਰਹੇ! ਕੇਲੇ ਬਾਰੇ ਕਿਹਾ ਜਾਂਦੈ ਕਿ 'ਜੈਸੇ ਕੇਲੇ ਕੇ ਪਾਤ ਪਾਤ ਮੇਂ ਪਾਤ/ ਤੈਸੇ ਗੁਰਜਨੋਂ ਕੀ ਬਾਤ ਬਾਤ ਮੇਂ ਬਾਤ!' ਪਿਆਜ਼ ਵੀ ਬਹੁਪਰਤੀ ਪ੍ਰਜਾਤੀ ਹੈ। ਪਰਤ ਦਰ ਪਰਤ ਖੁਲ੍ਹਦੈ।



ਸਾਡੇ ਵਲ ਇਸੇ ਲਈ ਇਸ ਨੂੰ ਗੱਠਾ ਕਹਿੰਦੇ ਹਨ। ਕਈ ਇਲਾਕਿਆਂ ਵਿਚ ਇਸ ਨੂੰ ਗੰਢਾ ਵੀ ਸਦਿਆ ਜਾਂਦੈ। ਖੋਰੇ ਇਸ ਅੰਦਰਲ਼ੀਆਂ ਗੱਠਾਂ ਜਾਂ ਗੰਢਾਂ ਕਾਰਨ ਹੀ ਇਹ ਨਾਮਕਰਨ ਹੋਇਆ ਹੋਵੇ! ਇਹ ਬੰਦੇ ਅੰਦਰਲੇ ਬੰਦੇ ਅਤੇ ਉਸ ਦੇ ਮਨ-ਚਿਤ ਵਿਚਲੀਆਂ ਚਿਤਵਣੀਆਂ ਜਾਂ ਸੋਚਾਂ ਦੀਆਂ ਗਹਿਰਾਈਆਂ, ਗੁੰਝਲਾਂ, ਗੱਠਾਂ ਨੂੰ ਚਿਤਾਰਦਾ ਹੋਵੇ!

ਪਿਆਜ਼ ਦੀਆਂ ਪਰਤਾਂ ਦੇ ਐਨ ਵਿਚਕਾਰ ਇਕ ਗੱਠੀ/ਤੁਰੀ ਹੁੰਦੀ ਹੈ ਜਿਸ ਦਾ ਆਪਣਾ ਹੀ ਮਜ਼ਾ ਹੁੰਦੈ! (ਜਿਵੇਂ ਅੰਬ ਅੰਦਰਲ਼ੀ ਗਿਟਕ ਦਾ!)

ਪਰ ਐਸ ਵੇਲੇ ਤਾਂ ਸਾਡੀ ਸਲੀਕਾ ਸੁਥਰੀ ਦਾ 'ਸਟੈਂਡਿੰਗ ਆਡਰ' ਹੈ ਕਿ ਪਿਆਜ਼ ਛਿੱਲਣ ਵੇਲੇ ਛਿਲਕਾ ਤਾਂ ਕੀ, ਛਿਲਕੇ ਦੀ ਨਿਸ਼ਾਨੀ ਮਾਤਰ ਵੀ ਭੁੰਜੇ ਨਹੀਂ ਡਿਗਣੀ ਚਾਹੀਦੀ। ਜੇ ਕਿਧਰੇ ਬੇਬਸੀ ਕਾਰਨ ਕੋਈ ਨਿੱਕਾ ਮੋਟਾ, ਮੁਸ਼ਕਿਲ ਨਾਲ ਹੀ ਦਿਸਣ ਵਾਲਾ ਪਿਆਜ਼ੀ ਅੰਸ਼ ਥਲੇ ਦਿਸ ਪਵੇ ਤਾਂ ਅਸੀਂ ਵੀ ਬਸ ਫਿਰ ਥਲੇ ਹੀ ਹੁੰਦੇ ਹਾਂ! ਠੀਕ ਉਸ ਮਾਲਕ ਮਕਾਨ ਦੀ ਤਰ੍ਹਾਂ, ਜੋ ਆਪਣੀ ਬੇਗਮ ਤੋਂ ਡਰਦਾ ਮੰਜੇ ਹੇਠ ਵੜਿਆ ਸੀ ਪਰ ਕਿਸੇ ਦੇ ਇਸ ਦਾ ਕਾਰਨ ਪੁੱਛਣ ਤੇ ਬੋਲਿਆ ਸੀ, 'ਸਾਡਾ ਆਪਣਾ ਘਰ ਹੈ, ਮੈਂ 'ਲੈਂਡਲਾਰਡ' (ਮਕਾਨ ਮਾਲਕ) ਹਾਂ, ਮੇਰੀ ਮਰਜ਼ੀ ਮੈਂ ਮੰਜੇ ਦੇ ਉੱਪਰ ਪਵਾਂ ਜਾਂ ਹੇਠਾਂ!'

ਹੁਣ ਅਸੀਂ ਸੁਣਿਐ ਕਿ ਬਾਹਰਲੇ ਮੁਲਕਾਂ ਤੋਂ ਖੰਡ ਦਰਾਮਦ ਕੀਤੀ ਜਾ ਰਹੀ। ਪਰ ਤਿਉਹਾਰਾਂ ਦੇ ਮਹੀਨਿਆਂ ਵਿਚ ਪਿਆਜ਼ ਦੀਆਂ ਮੱਛਰੀਆਂ ਕੀਮਤਾਂ ਦਾ ਮਛਰੇਵਾਂ ਲਾਹੁਣ ਹਿਤ ਸਰਕਾਰ ਹਾਲ ਦੀ ਘੜੀ ਬਫਰ ਸਟਾਕ 'ਚੋਂ ਪਿਆਜ਼ ਮਾਰਕਿਟ 'ਚ ਉਤਾਰਨ ਬਾਰੇ ਕੋਈ ਵਿਚਾਰ ਨਹੀਂ ਕਰ ਰਹੀ। ਲਗਦੈ ਵਗਦੇ ਹੰਝੂਆਂ ਦੇ ਵਹਿਣ ਨੂੰ ਅਜੇ ਕੋਈ ਠ਼ਲ੍ਹ ਨਹੀਂ ਪਏਗੀ।

ਪਿਆਜ਼, ਜੋ ਕਿਸੇ ਸਮੇਂ ਗਰੀਬ ਦੀ ਸਾਗ-ਸਬਜ਼ੀ ਹੋਇਆ ਕਰਦਾ ਸੀ, ਹੁਣ 'ਵੀ.ਆਈ.ਪੀ'. (ਬਹੁਤ ਮਹੱਤਵਸ਼ਾਲੀ ਬੰਦਾ) ਬਣਿਆਂ ਬੈਠਾ, ਜਿਸ ਨੂੰ ਵੀ.ਆਈ.ਪੀ. ਜਾਂ ਸਰਦੇ-ਪੁਜਦੇ ਹੀ ਵਰਤ/ਖਾ ਸਕਦੇ ਹਨ। ਕਈ ਪਿਆਜ਼-ਲਸਣ ਨਹੀਂ ਵੀ ਖਾਂਦੇ। ਪਰ ਜਿਵੇਂ ਕਈਆਂ ਨੂੰ 'ਸੌਸ' (ਚਟਨੀ) ਬਿਨਾਂ ਸੁਆਦ ਨਹੀਂ ਆਉਂਦਾ, ਸਾਨੂੰ ਵੀ ਪਿਆਜ਼ ਬਿਨਾਂ ਸੰਤੁਸ਼ਟੀ ਨਹੀਂ ਹੁੰਦੀ। ਵੈਸੇ ਕਮਾਲ ਹੈ, ਅਸੀਂ ਬੁੱਢੇ-ਵਾਰੇ ਵੀ ਸੁਆਦਾਂ ਦੇ ਪੱਟੇ ਹਾਂ!

ਜਨਾਬ, ਗੋਲਾਈਦਾਰ ਪਿਆਜ਼/ਗੰਢਾ ਜੀ, ਜਲਦ ਹੇਠਾਂ ਆਵੋ ਤਾਂ ਕਿ ਆਮ ਆਦਮੀ/ਔਰਤ ਵੀ ਤੁਹਾਡਾ ਸੇਵਨ ਕਰ ਸਕਣ-

'ਅੱਖੀਆਂ 'ਚੋਂ ਵਗਦੀਆਂ ਯਮੁਨਾ 'ਤੇ ਗੰਗਾ,
ਪਿਆਜ਼ ਦੇ ਰੇਟਾਂ ਨੇ ਪਾਇਆ ਬੜਾ ਪੰਗਾ'
ਇਸ ਲਈ ਬੇਨਤੀ ਹੈ-

'ਬਲਬੂਆ ਬਾਲਮ ਪਧਾਰੋ ਹਮਾਰੀ ਰਸੋਈ ਰੇ' (ਕੇਸਰੀਆ ਬਾਲਮ... ਵਾਲਿਆਂ ਤੋਂ ਹੱਥ ਜੋੜ ਕੇ ਮੁਆਫੀ)

**ਅੰਤਿਕਾ-**

ਮਹਾਨਕੋਸ਼ ਅਨੁਸਾਰ ਪਿਆਜ਼ ਫਾਰਸੀ ਦਾ ਸ਼ਬਦ ਹੈ। ਸੰਗਯਾ ਵਜੋਂ ਇਸ ਦਾ ਅਰਥ ਗਠਾ, ਗੰਢਾ ਹੈ। ਗਠਾ ਸੰਸਕ੍ਰਿਤ ਦੇ ਪਲਾਂਡੁ, ਸੰਗਯਾ ਗੰਢਾ ਹੈ, ਜਿਸ ਦਾ ਵਿਗਿਆਨਕ ਨਾਮ 'ਐਲੀਯਮ ਸੇਪਾ' ਹੈ। ਗੰਢਾ ਜ਼ਮੀਨ 'ਚੋਂ ਉਪਜਿਆ ਗੱਠ ਦੇ ਆਕਾਰ ਦਾ ਇਕ ਕੰਦ ਹੈ। ਕੋਸ਼ ਵਿਚ ਪਿਆਜ਼ ਨੂੰ ਬੜਾ ਗੁਣਕਾਰੀ ਦਸਿਆ ਗਿਐ। ਤਾਸੀਰ ਵਜੋਂ ਇਹ ਗਰਮ ਖੁਸ਼ਕ ਹੁੰਦੈ, ਲਾਲ ਨਾਲੋਂ ਚਿੱਟਾ ਗਠਾ ਘਟ ਗਰਮ ਹੁੰਦੈ, ਹੈਜ਼ੇ ਲਈ ਲਾਭਦਾਇਕ ਹੈ, ਸੁੰਘਣ ਤੇ ਕਫ ਬੰਦ ਹੋ ਜਾਂਦੀ ਹੈ, ਵਾਤਨਾਸ਼ਕ, ਬਲਦਾਇਕ, ਵਬਾਈ ਹਵਾ ਸ਼ੋਧਕ, ਆਂਦ ਦੇ ਕੀੜਿਆਂ ਨੂੰ ਮਾਰਨ ਵਾਲਾ ਅਤੇ ਪੌਰਸ਼ ਤਾਕਤ ਵਧਾਉਣ ਵਾਲਾ ਦਸਿਆ ਗਿਐ।

ਬਚਪਨ ਵੇਲੇ ਕਈ ਬੀਮਾਰੀਆਂ ਵੇਲੇ ਅਸੀਂ ਖੁਦ ਇਸ ਦਾ ਜਾਂ ਇਸ ਦੇ ਪਾਣੀ/ਰਸ ਦਾ ਸੇਵਨ ਕਰਦੇ ਰਹੇ ਹਾਂ। ਦੇਸੀ ਓਹੜ-ਪੋਹੜ ਦੌਰਾਨ ਸਾਡੀ ਉਮਰ ਦਿਆਂ ਦੀਆਂ ਦਾਦੀਆਂ/ਮਾਂਵਾਂ ਆਪਣੀ ਜਾਂ ਆਪਣੇ ਬੱਚਿਆਂ ਦੀ ਕਿਸੇ ਵਿਸ਼ੇਸ਼ ਤਕਲੀਫ ਵੇਲੇ ਇਸ ਦਾ ਆਮ ਉਪਯੋਗ ਕਰਦੀਆਂ ਸਨ।

ਅੰਗਰੇਜ਼ੀ ਵਿਚ ਪਿਆਜ਼ ਨੂੰ 'ਅਨੀਅਨ' ਕਹਿੰਦੇ ਹਨ। ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਅਤੇ ਸ਼ਬਦ ਵਿਗਿਆਨ ਦੇ ਸਰੋਤਾਂ ਅਨੁਸਾਰ 'ਲਿਲੀ ਪਰਿਵਾਰ' ਦਾ ਇਹ ਪਿਆਜ਼ ਓਲਡ ਫਰੈਂਚ ਦੇ 'ਔਇਗਨੌਨ', ਲਾਤੀਨੀ ਦੇ 'ਯੂਨੀਓ', ਅਨੀਅਨ, ਵਡਾ ਮੋਤੀ, ਤੋਂ ਐਂਗਲੋ-ਨੌਰਮਨ ਰਾਹੀਂ ਓਲਡ ਅੰਗਰੇਜ਼ੀ ਦੇ 'ਯਾਈਨ', ਯਿਨੇਲੀਐਕ (ਅਨੀਅਨ), ਮੱਧ ਅੰਗਰੇਜ਼ੀ ਦੇ 'ਹਾਈਨੇ ਲੀਐਕ', 'ਹੇਨੇ ਲੀਐਕ' ਤੋਂ ਆਪਣੇ ਮੌਜੂਦਾ ਰੂਪ 'ਅਨੀਅਨ', ਜਿਸ ਨੂੰ ਅਸੀਂ ਆਮ ਤੌਰ ਤੇ 'ਔਨੀਅਨ' ਉਚਾਰਦੇ ਹਾ, ਵਿਚ ਅਪੜਿਆ। ਕਿਹਾ ਜਾਂਦੈ ਕਿ ਪਿਆਜ਼ ਸਭਿਆਚਾਰ ਪੂਰਵ-ਇਤਿਹਾਸਕਾਲ ਵੇਲੇ ਤੋਂ ਦੂਰ-ਦੂਰ ਤਕ ਪ੍ਰਚਲਿਤ ਸੀ। ਇਸ ਦਾ ਪ੍ਰਾਚੀਨ ਮਿਸਰ ਦੇ ਲੋਕ ਇਸਤੇਮਾਲ ਕਰਦੇ ਸਨ। ਬਾਈਬਲ ਵਿਚ ਵੀ ਇਹ ਵਰਨਣ ਹੈ ਕਿ ਕਿਵੇਂ 'ਇਜ਼ਰਾਲਾਈਟਸ' ਜੰਗਲਾਂ 'ਚ ਭਟਕਣ ਸਮੇਂ ਪਿਆਜ਼, ਲਸਣ ਅਤੇ ਹਰੇ ਪਿਆਜ਼ ਲਈ ਤਾਂਘਦੇ ਸਨ, ਜੋ ਮਿਸਰ ਵਿਚ ਉਨ੍ਹਾਂ ਨੂੰ ਆਮ ਉਪਲਬਧ ਸਨ।


ਪਹਿਲੀ ਸਦੀ ਈਸਵੀ 'ਚ ਪਿਆਜ਼ ਦੀਆਂ ਵੰਨ ਸਵੰਨਤਾ ਦਾ ਬਿਆਨ ਮਿਲਦਾ ਹੈ-ਲੰਬਾ, ਗੋਲ, ਲਾਲ, ਪੀਲਾ, ਚਿੱਟਾ ਪਿਆਜ਼ ਅਤੇ ਤੇਜ਼ ਤੁਰਸ਼ ਤੇ ਹਲਕਾ ਤੁਰਸ਼ ਪਿਆਜ਼। ਇਸ ਦੀ ਗੰਧ ਐਨੀਂ ਤੇਜ਼-ਤਿੱਖੀ ਹੁੰਦੀ ਹੈ ਕਿ ਨੱਕ-ਸਾੜ/ਪਾੜ ਹੀ ਸਮਝੋ। ਇਹ ਅੱਖਾਂ ਨੂੰ ਵੀ ਚੜ੍ਹ ਜਾਂਦੀ ਹੈ, ਜਿਸ ਕਾਰਨ ਇਸ ਨੂੰ ਛਿੱਲਣ ਵਾਲਾ ਜ਼ਾਰੋ-ਜ਼ਾਰ ਰੋਂਦਾ ਲਗਦੈ। ਪਰ ਖਾਣੇ ਵਿਚ ਇਹ ਆਪਣੇ 'ਫਲੇਵਰ'(ਸੁਗੰਧ-ਸਵਾਦ ਦਾ ਮਿਸ਼ਰਨ) ਕਾਰਨ ਹੀ ਵਰਤਿਆ ਜਾਂਦੈ।

ਆਮ ਗੰਢਾ ਮੱਧ ਏਸ਼ੀਆ ਵਿਚ ਉਤਪੰਨ ਹੋਇਆ ਦਸਿਆ ਜਾਂਦੈ, ਜੋ ਬਾਅਦ ਵਿਚ ਪੱਛਮੀ ਏਸ਼ੀਆ ਅਤੇ ਮੈਡੀਟਰੇਨੀਅਨ ਇਲਾਕਿਆਂ ਵਿਚ ਫੈਲ ਗਿਆ। ਵੈਸਟ ਇੰਡੀਜ਼ ਵਿਚ ਪਿਆਜ਼ ਨੂੰ ਸਪੇਨੀਆਂ ਨੇ ਪ੍ਰਵੇਸ਼ ਕਰਵਾਇਆ। ਫਿਰ ਇਹ ਅਮਰੀਕਾ ਦੇ ਵੱਖ-ਵੱਖ ਭਾਗਾਂ ਵਿਚ ਪੁਜਾ। ਇਸ ਉਪਰੰਤ ਬਸਤੀਵਾਦੀ ਮੁਲਕਾਂ ਅਤੇ ਭਾਰਤ ਵਿਚ ਇਸ ਦੀ ਆਮਦ ਹੋਈ।

# ਇਹੁ ਜਨਮੁ ਤੁਮਹਾਰੇ ਲੇਖੇ!

## ਕਿਸ਼ਤ - 23

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 23ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




ਬਾਜ਼ਾਰੋਂ ਕੁਛ ਲੈ ਕੇ ਆਇਆ ਆਲਮ ਸਬੱਬ ਨਾਲ ਚਰਨਜੀਤ ਨੂੰ ਦਫ਼ਤਰ ਦੇ ਬਾਹਰ ਹੀ ਮਿਲ ਗਿਆ। ਉਹ ਖ਼ੁਸ਼ ਹੋ ਕੇ ਬੋਲਿਆ, "ਸਾਹਿਬ ਆ ਗਏ ਆਪ! ਬਹੁਤ ਅੱਛਾ ਕੀਆ। ਅਨਵਰ ਸਾਹਿਬ ਆਪ ਕੋ ਅਕਸਰ ਯਾਦ ਕਰਤੇ ਹੈਂ।"

"ਬਾਕੀ ਤੋ ਛੋਡ ਮੀਆਂ", ਚਰਨਜੀਤ ਨੇ ਕਾਹਲੀ ਨਾਲ ਪੁੱਛਿਆ, "ਮੇਰੀ ਜਗਹਿ ਕੋਈ ਔਰ ਆਰਟਿਸਟ ਤੋ ਨਹੀਂ ਆ ਗਿਆ?"

"ਨਹੀਂ ਸਾਹਿਬ, ਕਾਮ ਤੋ ਆਰਟ ਵਾਲੋਂ ਸੇ ਹੀ ਕਰਵਾਤੇ ਹੈਂ। ਮਗਰ ਆਪ ਕੋ ਮੀਠੀ-ਮੀਠੀ ਗਾਲ਼ੀਆਂ ਦੇਤੇ ਰਹਿਤੇ ਹੈਂ।"

"ਔਰ ਮੇਰੀ ਕਮਰੀ ਪਰ ਕਿਸੀ ਔਰ ਕਾ ਕਬਜ਼ਾ ਤੋ ਨਹੀਂ ਹੋ ਗਿਆ?"

"ਨਹੀਂ ਜੀ, ਵੁਹ ਤੋ ਉਸੀ ਰੋਜ਼ ਸੇ ਬੰਦ ਪੜੀ ਹੂਈ ਹੈ।"

ਚਰਨਜੀਤ ਨੇ ਤਸੱਲੀ ਦਾ ਸਾਹ ਲਿਆ ਤੇ ਸਹਿਜ ਹੋ ਕੇ ਪੁੱਛਿਆ, "ਆਲਮ ਮੀਆਂ, ਅਨਵਰ ਸਾਹਿਬ ਦਫ਼ਤਰ ਮੇਂ ਹੀ ਹੈਂ?"



'ਹਾਂ' ਸੁਣ ਕੇ ਸਭ ਫ਼ਿਕਰ ਜਾਂਦੇ ਰਹੇ। ਅੱਵਲ ਤਾਂ ਉਹ ਖ਼ੁਸ਼ ਹੀ ਹੋਣਗੇ ਪਰ ਜੇ ਕੁਛ ਨਖ਼ਰਾ ਵੀ ਕੀਤਾ, ਭਲੇ ਆਦਮੀ ਹਨ, ਥੋੜ੍ਹੀ ਮਿੰਨਤ, ਥੋੜ੍ਹੀ ਚਾਪਲੂਸੀ, ਥੋੜ੍ਹੀ ਅਪਣੱਤ ਨਾਲ ਮੰਨ ਹੀ ਜਾਣਗੇ! ਬੱਸ ਚਿਹਰੇ ਉੱਤੇ ਕੁਛ ਦਰਦ ਲਿਆਉਣਾ ਪਵੇਗਾ ਕਿਉਂਕਿ ਦਰਦ ਉਹਨਾਂ ਤੋਂ ਕਿਸੇ ਦਾ ਵੀ ਬਰਦਾਸ਼ਤ ਨਹੀਂ ਹੁੰਦਾ। ਉਹਨੇ ਦਰਵਾਜ਼ੇ ਉੱਤੇ ਪੁੱਠੀ ਉਂਗਲ ਨਾਲ ਟੱਕ-ਟੱਕ ਕੀਤੀ ਤਾਂ ਅਨਵਰ ਸਾਹਿਬ ਬੋਲੇ, "ਆ ਜਾਈਏ ਭਾਈ, ਦੇਖੇਂ ਤੋ ਕੌਨ ਸਾਹਿਬ ਤਸ਼ਰੀਫ਼ ਲਾਏ ਹੈਂ!"

**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਇਸ ਤੋਂ ਪਹਿਲਾਂ ਕਿ ਉਹਨਾਂ ਦਾ ਫ਼ਿਕਰਾ ਪੂਰਾ ਹੁੰਦਾ, ਉਹ ਅੰਦਰ ਜਾ ਮੱਥੇ ਨੂੰ ਹੱਥ ਲਾ ਕੇ ਦੂਹਰਾ ਹੋ ਗਿਆ, "ਸਲਾਮ, ਬੜੇ ਮੀਆਂ!"

ਅਨਵਰ ਸਾਹਿਬ ਚਰਨਜੀਤ ਨੂੰ ਅਚਾਨਕ ਆਇਆ ਦੇਖ ਅੰਦਰੋਂ ਖ਼ੁਸ਼ ਹੋ ਗਏ ਪਰ ਬਾਹਰੋਂ ਬੇਪ੍ਰਭਾਵ ਰਹੇ। ਆਇਆ ਹੈ ਤਾਂ ਕੰਮ ਕਰਨ ਹੀ ਆਇਆ ਹੋਵੇਗਾ! ਇਹ ਦੁਬਾਰਾ ਰਸਾਲੇ ਦੀ ਸਜਾਵਟ ਦਾ ਕੰਮ ਸੰਭਾਲ ਲਵੇ ਤਾਂ ਆਰਟ ਐਂਡ ਆਰਟ ਵਾਲੇ ਮਰਦੂਦਾਂ ਤੋਂ ਵੀ ਪਿੱਛਾ ਛੁੱਟੇ ਤੇ ਪਾਠਕਾਂ ਦੀ ਅਸੰਤੁਸ਼ਟੀ ਵੀ ਖ਼ਤਮ ਹੋ ਜਾਵੇ। "ਵਅਲੈਕਮੁੱਸਲਾਮ ਤੋ ਹੂਆ", ਉਹਨਾਂ ਨੇ ਵੀ ਹੱਥ ਮੱਥੇ ਨੂੰ ਲਾਇਆ, "ਮੀਆਂ, ਮਗਰ ਆਪ ਹੈਂ ਕੌਨ ਸਾਹਿਬ? ਮੇਰੀ ਪਹਿਚਾਨ ਕੇ ਦਾਇਰੇ ਮੇਂ ਤੋ ਯਿਹ ਸ਼ਕਲ ਸ਼ਾਮਿਲ ਨਹੀਂ ਹੈ। ਆਪਣਾ ਤੁਆਰਫ਼ ਤੋ ਦੀਜੀਏ। ਚਿਹਰਾ ਜ਼ਰੂਰ ਦੇਖਾ ਹੂਆ ਲਗਤਾ ਹੈ, ਕਹੀਂ ਬਸ ਅੱਡੇ ਮੇਂ ਯਾ ਰੇਲਵੇ ਸਟੇਸ਼ਨ ਪਰ ਯਾ ਫਿਰ ਕਹੀਂ ਬਾਜ਼ਾਰ ਮੇਂ!"

"ਹਾਂ, ਬੜੇ ਮੀਆਂ, ਆਪ ਨੇ ਮੁਝੇ ਇਸ ਬੇਦਰਦ ਦੁਨੀਆ ਕੇ ਬਾਜ਼ਾਰ ਕੀ ਬੇਗਾਨੀ ਭੀੜ ਮੇਂ ਹੀ ਦੇਖਾ ਹੈ! ਮਗਰ ਤੁਆਰਫ਼ ਤੋ ਹੋਤਾ ਹੀ ਰਹੇਗਾ। ਥਕਾ ਆਇਆ ਹੂੰ, ਚਾਏ-ਪਾਨੀ ਤੱਕ ਤੋ ਆਪ ਨੇ ਪੂਛਾ ਨਹੀਂ..."

"ਵਾਹ ਸਾਹਿਬ, ਯਹਾਂ ਤੋ ਸਾਰਾ ਦਿਨ ਦੁਨੀਆ ਕੋ ਬੇਦਰਦ ਔਰ ਲੋਗੋਂ ਕੋ ਬੇਗਾਨੀ ਭੀੜ ਕਹਿਨੇ ਵਾਲੇ ਆਪ ਜੈਸੇ ਲੋਗ ਆਤੇ ਹੀ ਰਹਿਤੇ ਹੈਂ, ਹਰ ਏਕ ਕੋ ਚਾਏ ਪਲਾਨੇ ਲਗੇ ਤੋ ਖ਼ੁਦ ਹਮੇਂ ਪੰਜਾਬੀਉਂ ਕੇ ਗੁਰੂਦੁਆਰੇ ਸੇ ਲੰਗਰ ਖਾਨਾ ਪੜੇਗਾ!"

"ਅੱਬੂ..."

"ਅੱਬੂ? ਮੀਆਂ, ਜਾਨ ਨਾ ਪਹਿਚਾਨ, ਮੈਂ ਤੇਰਾ ਮਹਿਮਾਨ! ਆਪ ਤੋ ਹਜ਼ੂਰ ਮਹਿਮਾਨ ਸੇ ਆਗੇ ਬੇਟਾ ਬਨਨੇ ਪਰ ਉਤਰ ਆਏ! ਮੀਆਂ, ਮੇਰੇ ਤੋ ਅਪਨੇ ਹੀ ਨਾਲਾਇਕ ਕਾਬੂ ਨਹੀਂ ਆਤੇ, ਊਪਰ ਸੇ ਆਪ ਜੈਸਾ ਏਕ ਔਰ ਗੋਦ ਲੇ ਲੂੰ? ਲਾਹੌਲ ਬਿਲਾ ਕੁੱਵਤ!"

"ਲੇ ਲੂੰ ਨਹੀਂ, ਗੋਦ ਲੀਆ ਹੂਆ ਹੂੰ। ਕੋਰਟ-ਕਚਹਿਰੀਆਂ ਹੈਂ ਇਸ ਦੇਸ ਮੇਂ ਬੜੇ ਮੀਆਂ, ਐਸੇ ਆਪ ਮੁਝੇ ਫ਼ਾਰਖ਼ਤੀ ਨਹੀਂ ਦੇ ਸਕਤੇ। ਪਹਿਲੇ ਨ੍ਹਾ-ਧੋ ਲੂੰ, ਫ਼ਿਕਰ ਨਾ ਕੀਜੀਏ, ਆਪ ਕੀ ਬਾਤੇਂ ਕਰਨੇ ਕੀ ਆਦਤ ਪੂਰੀ ਹੋਨੇ ਕਾ ਖੁਲ੍ਹਾ ਮੌਕਾ ਫਿਰ ਦੂੰ ਗਾ", ਉਹਨੇ ਹੱਥ ਕੀਤਾ, "ਲਾਈਏ ਮੇਰੀ ਕਮਰੀ ਕੀ ਚਾਬੀ ਔਰ ਕਾਮ ਵਾਲੀ ਫ਼ਾਈਲ ਦੀਜੀਏ।"

"ਮੇਰੀ ਕਮਰੀ?" ਅਨਵਰ ਸਾਹਿਬ ਕੁਰਸੀ ਤੋਂ ਅੱਗੇ ਨੂੰ ਹੋਏ, "ਕਿਉਂ ਮੀਆਂ, ਸਾਲ ਕਾ ਪੇਸ਼ਗੀ ਕਿਰਾਇਆ ਦੇ ਗਏ ਥੇ? ਔਰ ਕੌਨ ਸੀ ਫ਼ਾਈਲ? ਆਰਟ ਐਂਡ ਆਰਟ ਵਾਲੋਂ ਸੇ ਬੜ੍ਹੀਆ ਕਾਮ ਚਲ ਰਹਾ ਹੈ। ਆਪ ਕੀ ਟੇਢੀ-ਤਿਰਛੀ ਲਾਈਨੋਂ ਸੇ ਮੁਝੇ ਭੀ ਰਾਹਤ ਮਿਲੀ ਔਰ ਪੜ੍ਹਨੇ ਵਾਲੋਂ ਕੋ ਭੀ। ਉਨ ਕੇ ਕਾਮ ਮੇਂ ਕਮ-ਅਜ਼-ਕਮ ਮਰਦ ਔਰ ਔਰਤ ਕੇ ਚਿਹਰੇ ਕਾ ਤੋ ਪਤਾ ਲਗਤਾ ਹੈ। ਅਬ ਹਮ ਸਭ ਕੋ ਪਹਿਲੇ ਵਾਲੀ ਹਾਲਤ ਮੇਂ ਦੋਬਾਰਾ ਮੱਤ ਡਾਲੀਏ, ਮੀਆਂ! ਮੁਝੇ ਅਬ ਇਸੀ ਰਾਸਤੇ ਚਲਨੇ ਦੀਜੀਏ, ਆਪ ਅਪਨਾ ਰਾਸਤਾ ਪਕੜੇ ਰਹੀਏ।"

"ਹਜ਼ੂਰ, ਉਨ ਕਾ ਕਾਮ ਦੇਖ ਕਰ ਉਨ ਕੋ ਔਰ ਉਨ ਕੇ ਸਾਥ ਹੀ ਮੁਝੇ ਦੀ ਹੂਈ ਆਪ ਕੀ ਗਾਲ਼ੀਆਂ ਬੰਬਈ ਤੱਕ ਸੁਨਤੀ ਥੀਂ, ਇਸੀ ਲੀਏ ਲੌਟ ਆਇਆ।"

ਉਹਨਾਂ ਨੇ ਦਰਾਜ਼ ਵਿਚੋਂ ਕੱਢ ਕੇ ਚਾਬੀ ਮੇਜ਼ ਉੱਤੇ ਰੱਖੀ, "ਐਸਾ ਹੈ ਤੋ ਗਏ ਹੀ ਕਿਉਂ ਥੇ? ਅਬ ਬੰਬਈਆ ਸਮੁੰਦਰ ਕੀ ਲਹਿਰੋਂ ਨੇ ਉਛਾਲ ਕਰ ਦਿੱਲੀ ਪਟਕ ਦੀਆ ਤੋ ਮੁਝ ਪਰ ਤੋ ਮੁਫ਼ਤ ਕਾ ਅਹਿਸਾਨ ਨਾ ਕਰੋ ਮੀਆਂ!"

ਉਹਨੇ ਚਾਬੀ ਨੂੰ ਝਬੁੱਟ ਮਾਰੀ, "ਅੱਬੂਜਾਨ, ਆਪ ਬਹੁਤ ਅੱਛੇ ਹੈਂ!"

"ਔਰ ਜਿਤਨਾ ਮੈਂ ਅੱਛਾ ਹੂੰ, ਆਪ ਉਤਨੇ ਹੀ ਬੇਈਮਾਨ ਸ਼ਖ਼ਸ ਹੈਂ ਜੋ ਮੇਰੀ ਸ਼ਰਾਫ਼ਤ, ਮੇਰੀ ਰਹਿਮਦਿਲੀ, ਮੇਰੀ ਨੇਕੀ, ਮੇਰੀ...", ਚਰਨਜੀਤ ਨੂੰ ਜਾਂਦਾ ਦੇਖ ਉਹ ਬੋਲੇ, "ਅਰੇ ਮੀਆਂ, ਮੇਰੇ ਸਾਰੀ ਖਾਸੀਅਤੇਂ ਤੋ ਸੁਨ ਜਾਤੇ!" ਉਹਨਾਂ ਨੇ ਖ਼ੁਸ਼ ਹੋ ਕੇ ਆਰਾਮ ਨਾਲ ਕੁਰਸੀ ਦੀ ਢੋ ਲਾਈ ਤੇ ਚੈਨ ਦਾ ਲੰਮਾ ਸਾਹ ਲਿਆ। ਆਰਟ ਐਂਡ ਆਰਟ ਵਾਲਿਆਂ ਨਾਲ, ਵਾਰ-ਵਾਰ ਕਹਿਣ ਦੇ ਬਾਵਜੂਦ ਕਿਸੇ ਇਕ ਦੀ ਥਾਂ ਭਾਂਤਸੁਭਾਂਤੇ ਆਰਟਿਸਟਾਂ ਤੋਂ ਕਰਵਾਏ ਤੇ ਅਕਸਰ ਲਿਖਤ ਨਾਲ ਕਿਸੇ ਵੀ ਤਰ੍ਹਾਂ ਮੇਲ ਨਾ ਖਾਣ ਵਾਲੇ ਕੰਮ ਕਾਰਨ, ਬਹਿਸਣ ਤੋਂ ਪਿੱਛਾ ਛੁੱਟਿਆ। ਇਸ ਤੋਂ ਇਲਾਵਾ, ਕੰਮ ਉਹਨਾਂ ਦੇ ਦਫ਼ਤਰ ਭੇਜੋ ਤੇ ਫੇਰ ਇਕ ਵਾਰ ਇਕੱਠੇ ਦੀ ਥਾਂ ਕਈ ਹਿੱਸਿਆਂ ਵਿਚ ਮੰਗਵਾਉ! ਕੰਮ ਵੀ ਨਿਰੋਲ ਵਣਜੀ, ਜਿਸ ਨੂੰ ਕਰਦਿਆਂ ਅਖੌਤੀ ਆਰਟਿਸਟ ਆਪਣੀ ਕਲਾ-ਕਲਪਨਾ ਨੂੰ ਅਲਮਾਰੀ ਵਿਚ ਬੰਦ ਕਰ ਕੇ ਪਰੇ ਰੱਖ ਦਿੰਦਾ ਹੈ। ਕੰਮ ਭੇਜਣ ਤੇ ਮੰਗਵਾਉਣ ਦੀ ਤੇ ਵੰਨਸੁਵੰਨੇ ਗ਼ੈਰ-ਕਲਾਤਮਕ ਕੰਮ ਨਾਲ ਕੰਮ ਚਲਾਉਣ ਦੀ ਪਰੇਸ਼ਾਨੀ ਤਾਂ ਖ਼ਤਮ ਹੋਈ ਹੀ, ਚਰਨਜੀਤ ਦੇ ਆਉਣ ਨਾਲ ਪਾਠਕ ਨੂੰ ਕੰਮ ਵਿਚੋਂ ਕਲਾ ਦਾ ਝਲਕਾਰਾ ਤਾਂ ਪਵੇਗਾ ਕਿਉਂਕਿ ਉਹ ਨੁਕਤਾ ਲਾਵੇ ਜਾਂ ਲਕੀਰ ਵਾਹੇ, ਕੰਮ ਉਸ ਦਾ ਹੱਥ ਨਹੀਂ ਕਰਦਾ, ਉਸ ਦੀ ਕਲਾ ਕਰਦੀ ਹੈ, ਉਸ ਦੀ ਕਲਪਨਾ ਕਰਦੀ ਹੈ!

***

ਗੁਰਮੁਖ ਸਿੰਘ ਨੇ ਦਰਵਾਜ਼ਾ ਖੋਲ੍ਹਿਆ ਤਾਂ ਹਿਤੈਸ਼ੀ ਜੀ ਦੇ ਪਿੱਛੇ ਨੀਵੀਂ ਪਾਈ ਜਗਦੀਪ ਖਲੋਤੀ ਹੋਈ ਸੀ। ਉਹਨੇ ਥੋੜ੍ਹਾ ਇਕ ਪਾਸੇ ਹਟਦਿਆਂ ਦੋਵਾਂ ਨੂੰ ਸਾਂਝਾ ਜਿਹਾ ਕਿਹਾ, "ਆਓ, ਅੰਦਰ ਆਓ।"

ਜਵਾਬ ਇਕੱਲੇ ਹਿਤੈਸ਼ੀ ਜੀ ਨੇ ਦਿੱਤਾ, "ਨਹੀਂ, ਗੁਰਮੁਖ ਸਿੰਘ ਜੀ, ਮੈਂ ਅੰਦਰ ਨਹੀਂ ਆਵਣਾ। ਪਹਿਲਾਂ ਹੀ ਬਹੁਤ ਸਮਾਂ ਹੋ ਗਿਆ। ਦਫ਼ਤਰ ਵਿਚ ਕੰਮ ਵੀ ਮੇਜ਼ ਉੱਤੇ ਪਏ ਹੋਵਣਗੇ ਤੇ ਤੁਹਾਨੂੰ ਪਤਾ ਹੀ ਹੈ, ਮਿਲਣ ਵਾਲੇ ਲੇਖਕ ਤੇ ਹੋਰ ਲੋਕ ਵੀ ਆਉਂਦੇ ਹੀ ਰਹਿੰਦੇ ਨੇ। ਕੀ ਪਤਾ, ਕੌਣ-ਕੌਣ ਬੈਠਾ ਉਡੀਕ ਰਿਹਾ ਹੋਵੇ।"

ਉਹਨਾਂ ਨੂੰ ਗੱਲੀਂ ਲੱਗੇ ਛੱਡ ਜਗਦੀਪ ਚੁੱਪ ਕਰ ਕੇ ਕੋਲੋਂ ਦੀ ਅੰਦਰ ਲੰਘ ਗਈ। ਹਿਤੈਸ਼ੀ ਜੀ ਨੂੰ ਜਾਂਦੇ ਦੇਖ ਗੁਰਮੁਖ ਸਿੰਘ ਨੇ ਕਿਹਾ, "ਤੁਸੀਂ ਮੇਰੇ ਘਰ ਲਈ, ਮੇਰੇ ਬੱਚਿਆਂ ਲਈ ਕਿੰਨੀ ਖੇਚਲ ਕੀਤੀ ਹੈ ਤੇ ਕਿੰਨੀ ਪਰੇਸ਼ਾਨੀ ਸਹੀ ਹੈ, ਧੰਨਵਾਦ ਲਫ਼ਜ਼ ਬਹੁਤ ਹਲਕਾ ਹੈ, ਕਹਾਂਗਾ ਨਹੀਂ!"

ਉਹ ਇਕ ਪਲ ਰੁਕ ਕੇ ਤੇ ਉਹਦਾ ਮੋਢਾ ਘੁੱਟ ਕੇ ਕਹਿੰਦੇ, "ਮੇਰੇ ਤੇ ਤੁਹਾਡੇ ਰਿਸ਼ਤੇ ਵਿਚ ਉਸ ਦੀ ਜ਼ਰੂਰਤ ਵੀ ਨਹੀਂ, ਗੁਰਮੁਖ ਸਿੰਘ ਜੀ!"

ਉਹ ਅੰਦਰ ਗਿਆ ਤਾਂ ਜਗਦੀਪ ਨੇ ਸੋਫ਼ੇ ਤੋਂ ਖੜ੍ਹੀ ਹੋ ਕੇ ਨੀਵੀਂ ਪਾਈ, "ਮੈਨੂੰ ਮਾਫ਼ ਕਰ ਦਿਉ ਗੁਰੂ!"

ਉਸ ਭਾਰੇ ਬੋਲ ਨਾਲ ਆਖਿਆ, "ਇਹ ਕਹਾਵਤ ਕਿੰਨੀ ਵੀ ਖੋਖਲੀ ਹੋਵੇ, ਹੁਣ ਤਾਂ ਇਹੋ ਹੀ ਮੰਨਣੀ ਪਵੇਗੀ। ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ, ਉਸ ਨੂੰ ਭੁੱਲਿਆ ਨਹੀਂ ਕਹਿੰਦੇ।"

ਕੁਛ ਚਿਰ ਦੋਵੇਂ ਅਬੋਲ ਬੈਠੇ ਰਹੇ। ਆਖ਼ਰ ਗੁਰਮੁਖ ਸਿੰਘ ਨੇ ਮਨ ਵਿਚ ਰਿਝਦੇ-ਪਕਦੇ ਦੀ ਕੁਛ ਭਾਫ਼ ਕੱਢੀ, "ਇਹ ਵੇਲਾ ਇਹ ਪੁੱਛਣ ਦਾ ਨਹੀਂ ਕਿ ਤੂੰ ਬੰਬਈ ਕਿਉਂ ਗਈ ਜਾਂ ਉਥੋਂ ਕਿਉਂ ਪਰਤ ਆਈ। ਪਰ ਇਕ ਗੱਲ ਤਾਂ ਸਾਫ਼ ਹੈ ਨਾ, ਜੋ ਝੂਠਾ ਸੁਪਨਾ ਤੂੰ ਦੇਖ ਕੇ ਗਈ ਸੀ, ਉਹ ਪੂਰਾ ਨਹੀਂ ਹੋਇਆ। ਮੈਂ ਤੈਨੂੰ ਕਈ ਵਾਰ ਸਚੇਤ ਕੀਤਾ ਹੈ, ਜਗਦੀਪ, ਮਿਰਗਜਲ ਨੂੰ ਜਲ ਸਮਝ ਕੇ ਉਸ ਪਿੱਛੇ ਭਜਦੇ ਰਹਿਣ ਵਾਲਾ ਪਿਆਸਾ ਆਖ਼ਰ ਪਿਆਸ ਬੁਝਾਉਣ ਵਿਚ ਕਾਮਯਾਬ ਹੋਣ ਦੀ ਥਾਂ ਥਲ ਦੀ ਪਿਆਸ ਦਾ ਹੀ ਸ਼ਿਕਾਰ ਹੋ ਜਾਂਦਾ ਹੈ।"

ਜਗਦੀਪ ਨੂੰ ਅਬੋਲ ਬੈਠੀ ਰਹਿਣਾ ਦੋਸ਼ ਕਬੂਲ ਕਰਨ ਵਾਂਗ ਲਗਿਆ, "ਠੀਕ ਹੈ, ਮੈਂ ਕਾਮਯਾਬ ਨਹੀਂ ਹੋਈ ਪਰ ਕਾਮਯਾਬੀ ਦੀ ਤਲਾਸ਼ ਕਰਨਾ ਮਿਰਗਜਲ ਪਿੱਛੇ ਭੱਜਣਾ ਤਾਂ ਨਹੀਂ ਹੁੰਦਾ।"

ਗੁਰਮੁਖ ਸਿੰਘ ਨੇ ਗੱਲ ਕੱਟੀ, "ਇਹ ਮਸ਼ਹੂਰੀ ਤੇ ਮਾਇਆ ਦੇ ਲੋਭ ਵਿਚ ਤੂੰ ਜਿਸ ਭਟਕਣ ਦੀ ਸ਼ਿਕਾਰ ਹੈਂ, ਉਹ ਮਿਰਗਜਲ ਤੋਂ ਵੱਧ ਕੁਛ ਵੀ ਨਹੀਂ। ਮਿਰਗਜਲ ਪਿਆਸ ਬੁਝਾਉਂਦਾ ਨਹੀਂ, ਤੜਪਾਉਂਦਾ ਹੈ। ਗ੍ਰੰਥਾਂ ਦਾ ਉਪਦੇਸ਼ ਹੈ, ਸਮੇਂ ਤੋਂ ਪਹਿਲਾਂ ਤੇ ਭਾਗਾਂ ਤੋਂ ਵੱਧ ਕਦੀ ਕਿਸੇ ਨੂੰ ਕੁਛ ਨਹੀਂ ਮਿਲਦਾ। ਇਹ ਸਮਾਂ ਤੇ ਭਾਗ ਹੁੰਦੇ ਮਨੁੱਖ ਦੇ ਹੱਥ ਹੀ ਨੇ। ਸਮਾਂ ਵੀ ਮਨੁੱਖ ਦੀ ਮਿਹਨਤ ਨਾਲ ਆਉਂਦਾ ਹੈ ਤੇ ਭਾਗਾਂ ਦਾ ਬੂਹਾ ਵੀ ਮਿਹਨਤ ਹੀ ਖੋਲ੍ਹਦੀ ਹੈ! ਕਬੀਰ ਜੀ ਤਾਂ ਤੂੰ ਵੀ ਪੜ੍ਹੇ ਨੇ, ਉਹਨਾਂ ਨੇ ਤੇਰੇ ਵਰਗਿਆਂ ਲਈ ਹੀ ਕਿਹਾ ਹੈ, ਧੀਰੇ ਧੀਰੇ ਰੇ ਮਨਾ, ਧੀਰੇ ਸਭ ਕੁਛ ਹੋਇ, ਮਾਲੀ ਸੀਂਚੇ ਸੌ ਘੜਾ, ਰਿਤੁ ਆਏ ਫਲ ਹੋਇ! ਮਾਲੀ ਭਾਵੇਂ ਬਿਰਛ ਨੂੰ ਸੌ ਘੜਾ ਪਾਣੀ ਪਾ ਦੇਵੇ, ਫਲ ਤਾਂ ਰੁੱਤ ਆਈ ਤੋਂ ਹੀ ਲੱਗੇਗਾ!"

ਹੁਣ ਜਗਦੀਪ ਨੇ ਅਬੋਲ ਰਹਿ ਕੇ ਨੀਵੀਂ ਪਾ ਰੱਖੀ। ਜਵਾਬ ਵਿਚ ਕਹਿਣ ਵਾਸਤੇ ਹੋਰ ਕੁਛ ਵੀ ਨਹੀਂ ਸੀ ਸੁੱਝ ਰਿਹਾ। ਗੁਰਮੁਖ ਸਿੰਘ ਨੂੰ ਵੀ ਉਸ ਦੇ ਕਿਸੇ ਹੁੰਘਾਰੇ ਤੋਂ ਬਿਨਾਂ ਹੋਰ ਕੁਛ ਕਹਿਣਾ ਵਾਜਬ ਨਾ ਲੱਗਿਆ। ਵੈਸੇ ਵੀ ਇਸ ਸਮੇਂ ਵੱਧ ਤੋਂ ਵੱਧ ਵੀ ਜੋ ਕਿਹਾ ਜਾ ਸਕਦਾ ਸੀ, ਉਸ ਦਾ ਸਾਰ-ਤੱਤ ਤਾਂ ਇਹੋ ਹੀ ਹੋਣਾ ਸੀ। ਉਸ ਦੀਆਂ ਅਤੀਤ ਦੀਆਂ ਗ਼ਲਤੀਆਂ ਦਾ ਅਹਿਸਾਸ ਕਰਵਾਉਣ ਵਾਸਤੇ ਤੇ ਭਵਿੱਖ ਵਿਚ ਗ਼ਲਤੀਆਂ ਤੋਂ ਸਾਵਧਾਨ ਕਰਨ ਵਾਸਤੇ ਇਹੋ ਕਾਫ਼ੀ ਸੀ! ਜਦੋਂ ਗੱਲ ਦੇ ਅੱਗੇ ਤੁਰਨ ਵਾਸਤੇ ਕੋਈ ਰਾਹ ਨਾ ਰਿਹਾ, ਗੁਰਮੁਖ ਸਿੰਘ ਖੜ੍ਹਾ ਹੋਇਆ, "ਅੱਛਾ, ਬਾਕੀ ਗੱਲਾਂ ਫੇਰ ਹੁੰਦੀਆਂ ਰਹਿਣਗੀਆਂ। ਨੌਕਰ ਉਡੀਕਦੇ ਹੋਣਗੇ, ਮੈਂ ਦੁਕਾਨ ਚਲਦਾ ਹਾਂ।"

ਜਗਦੀਪ ਤੋਂ ਕੁਛ ਬੋਲਿਆ ਤਾਂ ਨਹੀਂ ਸੀ ਜਾ ਰਿਹਾ ਪਰ ਗੁਰਮੁਖ ਸਿੰਘ ਨੂੰ ਜਾਂਦਾ ਦੇਖ ਉਸ ਨੇ ਪਰੇਸ਼ਾਨ ਕਰ ਰਿਹਾ ਸਵਾਲ ਆਖ਼ਰ ਪੁੱਛ ਹੀ ਲਿਆ, "ਬੱਚੇ ਆਏ ਹੋਣਗੇ?"

ਗੁਰਮੁਖ ਸਿੰਘ ਨੇ ਸੰਖੇਪ ਉੱਤਰ ਦਿੱਤਾ, "ਆਏ ਸਨ।"

"ਮੇਰੇ ਬਾਰੇ ਪੁਛਦੇ ਹੋਣਗੇ?"

"ਇਕ ਵਾਰ ਹੀ ਆਉਣਾ ਹੋਇਆ ਉਹਨਾਂ ਦਾ।" ਉਹਨੇ 'ਮਾਂ' ਸ਼ਬਦ ਉੱਤੇ ਜ਼ੋਰ ਦੇ ਕੇ ਕਿਹਾ, "ਮਾਂ ਨੂੰ ਘਰ ਨਾ ਦੇਖ ਕੇ ਮਾਂ ਬਾਰੇ ਤਾਂ ਪੁੱਛਣਾ ਹੀ ਹੋਇਆ!"

ਉਹਨੇ ਕਾਹਲੀ ਪੈ ਕੇ ਪੁੱਛਿਆ, "ਕੀ ਕਿਹਾ ਤੁਸੀਂ?"

"ਕੀ ਆਖਦਾ?" ਸੁਭਾਅ ਦੇ ਉਲਟ ਗੁਰਮੁਖ ਸਿੰਘ ਦੀ ਜ਼ਬਾਨ ਕੌੜੀ ਹੋ ਗਈ, "ਤੁਹਾਡੀ ਪਿਆਰੀ ਮਾਂ ਆਪਣੇ ਆਸ਼ਕ ਨਾਲ ਭੱਜ ਗਈ ਹੈ?"

ਜਗਦੀਪ ਨੂੰ ਧਰਤੀ ਵਿਰਲ ਨਹੀਂ ਸੀ ਦੇ ਰਹੀ।

"ਮੈਂ ਸੋਚਿਆ, ਅਗਲੀ ਵਾਰ ਦੀ ਅਗਲੀ ਵਾਰ ਦੇਖੀ ਜਾਵੇਗੀ। ਇਹ ਆਖ ਕੇ ਸਾਰ ਦਿੱਤਾ, ਤੂੰ ਕਵੀ ਦਰਬਾਰ ਲਈ ਗਈ ਹੋਈ ਹੈਂ।"

ਜਗਦੀਪ ਨੇ ਸੁਖ ਦਾ ਸਾਹ ਲਿਆ, "ਹੁਣ ਕਦ ਆਉਣੇ ਨੇ?"

ਗੁਰਮੁਖ ਸਿੰਘ ਨੇ ਬੂਹੇ ਕੋਲ ਪੈਰ ਮਲਿਆ, "ਲਿਆਉਣ ਦਾ ਸਮਾਂ ਹੀ ਹੈ, ਭਾਵੇਂ ਇਸ ਐਤਵਾਰ ਲੈ ਆਈਏ, ਭਾਵੇਂ ਅਗਲੇ।"

ਜਗਦੀਪ ਨੇ ਓਹਲੇ ਹੋ ਗਏ ਗੁਰਮੁਖ ਸਿੰਘ ਨੂੰ ਕਿਹਾ, "ਇਸੇ ਐਤਵਾਰ ਹੀ ਲਿਆਵਾਂਗੇ।" ਪਰ ਬਾਹਰੋਂ ਕੋਈ ਜਵਾਬ ਨਾ ਆਇਆ।

ਰਾਤ ਆਈ ਤਾਂ ਗੁਰਮੁਖ ਸਿੰਘ ਤੇ ਜਗਦੀਪ, ਦੋਵਾਂ ਲਈ ਦੁਬਿਧਾ ਲੈ ਕੇ ਆਈ। ਨਵੇਂ ਹਾਲਾਤ ਵਿਚ ਉਹਨਾਂ ਵਾਸਤੇ ਆਪਣੇ ਰਿਸ਼ਤੇ ਦੀ ਦੂਰੀ ਜਾਂ ਨੇੜਤਾ ਨਾਪਣਾ-ਮਿਥਣਾ ਇਕ ਵਾਰ ਫੇਰ ਜ਼ਰੂਰੀ ਹੋ ਗਿਆ ਸੀ। ਉਹਨਾਂ ਨੂੰ ਇਹ ਵੀ ਅਹਿਸਾਸ ਸੀ ਕਿ ਫ਼ੈਸਲਾ ਅੱਜ ਹੀ ਕਰਨਾ ਪੈਣਾ ਹੈ ਤੇ ਸੋਚ-ਸਮਝ ਕੇ ਕਰਨਾ ਪੈਣਾ ਹੈ। ਕੱਲ੍ਹ ਦੇ ਵਿਹਾਰ ਦੀ ਬੁਨਿਆਦ ਅੱਜ ਦੇ ਫ਼ੈਸਲੇ ਉੱਤੇ ਟਿਕ ਜਾਣੀ ਹੈ ਤੇ ਅੱਜ ਲਏ ਫ਼ੈਸਲੇ ਨੂੰ ਭਲਕੇ ਫੇਰ ਬਦਲਣਾ ਕੋਈ ਸੌਖਾ ਨਹੀਂ ਰਹਿ ਜਾਣਾ। ਅੱਜ ਦੀ ਜੱਕੋ-ਤੱਕੀ ਭਲਕ ਦੀ ਝਿਜਕ ਬਣ ਜਾਣੀ ਹੈ।

ਗੁਰਮੁਖ ਸਿੰਘ ਨੇ ਸੋਚਿਆ, ਆਪਣੇ ਇਸ ਕਮਰੇ ਵਿਚ ਪਵਾਂ ਜਿਸ ਵਿਚ ਹੁਣ ਪੈਂਦਾ ਹਾਂ ਜਾਂ ਉਸ ਵਿਚ ਚਲਾ ਜਾਵਾਂ ਜਿਸ ਵਿਚ ਜਗਦੀਪ ਨੂੰ ਮੇਰੀ ਹਾਜ਼ਰੀ ਵਿਘਣ ਤੇ ਬੋਝ ਲੱਗਣ ਤੋਂ ਪਹਿਲਾਂ ਸੰਵਿਆ ਕਰਦਾ ਸੀ। ਕਾਫ਼ੀ ਮਨ-ਮੰਥਨ ਤੋਂ ਮਗਰੋਂ ਆਖ਼ਰ ਉਹ ਇਸ ਸਿੱਟੇ ਉੱਤੇ ਪਹੁੰਚਿਆ, ਮੈਨੂੰ ਇਸੇ ਕਮਰੇ ਵਿਚ ਹੀ ਟਿਕੇ ਰਹਿਣਾ ਚਾਹੀਦਾ ਹੈ। ਜਗਦੀਪ ਦਾ ਵਾਪਸ ਆਉਣਾ ਬੰਬਈ ਪੈਰ ਨਾ ਲੱਗ ਸਕਣ ਦੀ ਮਜਬੂਰੀ ਕਾਰਨ ਹੈ, ਰਿਸ਼ਤੇ ਤੋੜਨ ਦੀ ਗ਼ਲਤੀ ਦੇ ਕਿਸੇ ਅਹਿਸਾਸ ਕਾਰਨ ਨਹੀਂ। ਕੋਈ ਪਤਾ ਨਹੀਂ, ਇਸ ਅਸਫਲਤਾ ਨੇ ਉਸ ਦੀ ਰਿਸ਼ਤਿਆਂ ਦੀ ਸਮਝ ਵਿਚ ਵੀ ਕੋਈ ਤਬਦੀਲੀ ਲਿਆਂਦੀ ਹੈ ਜਾਂ ਨਹੀਂ। ਜਗਦੀਪ ਦੇ ਨੇੜਤਾ ਦੇ ਕਿਸੇ ਸੰਕੇਤ ਤੋਂ ਬਿਨਾਂ ਚਾਦਰ-ਸਰ੍ਹਾਣਾ ਚੁੱਕ ਕੇ ਉਸ ਕਮਰੇ ਵਿਚ ਚਲੇ ਜਾਣਾ ਦੁਬਾਰਾ ਨਿਰਾਦਰੀ ਦਾ ਕਾਰਨ ਵੀ ਤਾਂ ਬਣ ਸਕਦਾ ਹੈ। ਜੇ ਉਥੇ ਜਾ ਕੇ ਵੀ ਦੋਵਾਂ ਵਿਚਕਾਰ ਅਦਿੱਖ ਦੀਵਾਰ ਖੜ੍ਹੀ ਰਹਿਣੀ ਹੈ ਤਾਂ ਉਸ ਕਮਰੇ ਵਿਚ ਪੈਣ ਤੇ ਇਸ ਕਮਰੇ ਵਿਚ ਪੈਣ ਦਾ ਕੀ ਫ਼ਰਕ ਹੈ! ਆਉਣਾ ਤਾਂ ਉਸ ਨੂੰ ਚਾਹੀਦਾ ਹੈ। ਤੋੜ-ਵਿਛੋੜਾ ਉਸ ਨੇ ਕੀਤਾ ਸੀ, ਹੁਣ ਟੁੱਟੀ ਵੀ ਉਸੇ ਨੂੰ ਗੰਢਣੀ ਚਾਹੀਦੀ ਹੈ।

ਉਸ ਨੇ ਪੁਰਾਣੀ ਆਦਤ ਅਨੁਸਾਰ ਅਸ਼ਨਾਨ ਕੀਤਾ, ਰਾਤ ਵਾਲੇ ਕੱਪੜੇ ਪਾਏ ਤੇ ਆਰਾਮ ਕੁਰਸੀ ਉੱਤੇ ਬੈਠ ਕੇ ਹਿਤੈਸ਼ੀ ਜੀ ਦੀ ਲਿਆਂਦੀ ਪੁਸਤਕ ਪੜ੍ਹਨ ਲੱਗਿਆ। ਹਿਤੈਸ਼ੀ ਜੀ ਨੇ ਆਪਣੇ ਮਿੱਤਰ ਤੇ ਵੱਡੇ ਨਾਵਲਕਾਰ ਨਾਨਕ ਸਿੰਘ ਦੇ ਹੁਣ ਤੱਕ ਇਧਰ-ਉਧਰ ਛਪੇ ਸਭ ਨਾਵਲ ਦੁਬਾਰਾ ਬੜੀ ਖ਼ੂਬਸੂਰਤ ਦਿੱਖ ਨਾਲ ਛਾਪੇ ਸਨ। ਗੁਰਮੁਖ ਸਿੰਘ ਸਾਹਿਤ ਦਾ ਕੋਈ ਬਹੁਤਾ ਰਸੀਆ ਪਾਠਕ ਤਾਂ ਨਹੀਂ ਸੀ ਪਰ ਪਿਛਲੀ ਵਾਰ ਮਿਲਣ ਆਏ ਉਹ ਦੋ ਨਾਵਲ, 'ਅੱਗ ਦੀ ਖੇਡ' ਤੇ 'ਖ਼ੂਨ ਦੇ ਸੋਹਿਲੇ' ਇਹ ਆਖ ਕੇ ਦੇ ਗਏ ਸਨ, "ਕਵੀਸ਼ਰ ਜੀ ਨੇ ਇਹ ਨਾਵਲ ਦੇਸ ਦੀ ਵੰਡ ਨੂੰ ਲੈ ਕੇ ਲਿਖੇ ਹਨ। ਦਿਲ ਨੂੰ ਬਹੁਤ ਛੂਹਣ ਵਾਲੇ ਨੇ। ਮੈਨੂੰ ਪਤਾ ਹੈ, ਧਾਰਮਿਕ-ਸਦਾਚਾਰਕ ਤੋਂ ਬਿਨਾਂ ਤੁਸੀਂ ਬਹੁਤਾ ਕੁਛ ਪੜ੍ਹਦੇ ਨਹੀਂ, ਤਾਂ ਵੀ ਉਮੀਦ ਹੈ, ਇਹ ਤੁਹਾਨੂੰ ਚੰਗੇ ਲੱਗਣਗੇ। ਪੜ੍ਹ ਕੇ ਦੇਖਣਾ।" ਕੁਛ ਪੜ੍ਹਨ ਦਾ ਸਮਾਂ ਤਾਂ ਰਾਤ ਨੂੰ ਹੀ ਮਿਲਦਾ ਸੀ। ਉਸ ਨੇ 'ਅੱਗ ਦੀ ਖੇਡ' ਨਾਵਲ ਪੜ੍ਹਨਾ ਸ਼ੁਰੂ ਕਰ ਲਿਆ। ਰੋਜ਼ ਇਕ-ਦੋ ਕਾਂਡ ਪੜ੍ਹ ਲੈਂਦਾ। ਵਿਸ਼ਾ ਹੀ ਅਜਿਹਾ ਸੀ, ਕਈ ਵਾਰ ਮਨ ਬੇਚੈਨ ਹੋ ਜਾਂਦਾ। ਨਾਵਲ ਦੀਆਂ ਘਟਨਾਵਾਂ ਵਿਚ ਦੇਸ-ਨਿਕਾਲੇ ਵੇਲੇ ਦੀਆਂ ਆਪਣੇ ਨਿੱਜੀ ਜੀਵਨ ਦੀਆਂ ਘਟਨਾਵਾਂ ਰਲ-ਮਿਲ ਜਾਂਦੀਆਂ। ਪਰ ਉਹ ਇਹ ਪੁਸਤਕ ਪੜ੍ਹ ਕੇ ਤੇ ਹੋਰ ਨਿੱਕੇ-ਮੋਟੇ ਕੰਮ ਮੁਕਾ ਕੇ 'ਸੋਹਿਲਾ' ਦੀ ਸਮਾਪਤੀ ਨਾਲ ਸੌਣ ਲਈ ਅੱਖਾਂ ਮੀਟਦਾ ਤਾਂ ਪਾਠ ਨਾਲ ਸ਼ਾਂਤ ਹੋਇਆ ਚਿੱਤ ਇਕਦਮ ਨੀਂਦ ਦੀ ਨਿੱਘੀ ਗੋਦ ਵਿਚ ਸਿਮਟ ਜਾਂਦਾ।

ਜਗਦੀਪ ਨੂੰ ਮਹਿਸੂਸ ਹੋ ਰਿਹਾ ਸੀ, ਮੈਂ ਇਕੋ ਝਟਕੇ ਨਾਲ ਜਿਵੇਂ ਸਭ ਰਿਸ਼ਤੇ ਤੋੜ ਕੇ ਚਲੀ ਗਈ ਸੀ ਤੇ ਗੁਰਮੁਖ ਨੇ ਜਿਵੇਂ ਬਿਨਾਂ ਕਿਸੇ ਹੀਲ-ਹੁੱਜਤ ਦੇ ਤੇ ਬਿਨਾਂ ਕੋਈ ਸ਼ਰਤਾਂ ਰੱਖਿਆਂ ਮੈਨੂੰ ਘਰ-ਵਾਪਸੀ ਦੀ ਆਗਿਆ ਦੇ ਦਿੱਤੀ ਹੈ, ਮੈਨੂੰ ਚਾਦਰ-ਸਰ੍ਹਾਣਾ ਚੁੱਕ ਕੇ ਉਸ ਦੇ ਕਮਰੇ ਵਿਚ ਚਲੇ ਜਾਣਾ ਚਾਹੀਦਾ ਹੈ ਤੇ ਪਤੀ-ਪਤਨੀ ਵਜੋਂ ਜੀਵਨ ਦੁਬਾਰਾ ਸ਼ੁਰੂ ਕਰਨਾ ਚਾਹੀਦਾ ਹੈ। ਪਰ ਇਕ ਤਾਂ ਇਹ ਸਿੱਧੀ ਹੀ ਹਾਰ ਹੋਣੀ ਸੀ ਜੋ ਉਸ ਦੀ ਹਉਂ ਨੂੰ ਪਰਵਾਨ ਨਹੀਂ ਸੀ, ਦੂਜੇ, ਨੀਰਸ ਸਰੀਰਕ ਰਿਸ਼ਤੇ ਦੇ ਚਿਰਾਂ ਤੋਂ ਸੁੱਕ ਚੁੱਕੇ ਬਿਰਛ ਨੂੰ ਹਰਾ ਕਰਨ ਵਾਸਤੇ ਜਜ਼ਬਿਆਂ ਦਾ ਜਲ ਸਿੰਜਣ ਤੋਂ ਦਿਲ ਇਨਕਾਰੀ ਜਾਪਦਾ ਸੀ। ਮੰਨਿਆ, ਵਿਆਹ ਤੋਂ ਪਹਿਲਾਂ ਗੁਰੀ ਦਾ ਉਸ ਨੂੰ ਬਹੁਤ ਮੋਹ ਆਉਂਦਾ ਸੀ ਤੇ ਵਿਆਹ ਨਾਲ ਇਹ ਮੋਹ ਨਿੱਘੇ ਪਿਆਰ ਵਿਚ ਬਦਲ ਗਿਆ ਸੀ, ਪਰ ਉਹ ਦੌਰ ਤਾਂ ਚਿਰੋਕਣਾ ਬੀਤ ਚੁੱਕਿਆ। ਜਿਉਂ-ਜਿਉਂ ਉਹ ਆਟੇ-ਦਾਲ ਦੀ ਸਾਧਾਰਨ ਦੁਨੀਆਦਾਰੀ ਵਿਚੋਂ ਨਿੱਕਲ ਕੇ ਸਾਹਿਤ ਦੇ ਸੁਪਨੀਲੇ ਸੰਸਾਰ ਵਿਚ ਡੂੰਘਾ ਹੀ ਡੂੰਘਾ ਪ੍ਰਵੇਸ਼ ਕਰਦੀ ਗਈ ਸੀ, ਗੁਰੂ ਉਸ ਨੂੰ ਵਧਦੀ ਜਾਂਦੀ ਵਿੱਥ ਉੱਤੇ ਖਲੋਤਾ ਪਿੱਛੇ ਰਹਿੰਦੀ ਗਈ ਪੁਰਾਣੀ ਦੁਨੀਆ ਦਾ ਵਾਸੀ ਜਾਪਣ ਲੱਗ ਪਿਆ ਸੀ। ਉਸ ਦੀਆਂ ਗੱਲਾਂ ਲੂਣ-ਤੇਲ ਤੇ ਬੱਚਿਆਂ ਦੀਆਂ ਫ਼ੀਸਾਂ ਦੀਆਂ, ਕਾਰੋਬਾਰ ਦੇ ਨਫ਼ੇ-ਨੁਕਸਾਨ ਦੀਆਂ, ਰਿਸ਼ਤੇਦਾਰੀਆਂ ਦੇ ਵਿਆਹਾਂ ਤੇ ਮਰਨਿਆਂ ਦੀਆਂ ਗੱਲਾਂ ਹੁੰਦੀਆਂ ਸਨ। ਜਾਂ ਫੇਰ ਉਸ ਨੂੰ ਸਦਾਚਾਰ ਦੀਆਂ, ਸੁਹਿਰਦਤਾ ਦੀਆਂ, ਸਮਾਜਕ ਭਲੇ ਦੀਆਂ ਗੱਲਾਂ ਚੰਗੀਆਂ ਲਗਦੀਆਂ ਸਨ। ਇਹਨਾਂ ਗੱਲਾਂ ਵਿਚ ਜਗਦੀਪ ਨੂੰ ਨਾ ਸਿਰਫ਼ ਕੋਈ ਦਿਲਚਸਪੀ ਨਹੀਂ ਸੀ ਸਗੋਂ ਇਹ ਉਸ ਨੂੰ ਅਕਾਉਂਦੀਆਂ ਸਨ, ਖਿਝ ਚਾੜ੍ਹਦੀਆਂ ਸਨ ਤੇ ਰਚਨਾ ਦੇ ਕਾਰਜ ਤੋਂ ਭਟਕਾ ਕੇ ਕਿਸੇ ਹੋਰ ਹੀ ਔਝੜ ਵਿਚ ਲੈ ਜਾਣ ਵਾਲੀਆਂ ਸਨ।

ਇਹਨਾਂ ਗੱਲਾਂ ਦੇ ਉਲਟ ਨਵੀਂ ਦੁਨੀਆ ਦੇ ਨਵੇਂ ਸਾਥੀ ਸਾਹਿਤ ਜਿਉਂਦੇ ਸਨ ਤੇ ਸਾਹਿਤ ਦੀ ਰਚਨਾ ਦੇ ਪ੍ਰੇਰਕ ਬਣਦੇ ਰਹੇ ਸਨ। ਸਾਹਿਰ ਸਾਹਿਬ ਜਿਹੇ ਦੋਸਤ ਤਾਂ ਰਚਨਾ ਦਾ ਆਧਾਰ ਵੀ ਬਣਦੇ ਸਨ। ਚਰਨਜੀਤ ਦੇ ਦਿੱਤੇ ਧੋਖੇ ਦੇ ਬਾਵਜੂਦ ਸਾਹਿਤ ਦੇ, ਜਜ਼ਬਿਆਂ ਦੇ, ਸੁਪਨਿਆਂ ਦੇ ਨਵੇਂ ਸੰਸਾਰ ਵਿਚੋਂ ਮੁੜ ਕੇ ਗੁਰਮੁਖ ਨਾਲ ਇੱਛਾ ਤੋਂ ਸੱਖਣਾ ਫਿੱਕਾ ਪੁਰਾਣਾ ਘਰੇਲੂ ਸੰਸਾਰ ਦੁਬਾਰਾ ਵਸਾਉਣਾ ਮੂਰਖਤਾ ਹੋਵੇਗੀ। ਨਾਲੇ ਮੈਂ, ਇਕ ਔਰਤ, ਨਿਰਲੱਜ ਹੋ ਕੇ ਕਿਉਂ ਜਾਵਾਂ, ਆਉਣਾ ਹੈ ਤਾਂ ਗੁਰੂ ਆਵੇ!

\#\#\#

# ਉਂਕਾਰਪ੍ਰੀਤ ਦੀ ਨਵੀਂ ਤੇ ਨਿਵੇਕਲੀ ਵਾਰਤਕ 'ਕਣ-ਕਣ ਕਥਾ'

ਉਂਕਾਰਪ੍ਰੀਤ ਦੋ ਗ਼ਜ਼ਲ ਸੰਗ੍ਰਹਿ, ਤਿੰਨ ਨਾਟਕ ਅਤੇ ਇੱਕ ਕਾਵਿ-ਸੰਗ੍ਰਹਿ ਤੋਂ ਬਾਅਦ ਵਾਰਤਕ ਦੀ ਪੁਸਤਕ 'ਕਣ-ਕਣ ਕਥਾ' ਨਾਲ਼ ਹਾਜ਼ਰ ਹੈ। ਇਹ ਵੱਖਰੀ ਵਾਰਤਕ ਹੈ। ਉਪਰੀ ਨਜ਼ਰੇ ਇਹ ਕੁਝ ਕਾਵਿ-ਸੰਗ੍ਰਹਿਆਂ ਦੇ ਰਿਵੀਊ ਹਨ। ਪਰ ਨੀਝ ਨਾਲ਼ ਪੜ੍ਹਿਆਂ ਇਸ ਵਿਚੋਂ ਬੜਾ ਕੁਝ ਲੱਭਦਾ ਹੈ। ਕਾਵਿ-ਸੰਗ੍ਰਹਿਆਂ ਦੀ ਚੋਣ ਤੁਹਾਡੇ ਅੰਦਰ ਜਗਿਆਸਾ ਜਗਾਉਂਦੀ ਹੈ। ਇੱਕ ਪਾਤਰ 'ਬਾਬਾ ਮਿੱਪਲ' ਇਸ ਜਗਿਆਸਾ ਨੂੰ ਦਾਰਸ਼ਨਿਕ ਬਣਾਉਂਦਾ ਹੈ। ਬਾਬਾ ਮਿੱਪਲ ਉਂਕਾਰਪ੍ਰੀਤ ਦੇ ਅੰਦਰ ਪਈ ਜਗਿਆਸਾ ਦੀ ਦਾਰਸ਼ਨਿਕਤਾ ਹੈ। ਲੇਖਕ ਦਾ ਬਾਬਾ ਮਿੱਪਲ ਨਾਲ਼ ਰਚਾਇਆ ਸੰਵਾਦ ਕਾਵਿ-ਸਮੀਖਿਆ ਦੀ ਨਵੀਂ ਵਿਧਾ ਨੂੰ ਉਜਾਗਰ ਕਰਦਾ ਹੈ। ਇਹ ਸੰਵਾਦ ਦਾਰਸ਼ਨਿਕ ਹੈ, ਕਾਵਿਕ ਹੈ, ਰਹੱਸ ਸਿਰਜਦਾ ਹੈ ਤੇ ਫਿਰ ਆਪ ਹੀ ਰਹੱਸ ਖੋਲਦਾ ਹੈ। ਲੱਗਦੈ ਜਿਵੇਂ ਕਵਿਤਾ ਦੀਆਂ ਗੰਢਾਂ ਖੋਲ੍ਹ ਰਿਹਾ ਹੋਵੇ। ਇਸ ਸੰਵਾਦ ਵਿਚ ਬਹੁਤ ਸਾਰੇ



**ਮਲਵਿੰਦਰ**
**ਫੋਨ: 365 994 6744**

ਸਵਾਲ ਹਨ। ਸਵਾਲ ਜਗਿਆਸਾ ਜਗਾਉਂਦੇ ਹਨ। ਵਰਤਾਰੇ ਦੀ ਹਰ ਸ਼ੈਅ ਵਿਚ ਕਵਿਤਾ ਸ਼ਾਮਲ ਹੋ ਜਾਂਦੀ ਹੈ। ਕਵਿਤਾਵਾਂ ਉਸ ਦੇ ਅੰਦਰੋਂ ਬੋਲਦੀਆਂ ਹਨ। ਇਸ ਵਿਧਾ ਵਿਚ ਸੰਵਾਦੀ ਬਿਰਤਾਂਤ ਕਾਵਿਕ ਹੋ ਜਾਂਦਾ ਹੈ। ਕਾਵਿਕਤਾ ਪਾਠਕ ਦੇ ਹਿਰਦੇ ਨੂੰ ਨੇੜਿਉਂ ਟੁੰਭਦੀ ਹੈ। ਇਹ ਸੰਵਾਦੀ ਬਿਰਤਾਂਤ ਕਵੀ ਅਤੇ ਕਵਿਤਾ ਦੀ ਸਾਂਝੀ ਗੱਲ ਕਰਦਾ ਹੈ। ਇਸ ਸਾਂਝ ਵਿਚੋਂ ਜਿਸ ਸਮੀਖਿਆ ਦਾ ਜਨਮ ਹੁੰਦਾ ਹੈ, ਉਹ ਨਿਰਸੰਦੇਹ ਨਾ ਪੇਤਲੀ ਆਲੋਚਨਾ ਹੈ ਤੇ ਨਾ ਹੀ ਜਟਿਲ ਭਾਸ਼ਾ ਸਿਰਜਦਾ ਅਕਾਊ ਬਿਰਤਾਂਤ ਹੈ। ਕਿਉਂਕਿ ਗੱਲ ਕਵਿਤਾ ਦੀ ਹੋ ਰਹੀ ਹੈ ਅਤੇ ਕਾਵਿਕ ਭਾਸ਼ਾ ਵਿਚ ਹੋ ਰਹੀ ਹੈ, ਇਸ ਲਈ ਪਾਠਕ ਦੀ ਦਿਲਚਸਪੀ ਬਣੀ ਰਹਿੰਦੀ ਹੈ। ਸੰਵਾਦ ਵਿਚ ਭਰੇ ਹੁੰਗਾਰੇ ਪਾਠਕ ਨੂੰ ਵਾਹ ਕਹਿਣ ਲਈ ਮਜਬੂਰ ਕਰਦੇ ਹਨ।

ਗੱਲ ਜੇ ਇਸ ਕਿਤਾਬ ਵਿਚ ਸ਼ਾਮਲ ਸ਼ਾਇਰਾਂ ਤੇ ਕਿਤਾਬਾਂ ਦੀ ਕਰਨੀ ਹੋਵੇ ਤਾਂ ਚੌਦਾਂ ਕਵੀਆਂ ਦੀ ਸ਼ਾਇਰੀ ਦਾ ਜ਼ਿਕਰ ਉਨ੍ਹਾਂ ਦੀਆਂ ਕਿਤਾਬਾਂ ਦੇ ਹਵਾਲੇ ਨਾਲ਼ ਕੀਤਾ ਗਿਆ ਹੈ। ਡਾ. ਹਰਭਜਨ ਸਿੰਘ, ਸਾਧੂ ਬਿਨਿੰਗ, ਉਲਫ਼ਤ ਬਾਜਵਾ, ਇਕਬਾਲ ਰਾਮੂਵਾਲੀਆ, ਦਲਜੀਤ ਮੋਖਾ, ਦੇਵਿੰਦਰ ਸਤਿਆਰਥੀ, ਡਾ. ਜਗਤਾਰ, ਰਵਿੰਦਰ ਸਹਿਰਾਅ, ਪ੍ਰਤੀਕ, ਸੁਰਜੀਤ ਪਾਤਰ, ਨਵਤੇਜ ਭਾਰਤੀ, ਪਾਸ਼, ਸਮੇਤ ਚੌਦਾਂ ਸ਼ਾਇਰਾਂ ਦੀ ਚੋਣ ਉਂਕਾਰਪ੍ਰੀਤ ਦੀ ਕਾਵਿਕ ਸੂਝ ਦੀ ਗਵਾਹੀ ਭਰਦੀ ਹੈ। ਨਿਰਸੰਦੇਹ ਇਹ ਪੰਜਾਬੀ ਕਵਿਤਾ ਵਿਚ ਵੱਡੇ ਨਾਂ ਹਨ। ਇਨ੍ਹਾਂ ਨਾਵਾਂ ਦੇ ਕ੍ਰਮ ਵਿਚ ਪਹਿਲਾ ਨਾਂ ਸੁਰਿੰਦਰ ਸੋਹਲ ਦਾ ਹੈ ਤੇ ਕਿਤਾਬ ਹੈ 'ਖੰਡਰ, ਖ਼ਾਮੋਸ਼ੀ ਤੇ ਰਾਤ'। ਗੱਲ ਸ਼ੁਰੂ ਕਰਨ ਲੱਗਿਆਂ ਉਹ ਪਹਿਲਾਂ ਕੁਦਰਤ ਨੂੰ ਵਿਚ ਸ਼ਾਮਲ ਕਰਦਾ ਹੈ: 'ਖਿੜਕੀ ਤੋਂ ਬਾਹਰ ਤੱਕਦਾਂ। ਪਤਝੜ ਅੰਤਲੇ ਸਾਹਾਂ 'ਤੇ। ਰੁੰਡ ਮਰੁੰਡ ਰੁੱਖ ਖਲੋਤੇ ਚੁੱਪ ਚਾਪ। ਵਿਛੜੇ ਪੱਤਿਆਂ ਦਾ ਭੂਰਾ ਭੂਰਾ ਦਰਦ। ਫੁੱਲ-ਹੀਣ ਫ਼ਿਜ਼ਾ। ਹੁਣੇ ਪੜ੍ਹਿਆ ਸ਼ਿਅਰ ਅੰਦਰੋਂ ਬੋਲਿਆ;

ਖਿੜਦਿਆਂ ਹੀ ਪੱਤੀ ਪੱਤੀ ਕਰਕੇ ਝਾੜੇ ਏਸ ਨੇ
ਮਨਚਲੀ ਪਤਝੜ ਨੇ ਫੁੱਲਾਂ ਦੀ ਚਲਾਈ ਫੁੱਲਝੜੀ (ਪੰ;11)

ਮਿਪਲ ਬਾਬੇ ਨਾਲ਼ ਇਸ ਸੰਵਾਦ ਵਿਚ ਵਿਸ਼ਵ ਦੇ ਹੋਰ ਕਵੀ ਵੀ ਸ਼ਾਮਲ ਹੋ ਜਾਂਦੇ ਹਨ ਜਦੋਂ ਬਾਬਾ ਮਿਪਲ ਪੁੱਛਦਾ ਹੈ, 'ਵਰਡਸਵਰਥ ਕਵੀ ਨੂੰ ਪੜ੍ਹਿਆ ਤੂੰ? ਇਸ ਸੰਵਾਦ ਵਿਚ ਕਵਿਤਾ ਤੁਹਾਡੇ ਨਾਲ਼ ਤੁਰਦੀ ਹੈ, ਤੁਹਾਡੇ ਅੰਦਰ। ਇੰਝ ਤੁਸੀਂ ਇਸ ਕਿਤਾਬ ਨੂੰ ਪੜ੍ਹਦਿਆਂ ਕਵਿਤਾ ਹੀ ਪੜ੍ਹ ਰਹੇ ਹੁੰਦੇ ਓ। ਕਵਿਤਾ ਦੀਆਂ ਗੱਲਾਂ ਕਰਦਿਆਂ ਕਵਿਤਾਵਾਂ ਵੀ ਪੜ੍ਹੀਆਂ ਜਾਂਦੀਆਂ ਹਨ ਤੇ ਸਮੀਖਿਆ ਵੀ ਹੋਈ ਜਾਂਦੀ ਹੈ। ਕਿਸੇ ਸ਼ਾਇਰ ਦਾ ਸ਼ੇਅਰ ਪੜ੍ਹਦਿਆਂ ਕਿਸੇ ਹੋਰ ਸ਼ਾਇਰ ਦਾ ਸ਼ੇਅਰ ਚੇਤੇ ਆ ਜਾਣਾ ਸਿਰਜਣਾ ਦੇ ਬਹਾਨੇ ਵਿਚਾਰਾਂ ਦੀ ਸਾਂਝ ਸਿਰਜਦਾ ਹੈ। ਜਿਹੜੀ ਕਵਿਤਾ ਕੁਦਰਤ ਦੇ ਹਾਣ ਦੀ ਹੋ ਜਾਵੇ, ਉਸਦੀ ਪ੍ਰਸ਼ੰਸਾ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਉਸਨੂੰ ਕੁਦਰਤ ਦਾ ਥਾਪੜਾ ਮਿਲ ਗਿਆ ਹੁੰਦਾ ਹੈ।

ਸਾਧੂ ਬਨਿੰਗ ਦੀ ਕਿਤਾਬ 'ਯਾਰ ਮੇਰਾ ਦਰਿਆ' ਪੜ੍ਹਦਿਆਂ ਦਰਿਆਵਾਂ ਬਾਰੇ ਲਿਖੀ ਆਗੀ ਲੈਂਗਸਟਨ ਹਿਊਸ ਦੀ ਕਵਿਤਾ 'ਦਾ ਨੀਗਰੋ ਸਪੀਕਸ ਔਫ ਰਿਵਰਜ਼' ਪੋਲੇ ਪੈਰੀਂ ਵਿਚ ਆ ਜਾਂਦੀ ਹੈ। ਪਰ ਆਪਾਂ ਸਾਧੂ ਬਨਿੰਗ ਦੀ ਦਰਿਆ ਨਾਲ਼ ਗੱਲਾਂ ਕਰਦੇ ਦੀ ਕਵਿਤਾ ਪੜ੍ਹਦੇ ਹਾਂ;

ਤੇਰੇ ਕੰਢੇ ਬੈਠੇ ਏਨੇ ਮਛੇਰੇ/ਉਹਨਾਂ ਨਾਲ਼ ਕਿਉਂ ਨਹੀਂ ਕਰਦਾ ਗੱਲਾਂ
ਮਛੇਰਿਆਂ ਵੱਲ ਵੇਖਦਿਆਂ/ਦਰਿਆ ਮੁਸਕਰਾ ਕੇ ਕਹੇ
ਉਹਨਾਂ ਦੀ ਸੁਤਾ ਮੇਰੀਆਂ ਮੱਛੀਆਂ 'ਚ ਹੈ/ ਗੱਲਾਂ ਮੈਂ ਸਿਰਫ਼ ਦੋਸਤਾਂ ਨਾਲ਼ ਕਰਦਾ ਹਾਂ

ਇਸ ਪੁਸਤਕ ਵਿਚ ਘਰ ਬਾਰੇ ਸਤਾਰਾਂ ਨਜ਼ਮਾਂ ਹਨ। ਇੱਕ ਨਜ਼ਮ ਦੀਆਂ ਕੁਝ ਸਤਰਾਂ ਹਨ;


ਘਰਾਂ 'ਚ ਰਹਿੰਦਿਆਂ ਅੱਜ-ਕੱਲ
ਲਾਜਵਾਬ ਸਵਾਲ ਉੱਗਦੇ ਹਨ
ਘਰ ਕੀ ਹੁੰਦਾ ਹੈ, ਕਿੱਥੇ ਹੁੰਦਾ ਹੈ, ਕਿੱਦਾਂ ਬਣਦਾ ਹੈ?

ਇੰਝ ਇੱਕ ਨਜ਼ਮ ਹੈ 'ਚੁੱਪ'। ਚੁੱਪ ਨੂੰ ਸੁਣਨਾ ਸਿੱਖ। ਕਵਿਤਾ 'ਯਾਰ ਮੇਰਾ ਦਰਿਆ' ਵਿਚ ਕੁਦਰਤ ਫਿਰ ਦਸਤਕ ਦਿੰਦੀ ਹੈ;

ਕਵਿਤਾ ਹੁੰਦੀ ਹੈ
ਪੱਤਿਆਂ 'ਤੇ ਹੁੰਦੇ ਹਵਾ ਦੇ ਨਾਚ ਨੂੰ
ਪਾਣੀ ਵਿਚ ਵਗਦੇ ਸੰਗੀਤ ਨੂੰ
ਸ਼ਬਦਾਂ ਵਿਚ ਪਰੋਣ ਲਈ
ਮਨ ਅੰਦਰ ਝਾਤੀ ਪਾਉਣ ਲਈ
ਸੱਜਣਾ ਨਾਲ਼ ਬਾਤਾਂ ਪਾਉਣ ਲਈ

ਇੰਝ ਉਂਕਾਰ ਕਵਿਤਾਵਾਂ ਦੇ ਹਵਾਲੇ ਦੇਣ ਲੱਗਿਆਂ ਵੀ ਆਪਣੀ ਸੂਖ਼ਮ ਸੂਝ ਦਾ ਕੁਦਰਤ ਪ੍ਰੇਮ ਤਿਆਗਦਾ ਨਹੀਂ।

ਹੁਣ ਗੱਲ ਭਾਵੇਂ ਹਰਿਭਜਨ ਸਿੰਘ ਦੀ 'ਰੁੱਖ ਤੇ ਰਿਸ਼ੀ' ਦੀ ਤੋਰ ਲਵੋ ਜਾਂ ਫਿਰ ਉਲਫ਼ਤ ਬਾਜਵਾ ਦੀ 'ਸਾਰਾ ਜਹਾਨ ਮੇਰਾ' ਤੇ ਹੋਰ ਸ਼ਾਇਰਾਂ ਦੀ, ਮੇਰੀ ਮੁਸ਼ਕਲ ਇਹ ਹੈ ਕਿ ਮੈਂ ਇਨ੍ਹਾਂ ਦੀਆਂ ਕਵਿਤਾਵਾਂ, ਗ਼ਜ਼ਲਾਂ ਦੀ ਗੱਲ ਕਰਾਂ ਜਾਂ ਬਾਬਾ




ਮਿੱਪਲ ਦੇ ਉਂਕਾਰਪ੍ਰੀਤ ਨਾਲ਼ ਰਚਾਏ ਸੰਵਾਦ ਦੀ ਜਾਂ ਉਸ ਨਿਰਖ-ਪਰਖ ਦੀ ਜਿਹੜੀ ਉਂਕਾਰ ਨੇ ਕੀਤੀ ਹੈ? ਮਤਲਬ ਮੈਂ ਕੌਣ ਹਾਂ, ਕਿੱਥੇ ਖੜਾ ਹਾਂ ਤੇ ਕੀ ਕਹਿਣਾ ਚਾਹੁੰਦਾ ਹਾਂ? ਇਹੋ ਇਸ ਪੁਸਤਕ ਦੀ ਵਡੱਤਣ ਹੈ ਕਿ ਇਹ ਸਵਾਲ ਪੈਦਾ ਕਰਦੀ ਹੈ। ਇਨ੍ਹਾਂ ਸਵਾਲਾਂ ਦੇ ਰੂਬਰੂ ਉਂਕਾਰਪ੍ਰੀਤ ਵੀ ਹੁੰਦਾ ਹੈ। 'ਰੁੱਖ ਤੇ ਰਿਸ਼ੀ' ਪੜ੍ਹਦਿਆਂ ਉਹ ਲਿਖਦਾ ਹੈ, 'ਰਿਸ਼ੀ ਕੌਣ ਹੁੰਦੇ'? 'ਰੁੱਖ ਕੌਣ ਹੁੰਦੇ'? ਇੰਝ ਹੀ ਇਕਬਾਲ ਰਾਮੂਵਾਲੀਆ ਨੂੰ ਪੜ੍ਹਦਿਆਂ ਸਵਾਲ ਆਉਂਦੇ ਹਨ 'ਕਵਿਤਾ ਕਿਵੇਂ ਲਿਖਦੀ? ਕੌਣ ਕਾਗਜ਼? ਕਲਮ ਕੌਣ? ਸਿਆਹੀ ਕੀ? ਅੱਖਰ ਕਿਹੜੇ? ਪੁਸਤਕ ਦੇ ਪੰਨੇ ਪਲਟਦਿਆਂ ਸਵਾਲ ਵੀ ਛਾਲਾਂ ਮਾਰਦੇ। ਤੇ ਉਂਕਾਰ ਫਿਰ ਇੱਕ ਕਵਿਤਾ ਦੇ ਹਵਾਲੇ ਨਾਲ਼ ਉਹ ਜਵਾਬ ਘੜਦਾ ਹੈ:

ਰਿਸ਼ੀ ਦਾ ਮੇਲ ਹੈ ਨਿਰੀ ਸੰਭਾਵਨਾ, ਪਸ਼ੂ ਤੋਂ ਦਿਓਤੇ ਤੱਕ ਫੈਲੇ ਦੇਸ਼ ਵਿਚ
ਜਿਸਮ ਤੋਂ ਰੂਹ ਤੀਕ ਪੈਂਡਾ, ਵਿਚ ਕਿਤੇ ਕੋਈ ਡੁੱਲਾ ਹੋਇਆ ਬੀਜ ਹੈ
ਜੋ ਅਚਨਚੇਤ ਨਿਰੀ ਪੁਰੀ ਖ਼ੁਸ਼ਬੂ ਬਣ ਜਾਂਦਾ, ਨਾ ਫਲ ਨਾ ਫੁੱਲ ਨਾ ਪੱਤਾ। (ਪੰਨਾ 98)

ਬਾਬਾ ਮਿੱਪਲ ਕਹਿੰਦਾ ਕਿ ਹਰਿਭਜਨ ਸਿੰਹੁ ਨੇ ਆਪਣੀ ਕਵਿਤਾ ਵਿਚ ਮਨੁੱਖ ਦੀ ਹਸਤੀ ਨੂੰ ਪ੍ਰਕ੍ਰਿਤੀ ਨਾਲ਼ ਅਭੇਦ ਕਰਕੇ ਉਹਦੇ ਆਰ-ਪਾਰ ਵੇਖਿਆ, ਨਿਰਖਿਆ, ਪਰਖਿਆ ਤੇ ਪੇਸ਼ ਕੀਤੈ। ਮਨੁੱਖ ਦੀ ਹਸਤੀ ਨੂੰ ਅਜਿਹੀ ਅਭੇਦੀ ਤੱਕਣੀ ਨਾਲ਼ ਵੇਖਣ ਆਲ਼ਾ ਕਵੀ ਕਵਿਤਾ ਦੇ ਅੰਗ-ਸੰਗ ਹੀ ਨਹੀਂ ਵਿਚਰਦਾ ਸਗੋਂ ਖ਼ੁਦ ਉਸਦਾ ਅੰਗ ਬਣ ਜਾਂਦਾ। ਇਸ ਤੋਂ ਵੱਧ ਤੁਸੀਂ ਹਰਿਭਜਨ ਸਿੰਘ ਦੀ ਕਵਿਤਾ ਬਾਰੇ ਕੀ ਕਹੋਗੇ? ਤੇ ਆਹ ਉਲਫ਼ਤ ਬਾਜਵਾ ਸਿਰਫ ਕਹਿੰਦਾ ਹੀ ਨਹੀਂ ਕਿ ਸਾਰਾ ਜਹਾਨ ਮੇਰਾ ਸਗੋਂ ਸਮਝਦਾ ਵੀ ਹੈ:

ਨਾ ਇਹ ਸਤਾਨ ਮੇਰਾ ਨਾ ਉਹ ਸਤਾਨ ਮੇਰਾ
ਸਾਰੇ ਜਹਾਨ ਦਾ ਮੈਂ ਸਾਰਾ ਜਹਾਨ ਮੇਰਾ (ਪੰਨਾ 25)

ਸਟੇਟ ਪ੍ਰਤੀ ਉਲਫ਼ਤ ਬਾਜਵਾ ਦੀ ਸੋਚ ਬਾਰੇ ਬਾਬਾ ਮਿੱਪਲ ਨਾਲ਼ ਸੰਵਾਦ ਬਹਾਨੇ ਵਿਸਤਾਰ ਵਿਚ ਚਰਚਾ ਹੁੰਦੀ ਹੈ। ਚਰਚਾ ਕਰਦਿਆਂ ਉਸ ਦੀਆਂ ਗ਼ਜ਼ਲਾਂ ਦੇ ਢੁੱਕਵੇਂ ਹਵਾਲੇ ਦੇਣੇ ਨਹੀਂ ਭੁੱਲਦਾ ਉਂਕਾਰ;

ਮਨਾਂ 'ਤੇ ਰਾਜ ਨਾ ਤੇਰਾ ਤਨਾਂ 'ਤੇ ਰਾਜ ਹੈ ਤਾਂ ਕੀ
ਮੇਰੀ ਸਰਕਾਰ ਤੂੰ ਬਿਲਕੁਲ ਨਹੀਂ ਸਰਕਾਰ ਦੇ ਕਾਬਲ (ਪੰਨਾ 57)

ਮੁਲਕਾਂ ਦੇ ਹੱਦਾਂ ਬੰਨੇ ਦਿਲ ਢ੍ਹਾ ਕੇ ਕਰੀਏ ਸਾਫ਼ ਹੁਣ
ਸਾਰਾ ਜਹਾਨ ਅਪਣਾ ਇਕ ਘਰ ਬਣਾਈ ਦੋਸਤੋ। (ਪੰਨਾ 79)

ਉਂਕਾਰਪ੍ਰੀਤ ਕਵਿਤਾਵਾਂ ਦੇ ਹਵਾਲੇ ਤੇ ਫਿਰ ਸਮੀਖਿਆ ਇੰਝ ਕਰਦਾ ਜਿਵੇਂ ਦਾਦੀ, ਨਾਨੀ ਆਪਣੇ ਨਿੱਕੜਿਆਂ ਨੂੰ ਬਾਤ ਸੁਣਾ ਰਹੀ ਹੋਵੇ। ਉਹ ਕਵਿਤਾ ਨੂੰ ਪਰਿਭਾਸ਼ਤ ਵੀ ਏਨੇ ਸਹਿਜ ਨਾਲ਼ ਕਰਦਾ ਕਿ ਤੁਹਾਡੇ ਅੰਦਰ ਸੰਗੀਤ ਗੂੰਜਣ ਲੱਗ ਪੈਂਦਾ:

'ਕਵਿਤਾ ਦੀ ਰੂਹ ਸੰਗੀਤ ਹੁੰਦਾ। ਸੰਗੀਤ ਹੁੰਦਾ ਸੁਰ ਅਤੇ ਤਾਲ ਦਾ ਸੁਮੇਲ। ਤਦ ਹੀ ਜਦ ਕਵਿਤਾ ਲਿਖਦੀ ਤਾਂ ਉਸਦਾ ਪਹਿਲਾ ਸਰੋਕਾਰ ਸਭ ਕਾਸੇ 'ਚ ਸੁਰਤਾਲ ਪੈਦਾ ਕਰਨਾ ਹੁੰਦਾ। ਕਵਿਤਾ ਡੂੰਘੇ ਅਰਥਾਂ 'ਚ ਸੁਰਤਾਲਣ ਹੁੰਦੀ'। ਇਕਬਾਲ ਦੀ ਇੱਕ ਕਵਿਤਾ ਵੀ ਪੜ੍ਹ ਸਕਦੇ ਹਾਂ:

ਉਹ ਮੈਨੂੰ ਅਖਦੀ ਹੈ ਬਸਤਰਾਂ 'ਚੋਂ ਬਾਹਰ ਆ, ਬਾਲੀ
ਅਲਫ਼ ਨੰਗਾ ਹੋ, ਮੇਰੇ 'ਚੋਂ ਦੇਖ ਅਪਣਾ ਹਰ ਨਗਨ ਖੂੰਜਾ
ਖੋਲ੍ਹ ਆਪਣੇ ਮਨ ਦੀਆਂ ਦੀਵਾਰ ਕਰੀਆਂ ਤਾਕੀਆਂ
ਵੇਖ ਧੋਤੇ ਵਸਤਰਾਂ ਹੇਠ ਬੁਨੈਣਾ ਪਾਟੀਆਂ
ਪੋਟਿਆਂ ਅੰਦਰ ਛਲਕਦੇ ਸਾਜ਼ ਹੇਏ ਦਾਤੀਆਂ

ਵੈਦ ਕੇਹਰ ਸਿੰਘ ਮੋਤੀ ਦਾ ਨਾਂ ਮੈਂ ਪਹਿਲੀ ਵਾਰ ਪੜ੍ਹ ਸੁਣ ਰਿਹਾ ਹਾਂ। ਵੈਦ ਹੋਰਾਂ ਦੀ ਕਿਤਾਬ 'ਚਮਕਦੇ ਮੋਤੀ' ਇਸ ਪੁਸਤਕ ਵਿਚ ਸ਼ਾਮਲ ਕੀਤੀ ਗਈ ਹੈ। ਇਹ ਦੋਹਰਿਆਂ ਦੀ ਕਿਤਾਬ ਹੈ ਯਾਨੀ ਛੰਦਬੱਧ ਕਵਿਤਾ। ਉਂਕਾਰ ਇਸ ਕਿਤਾਬ ਨੂੰ ਲੈ ਕੇ ਬਾਬੇ ਮਿੱਪਲ ਕੋਲ਼ ਨਹੀਂ ਜਾਂਦਾ ਸਗੋਂ ਪਿੰਗਲ ਮੁਨੀ ਦੀ ਕੁਟੀਆ ਦਾ ਰੁਖ ਕਰਦਾ ਹੈ। ਛੰਦ ਸ਼ਸ਼ਤਰ ਦਾ ਰਚੇਤਾ ਮੁਨੀ। ਵੇਖ ਲਓ ਕਵਿਤਾ ਦੀ ਵਿਧਾ ਬਦਲਣ ਨਾਲ਼ ਆਲੋਚਕ ਆਪਣਾ ਡੇਰਾ ਵੀ ਬਦਲ ਲੈਂਦਾ ਹੈ। ਨਵੇਂ ਗੁਰੂ ਦੇ ਲੜ ਜਾ ਲੱਗਦਾ ਹੈ। ਸ਼ੁਰੂ ਲੋਕ ਕਵੀ ਊਧਮ ਸਿੰਘ ਮੌਜੀ ਦੇ ਦੋਹੇ ਨਾਲ਼ ਕਰਦਾ ਹੈ:;

ਮੋਤੀ ਲਿਸ਼ਕਾਂ ਮਾਰਦੇ, ਖੋਲਣ ਗੁੱਝੇ ਭੇਤ
ਰੂਹ ਨੂੰ ਮਿਲ਼ੇ ਤਰੌਤ ਜਿਹੀ, ਹੋਵੇ ਸੁਰਤ ਸੁਚੇਤ।

ਤੇ ਵੈਦ ਕੇਹਰ ਸਿੰਘ ਦਾ ਦੋਹਾ 'ਮੋਰ ਬਬੀਹੇ ਬੋਲਦੇ, ਕੋਕਲ ਕਰੇ ਪੁਕਾਰ, ਸਾਵਣ ਸੁਹਾਵੇ ਉਸ ਨੂੰ, ਬੁੱਕਲ ਜਿਹਦਾ ਯਾਰ' ਸੁਣ ਕੇ ਬਾਬਾ ਮਿੱਪਲ ਵੀ ਹਾਜ਼ਰ ਹੋ ਜਾਂਦੈ। ਵੈਦ ਦੀ ਸ਼ਾਇਰੀ ਉਪਰ ਦਾਰਸ਼ਨਿਕ ਗੱਲਾਂ ਹੋਣ ਲੱਗਦੀਆਂ ਹਨ। ਕਾਵਿਕ ਸਫ਼ਰ ਦੀ ਨਿਰੰਤਰਤਾ ਬਣੀ ਰਹਿੰਦੀ ਹੈ।

ਕਵੀ ਤੇ ਕਿਤਾਬ ਕੋਈ ਵੀ ਹੋਵੇ, ਹਰ ਰਚਨਾ ਵਿਚੀਂ ਗੁਜ਼ਰਦਿਆਂ ਉਂਕਾਰ ਉਸ ਰਚਨਾ ਦੀ ਤਹਿ 'ਚ ਪਏ ਅਰਥਾਂ ਦੀ ਥਾਹ ਪਾ ਹੀ ਲੈਂਦਾ ਹੈ। ਕਦੀ-ਕਦੀ ਤਾਂ ਹੈਰਾਨੀ ਹੁੰਦੀ ਹੈ ਤੇ ਕਵਿਤਾ ਨੂੰ ਬਾਰ-ਬਾਰ ਪੜ੍ਹਨਾ ਪੈਂਦਾ ਹੈ। ਦਲਜੀਤ ਮੋਖਾ ਦੀ ਪੁਸਤਕ 'ਸਮੁੰਦਰੀ ਹਵਾ' ਪੜ੍ਹਦਿਆਂ ਮੈਂ ਅਜਿਹੇ ਅਹਿਸਾਸ ਵਿਚੋਂ ਗੁਜ਼ਰਿਆ ਹਾਂ

ਇਸ ਮਿੱਟੀ ਦੀ ਤਾਸੀਰ ਹੈ ਐਸੀ ਕਿ ਰੁੱਖ ਉੱਗ ਜਾਏ ਪਰ ਹਵਾ ਨਹੀਂ
ਫੁੱਲ ਖਿੜ ਜਾਏ ਪਰ ਮਹਿਕ ਨਹੀਂ, ਲਾਅਨ ਪਲਮ ਜਾਏ ਪਰ ਤਿੱਤਲੀ ਨਹੀਂ
ਇਹ ਮਿੱਟੀ ਹੈ ਸਰਾਪੀ , ਕੱਟਦੀ ਹੈ ਬਨਵਾਸ।

ਆਪਣੀ ਟਿੱਪਣੀ 'ਚ ਉਂਕਾਰ ਕਹਿੰਦਾ ਹੈ ਕਿ ਮੋਖੇ ਦੀ ਕਵਿਤਾ ਵਿਚਲਾ ਸਮੁੰਦਰ ਇਹ ਦਿਸਦਾ ਸੰਸਾਰ ਨਹੀਂ। ਇਹ 'ਸੰਸਾਰ ਸਮੁੰਦੇ ਤਾਰ ਗੋਵਿੰਦੇ' ਵਾਲਾ ਸਮੁੰਦ ਨਹੀਂ। ਉਸ ਤੋਂ ਕੀ ਪਾਰਲਾ ਸਮੁੰਦਰ ਹੈ ਜਿਸਦੀ ਹਵਾ ਉਸ ਦੀਆਂ ਕਵਿਤਾਵਾਂ ਵਿਚ ਰੁਮਕਦੀ ਹੈ। ਇਸ ਕਾਵਿ ਵਿਚਲੀ ਸਮੁੰਦਰੀ ਹਵਾ ਜੋ ਸਿਰਜਦੀ, ਸਿਰਜਣਾ ਲੋਚਦੀ, ਉਹ ਕਿਵੇਂ ਵੀ ਦ੍ਰਿਸ਼ਟਾਮਾਨ ਸਿਰਜਣਾ ਨਹੀਂ।

ਦੇਵਿੰਦਰ ਸਤਿਆਰਥੀ ਸਾਈਂ ਲੋਕ ਸਾਰੀ ਉਮਰ ਲੋਕ-ਗੀਤ ਇਕੱਠੇ ਕਰਦਿਆਂ ਲੰਘਾ ਦਿੱਤੀ। ਸਾਹਿਤ ਸਿਰਜਣਾ ਵੀ ਕੀਤੀ ਤੇ ਉਹ ਵੀ ਕਮਾਲ ਦੀ। ਘੋੜਾ ਬਾਦਸ਼ਾਹ ਵਰਗਾ ਕਲਾਸਿਕ ਨਾਵਲ ਲਿਖਿਆ। ਇੱਕ ਉਮਰ ਸਾਹਿਤ ਦੇ ਲੇਖੇ ਲਾ ਦਿੱਤੀ। ਚਾਰ ਭਾਸ਼ਾਵਾਂ ਵਿਚ ਸਾਹਿਤ ਰਚਣ ਵਾਲ਼ੇ ਸਤਿਆਰਥੀ ਦੀ ਬਹੁ-ਚਰਚਿਤ ਕਿਤਾਬ 'ਗਿੱਧਾ' ਨੂੰ ਆਪਣੀ ਪੁਸਤਕ 'ਕਣ-ਕਣ ਕਥਾ' ਵਿਚ ਸ਼ਾਮਲ ਕਰਕੇ ਵੱਡਾ ਕੰਮ ਕੀਤਾ ਹੈ। ਕੁਝ ਬੋਲੀਆਂ ਪੜ੍ਹਦੇ ਹਾਂ

ਲੈ ਕੇ ਡੋਰੀਆ ਗੰਢੇ ਦੀ ਛਿਲ ਵਰਗਾ,
ਰੋਟੀ ਲੈ ਕੇ ਦਿਉਰ ਦੀ ਚੱਲੀ (ਪੰਨਾ 22)
ਮਾਹੀ ਮੇਰਾ ਚੀਨ ਨੂੰ ਗਿਆ, ਮੈਂ ਧਾਰ ਕੱਢਾਂ ਨਾਲੇ ਰੋਵਾਂ (ਪੰਨਾ 23)
ਗੋਰਾ ਰੰਗ ਡੱਬੀਆਂ ਵਿਚ ਆਇਆ, ਕਾਲਿਆਂ ਨੂੰ ਖਬਰ ਕਰੋ (ਪੰਨਾ 28)

ਡਾ. ਜਗਤਾਰ ਪੰਜਾਬੀ ਸਾਹਿਤ ਵਿਚ ਇੱਕ ਹੋਰ ਵੱਡਾ ਨਾਂ ਹੈ। ਉਸ ਦੀਆਂ ਨਜ਼ਮਾਂ ਦੀ ਪੁਸਤਕ ' ਦੁੱਧ ਪਥਰੀ' ਬਾਰੇ ਲਿਖਣਾ ਇਕ ਹੋਰ ਵੱਡਾ ਕਾਰਜ ਹੈ। ਜਗਤਾਰ ਦੀਆਂ ਗਹਿਰੀਆਂ ਨਜ਼ਮਾਂ ਨੂੰ ਜਿਵੇਂ ਸਰਲ ਸੰਵਾਦੀ ਜੁਗਤ ਨਾਲ਼ ਸਧਾਰਨ ਪਾਠਕ ਦੀ ਸੂਝ ਸਮਝ ਦੇ ਹਾਣ ਦਾ ਬਣਾਇਆ, ਉਹ ਕਮਾਲ ਹੈ। ਇਸੇ ਸੰਵਾਦ ਦੀਆਂ ਕੁਝ ਸਤਰਾਂ ਪੜ੍ਹਦੇ ਹਾਂ;

'ਜੀਵਨ ਦੀ ਵਿਰਾਟ ਕਵਿਤਾ ਡੂੰਘੇ ਸੰਸਾਰ-ਸਮੁੰਦ ਤਲਾਂ 'ਚੋਂ ਕੀ ਦੁੱਧ ਪਥਰੀ ਦਾ ਟੋਟਾ ਲਿਆ ਥਮਾਉਂਦੀ ਜਗਤਾਰ ਵਰਗੇ ਕਵੀ ਦੇ ਹੱਥ। ਜ਼ਿੰਦਗੀ ਦੀਆਂ ਕਾਲਖਾਂ 'ਤੇ ਉਘੜਨ ਲੱਗਦੀਆਂ ਦੁਧੀਆਂ ਇਬਾਰਤਾਂ। ਜੁਗਨੂੰਆਂ ਦੇ ਕਾਫ਼ਲੇ ਰਵਾਂ ਹੁੰਦੇ ਕਾਲਖ ਦੀ ਚਾਦਰ ਓਹਲੇ ਲੁਕੀ ਸਵੇਰ ਰੌਸ਼ਨ ਕਰਨ। ਤਕੜੀਆਂ ਹੁੰਦੀਆਂ ਲੋਕ ਲਹਿਰਾਂ...ਧੋਅ ਸੁੱਟਦੀਆਂ ਕਾਲਖਾਂ:

ਲੋਕ ਲਹਿਰਾਂ ਅੱਜ ਇੱਕ ਸਾਗਰ ਨੇ ਬਣੀਆਂ,
ਵੇਖ ਪੂਰਬ ਤੋਂ ਨੇ ਪੱਛਮ ਤੀਕ ਤਣੀਆਂ
ਦੀਪ ਬਾਲ਼ੇ ਨੇ ਉਹਨਾਂ ਨੇ ਸੂਝ ਵਾਲ਼ੇ,
ਨੇਰੀਆਂ ਰਾਤਾਂ ਨੇ ਛਣੀਆਂ,
ਇੱਕ ਨਵਾਂ ਸੂਰਜ ਹੈ ਚੜ੍ਹਿਆ।

ਰਵਿੰਦਰ ਸਹਿਰਾਅ ਦੀ ਪੁਸਤਕ 'ਕਾਗਦ ਕਲਮ ਕਿਤਾਬ' ਵਿਚ ਚਾਰ ਕਿਤਾਬਾਂ 'ਅੱਖਰਾਂ ਦੀ ਲੋਅ', 'ਰਿਸ਼ਤਾ ਸ਼ਬਦ ਸਲੀਬ ਦਾ', 'ਜ਼ਖ਼ਮੀ ਪਲ' ਅਤੇ 'ਚੁਰਾਏ ਪਲਾਂ ਦਾ ਹਿਸਾਬ'। ਉਂਕਾਰ ਦੇ ਕਲਾਵੇ 'ਚ ਚਾਰੇ ਆ ਗਈਆਂ। ਕਲਾਵਾ ਸਿਰਫ ਵੱਡਾ ਨਹੀਂ ਨਿੱਘਾ ਤੇ ਮਹੀਨ ਦ੍ਰਿਸ਼ਟੀ ਵਾਲ਼ਾ ਵੀ ਹੋਣਾ ਚਾਹੀਦਾ। ਕਣ-ਕਣ ਕਥਾ ਨੇ ਚਹੁੰ ਨੂੰ ਪੜ੍ਹਿਆ, ਤੋਲਿਆ, ਮਾਪਿਆ ਤੇ ਵਿਚਾਰਿਆ। ਬਾਬੇ ਮਿੱਪਲ ਨਾਲ਼ ਗੋਸ਼ਟ ਰਚਾਈ। ਕਵਿਤਾ ਦੀ ਵਿਚਾਰਧਾਰਕ ਪ੍ਰਤੀਬੱਧਤਾ ਅਤੇ ਰਾਜਸੀ, ਮਾਨਵੀ ਦ੍ਰਿਸ਼ਟੀ ਨੂੰ ਵਾਚਿਆ ਤੇ ਗੱਲਾਂ ਕੀਤੀਆਂ। ਗੱਲਾਂ ਨੇ ਪਾਠਕਾਂ ਨਾਲ਼ ਗੱਲ ਕੀਤੀ, ਕਵੀ ਦਾ ਹੁੰਗਾਰਾ ਸੁਣਿਆ, ਪੜ੍ਹਿਆ ਤੇ ਗੱਲ ਅਗਾਂਹ ਤੋਰੀ। ਤੁਰਦੀ ਗੱਲ ਕਣ-ਕਣ ਵਿਚ ਧੜਕੀ, ਰੜਕੀ ਤੇ ਮਹਿਕੀ। ਇੰਝ ਵੀ ਹੁੰਦੀ ਆਲੋਚਨਾ। ਇਸ ਨੂੰ ਹੀ ਤਾਂ ਕਹਿੰਦੇ ਸਿਰਜਣਾਤਮਿਕ ਆਲੋਚਨਾ। ਇਹ ਵਿਧਾ ਹੀ ਨਵੇਂ ਰਾਹ ਸਿਰਜਦੀ। ਇਨ੍ਹਾਂ ਰਾਹਾਂ ਦੀਆਂ ਪੈੜਾਂ ਹੀ ਸ਼ਬਦ ਸ਼ਬਦ ਕਣ-ਕਣ ਦੀ ਕਥਾ ਬਣਦੀਆਂ। ਬਾਬੇ ਮਿੱਪਲ ਦੀ ਵਾਹ-ਵਾਹ ਕਵੀ ਦੇ ਹਿਰਦੇ ਠੰਡਕ ਵਰਤਾਉਂਦੀ। ਬਾਬੇ ਮਿੱਪਲ ਦੇ ਗੋਸ਼ਟ ਉਪਰ ਝਾਤੀ ਮਾਰ ਲੈਂਦੇ ਹਾਂ:

'ਕਿਆ: ਖ਼ੂਬ ਨਾਓਂ ਕਾਗਦ ਕਲਮ ਕਿਤਾਬ। ਆਪਣੇ ਆਪ 'ਚ ਇੱਕ ਮੁਕੰਮਲ ਕਵਿਤਾ। ਆਹਾ! ਕਿ ਇਹ ਸਭ ਧਰਤੀ ਕਾਗਦ। ਇਸ ਕਾਗਦ 'ਤੇ ਸਭ ਜੀਅ ਜੰਤ ਵਣ ਤ੍ਰਿਣ ਦੇ ਸਾਹਾਂ ਦੀ ਕਲਮ ਲਿਖਦੀ ਪਲ ਪਲ ਜੀਵਨ..ਤੇ ਇਹਨਾਂ ਲਿਖਿਆਂ ਦਾ ਜੋੜ ਸ੍ਰਿਸ਼ਟੀ ਇੱਕ ਕਿਤਾਬ ਜੋ ਮੁਕੰਮਲ ਵੀ ਤੇ ਨਾ-ਮੁਕੰਮਲ ਵੀ। ਆਹਾ! ਕਿ ਕਲਮ ਸਾਹਾਂ ਦੀ ਲਿਖ ਰਹੀ ਪਲ ਪਲ ਇੱਕ ਜੀਣ ਦੀ ਸਤਰ ਨਵੀਂ। ਜਿਵੇਂ ਉਹ ਕਹਿੰਦੇ ਨੇ ਕਿ ਬ੍ਰਹਿਮੰਡ ਫੈਲ ਰਿਹਾ ਲਗਾਤਾਰ ਡੂੰਘੇ ਅਰਥਾਂ 'ਚ ਜਿਵੇਂ ਉਹ ਕਵਿਤਾ ਦਾ ਹੀ ਵਿਸਥਾਰ...ਇੱਕ ਨਿਰੰਤਰ ਫੈਲਾਅ'।

ਕਣ-ਕਣ ਕਥਾ ਅਗਾਂਹ ਤੁਰਦੀ ਹੈ। ਬਰੈਂਪਟਨ ਵਿਚ ਵੱਸਦੇ ਨੌਜਵਾਨ ਸ਼ਾਇਰ ਪ੍ਰਤੀਕ ਆਰਟਿਸਟ ਦੀ ਪਲੇਠੀ ਕਾਵਿ-ਪੋਥੀ 'ਬੁਣਤੀ' ਇਸ ਕਥਾ ਦਾ ਵਾਹਨ ਬਣਦੀ ਹੈ। ਇਸ ਕਥਾ ਵਿਚ ਬਾਬੇ ਨਾਨਕ ਦੇ 'ਭੈ ਵਿਚ ਪਵਣ ਵਹੈ ਸਦਵਾਹੁ' ਦਾ ਜ਼ਿਕਰ ਵੀ ਆਉਂਦਾ ਹੈ, ਜੀਂ ਪੌਲ ਸਾਰਤਰ ਦੇ ਨਾਟਕ 'ਨੋ ਐਗਜਿਟ' ਦਾ ਖ਼ਿਆਲ ਵੀ, ਬਰੈਖਤ ਦਾ 'ਵੇਟਿੰਗ ਫਾਰ ਗੋਦੋ' ਅਤੇ ਅਲਬਰਟ ਕਾਮੂ ਦਾ ਅਸਤਿਤਵ ਦਰਸ਼ਨ ਅਧਾਰਿਤ ਪ੍ਰਸਤਾਵ 'ਮਿਥ ਆਫ਼ ਸਿਸੀਫਸ' ਵੀ। ਏਨੇ ਦਾਰਸ਼ਨਿਕ ਹਵਾਲਿਆਂ ਨਾਲ਼ 'ਬੁਣਤੀ' ਵਿਚਲੀ ਕਵਿਤਾ ਕਿਸੇ ਉੱਚੇ ਮਕਾਮ 'ਤੇ ਖਲੋਤੀ ਮਹਿਸੂਸ ਹੁੰਦੀ ਹੈ। ਮੈਂ ਤੇ ਤੂੰ ਦੇ ਰਿਸ਼ਤੇ ਵਿਚਲੀ ਮੁਹੱਬਤ ਦੀ ਇਸ ਸੂਖ਼ਮ ਕਵਿਤਾ ਨੂੰ ਉਂਕਾਰਪ੍ਰੀਤ ਨੇ ਵੱਡਾ ਮਾਣ ਬਖ਼ਸ਼ਿਆ ਹੈ।

ਆਪਣੀ ਇਸ ਪੁਸਤਕ ਵਾਸਤੇ ਕਵੀਆਂ ਦੀ ਚੋਣ ਕਰਦਿਆਂ ਉਂਕਾਰ ਨੇ ਕਰਿਸ਼ਮੇ ਕੀਤੇ ਹਨ। ਪ੍ਰਤੀਕ ਦੀ ਬੁਣਤੀ ਤੋਂ ਬਾਅਦ ਨਵਤੇਜ ਭਾਰਤੀ ਦੀ ਲਾਲੀ ਕ੍ਰਿਸ਼ਮਾ ਹੀ ਤਾਂ ਹੈ। ਵੈਸੇ ਨਵਤੇਜ ਭਾਰਤੀ ਲੀਲਾ ਕਰਕੇ ਜਾਣਿਆਂ ਜਾਂਦਾ ਹੈ। ਤੇ ਲਾਲੀ ਪਟਿਆਲੇ ਦੇ ਭੂਤਵਾੜੇ ਦਾ ਇੱਕ ਭੂਤ। ਕੁਲ ਸੱਤ ਜਣੇ। ਸੱਤਵਾਂ ਨਵਤੇਜ ਜਿਸ ਇਹ ਸੂਖ਼ਮ ਕਥਾਵਾਂ ਸਿਰਜੀਆਂ। ਉਂਕਾਰ ਦਾ ਕਹਿਣਾ ਹੈ ਕਿ ਹੁਣ ਤੀਕ ਮੈਂ ਕਿਸੇ ਕਵਿਤਾ ਦੀ ਕਿਤਾਬ ਪੜ੍ਹ ਕੇ ਕਵਿਤਾਇਆ ਤਾਂ ਗਿਆ ਸਾਂ ਪਰ ਕਥਿਆਇਆ ਨਹੀਂ। ਲਾਲੀ ਵਿਚਲੀ ਕਵਿਤਾ ਪਾਠਕ ਨੂੰ ਕਥਿਆ ਦਿੰਦੀ ਹੈ। ਲਾਲੀ ਦੀ ਕਵਿਤਾ ਨਾਲ਼ ਜੁੜ ਕੇ ਤੁਸੀਂ ਇੱਕ ਅਕੱਥ-ਕਥਾ ਪ੍ਰਵਾਹ ਨਾਲ਼ ਜੁੜਦੇ ਹੀ ਨਹੀਂ ਸਗੋਂ ਉਸਦੀ ਇੱਕ ਕਥ-ਕਣੀ ਬਣਕੇ ਉਸਦੇ ਨਾਲ਼ ਵਹਿਣ ਲੱਗਦੇ ਹੋ।

ਲਾਲੀ ਜੀ ਕਹਿੰਦੇ ਹਨ, ਆਪਣੇ ਦੁਆਲੇ ਅਕੱਥ ਕਥਾਵਾਂ ਫਿਰਦੀਆਂ ਹਨ
ਆਪਣੇ ਕੱਥਕ ਭਾਲਦੀਆਂ, ਜਿਵੇਂ ਕਵਿਤਾ ਕਵੀ ਨੂੰ, ਚਿੱਤਰ ਚਿੱਤਰਕਾਰ ਨੂੰ
ਸ਼ਬਦ ਨਾਨਕ ਨੂੰ, ਸੁਰ ਮਰਦਾਨੇ ਨੂੰ...।

ਨਵਤੇਜ ਭਾਰਤੀ ਦੀ ਲੀਲਾ ਤੋਂ ਬਾਹਰ ਪਿਆ ਲਾਲੀ ਉਂਕਾਰਪ੍ਰੀਤ ਦੀ ਕਣ-ਕਣ ਕਥਾ ਨੇ ਸਾਂਭ ਲਿਆ ਹੈ। ਭੂਤਵਾੜੇ

*(ਬਾਕੀ ਅਗਲੇ ਸਫੇ 'ਤੇ)*

# ਮੈਟਾ ਵਿਰੁੱਧ ਮੁਕੱਦਮੇ ਦੀ ਸੁਣਵਾਈ ਸ਼ੁਰੂ

## ਸਟੇਟਾਂ ਨੇ ਸੋਸ਼ਲ ਮੀਡੀਆ ਕੰਪਨੀ 'ਤੇ ਬੱਚਿਆਂ ਦਾ ਸ਼ੋਸ਼ਣ ਕਰਨ ਅਤੇ ਉਨ੍ਹਾਂ ਨੂੰ ਜਾਣਬੁੱਝ ਕੇ ਅਮਲੀ ਬਣਾਉਣ ਦੇ ਲਾਏ ਇਲਜ਼ਾਮ



ਮੈਟਾ ਪਲੇਟਫਾਰਮਜ਼ ਨੇ ਅਮਰੀਕਾ ਦੀਆਂ ਸਟੇਟਾਂ ਦੇ ਉਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਉਸਨੇ ਮੁਨਾਫ਼ੇ ਖਾਤਰ ਬੱਚਿਆਂ ਨੂੰ ਆਪਣੇ ਫੇਸਬੁੱਕ ਅਤੇ ਇੰਸਟਾਗ੍ਰਾਮ ਪਲੇਟਫਾਰਮਾਂ ਦਾ ਅਮਲੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਇਹ ਗੱਲ ਉਦੋਂ ਕਹੀ ਜਦੋਂ ਮੰਗਲਵਾਰ (18 ਅਗਸਤ) ਨੂੰ ਇਕ ਅਜਿਹਾ ਮੁਕੱਦਮਾ ਸ਼ੁਰੂ ਹੋਇਆ ਜਿਹੜਾ ਦੁਨੀਆ ਦੇ ਸਭ ਤੋਂ ਮਸ਼ਹੂਰ ਐਪਾਂ ਦੇ ਸਰੂਪ ਨੂੰ ਬਦਲ ਸਕਦਾ ਹੈ।

ਅਮਰੀਕਾ ਦੀਆਂ 29 ਸਟੇਟਾਂ (ਦੋਹਾਂ ਪਾਰਟੀਆਂ ਦੀ ਹਕੂਮਤ ਵਾਲੀਆਂ ਸਟੇਟਾਂ) ਦੇ ਇੱਕ ਗਰੁੱਪ ਨੇ ਮੈਟਾ 'ਤੇ ਮੁਕੱਦਮਾ ਕੀਤਾ

**ਸਰੋਤ: ਸੀ ਬੀ ਸੀ ਨਿਊਜ਼**
**ਅਨੁਵਾਦ: ਸੁਖਵੰਤ ਹੁੰਦਲ**

ਹੈ, ਜਿਸ ਵਿਚ ਸੰਭਾਵੀ ਤੌਰ 'ਤੇ ਅਰਬਾਂ ਡਾਲਰਾਂ ਦੇ ਜੁਰਮਾਨੇ ਅਤੇ ਮੈਟਾ ਦੇ ਕਾਰੋਬਾਰ ਕਰਨ ਦੇ ਤਰੀਕੇ ਵਿਚ ਤਬਦੀਲੀ ਕਰਨ ਦੀ ਮੰਗ ਕੀਤੀ ਗਈ ਹੈ।

ਚਾਰ ਮੁੱਖ ਸਟੇਟਾਂ — ਕੈਲੀਫੋਰਨੀਆ, ਕੋਲੋਰਾਡੋ, ਕੈਨਟਕੀ ਅਤੇ ਨਿਊ ਜਰਸੀ — ਨੇ ਮੈਟਾ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਫੇਸਬੁੱਕ ਅਤੇ ਇੰਸਟਾਗ੍ਰਾਮ ਨੂੰ ਛੋਟੀ ਉਮਰ ਦੇ ਵਰਤੋਂਕਾਰਾਂ ਨੂੰ ਆਦੀ ਬਣਾਉਣ ਦੇ ਢੰਗ ਨਾਲ ਡਿਜ਼ਾਈਨ ਕੀਤਾ ਹੈ, ਜਿਸ ਨਾਲ ਚਿੰਤਾ, ਡਿਪ੍ਰੈਸ਼ਨ ਅਤੇ ਇੱਥੋਂ ਤੱਕ ਕਿ ਖੁਦਕੁਸ਼ੀ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ, ਅਤੇ ਖਪਤਕਾਰਾਂ ਨੂੰ ਪਲੇਟਫਾਰਮਾਂ ਦੀ ਸੁਰੱਖਿਆ ਬਾਰੇ ਗੁਮਰਾਹ ਕੀਤਾ ਗਿਆ ਹੈ। ਸਾਰੀਆਂ 29 ਸਟੇਟਾਂ ਨੇ ਮੈਟਾ 'ਤੇ ਬੱਚਿਆਂ ਦੇ ਨਿੱਜੀ ਡਾਟਾ ਨੂੰ ਗਲਤ ਤਰੀਕੇ ਨਾਲ ਇਕੱਠਾ ਕਰਨ ਅਤੇ ਵਰਤਣ ਦਾ ਦੋਸ਼ ਲਗਾ ਕੇ ਫੈਡਰਲ ਕਾਨੂੰਨ ਦੀ ਉਲੰਘਣਾ ਕਰਨ ਦਾ ਦੋਸ਼ ਵੀ ਲਾਇਆ ਹੈ।

ਕੈਲੀਫੋਰਨੀਆ ਦੇ ਸ਼ਹਿਰ ਓਕਲੈਂਡ ਦੀ ਫੈਡਰਲ ਅਦਾਲਤ ਵਿਚ ਸ਼ੁਰੂ ਹੋਏ ਇਸ ਮੁਕੱਦਮੇ ਵਿਚ ਮੰਗਲਵਾਰ ਨੂੰ ਮੁੱਢਲੇ ਬਿਆਨ ਸੁਣੇ ਗਏ, ਅਤੇ ਇਸ ਮੁਕੱਦਮੇ ਨੂੰ ਮਾਹਰਾਂ ਨੇ ਨੌਜਵਾਨ ਵਰਤੋਂਕਾਰਾਂ 'ਤੇ ਸੋਸ਼ਲ ਮੀਡੀਆ ਦੇ ਪੈਣ ਵਾਲੇ ਅਸਰਾਂ ਬਾਰੇ ਹੁਣ ਤੱਕ ਦਾ ਸਭ ਤੋਂ ਵੱਡਾ ਕਾਨੂੰਨੀ ਇਮਤਿਹਾਨ ਦੱਸਿਆ ਹੈ। ਮੈਟਾ ਅਤੇ ਹੋਰ ਸੋਸ਼ਲ ਮੀਡੀਆ ਕੰਪਨੀਆਂ— ਜਿਨ੍ਹਾਂ ਵਿਚ ਸਨੈਪ, ਟਿਕਟੌਕ ਦੀ ਪੇਰੈਂਟ ਕੰਪਨੀ ਬਾਈਟਡਾਂਸ ਅਤੇ ਯੂਟਿਊਬ ਦੀ ਪੇਰੈਂਟ ਕੰਪਨੀ ਅਲਫ਼ਾਬੈਟ ਸ਼ਾਮਲ ਹਨ— ਇਸ ਗੱਲ ਬਾਰੇ ਸਟੇਟਾਂ, ਨਗਰਪਾਲਿਕਾਵਾਂ, ਸਕੂਲ ਜ਼ਿਲ੍ਹਿਆਂ ਅਤੇ ਵਿਅਕਤੀਆਂ ਵੱਲੋਂ ਦਾਇਰ ਹਜ਼ਾਰਾਂ ਮੁਕੱਦਮਿਆਂ ਦਾ ਸਾਹਮਣਾ ਕਰ ਰਹੀਆਂ ਹਨ ਕਿ ਕੀ ਉਨ੍ਹਾਂ ਦੇ ਪ੍ਰੋਡਕਟ ਨੌਜਵਾਨ ਵਰਤੋਂਕਾਰਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਕੈਲੀਫੋਰਨੀਆ ਦੀ ਡਿਪਟੀ ਅਟਾਰਨੀ ਜਨਰਲ ਮੇਗਨ ਓਨੀਲ ਨੇ ਅੱਠ ਮੈਂਬਰੀ ਜਿਊਰੀ ਨੂੰ ਦੱਸਿਆ ਕਿ ਮੈਟਾ ਦਾ ਬਿਜ਼ਨਸ ਮਾਡਲ 'ਵਰਤੋਂਕਾਰਾਂ ਨੂੰ ਆਦੀ ਬਣਾਉਣਾ, ਉਨ੍ਹਾਂ ਨੂੰ ਜਿੰਨਾ ਹੋ ਸਕੇ ਉੱਨਾ ਚਿਰ ਤੱਕ ਪਲੇਟਫਾਰਮ 'ਤੇ ਰੱਖਣਾ, ਉਨ੍ਹਾਂ ਦਾ ਡਾਟਾ ਇਕੱਠਾ ਕਰਨਾ, ਅਤੇ ਫਿਰ ਜਨਤਾ ਤੋਂ ਸੱਚਾਈ ਛੁਪਾਉਣਾ ਸੀ।'

ਓਨੀਲ ਨੇ ਅੱਗੇ ਕਿਹਾ, 'ਇਹ ਤਰੀਕਾ ਖਾਸ ਕਰਕੇ ਬੱਚਿਆਂ ਲਈ ਬਹੁਤ ਕਾਰਗਰ ਰਿਹਾ। ਮੈਟਾ ਨੂੰ ਬੱਚਿਆਂ ਦੀ ਲੋੜ ਸੀ, ਅਤੇ ਉਸ ਨੂੰ ਉਨ੍ਹਾਂ ਬੱਚਿਆਂ ਦੀ ਸੰਭਾਲ ਕਰਨ ਵਾਲੇ ਲੋਕਾਂ ਨੂੰ ਇਹ ਭਰੋਸਾ ਦਿਵਾਉਣ ਦੀ ਲੋੜ ਸੀ ਕਿ ਬੱਚੇ ਸੁਰੱਖਿਅਤ ਹਨ।'

ਮੈਟਾ ਦੇ ਵਕੀਲ ਪਾਲ ਸ਼ਮਿਟ ਨੇ ਕਿਹਾ ਕਿ ਇਸ ਗੱਲ ਬਾਰੇ 'ਕੋਈ ਅਸਹਿਮਤੀ ਨਹੀਂ' ਹੈ ਕਿ ਕੁੱਝ ਸੋਸ਼ਲ ਮੀਡੀਆ ਵਰਤੋਂਕਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਖੋਜ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਅੱਲ੍ਹੜ ਉਮਰ ਦੇ ਬੱਚਿਆਂ ਵਲੋਂ ਸੋਸ਼ਲ ਮੀਡੀਆ ਦੀ ਵਰਤੋਂ ਅਤੇ ਉਨ੍ਹਾਂ ਦੀ ਮਾਨਸਿਕ ਜਾਂ ਸਰੀਰਕ ਭਲਾਈ ਵਿਚ ਕਮੀ ਵਿਚਕਾਰ ਕੋਈ ਸਿੱਧਾ ਸਬੰਧ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੈਟਾ ਦਾ ਸਹਿ-ਸੰਸਥਾਪਕ ਅਤੇ ਸੀ.ਈ.ਓ. ਮਾਰਕ ਜ਼ੁਕਰਬਰਗ ਵੀ ਕੰਪਨੀ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਦੀ ਇੱਛਾ ਰੱਖਦਾ ਹੈ, ਨਾ ਕਿ ਉਨ੍ਹਾਂ ਨੂੰ ਖਤਰਨਾਕ ਬਣਾਉਣ ਦੀ।

ਸ਼ਮਿਟ ਨੇ ਅੱਗੇ ਕਿਹਾ, 'ਉਹ ਨਹੀਂ ਮੰਨਦੇ ਕਿ ਜੇਕਰ ਲੋਕ ਉਨ੍ਹਾਂ ਦੀ ਸੇਵਾ ਨੂੰ ਪਸੰਦ ਨਹੀਂ ਕਰਨਗੇ ਤਾਂ ਉਹ ਵਧੀਆ ਪ੍ਰਦਰਸ਼ਨ ਕਰ ਸਕਣਗੇ।'

ਜੱਜ ਇੰਸਟਾਗ੍ਰਾਮ ਅਤੇ ਫੇਸਬੁੱਕ ਵਿਚ ਤਬਦੀਲੀਆਂ ਕਰਨ ਦੇ ਹੁਕਮ ਦੇ ਸਕਦੀ ਹੈ,

ਜਿਊਰੀ ਇੱਕ ਸਲਾਹਕਾਰੀ ਫੈਸਲਾ ਦੇਵੇਗੀ- ਇਕ ਅਜਿਹਾ ਫੈਸਲਾ ਜਿਸ ਨੂੰ ਮੰਨਣਾ ਜੱਜ ਲਈ ਲਾਜ਼ਮੀ ਨਹੀਂ ਹੁੰਦਾ ਪਰ ਉਹ ਇਸ 'ਤੇ ਸੇਧ ਲਈ ਗੌਰ ਕਰ ਸਕਦਾ/ਸਕਦੀ ਹੈ। ਪਰ ਅਖੀਰ ਵਿਚ ਯੂ.ਐੱਸ. ਡਿਸਟ੍ਰਿਕਟ ਜੱਜ ਇਵੋਨ ਗੋਂਜ਼ਾਲੇਜ਼ ਰੌਜਰਜ਼ ਹੀ ਮੈਟਾ ਦੀ ਜਵਾਬਦੇਹੀ ਤੈਅ ਕਰੇਗੀ।

ਜੇਕਰ ਉਹ ਮੈਟਾ ਨੂੰ ਦੋਸ਼ੀ ਸਮਝਦੀ ਹੈ ਤਾਂ ਰੌਜਰਜ਼ ਦੀਵਾਨੀ ਜੁਰਮਾਨੇ (ਸਿਵਲ ਪੈਨਲਟੀਜ਼) ਲਗਾ ਸਕਦੀ ਹੈ ਅਤੇ ਫੇਸਬੁੱਕ ਅਤੇ ਇੰਸਟਾਗ੍ਰਾਮ ਵਿਚ ਤਬਦੀਲੀਆਂ ਕਰਨ ਦੇ ਹੁਕਮ ਦੇ ਸਕਦੀ ਹੈ। ਮੈਟਾ ਦਾ ਕਹਿਣਾ ਹੈ ਕਿ ਇਹ ਜੁਰਮਾਨਾ 14 ਖਰਬ (1.4 ਟ੍ਰਿਲੀਅਨ) ਅਮਰੀਕੀ ਡਾਲਰ ਤੱਕ ਹੋ ਸਕਦਾ ਹੈ, ਜੋ ਕਿ ਮੇਨਲੋ ਪਾਰਕ, ਕੈਲੀਫੋਰਨੀਆ ਵਿਖੇ ਸਥਿਤ ਇਸ ਕੰਪਨੀ ਦੀ ਕੁੱਲ ਮਾਰਕੀਟ ਵੈਲਿਊ ਦੇ ਲਗਭਗ ਬਰਾਬਰ ਹੈ।

ਅਟਾਰਨੀ ਜਨਰਲਾਂ ਨੇ ਪਿਛਲੇ ਹਫ਼ਤੇ ਹੋਈ ਇੱਕ ਸੁਣਵਾਈ ਵਿਚ ਕਿਹਾ ਸੀ ਕਿ ਇਹ ਰਕਮ 200 ਅਰਬ (ਬਿਲੀਅਨ) ਅਮਰੀਕੀ ਡਾਲਰ ਦੇ ਕਰੀਬ ਹੋ ਸਕਦੀ ਹੈ, ਜੋ ਕਿ ਮੈਟਾ ਦੇ ਲਗਭਗ ਤਿੰਨ ਸਾਲਾਂ ਦੇ ਟੈਕਸ ਦੇਣ ਤੋਂ ਬਾਅਦ ਦੇ ਮੁਨਾਫ਼ੇ ਦੇ ਬਰਾਬਰ ਹੈ।

ਕੈਲੀਫੋਰਨੀਆ, ਕੋਲੋਰਾਡੋ, ਕੈਨਟਕੀ ਅਤੇ ਨਿਊ ਜਰਸੀ ਇਹ ਵੀ ਚਾਹੁੰਦੇ ਹਨ ਕਿ ਮੈਟਾ ਫੇਸਬੁੱਕ ਅਤੇ ਇੰਸਟਾਗ੍ਰਾਮ ਵਿਚ ਵੱਡੀਆਂ ਤਬਦੀਲੀਆਂ ਕਰੇ, ਜਿਨ੍ਹਾਂ ਵਿਚ 'ਲਾਈਕਸ' ਅਤੇ ਲਗਾਤਾਰ ਨਵੀਆਂ ਪੋਸਟਾਂ ਦੇਖਣ ਲਈ ਉਤਸ਼ਾਹਿਤ ਕਰਨ ਵਾਲੀ 'ਇਨਫਿਨਿਟ ਸਕ੍ਰੌਲ ਭਾਵ ਅਸੀਮਤ ਸਕ੍ਰੌਲ' ਨੂੰ ਖਤਮ ਕਰਨਾ, ਛੋਟੀ ਉਮਰ ਦੇ ਵਰਤੋਂਕਾਰਾਂ ਲਈ ਸਮੇਂ ਦੀ ਸੀਮਾ ਤੈਅ ਕਰਨਾ, ਅਤੇ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਔਫਲਾਈਨ ਰੱਖਣ ਲਈ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਸ਼ਾਮਲ ਹੈ।

### ਪਹਿਲੇ ਗਵਾਹ ਦੀ ਗਵਾਹੀ

ਸ਼ੁਰੂਆਤੀ ਬਹਿਸ ਖਤਮ ਹੋਣ ਤੋਂ ਬਾਅਦ, ਮੈਟਾ ਦੇ ਸਾਬਕਾ ਸੁਰੱਖਿਆ ਇੰਜੀਨੀਅਰ ਅਰਤੁਰੋ ਬੇਜਾਰ ਨੇ ਸਟੇਟਾਂ ਦੇ ਪਹਿਲੇ ਗਵਾਹ ਵਜੋਂ ਗਵਾਹੀ ਦੇਣੀ ਸ਼ੁਰੂ ਕੀਤੀ।

ਬੇਜਾਰ ਲੰਬੇ ਸਮੇਂ ਤੋਂ ਇਹ ਕਹਿੰਦਾ ਆ ਰਿਹਾ ਹੈ ਕਿ ਮੈਟਾ ਜਾਣਦੀ ਸੀ ਕਿ ਉਸ ਦੇ ਬੱਚਿਆਂ ਦੀ ਸੁਰੱਖਿਆ ਵਾਲੇ ਟੂਲ ਕੰਮ ਨਹੀਂ ਕਰਦੇ, ਅਤੇ ਉਹ ਅਦਾਲਤ ਵਿਚ ਚਾਰ ਵਾਰ ਕੰਪਨੀ ਦੇ ਖ਼ਿਲਾਫ ਗਵਾਹੀ ਦੇ ਚੁੱਕਾ ਹੈ। ਮੈਟਾ ਨੇ ਸਾਬਕਾ ਕਰਮਚਾਰੀਆਂ ਨਾਲ ਸਿਗਨਲ ਮੈਸੇਜ ਡਿਲੀਟ ਕਰਨ ਦੇ ਦੋਸ਼ ਹੇਠ ਉਸ ਦੀ ਗਵਾਹੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਜੱਜ ਰੌਜਰਜ਼ ਨੇ ਇੱਕ ਮੁੱਖ ਗਵਾਹ ਨੂੰ ਹਟਾਉਣ ਦੀ ਇਸ ਕੋਸ਼ਿਸ਼ ਨੂੰ ਖਾਰਜ ਕਰ ਦਿੱਤਾ।

ਬੇਜਾਰ ਨੇ ਜਿਊਰੀ ਨੂੰ ਦੱਸਿਆ ਕਿ ਮੈਟਾ ਦਾ ਇੱਕ ਮੂਲ ਮੰਤਰ ਸੀ 'ਤੇਜ਼ੀ ਨਾਲ ਅੱਗੇ ਵਧੋ ਅਤੇ ਚੀਜ਼ਾਂ ਨੂੰ ਤੋੜੋ'। ਉਸ ਨੇ ਕਿਹਾ ਕਿ ਕੰਪਨੀ ਇਸ ਗੱਲ ਦੀ ਨਿਗਰਾਨੀ ਕਰਨ ਬਾਰੇ ਕਿ ਕੀ 13 ਸਾਲ ਤੋਂ ਘੱਟ ਉਮਰ ਦੇ ਬੱਚੇ ਔਨਲਾਈਨ ਹਨ ਜਾਂ ਨਹੀਂ 'ਨਾ ਪੁੱਛੋ, ਨਾ ਦੱਸੋ' ਵਾਲੀ ਨੀਤੀ ਅਪਣਾਉਂਦੀ ਸੀ।

ਬੇਜਾਰ ਨੇ ਅੱਗੇ ਕਿਹਾ ਰੀਲਾਂ ਵਰਗੀਆਂ ਛੋਟੀਆਂ ਵੀਡੀਓ ਵਰਗੇ 'ਦੁਨੀਆ ਵਿਚ ਕਈ ਪ੍ਰੋਡਕਟ ਲਾਂਚ ਕੀਤੇ ਗਏ ਅਤੇ ਇਸ ਗੱਲ 'ਤੇ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ ਕਿ ਸ਼ੁਰੂਆਤ ਵਿਚ ਉਨ੍ਹਾਂ ਨੂੰ ਲਾਗੂ ਕਰਦੇ ਸਮੇਂ ਸੁਰੱਖਿਆ ਦਾ ਧਿਆਨ ਕਿਵੇਂ ਰੱਖਿਆ ਜਾਵੇ।'

ਸਟੇਟਾਂ ਨੇ ਦੋਸ਼ ਲਾਏ ਹੈ ਕਿ ਕਰਮਚਾਰੀ ਇੰਸਟਾਗ੍ਰਾਮ ਨੂੰ 'ਨਸ਼ੇ' ਵਜੋਂ ਦੇਖਦੇ ਸਨ

ਜ਼ੁਕਰਬਰਗ ਅਤੇ ਇੰਸਟਾਗ੍ਰਾਮ ਦੇ ਮੁਖੀ ਐਡਮ ਮੋਸੇਰੀ ਵਲੋਂ ਗਵਾਹੀ ਦੇਣ ਦੀ ਉਮੀਦ ਹੈ। ਇਸ ਮੁਕੱਦਮੇ ਦੇ ਚੱਲਣ ਦਾ ਸਮਾਂ ਛੇ ਹਫ਼ਤਿਆਂ ਤੱਕ ਨਿਸ਼ਚਿਤ ਕੀਤਾ ਗਿਆ ਹੈ।

ਮੰਗਲਵਾਰ ਨੂੰ ਮੈਟਾ ਦੇ ਸ਼ੇਅਰ ਜ਼ਿਆਦਾਤਰ ਸਮਾਂ ਹੇਠਾਂ ਰਹੇ ਅਤੇ 4.4 ਫੀਸਦੀ ਦੀ ਗਿਰਾਵਟ ਨਾਲ 543.67 ਅਮਰੀਕੀ ਡਾਲਰ 'ਤੇ ਬੰਦ ਹੋਏ।

ਇਹ ਮੰਨਦੇ ਹੋਏ ਕਿ ਸੋਸ਼ਲ ਮੀਡੀਆ ਦੇ 'ਕੁੱਝ ਲੋਕਾਂ ਲਈ ਕੁੱਝ ਫ਼ਾਇਦੇ ਵੀ ਹਨ' ਓਨੀਲ ਨੇ ਕਿਹਾ ਕਿ ਸਟੇਟਾਂ ਮੈਟਾ ਦਾ ਕਾਰੋਬਾਰ ਬੰਦ ਕਰਵਾਉਣ ਦੀ ਕੋਸ਼ਿਸ਼ ਨਹੀਂ ਕਰ ਰਹੀਆਂ।

ਪਰ ਉਸ ਨੇ ਕਿਹਾ ਕਿ ਮੈਟਾ ਨੇ ਇਹ ਖੋਜ ਕਰਕੇ ਕਿ ਬੱਚਿਆਂ ਦੇ ਦਿਮਾਗ ਕਿਵੇਂ ਕੰਮ ਕਰਦੇ ਹਨ ਅਤੇ ਔਨਲਾਈਨ ਉਤੇਜਨਾ 'ਤੇ ਕਿਵੇਂ ਪ੍ਰਤੀਕਿਰਿਆ ਕਰਦੇ ਹਨ ਅਤੇ ਆਪਣੀਆਂ ਐਪਾਂ 'ਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਕੇ ਬੱਚਿਆਂ ਦਾ ਸ਼ੋਸ਼ਣ ਕੀਤਾ।

ਉਸ ਨੇ ਦੱਸਿਆ ਕਿ ਮੋਸੇਰੀ ਨੂੰ ਭੇਜੀ ਗਈ ਇੱਕ ਅੰਦਰੂਨੀ ਈਮੇਲ ਵਿਚ ਨੋਟ ਕੀਤਾ ਗਿਆ ਸੀ ਕਿ 'ਅੱਲ੍ਹੜ ਉਮਰ ਦੇ ਬੱਚਿਆਂ ਵਲੋਂ ਬਿਤਾਇਆ ਗਿਆ ਸਮਾਂ' ਹੀ ਮੁੱਖ ਟੀਚਾ ਸੀ, ਅਤੇ ਮੈਟਾ ਦੇ ਕਰਮਚਾਰੀ ਇੰਸਟਾਗ੍ਰਾਮ ਨੂੰ ਇੱਕ 'ਨਸ਼ੇ' ਵਜੋਂ ਅਤੇ ਆਪਣੇ ਆਪ ਨੂੰ 'ਨਸ਼ਾ ਵੇਚਣ ਵਾਲਿਆਂ' ਵਜੋਂ ਦੇਖਦੇ ਸਨ।

ਓਨੀਲ ਨੇ ਅੱਗੇ ਕਿਹਾ, 'ਮੈਟਾ ਨੇ ਦੇਖਿਆ ਕਿ ਬੱਚਾ ਜਿੰਨੀ ਛੋਟੀ ਉਮਰ ਵਿਚ ਐਪ ਦੀ ਵਰਤੋਂ ਸ਼ੁਰੂ ਕਰਦਾ ਹੈ, ਕੰਪਨੀ ਲਈ ਉੱਨਾ ਹੀ ਬਿਹਤਰ ਹੈ।'

ਸ਼ਮਿਟ ਨੇ ਸਵੀਕਾਰ ਕੀਤਾ ਕਿ ਕਰਮਚਾਰੀ ਪ੍ਰਾਈਵੇਟ ਤੌਰ 'ਤੇ ਅਜਿਹੀ 'ਲਾਪਰਵਾਹ' ਭਾਸ਼ਾ ਦੀ ਵਰਤੋਂ ਕਰ ਸਕਦੇ ਹਨ, ਪਰ ਉਨ੍ਹਾਂ ਕਿਹਾ ਕਿ ਮੈਟਾ ਦੇ ਪ੍ਰੋਡਕਟ ਅਮਲੀ ਬਣਾਉਣ ਵਾਲੇ ਨਹੀਂ ਸਨ, ਅਤੇ ਜਿਊਰੀ ਸੁਣੇਗੀ ਕਿ ਇੰਸਟਾਗ੍ਰਾਮ ਨੂੰ ਨਸ਼ਾ ਕਹਿਣ ਵਾਲੇ ਕਰਮਚਾਰੀ ਨੇ ਇਸ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਕੀ ਕਦਮ ਚੁੱਕੇ ਸਨ।

### ਅਦਾਲਤ ਦੇ ਬਾਹਰ ਆਲੋਚਕਾਂ ਦਾ ਇਕੱਠ

ਮੁਕੱਦਮਾ ਸ਼ੁਰੂ ਹੋਣ ਸਮੇਂ ਮੈਟਾ ਦੇ ਕੁੱਝ ਆਲੋਚਕਾਂ ਨੇ ਅਦਾਲਤ ਦੇ ਬਾਹਰ ਗੱਲਬਾਤ ਕੀਤੀ। ਉਨ੍ਹਾਂ ਵਿਚ ਮੈਰੀ ਰੋਡੀ ਵੀ ਸ਼ਾਮਲ ਸੀ, ਜਿਸ ਨੇ ਦੱਸਿਆ ਕਿ ਉਸ ਦੇ 15 ਸਾਲਾ ਪੁੱਤਰ ਰਾਈਲੀ ਬਾਸਫੋਰਡ ਨੇ 2021 ਵਿਚ ਫੇਸਬੁੱਕ 'ਤੇ ਇੱਕ ਪ੍ਰੀਡੇਟਰ (ਬੱਚਿਆਂ ਨੂੰ ਆਨਲਾਈਨ ਭੁਚਲਾ ਕੇ, ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲੇ) ਵਲੋਂ ਤੰਗ ਕੀਤੇ ਜਾਣ ਬਾਅਦ ਖੁਦਕੁਸ਼ੀ ਕਰ ਲਈ ਸੀ। ਉਸ ਨੇ ਕਿਹਾ, 'ਉਹ ਇਸ ਨੂੰ ਅਚਾਨਕ ਕੀਤੀ ਖੁਦਕੁਸ਼ੀ ਕਹਿੰਦੇ ਹਨ। ਮੈਂ ਇਸ ਨੂੰ ਉਹੋ ਕਹਿੰਦੀ ਹਾਂ ਜੋ ਇਹ ਅਸਲ ਵਿਚ ਸੀ—ਇੱਕ ਅਜਿਹੇ ਸਿਸਟਮ ਦਾ ਅਨੁਮਾਨਿਤ ਨਤੀਜਾ ਜੋ ਬੱਚਿਆਂ ਦੀ ਬਜਾਏ ਕਾਰਪੋਰੇਸ਼ਨਾਂ ਦੀ ਰਾਖੀ ਕਰਦਾ ਹੈ।'

ਇਹ ਮੁਕੱਦਮਾ 2023 ਵਿਚ ਸ਼ੁਰੂ ਹੋਇਆ ਸੀ, ਵਿਸਲਬਲੋਅਰ ਫ੍ਰਾਂਸਿਸ ਹੌਗੇਨ ਵਲੋਂ ਅਮਰੀਕਾ ਦੀ ਸੈਨੇਟ ਦੀ ਕਮੇਟੀ ਨੂੰ ਇਹ ਦੱਸਣ ਤੋਂ ਦੋ ਸਾਲ ਬਾਅਦ ਕਿ ਮੈਟਾ ਜਾਣਦੀ ਸੀ ਕਿ ਉਸ ਦੇ ਪ੍ਰੋਡਕਟ ਬੱਚਿਆਂ ਲਈ ਅਸੁਰੱਖਿਅਤ ਸਨ ਅਤੇ ਇਹ ਵੀ ਜਾਣਦੀ ਸੀ ਕਿ ਉਨ੍ਹਾਂ ਨੂੰ ਸੁਰੱਖਿਅਤ ਕਿਵੇਂ ਬਣਾਉਣਾ ਹੈ, ਪਰ ਵਧੇਰੇ ਮੁਨਾਫ਼ਾ ਕਮਾਉਣ ਲਈ ਉਸ ਨੇ ਕੁੱਝ ਨਹੀਂ ਕੀਤਾ।

ਇਸ ਸਾਲ ਮਾਰਚ ਵਿਚ, ਲਾਸ ਏਂਜਲਸ ਦੀ ਇੱਕ ਜਿਊਰੀ ਨੇ ਮੈਟਾ ਅਤੇ ਗੂਗਲ ਨੂੰ ਇੱਕ 20 ਸਾਲਾ ਔਰਤ ਨੂੰ 60 ਲੱਖ (6 ਮਿਲੀਅਨ) ਅਮਰੀਕੀ ਡਾਲਰ ਦੇਣ ਦਾ ਹੁਕਮ ਦਿੱਤਾ ਸੀ। ਇਸ ਔਰਤ ਨੇ ਕਿਹਾ ਸੀ ਕਿ ਉਹ ਬਚਪਨ ਵਿਚ ਇੰਸਟਾਗ੍ਰਾਮ ਅਤੇ ਯੂਟਿਊਬ ਦੀ ਅਮਲੀ ਹੋ ਗਈ ਸੀ।

ਇਸ ਮਹੀਨੇ ਦੇ ਸ਼ੁਰੂ ਵਿਚ, ਨਿਊ ਮੈਕਸੀਕੋ ਦੇ ਇੱਕ ਜੱਜ ਨੇ ਸਟੇਟ ਦੇ ਅਟਾਰਨੀ ਜਨਰਲ ਵਲੋਂ ਇਸ ਦੇ ਪਲੇਟਫਾਰਮਾਂ ਨੂੰ 'ਪਬਲਿਕ ਨਿਊਸੈਂਸ ਭਾਵ ਜਨਤਾ ਲਈ ਨੁਕਸਾਨਦੇਹ' ਕਰਾਰ ਦਿੱਤੇ ਜਾਣ ਤੋਂ ਬਾਅਦ, ਮੈਟਾ ਨੂੰ ਅਲੱੜ੍ਹ ਉਮਰ ਦੇ ਬੱਚਿਆਂ ਦੀ ਮਾਨਸਿਕ ਸਿਹਤ ਵਿਚ ਸੁਧਾਰ ਕਰਨ ਲਈ 56 ਕ੍ਰੋੜ 70 ਲੱਖ (567 ਮਿਲੀਅਨ) ਅਮਰੀਕੀ ਡਾਲਰ ਭਰਨ ਦਾ ਹੁਕਮ ਦਿੱਤਾ ਸੀ।

ਟੇਨੇਸੀ ਦੇ ਅਟਾਰਨੀ ਜਨਰਲ ਨੇ ਵੀ ਇੰਸਟਾਗ੍ਰਾਮ ਬਾਰੇ ਅਜਿਹੇ ਹੀ ਦਾਅਵੇ ਕਰਦਿਆਂ ਮੈਟਾ 'ਤੇ ਮੁਕੱਦਮਾ ਕੀਤਾ ਹੈ। ਉਸ ਮਾਮਲੇ ਦੀ ਸੁਣਵਾਈ ਨੈਸ਼ਵਿਲ ਵਿਚ ਚੱਲ ਰਹੀ ਹੈ।

***(ਇਹ ਆਰਟੀਕਲ ਸੀ ਬੀ ਸੀ ਨਿਊਜ਼ ਦੇ ਸਾਈਟ 'ਤੇ 18 ਅਗਸਤ, 2026 ਨੂੰ ਛਪਿਆ ਸੀ।)***

---

***(ਪਿਛਲੇ ਸਫੇ ਦਾ ਬਾਕੀ)***

ਦੀ ਫਿਰ ਗੱਲ ਤੁਰੀ ਹੈ।

ਇਹ ਤੁਰੀ ਗੱਲ ਅਗਾਂਹ ਸੁਰਜੀਤ ਪਾਤਰ ਤੀਕ ਪਹੁੰਚੀ ਹੈ। ਹਵਾ ਵਿਚ ਲਿਖੇ ਹਰਫ਼ ਅੱਜ ਵੀ ਪੜ੍ਹੇ ਤੇ ਮਹਿਸੂਸ ਕੀਤੇ ਜਾ ਸਕਦੇ ਹਨ। ਪਾਤਰ ਦਾ ਤਰੰਨਮ ਉਹਦੀ ਦੇਹ ਅੰਦਰ ਸੁੱਤੇ ਰਾਗਾਂ ਦਾ ਅਲਾਪ ਹੁੰਦਾ ਸੀ। ਸ਼ਬਦ ਉਸ ਕੋ.ਲ ਹਵਾ 'ਤੇ ਸਵਾਰ ਪੱਤਿਆਂ ਵਾਂਗ ਆਉਂਦੇ ਸਨ। ਅਚਾਨਕ ਤੁਰ ਜਾਣ ਤੋਂ ਢੇਰ ਚਿਰ ਪਹਿਲਾਂ ਉਸ ਕਿਹਾ ਸੀ ਕਿ ਮੈਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ

ਪਾਣੀ ਨੇ ਮੇਰੇ ਗੀਤ ਮੈਂ ਪਾਣੀ 'ਤੇ ਲੀਕ ਹਾਂ।

ਉਸ ਦੇ ਗੀਤ ਅੱਜ ਵੀ ਵਗਦੇ ਪਾਣੀਆਂ ਵਾਂਗ ਸਾਡੀਆਂ ਰੂਹਾਂ 'ਚ ਵਹਿ ਰਹੇ ਹਨ। ਉਸ ਦੀ ਸੁਰਜ਼ਮੀਨ ਦਿਸਹੱਦਿਆਂ ਤੋਂ ਬਾਹਰ ਤੀਕ ਫੈਲੀ ਭੋਇੰ ਹੈ। ਇਸੇ ਲਈ ਸ਼ਾਇਦ ਉਸ ਲਿਖਿਆ ਕਿ

ਭਾਫ਼ ਬਣ ਉਡਿਆ ਸਮੁੰਦਰ ਥਲ ਲਈ
ਦੇਖ ਇਸ ਮਿਲਣੀ ਨੂੰ ਇਸ ਹਿਜਰਤ ਨੂੰ ਵੇਖ

(ਪੰਨਾ 62)

ਉਂਕਾਰ ਦਾ ਕਹਿਣਾ ਹੈ ਕਿ ਸੁਰਜ਼ਮੀਨ ਦੇ ਪਾਠ ਨਾ.ਲ, ਪਾਠੀ ਮਨ ਦੀ ਜ਼ਮੀਨ, ਭਾਫ਼ ਦੇ ਐਸੇ ਬਹੁਪਰਤੀ, ਬਹੁਦਿਸ਼ਾਵੀ ਕਾਵਿ-ਬਿੰਬਾਂ ਨਾ.ਲ ਜਿਵੇਂ ਸੁਰਤਾਲੀ ਜਾਂਦੀ ਹੈ। ਭਾਫ਼ ਜਿਵੇਂ 'ਸੁਰਜ਼ਮੀਨ' ਵਿਚਲੀ ਸ਼ਾਇਰੀ ਦਾ ਆਦਿ-ਅੰਤ ਬਿੰਦੂ ਹੈ ਅਤੇ ਧੁਰਾ ਵੀ। ਪਾਤਰ ਦੀਆਂ ਸਤਰਾਂ ਪੜ੍ਹਦੇ ਹਾਂ;

ਇਹ ਪਹਿਲਾਂ ਤੜਪੇ ਸੀ ਸਾਗਰਾਂ ਵਿਚ
ਤੇ ਫਿਰ ਹਵਾ ਵਿਚ ਭਾਫ਼ ਬਣਕੇ
ਪਿਘਲ ਤੁਰੇ ਫਿਰ ਪਰਬਤਾਂ ਤੋਂ
ਇਹ ਨੀਰ ਨਾ ਕਿੱਧਰੇ ਟਿਕਣ ਵਾ.ਲੇ

ਬਕੌ.ਲ ਉਂਕਾਰ 'ਇਸ ਪੁਸਤਕ ਦੀ ਸ਼ਾਇਰੀ ਪ੍ਰਗੀਤ ਰਾਹੀਂ, ਪ੍ਰਗੀਤ ਨੂੰ ਪਾਰ ਕਰਦੀ ਹੈ। ਇਸ ਵਿਚ ਪੇਸ਼ ਗ਼ਜ਼ਲਾਂ ਆਪਣੇ ਰੁਕਨਾਂ, ਮਿਸਰਿਆਂ, ਕਾਫ਼ੀਏ, ਰਦੀਫ਼ਾਂ ਰਾਹੀਂ ਨਜ਼ਮ ਤੀਕਰ ਬਾ-ਬਹਿਰ ਪੁ.ਲ ਸਿਰਜਦੀਆਂ ਹਨ।

ਪੁਸਤਕ ਦੇ ਪੰਨਿਆਂ ਦੀ ਗਿਣਤੀ ਨੇ ਕਿਤੇ ਠਹਿਰਨਾ ਵੀ ਹੁੰਦਾ। ਪਰ ਇਹ ਠਹਿਰਾਅ ਸਾਡੇ ਅੰਦਰ ਭਰੀ ਮੁਰਦਾ ਸ਼ਾਂਤੀ ਵਰਗਾ ਨਾ ਹੋਵੇ। ਇਸੇ ਲਈ ਉਂਕਾਰ ਨੇ ਇਹ ਪੰਨੇ ਪਾਸ਼ ਦੇ ਹਵਾਲੇ ਕੀਤੇ ਹਨ। ਪਾਸ਼ ਜੁਝਾਰੂ ਲਹਿਰ ਦਾ ਉੱਘਾ ਕਵੀ। 'ਸਾਡੇ ਸਮਿਆਂ ਵਿਚ' ਕੀ ਕਹਿੰਦਾ ਪਾਸ਼। ਸਾਡੇ ਸਮੇਂ ਸਾਡੇ ਕਿਉਂ ਨਹੀਂ ਹੋਏ? ਗੱਲਾਂ ਕਈ ਹਨ। ਉਂਕਾਰ ਕੋਲ ਗੱਲਾਂ ਦੀ ਤਹਿ 'ਚ ਜਾਣ ਦੀ ਸੂਝ ਸਮਝ ਹੈ। ਉਸ ਕੋ.ਲ ਪਾਸ਼ ਆਪਣੇ ਹੀ ਬੋਲਾਂ ਦੀ ਵਿਆਖਿਆ ਕਰਨ ਬਹੁੜਦਾ ਹੈ। ਰਹਿੰਦੀ ਕਸਰ ਬਾਬਾ ਮਿੱਪਲ ਪੂਰੀ ਕਰ ਦਿੰਦਾ ਹੈ। ਪਾਸ਼ ਕਹਿੰਦਾ ਹੈ:

ਅਸੀਂ ਜਿਹਨਾਂ ਨੇ ਯੁੱਧ ਨਹੀਂ ਕੀਤਾ,
ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ
ਉਂਜ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ,
ਅਸੀਂ ਦੋ ਰੋਟੀਆਂ ਤੇ ਮਾੜੀ ਜਿਹੀ ਰਜਾਈ ਬਦਲੇ,
ਯੁੱਧ ਦੇ ਆਕਾਰ ਨੂੰ ਸੰਗੋੜਨਾ ਚਾਹਿਆ।

ਤੇ ਉਂਕਾਰਪ੍ਰੀਤ ਕਹਿੰਦਾ ਹੈ, 'ਜੀਵਨ ਵਰਤਾਰੇ ਦੀ ਸੂਝ ਅਤੇ ਦਰਦ ਨੂੰ ਤ੍ਰੈਕਾਲਿਕ ਦ੍ਰਿਸ਼ਟੀ ਨਾ.ਲ ਲੋਕਾਂ ਦੇ ਪੱਖ ਵਿਚ ਉਜਾਗਰ ਕਰਨ ਵਾਲਾ ਮਨੁੱਖ ਹੀ ਅਸਲ ਸਾਹਿਤਕਾਰ ਜਾਂ ਕਵੀ ਕਹਾਉਣ ਦਾ ਹੱਕਦਾਰ ਹੁੰਦਾ ਹੈ'।

ਕਣ-ਕਣ ਕਥਾ ਵੱਖਰੀ ਤਰ੍ਹਾਂ ਦੀ ਵਾਰਤਕ ਹੈ। ਉਂਕਾਰਪ੍ਰੀਤ ਨੇ ਗੁਰੂ-ਬਾਣੀ ਦਾ ਵੀ ਗਹਿਰਾ ਅਧਿਐਨ ਕੀਤਾ ਹੈ। ਨਾਟਕ ਦੀ ਵਿਧਾ ਨੂੰ ਪ੍ਰਣਾਇਆ ਹੋਣ ਕਰਕੇ ਉਸ ਨੇ ਅੰਤਰਰਾਸ਼ਟਰੀ ਨਾਟਕਕਾਰਾਂ ਨੂੰ ਵੀ ਪੜ੍ਹਿਆ ਹੈ। ਵਿਸ਼ਵ ਦੇ ਦਾਰਸ਼ਨਿਕਾਂ ਦੀਆਂ ਲਿਖਤਾਂ ਵੀ ਉਸਦੇ ਚੇਤਿਆਂ ਵਿਚ ਤਾਜ਼ਾ ਹਨ। ਕਵਿਤਾ ਦੀ ਸਮਝ ਤਾਂ ਉਸ ਕੋ.ਲ ਹੈ ਈ। ਬਾਬਾ ਮਿੱਪਲ ਦੀ ਪਾਤਰ ਉਸਾਰੀ ਇਸ ਵਾਰਤਕ ਨੂੰ ਦਿਲਚਸਪ ਤੇ ਭਾਵਪੂਰਤ ਬਣਾਉਂਦੀ ਹੈ। ਪਾਤਰ ਮੈਂ ਅਤੇ ਬਾਬਾ ਮਿੱਪਲ ਦਰਮਿਆਨ ਰਚਾਇਆ ਸੰਵਾਦ ਇਸ ਸਮੀਖਿਆ ਨੂੰ ਦਾਰਸ਼ਨਿਕਤਾ ਪ੍ਰਦਾਨ ਕਰਦੇ ਹਨ। ਇਹ ਸਭ ਕੁਝ ਦੀ ਭਿਣਖ ਕਣ-ਕਣ ਕਥਾ ਨੂੰ ਪੜ੍ਹਦਿਆਂ ਪੈਂਦੀ ਹੈ। ਇਸੇ ਕਰਕੇ ਇਹ ਪੁਸਤਕ ਵੱਖਰੀ ਹੈ। ਵੱਖਰਾ ਹੋਣਾ ਬਿਹਤਰ ਹੋਣਾ ਹੁੰਦਾ ਹੈ। ਇਸ ਬਿਹਤਰ ਰਚਨਾ ਲਈ ਮੈਂ ਉਂਕਾਰ ਨੂੰ ਵਧਾਈ ਦਿੰਦਾ ਹਾਂ।

# ਜੰਗ ਦੀ ਹਾਰ ਅਤੇ ਜੰਗ ਅਤੇ ਚੇਤਨਾ ਦੀ ਕਾਵਿ-ਗਾਥਾ

## ਪੁਸਤਕ ਪੜਚੋਲ

ਅਮਰਜੀਤ ਸਿੰਘ ਗ੍ਰੇਵਾਲ ਦੀਆਂ ਦੋ ਕਿਤਾਬਾਂ 'ਜੰਗ ਦੀ ਹਾਰ ਅਤੇ ਜੰਗ ਅਤੇ ਚੇਤਨਾ ਦੀ ਕਾਵਿ-ਗਾਥਾ' ਨੂੰ ਡਾ. ਯੋਗ ਰਾਜ ਨੇ ਇਕ ਜਿਲਦ ਵਿਚ ਸੰਪਾਦਿਤ ਕਰਕੇ ਪੰਜਾਬੀ ਅਕਾਦਮੀ ਅੰਮ੍ਰਿਤਸਰ ਵੱਲੋਂ ਛਪਵਾਈ ਗਈ ਹੈ। 230 ਪੰਨਿਆਂ ਦੀ ਇਹ ਪੁਸਤਕ ਏਸੇ ਸਾਲ 2026 ਵਿਚ ਛਪੀ ਹੈ ਅਤੇ ਇਸ ਦੀ ਕੀਮਤ 350 ਰੁਪਏ ਰੱਖੀ ਗਈ ਹੈ। ਇਹ ਪੁਸਤਕ ਅਮਰਜੀਤ ਗ੍ਰੇਵਾਲ ਦੀ ਕਾਵਿ ਗਾਥਾ ਨੂੰ ਸਮਝਕੇ ਉਸਾਰੇ ਅਕਾਦਮਿਕ ਬਿਰਤਾਂਤ ਦੇ ਸੱਜਰੇਪਨ ਵਾਂਗ ਮੈਨੂੰ ਲੱਗੀ ਹੈ। ਇਸ ਤੋਂ ਅੱਗੇ ਇਸ ਨੂੰ ਵਿਦਿਆਰਥੀ ਚੇਤਨਾ ਵਿਚ ਕਿਵੇਂ ਉਤਾਰਨਾ ਹੈ, ਅਕਾਦਮਿਕ ਮਸਲੇ ਵਾਂਗ ਮੇਰੇ ਸਾਹਮਣੇ ਹੈ। ਗ੍ਰੇਵਾਲ ਨੇ ਜੰਗ ਦੀਆਂ ਅਲਾਮਤਾਂ ਨੂੰ ਪ੍ਰਗਟ-ਅਪ੍ਰਗਟ ਅਲਾਮਤਾਂ



ਬਲਕਾਰ ਸਿੰਘ ਪ੍ਰੋਫੈਸਰ (ਰਿਟ.)
ਫੋਨ: +91- 93163-01328

ਵਜੋਂ ਮਨੁੱਖੀ ਬਿਰਤੀ ਦੀ ਨਿਹਿਤ ਸਚਾਈ ਮੰਨਦਿਆਂ ਜੰਗ ਦੀ ਅਕਾਦਮਿਕ ਪ੍ਰਸੰਗਕਤਾ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। ਜੰਗ ਬਾਰੇ ਪ੍ਰਾਪਤ ਲਿਖਤੀ ਹਵਾਲਿਆਂ ਨਾਲ ਜੁੜੀ ਹੋਈ ਆਮ ਸਮਝ, ਜੰਗ ਨੂੰ ਅਕਸਰ ਜਿੱਤਣ ਵਾਸਤੇ ਹੀ ਲੜੀ ਜਾਣ ਵਾਲੇ ਸਰੋਕਾਰਾਂ ਨਾਲ ਜੋੜ ਕੇ ਵੇਖਦੀ ਨਜ਼ਰ ਆਉਂਦੀ ਹੈ। ਇਸ ਆਮ ਸਮਝ ਤੋਂ ਉਪਰ ਉਠ ਕੇ ਕਵੀ ਗ੍ਰੇਵਾਲ ਨੇ ਇਸ ਪੁਸਤਕ ਨੂੰ ਇਸ ਧਰਾਤਲ 'ਤੇ ਉਸਾਰਿਆ ਹੈ ਕਿ ਜਿੱਤ ਕੇ ਹਾਰਨ ਅਤੇ ਹਾਰ ਕੇ ਜਿੱਤਣ ਦੇ ਸੱਚ ਦਾ ਪ੍ਰਸੰਗਕ ਉਸਾਰ, ਇਸ ਪੁਸਤਕ ਦੀ ਅਕਾਦਮਿਕ ਸੁਰ ਦਾ ਹਾਸਲ ਹੋ ਗਿਆ ਹੈ। ਡਾ. ਯੋਗ ਰਾਜ ਨੇ ਜਾਗੇ ਹੋਏ ਅਕਾਦਮਿਕ ਚਿੰਤਕ ਵਾਂਗ ਇਸ ਪੁਸਤਕ ਵਿਚ ਸ਼ਾਮਲ ਦੋਹਾਂ ਪੁਸਤਕਾਂ ਦੀਆਂ ਦੋ ਵਾਰ ਸੰਪਾਦਕੀਆਂ ਲਿਖ ਕੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਪੁਸਤਕ, ਪੰਜਾਬੀ ਕਾਵਿ ਦੇ ਪੈਰੋਂ ਵਿਸ਼ਵ ਸਾਹਿਤ ਵਿਚ 'ਨੈਤਿਕ ਮੋੜ ਦੇ ਆਗਾਜ਼' ਨੂੰ ਸਾਹਮਣੇ ਲਿਆਉਣ ਦੀ ਭੂਮਿਕਾ ਨਿਭਾਉਣ ਦੀ ਸਮਰਥਾ ਦੀ ਸ਼ਾਹਦ ਹੋ ਗਈ ਹੈ। ਇਸ ਅਕਾਦਮਿਕ ਟਿਪਣੀ ਨੂੰ ਧਿਆਨ ਵਿਚ ਰੱਖ ਕੇ ਅਮਰਜੀਤ ਗ੍ਰੇਵਾਲ ਬਾਰੇ ਗੱਲ ਏਥੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਅਕਾਦਮਿਕਤਾ ਦੀ ਚੂਲ ਵਿਦਿਅਕ ਅਦਾਰਿਆਂ ਦੀ ਸੁਰ ਵਿਚੋਂ ਸਥਾਪਤ ਹੁੰਦੀ ਰਹੀ ਹੈ। ਇਸ ਪੁਸਤਕ ਵਿਚਲੀ ਸੁਰ ਗੁਰਮਤਿ ਦੇ ਮੁਹਾਵਰੇ ਨੂੰ ਨਾਲ ਲੈ ਕੇ ਤੁਰਦੀ ਹੈ ਅਤੇ ਇਹ ਸੁਰ ਕਿਸੇ ਨ ਕਿਸੇ ਬਹਾਨੇ ਜੇ ਮਨਫੀ ਨਹੀਂ ਵੀ ਕਹਿਣੀ ਤਾਂ ਗੁੰਮ ਰਹੀ ਪਰਵਾਨ ਕਰ ਹੀ ਲੈਣੀ ਚਾਹੀਦੀ ਹੈ। ਇਸ ਗੁੰਮਸ਼ੁਦਗੀ ਦੇ ਪ੍ਰਸੰਗ ਵਿਚ ਗ੍ਰੇਵਾਲ ਮੈਨੂੰ ਗੁਰੂ ਦੇ ਸਿੱਖ ਵਾਂਗ ਬਾਣੀ ਦੀ ਰੌਸ਼ਨੀ ਵਿਚ ਪਰਵੇਸ਼ ਕਰਦਾ ਲੱਗਦਾ ਹੈ। ਉਸ ਨੇ ਪੱਛਮ ਦੀ ਅਧਿਕਾਰ-ਕੇਂਦਰਤ ਅਕਾਦਮਿਕਤਾ ਅਤੇ ਪੂਰਬ ਦੀ ਵਿਸ਼ਵਾਸ-ਕੇਂਦਰਤ ਅਕਾਦਮਿਕਤਾ ਦੇ ਵਿਚਕਾਰ ਗੁਰਮਤਿ ਦੀ ਨੈਤਿਕਤਾ-ਕੇਂਦਰਤ ਅਕਾਦਮਿਕਤਾ ਦਾ ਝੰਡਾ ਗੱਡ ਦਿੱਤਾ ਹੈ। ਪ੍ਰੋ. ਪੂਰਨ ਸਿੰਘ ਤੋਂ ਲੈ ਕੇ ਪਾਸ਼ ਅਤੇ ਪਾਤਰ ਤੱਕ ਜੋ ਹਾਸ਼ੀਆਗਤ ਇਸ਼ਾਰਿਆਂ ਨਾਲ ਸਹਾਇਕ ਭੂਮਿਕਾ ਵਾਂਗ ਅਕਾਦਮਿਕ ਪ੍ਰਸੰਗ ਵਿਚ ਵਿਦਿਆਰਥੀਆਂ ਤੱਕ ਪਹੁੰਚਦਾ ਰਿਹਾ ਹੈ, ਓਸੇ ਦੇ ਪ੍ਰਸੰਗਕ ਉਸਾਰ ਦੀ ਪਹਿਰੇਦਾਰੀ ਕਰਦੀ ਹੈ ਗ੍ਰੇਵਾਲ ਦੀ ਕਾਵਿ ਪਹੁੰਚ। ਮੈਨੂੰ ਇਹ ਪਹੁੰਚ ਇਸ ਕਰਕੇ ਸਲਾਹੁਣਯੋਗ ਲੱਗਦੀ ਹੈ ਕਿਉਂਕਿ ਇਹ ਪਹੁੰਚ, ਖੱਬੂਆਂ ਅਤੇ ਸੱਜੂਆਂ ਦੀ ਅਕਾਦਮਿਕ ਸਿਆਸਤ ਨੂੰ ਸਮਝ ਕੇ ਅਤੇ ਪਾਸਾ ਵੱਟ ਕੇ ਤੁਰਦੀ ਲੱਗਦੀ ਹੈ। ਜਿਸ ਤਰ੍ਹਾਂ ਇਸ ਵੇਲੇ ਸਮਾਜਵਾਦੀ ਅਕਾਦਮਿਕਤਾ ਦੇ ਬਦਲ ਵਜੋਂ ਰਾਸ਼ਟਰਵਾਦੀ ਅਕਾਦਮਿਕਤਾ ਵਿਦਿਅਕ ਅਦਾਰਿਆਂ ਵਿਚ ਵਰਤ ਰਹੀ ਹੈ, ਉਸ ਨਾਲ ਪੈਦਾ ਹੋਣ ਵਾਲੇ ਉਲਾਰ ਨਾਲ ਜਿਹੋ ਜਿਹੀ ਵਿਦਿਆਰਥੀ ਮਾਨਸਿਕਤਾ ਵਿਚ ਅਕਾਦਮਿਕਤਾ ਨੂੰ ਉਲਝਾਇਆ ਜਾ ਰਿਹਾ ਹੈ, ਉਸ ਨਾਲ ਬੰਦੇ ਵਿਚੋਂ ਬੰਦਾ ਗੁੰਮ ਰਹਿਣ ਵਾਲੇ ਰਾਹੇ ਪੈਣ ਤੋਂ ਰੋਕਣ ਦੀ ਬਾਤ ਪਾ ਰਹੀ ਹੈ ਗ੍ਰੇਵਾਲ ਦੀ ਕਵਿਤਾ।

ਇਹੋ ਜਿਹੀਆਂ ਕੋਸ਼ਿਸ਼ਾਂ, ਲੇਖਕਾਂ ਦੀ ਲੋੜ ਅਨੁਸਾਰ ਪ੍ਰਗਟਾਵੇ, ਕਿਸੇ ਨ ਕਿਸੇ ਰੂਪ ਵਿਚ ਹੁੰਦੇ ਰਹੇ ਹੋਣਗੇ। ਮਿਸਾਲ ਦੇ ਤੌਰ 'ਤੇ ਪ੍ਰੋ. ਕਿਸ਼ਨ ਸਿੰਘ ਨੇ ਗੁਰੂ-ਚਿੰਤਨ ਦੇ ਹਵਾਲੇ ਨਾਲ ਅਕਾਦਮਿਕ ਆਵਾਜ਼ ਉਠਾਈ ਸੀ ਅਤੇ ਉਹ ਪੁਸਤਕ ਰੂਪ ਵਿਚ ਛਪੀ ਹੋਈ ਪ੍ਰਾਪਤ ਵੀ ਹੈ। ਜਿਸ ਤਰ੍ਹਾਂ ਉਹ ਕੋਸ਼ਿਸ਼ ਅੱਗੇ ਨਹੀਂ ਤੁਰ ਸਕੀ, ਉਸ ਤਰ੍ਹਾਂ ਅਮਰਜੀਤ ਨਾਲ ਨਾ ਵਾਪਰੇ, ਇਸ ਫਿਕਰਮੰਦੀ ਨੂੰ ਧਿਆਨ ਵਿਚ ਰੱਖ ਕੇ ਪ੍ਰੋ. ਯੋਗ ਰਾਜ ਦੀ ਇਹ ਸੰਪਾਦਕੀ ਕੋਸ਼ਿਸ਼ ਸਵਾਗਤਯੋਗ ਹੈ। ਇਸੇ ਨਾਲ ਸਬੰਧਤ ਹੈ, ਇਸ ਕਿਤਾਬ ਦੇ ਮੁੱਢ ਵਿਚ ਕਵੀ ਗ੍ਰੇਵਾਲ ਦੀ ਇਹ ਟਿਪਣੀ ਕਿ ਜੰਗ ਦੀ ਹਾਰ ਨੂੰ ਸਮਝਣ ਵਾਸਤੇ ਗੁਰਮਤਿ ਦੀ ਭੂਮਿਕਾ ਅਹਿਮ ਰਹੀ ਹੈ:

ਮੈਂ ਗੁਰੂ-ਪਰੰਪਰਾ ਦਾ ਆਭਾਰੀ ਹਾਂ,
ਜਿਸ ਨੇ ਸ਼ਸਤਰ ਨੂੰ ਸ਼ਬਦ ਦੇ ਅਧੀਨ ਰੱਖਣ ਦੀ ਅਦੁੱਤੀ ਸਿੱਖ ਦਿੱਤੀ। (ਪੰਨਾ 7)

ਗੁਰਮਤਿ ਨੂੰ ਗ੍ਰੇਵਾਲ ਨੇ ਅਕਾਦਮਿਕ ਸੁਰ ਉਸਾਰਨ ਵਾਸਤੇ ਪੱਛਮੀ ਸਿਧਾਂਤਕੀ ਨੂੰ ਹਜ਼ਮ ਕਰਕੇ ਗੁਰੂ-ਚਿੰਤਨ ਦੀ ਸਿਰਦਾਰੀ ਵਜੋਂ ਉਸਾਰਿਆ ਹੈ:

ਮੈਂ ਫਰਾਂਜ਼ ਫੈਨਨ, ਐਮੀ ਸੀਸਰ ਅਤੇ ਐਡਵਰਡ ਸਾਈ ਦਾ ਆਭਾਰੀ ਹਾਂ,
ਜਿਨ੍ਹਾਂ ਨੇ ਦੱਸਿਆ ਕਿ ਬਸਤੀਵਾਦ ਸਿਰਫ ਧਰਤੀ ਉਤੇ ਕਬਜ਼ਾ ਨਹੀਂ ਕਰਦਾ;
ਉਹ ਭਾਸ਼ਾ, ਯਾਦ, ਆਤਮਾ ਅਤੇ ਮਨੁੱਖ ਦੀ ਆਪਣੀ ਅੱਖ ਉਤੇ ਵੀ ਕਬਜ਼ਾ ਕਰਦਾ ਹੈ। (ਪੰਨਾ 9)

ਗ੍ਰੇਵਾਲ ਨੇ 'ਬੈਰੀ ਮੀਤ ਸਮਾਨ' ਦੀ ਗੁਰਮਤੀ ਭਾਵਨਾ ਨੂੰ ਜੰਗੀ ਪ੍ਰਸੰਗ ਵਿਚ ਇਸ ਤਰ੍ਹਾਂ ਸੰਭਾਲਣ ਦੀ ਕੋਸ਼ਿਸ਼ ਕੀਤੀ ਹੋਈ ਹੈ:

ਜਦੋਂ ਤੈਨੂੰ ਪਤਾ ਸੀ
ਕਿ ਦੂਜਾ ਵੀ ਰੋਂਦਾ ਹੈ,
ਤੂੰ ਉਸ ਨੂੰ ਬੈਰੀ ਕਿਵੇਂ ਬਣਾ ਲਿਆ? (ਪੰਨਾ 10)

ਗ੍ਰੇਵਾਲ ਵੱਲੋਂ ਲਿਖੇ ਜਾ ਰਹੇ ਨੂੰ ਪੜ੍ਹਦਿਆਂ ਮੈਨੂੰ ਲੱਗਦਾ ਹੈ ਕਿ ਗੁਰਮਤਿ ਦੀ ਅਕਾਦਮਿਕਤਾ ਦੀ ਪਹਿਰੇਦਾਰੀ ਦਾ ਝੰਡਾ ਅਮਰਜੀਤ ਗ੍ਰੇਵਾਲ ਨੇ ਚੁੱਕ ਲਿਆ ਹੈ। ਏਸੇ ਦਾ ਪਰਤ-ਵਿਸਥਾਰ ਇਸ ਪੁਸਤਕ ਵਿਚ ਫੈਲਿਆ ਹੋਇਆ ਹੈ। ਸਿਧਾਂਤਕੀਆਂ ਦੇ ਭੇੜ ਵਿਚ ਅਕਾਦਮਿਕਤਾ ਦਾ ਉਜਾੜਾ ਬਿਲਕੁਲ ਓਸੇ ਤਰ੍ਹਾਂ ਹੁੰਦਾ ਰਿਹਾ ਹੈ ਜਿਵੇਂ ਸਾਨ੍ਹਾਂ ਦੇ ਭੇੜ ਵਿਚ ਫਸਲ ਦਾ ਕਬਾੜਾ ਹੋ ਸਕਣ ਦੀ ਸਮਝ ਸਾਰਿਆਂ ਨੂੰ ਹੈ। ਇਸ ਨਾਲ ਨੈਤਿਕਤਾ ਦੇ ਅਰਥ ਵੀ ਸਿਆਸੀ ਸੁਰ ਵਿਚ ਹੁੰਦੇ ਆ ਰਹੇ ਹਨ। ਇਹ ਸਮਝਣਾ ਇਸ ਨਾਲ ਸੌਖਾ ਹੋ ਗਿਆ ਹੈ ਕਿ ਸਾਹਿਤ ਜਦੋਂ ਸਿਆਸਤ ਦਾ ਹਥਿਆਰ ਬਣਦਾ ਹੈ ਤਾਂ ਇਸ ਨਾਲ ਪੈਦਾ ਹੋਏ ਅਕਾਦਮਿਕ ਸਭਿਆਚਾਰ ਵਿਚੋਂ ਵਿਰਾਸਤੀ ਸਰੋਕਾਰ ਹਾਸ਼ੀਏ 'ਤੇ ਧੱਕੇ ਜਾਣ ਦੀ ਮਜਬੂਰੀ ਹੰਢਾਉਣ ਲੱਗ ਪੈਂਦੇ ਹਨ। ਇਸ ਸਥਿਤੀ ਨਾਲ ਖਹਿ ਕੇ ਨਿਭ ਰਹੇ ਅਮਰਜੀਤ ਗ੍ਰੇਵਾਲ ਦੀ ਗੁਰਮਤੀ ਸ਼ੈਲੀ ਨੂੰ ਸਮਝਣ ਦੀ ਕੋਸ਼ਿਸ਼ ਡਾ. ਯੋਗ ਰਾਜ ਨੇ ਸੰਪਾਦਕੀ ਲਿਖਦਿਆਂ ਇਹ ਕਹਿ ਕੇ ਕੀਤੀ ਹੋਈ ਹੈ ਕਿ 'ਸਰਬੱਤ ਦਾ ਭਲਾ ਕੋਈ ਨਰਮ ਦੁਆ ਨਹੀਂ; ਇਹ ਰਾਜਨੀਤਕ, ਆਰਥਿਕ, ਤਕਨਾਲੋਜੀਕਲ ਅਤੇ ਕੌਸਮਿਕ ਜ਼ੁੰਮੇਵਾਰੀ ਦੀ ਨਵੀਂ ਵਿਆਕਰਣ ਹੈ। ਨਿਰਭਉ ਨਿਰਵੈਰ ਭਾਵਕ ਅਵਸਥਾ ਨਹੀਂ; ਇਹ ਜੰਗੀ ਮਨੁੱਖਤਾ ਤੋਂ ਪਾਰ ਜਾਣ ਦੀ ਚੇਤਨਾ ਹੈ" (ਪੰਨਾ 15)। ਗ੍ਰੇਵਾਲ ਨੇ ਕਵਿਤਾਵਾਂ ਰਾਹੀਂ ਜਿਵੇਂ ਅਕਾਦਮਿਕ ਸੁਰ ਵਿਚ ਪਸਰੀ ਗੁਰਮਤੀ-ਚੁੱਪ ਨੂੰ ਜ਼ਬਾਨ ਦਿੱਤੀ ਹੈ, ਉਸ ਨਾਲ ਦਫਨ ਸੁਪਨਿਆਂ ਦੀ ਜੀਵੰਤ-ਕ੍ਰੀੜਾ ਦੀਆਂ ਸੰਬਾਦੀ ਸੰਭਾਵਨਾਵਾਂ ਸਾਹਮਣੇ ਆ ਗਈਆਂ ਹਨ। ਅਕਾਦਮਿਕ ਪ੍ਰਸੰਗ ਵਿਚ ਗ੍ਰੇਵਾਲ ਬੇਸ਼ਕ ਲੀਹਾਂ ਪਾੜ ਕੇ ਤੁਰਦਾ ਲੱਗਦਾ ਹੈ, ਪਰ ਲੈਣਯੋਗ ਨੂੰ ਲੈਂਦਾ ਹੋਇਆ ਅਤੇ ਛੱਡਣਯੋਗ ਨੂੰ ਛੱਡਦਾ ਹੋਇਆ ਕਵੀ ਗ੍ਰੇਵਾਲ ਇਹ ਪਰਵਾਨ ਕਰਕੇ ਤੁਰਦਾ ਲੱਗਦਾ ਹੈ ਕਿ ਸਮੱਸਿਆ ਨੂੰ ਕਟਹਿਰੇ ਵਿਚ ਖੜ੍ਹਾ ਕਰਣ ਦੀ ਅਕਾਦਮਿਕਤਾ ਹੁੰਦੀ ਵੀ ਰਹੀ ਹੈ ਅਤੇ ਹੁੰਦੀ ਵੀ ਰਹਿਣੀ ਹੈ:

ਜੇ ਇਨ੍ਹਾਂ ਦੋ ਜਿਲਦਾਂ ਵਿਚ
ਕਿਤੇ ਵੀ ਕੋਈ ਰੌਸ਼ਨੀ ਹੈ,
ਤਾਂ ਉਹ ਮੇਰੀ ਇਕੱਲੀ ਨਹੀਂ।
ਉਹ ਉਹਨਾਂ ਸਭ ਦੀ ਰੌਸ਼ਨੀ ਹੈ
ਜਿਨ੍ਹਾਂ ਨੇ ਜੰਗ ਨੂੰ ਮੈਥੋਂ ਪਹਿਲਾਂ
ਮਨੁੱਖਤਾ ਦੇ ਕਟਹਿਰੇ ਵਿਚ ਖੜਾ ਕੀਤਾ। ਪੰਨਾ 10

ਸੰਪਾਦਕੀ ਵਿਚ ਜੰਗ ਦੀ ਹਾਰ ਨੂੰ ਜੰਗ ਤੋਂ ਪਾਰ ਦੀ ਕਵਿਤਾ ਇਸ ਪੁਸਤਕ ਦੇ ਸੰਪਾਦਕ ਨੇ ਕਿਹਾ ਹੋਇਆ ਹੈ। ਇਹੋ ਜਿਹੀਆਂ ਮੁੱਲਵਾਨ ਟਿਪਣੀਆਂ ਨਾਲ ਪਹਿਲੀ ਪੁਸਤਕ ਦੀ ਸੰਪਾਦਕੀ ਵਿਚ ਪ੍ਰੋ. ਯੋਗ ਰਾਜ ਨੇ ਇਸ ਲੋੜ ਵੱਲ ਭਾਵਪੂਰ ਇਸ਼ਾਰੇ ਕਰ ਦਿੱਤੇ ਹਨ ਕਿ ਗ੍ਰੇਵਾਲ ਨੂੰ ਪ੍ਰਾਪਤ ਦੀਆਂ ਵਲਗਣਾਂ ਤੋਂ ਮੁਕਤ ਕਰਕੇ ਸਮਝੇ ਜਾਣ ਵਾਸਤੇ ਅਕਾਦਮਿਕ ਦ੍ਰਿਸ਼ਟੀ ਤੋਂ ਸਮਝਣ ਵਾਸਤੇ ਉਤਸੁਕ ਵਿਦਿਆਰਥੀਆਂ ਦੀ ਲੋੜ ਹੈ। ਵਿਦਿਆਰਥੀਆਂ ਨੂੰ ਜੋ ਕੁਝ ਪਰੋਸਿਆ ਜਾਂਦਾ ਰਿਹਾ ਹੈ, ਉਹ ਮੈਨੂੰ ਪਿਉ-ਸ਼ੈਲੀ ਵਰਗਾ ਲੱਗਦਾ ਹੈ ਅਤੇ ਇਸ ਵਿਚ ਗ੍ਰੇਵਾਲ ਮਾਂ-ਸ਼ੈਲੀ (46) ਵਿਚ ਪਰਵੇਸ਼ ਕਰਦਾ ਹੈ ਕਿਉਂਕਿ ਗ੍ਰੇਵਾਲ ਦੀਆਂ ਕਵਿਤਾਵਾਂ ਵਿਚ ਦਿਮਾਗ ਨਹੀਂ ਲਹੂ ਬੋਲਦਾ ਹੈ, ਮਾਲਕੀ ਨਹੀਂ ਵਿਰਾਸਤ ਬੋਲਦੀ ਹੈ। ਪ੍ਰਚੰਡ ਚੇਤਨਾ ਦੇ ਰਾਹ ਤਾਂ ਗ੍ਰੇਵਾਲ ਬਹੁਤ ਦੇਰ ਤੋਂ ਤੁਰਿਆ ਹੋਇਆ ਸੀ, ਪਰ ਗੁਰਮਤਿ ਪ੍ਰਸੰਗ ਵਿਚ ਉਸ ਨੇ ਉਧੜਣਾ ਬੇਸ਼ੱਕ ਨਵਾਂ-ਨਵਾਂ ਸ਼ੁਰੂ ਕੀਤਾ ਹੈ, ਪਰ ਖੂਬ ਲਗਾਤਾਰਤਾ ਵਿਚ ਸ਼ੁਰੂ ਕੀਤਾ ਹੈ। ਇਸ ਪਾਸੇ ਸ਼ੁਰੂਆਤ ਵੇਲੇ ਉਸ ਦੇ ਦੋਸਤਾਂ ਨੇ ਉਸ ਨੂੰ ਸਮਾਜਵਾਦੀ ਅਕਾਦਮਿਕਤਾ ਦੇ ਨੁਕਸਾਨ ਅਤੇ ਉਖੜੇਵੇਂ ਵਾਂਗ ਵੀ ਵੇਖਿਆ ਸੀ। ਇਸ ਨੂੰ ਅਕਾਦਮਿਕ ਸਪੇਸ ਵਿਚ ਟਿਕਾਉਣ ਦੀ ਕੋਸ਼ਿਸ਼ ਜਿਵੇਂ ਪ੍ਰੋ. ਯੋਗ ਰਾਜ ਨੇ ਇਸ ਪੁਸਤਕ ਵਿਚ ਕਰ ਲਈ ਹੈ, ਉਸ ਨੂੰ ਸੰਬਾਦੀ-ਚੇਤਨਾ ਦੀ ਲੋੜ ਵਾਂਗ ਪਲੈਟਫਾਰਮ ਪਰਵਾਨ ਕਰਦਾ ਹਾਂ, ਇਸ ਮਾਸਿਕ ਸਤੰਬਰੀ ਇਕਤਰਤਾ ਨੂੰ।

'ਜੰਗ ਪਹਿਲਾਂ ਦ੍ਰਿਸ਼ਟੀ ਦੀ ਬੀਮਾਰੀ ਹੁੰਦੀ ਹੈ' ਤੋਂ ਸ਼ੁਰੂ ਕਰਕੇ ਅਮਨ ਨੂੰ ਕਵੀ, ਦੋ ਜੰਗਾਂ ਵਿਚਕਾਰ ਸੁੰਨ ਪਰਵਾਨ ਦੀ ਥਾਂ ਨਵੀਂ ਭਾਸ਼ਾ ਦੇ ਜਨਮ ਵਾਂਗ ਵੇਖਦਾ ਹੈ। ਇਸ ਭਾਸ਼ਾ ਦਾ ਹਿੱਸਾ ਹੈ ਸ਼ਬਦ ਦੀ ਅਗਵਾਈ ਵਿਚ ਨਿਰਵੈਰ ਜ਼ੁੰਮੇਵਾਰੀ। ਇਸ ਪਾਸੇ ਤੁਰਾਂਗੇ ਤਾਂ ਮਨੁੱਖੀ ਚੇਤਨਾ ਅੰਦਰ ਨਵਾਂ ਯੁੱਧ-ਮੈਦਾਨ ਖੋਲ੍ਹ ਰਹੇ ਹੋਵਾਂਗੇ। ਕਵਿਤਾ ਨੂੰ ਗ੍ਰੇਵਾਲ ਵੇਖਣ ਦੀ ਸਮਰਥਾ ਸਮਝਦਾ ਹੈ ਅਤੇ ਇਸ ਨਾਲ ਅਮਨ, ਉਸ ਨੂੰ ਡਰਪੋਕ ਸਰੋਕਾਰ ਵਾਂਗ ਦਿੱਸਣ ਲੱਗ ਪੈਂਦਾ ਹੈ। ਇਸ ਰਾਹੇ ਤੁਰਨ ਵਾਲੇ ਨੂੰ ਸਮਝ ਆਉਣ ਲੱਗ ਪੈਂਦਾ ਹੈ ਕਿ ਜੰਗ ਦਾ ਭਵਿਖ ਸਿਰਫ ਹਥਿਆਰਾਂ ਵਿਚ ਨਹੀਂ, ਮਾਨਵ ਅੰਦਰ ਜਾਗਦੀਆਂ ਅਤੇ ਸੁੱਤੀਆਂ ਚੇਤਨਾ ਪਰਤਾਂ ਵਿਚ ਹੈ। ਬੈਰੀ ਦੀ ਵਿਆਕਰਣ ਦੀ ਚਾਬੀ ਜੇ ਭਾਈ ਕਨ੍ਹਈਆ ਨੂੰ ਪਰਵਾਨ ਕਰ ਲਈਏ ਤਾਂ 'ਬੈਰੀ ਮੀਤ ਸਮਾਨ' ਦਾ ਪ੍ਰਸੰਗ ਸਥਾਪਨ ਕਰਨਾ ਸੌਖਾ ਹੋ ਸਕਦਾ ਹੈ। ਗ੍ਰੇਵਾਲ, ਜੋ ਵੇਖਦਾ ਹੈ, ਓਸੇ ਨੂੰ ਕਾਵਿ-ਕੈਨਵਸ 'ਤੇ ਇਸ ਤਰ੍ਹਾਂ ਉਤਾਰਦਾ ਹੈ:

ਮੈਂ ਵੇਖਿਆ ਹੈ
ਲੰਗਰ ਦੀ ਇਕ ਪੰਗਤ ਨੂੰ
ਤੋਪਾਂ ਨਾਲੋਂ ਵਡਾ ਦ੍ਰਿਸ਼ ਬਣਦੇ ਹੋਏ।
ਮੈਂ ਵੇਖਿਆਂ ਹੈ
ਰੋਟੀ ਤੋੜਦੇ ਹੱਥਾਂ ਨੂੰ
ਸਾਮਰਾਜਾਂ ਨਾਲੋਂ ਵਿਸ਼ਾਲ ਹੁੰਦਾ ਹੋਇਆ।
ਮੈਂ ਵੇਖਿਆ ਹੈ
ਕਿਸੇ ਅਜਨਬੀ ਨੂੰ
ਕਿਸੇ ਅਜਨਬੀ ਲਈ
ਪਾਣੀ ਪਿਲਾਉਂਦੇ ਹੋਏ।
ਉਸ ਵੇਲੇ
ਸਾਰਾ ਫਲਸਫਾ
ਭਾਈ ਘਨਿਏ ਦੇ
ਇਕ ਘੁੱਟ ਪਾਣੀ ਵਿਚ ਸਮਾਇਆ ਹੋਇਆ ਸੀ। 51

ਓਸੇ ਫਲਸਫੇ ਨੂੰ ਵੇਖਣ ਅਤੇ ਖੋਲ੍ਹਣ ਦੀ ਕਾਵਿ-ਗਾਥਾ ਹੈ ਗ੍ਰੇਵਾਲ ਦੀਆਂ ਕਵਿਤਾਵਾਂ। ਇਸ ਪੁਸਤਕ ਰਾਹੀਂ ਗ੍ਰੇਵਾਲ ਨੇ ਜੰਗ ਦੇ ਮੂੰਹ ਵਿਚ ਨਵੀਂ ਵਿਆਕਰਣ ਸੁੱਟ ਦਿੱਤੀ ਹੈ। ਇਸ ਪਾਸੇ ਤੁਰਨ ਦੀ ਕੋਸ਼ਿਸ਼ ਕਰਾਂਗੇ ਤਾਂ ਇਹ ਸਮਝ ਆਉਣਾ ਮੁਸ਼ਕਲ ਨਹੀਂ ਰਹੇਗਾ ਕਿ 'ਦੁਨੀਆਂ ਦੀ ਆਖਰੀ ਜੰਗ, ਕਿਸੇ ਮੈਦਾਨ ਵਿਚ ਨਹੀਂ, ਇਕ ਵਾਕ ਦੇ ਅੰਦਰ ਹਾਰੇਗੀ' 59।

# ਸੁਤੰਤਰਤਾ ਦਿਵਸ ਦੀਆਂ ਰੰਗੀਨੀਆਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਨ੍ਹਾਂ ਦਿਨਾਂ ਵਿਚ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਾਲ ਕਿਲ੍ਹੇ ਦੀ ਫਸੀਲ ਤੋਂ ਹਥਿਆਰਬੰਦ ਨਕਸਲਵਾਦ ਦੇ ਖਾਤਮੇ ਦਾ ਦਾਅਵਾ ਕਰਦਿਆਂ 'ਦਿਮਾਗੀ ਨਕਸਲਵਾਦ' ਪ੍ਰਤੀ ਬੇਲੋੜੀ ਚਿੰਤਾ ਪ੍ਰਗਟਾ ਰਿਹਾ ਸੀ ਤਾਂ ਸਵਰਗਵਾਸੀ ਪੱਤਰਕਾਰ ਕੁਲਦੀਪ ਨਈਅਰ ਵਲੋਂ 30 ਵਰ੍ਹੇ, ਪਹਿਲਾਂ ਸਥਾਪਤ ਕੀਤੇ ਹਿੰਦ-ਪਾਕਿ ਦੋਸਤੀ ਸੰਮੇਲਨ ਵਾਲੇ ਅਟਾਰੀ ਬਾਰਡਰ ਉੱਤੇ ਮੋਮਬੱਤੀਆਂ ਦੀ ਲੋਅ ਵਿਚ ਹੇਠ ਲਿਖਿਆ ਐਲਾਨਨਾਮਾ ਸਰਹੱਦ ਉੱਤੇ ਹਾਜ਼ਰ ਸਰੋਤਿਆਂ ਨਾਲ ਸਾਂਝਾ ਕਰ ਰਹੇ ਸਨ:

ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਦੇ ਆਪਸੀ ਸੰਬੰਧਾਂ ਦੀ ਅਜੋਕੀ ਸਥਿਤੀ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਅਸੀਂ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਸੀ ਸੰਬੰਧ ਸੁਧਾਰਨ ਅਤੇ ਵਿਵਾਦ ਵਾਲੇ ਸਾਰੇ ਮਸਲਿਆਂ ਦੇ ਹੱਲ ਲਈ ਤੁਰੰਤ ਗੱਲਬਾਤ ਆਰੰਭ ਕਰਨ। ਆਪਸੀ ਤਣਾਅ ਵਧਾ ਕੇ ਇਸ ਖਿੱਤੇ ਨੂੰ ਇੱਕ ਹੋਰ ਲੰਮੀ ਜੰਗ ਵੱਲ ਧੱਕਣ ਤੋਂ ਸੰਕੋਚ ਕੀਤਾ ਜਾਵੇ। ਇਸ ਦੇ ਨਾਲ ਹੀ ਅਸੀਂ ਪਾਕਿਸਤਾਨ ਦੀ ਸਰਕਾਰ ਤੋਂ ਇਹ ਵੀ ਮੰਗ ਕਰਦੇ ਹਾਂ ਕਿ ਉਹ ਕਿਸੇ ਵੀ ਰੂਪ ਵਿਚ ਭਾਰਤ ਵਿਰੋਧੀ ਦਹਿਸ਼ਤਗਰਦ ਤਨਜੀਮਾਂ ਦੀ ਮਦਦ ਨਾ ਕਰੇ, ਪਾਕਿਸਤਾਨ ਦੀ, ਧਰਤੀ ਦੀ ਵਰਤੋਂ ਕਰਕੇ ਡਰੋਨਾਂ ਰਾਹੀਂ ਨਸ਼ੀਲੇ ਪਦਾਰਥਾਂ ਅਤੇ ਗ਼ੈਰ-ਕਾਨੂੰਨੀ ਹਥਿਆਰਾਂ ਦੀ ਭਾਰਤ ਨੂੰ ਤਸਕਰੀ ਕਰਨ ਵਾਲੇ ਅਨਸਰਾਂ 'ਤੇ ਸਖਤੀ ਨਾਲ ਰੋਕ ਲਾਈ ਜਾਵੇ।

'ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ ਇਹ ਵੀ ਮੰਗ ਕੀਤੀ ਕਿ ਅਟਾਰੀ ਤੇ ਵਾਹਗਾ ਦੀ ਸਰਹੱਦ ਨੂੰ ਵਪਾਰ ਅਤੇ ਲੋਕਾਂ ਦੀ ਆਵਾਜਾਈ ਲਈ ਮੁੜ ਖੋਲ੍ਹਿਆ ਜਾਵੇ। ਭਾਰਤ ਅਤੇ ਪਾਕਿਸਤਾਨ ਦੇ ਜਿਹੜੇ ਲੋਕ ਇੱਕ ਜਾਂ ਦੂਜੇ ਦੇਸ਼ ਦੀ ਯਾਤਰਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀਜ਼ੇ ਦੇਣ ਦਾ ਸਿਲਸਿਲਾ ਮੁੜ ਆਰੰਭ ਕੀਤਾ ਜਾਵੇ। ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਸਿੱਖ ਸ਼ਰਧਾਲੂਆਂ ਲਈ ਮੁੜ ਖੋਲ੍ਹਿਆ ਜਾਵੇ ਤਾਂ ਕਿ ਉਹ ਉੱਥੇ ਜਾ ਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਣ।

'ਭਾਰਤ ਤੇ ਪਾਕਿਸਤਾਨ ਦੇ 80ਵੇਂ ਆਜ਼ਾਦੀ ਦਿਵਸ ਨੂੰ ਮੁੱਖ ਰੱਖ ਕੇ ਅਗਲੇ ਆਜ਼ਾਦੀ ਦਿਵਸ ਤੱਕ ਉਨ੍ਹਾਂ ਲੋਕਾਂ ਦੇ



ਪਰਿਵਾਰਾਂ ਲਈ ਅਸਾਨ ਵੀਜ਼ਾ ਨੀਤੀ ਸ਼ੁਰੂ ਕੀਤੀ ਜਾਵੇ, ਜਿਨ੍ਹਾਂ ਨੂੰ 1947 ਵਿਚ ਸਰਹੱਦਾਂ ਦੇ ਆਰ-ਪਾਰ ਹਿਜ਼ਰਤ ਕਰਨੀ ਪਈ ਸੀ, ਤਾਂ ਜੋ ਉਹ ਆਪਣੇ ਜਾਂ ਆਪਣੇ ਬਜ਼ੁਰਗਾਂ ਦੇ ਪਿੰਡਾਂ ਤੇ ਸ਼ਹਿਰਾਂ ਨੂੰ ਦੇਖ ਸਕਣ। ਇਸ ਨਾਲ ਆਪਸੀ ਸੰਬੰਧ ਸੁਧਾਰਨ ਵਿਚ ਵੱਡੀ ਮਦਦ ਮਿਲ ਸਕਦੀ ਹੈ।'

ਜਿੱਥੇ ਪ੍ਰਧਾਨ ਮੰਤਰੀ ਦੇ ਸੰਦੇਸ਼ ਨੂੰ ਮੀਡੀਆ ਨੇ ਲਗਾਤਾਰ 13ਵੀਂ ਵਾਰ ਦਾ ਸੰਬੋਧਨ ਗਰਦਾਨ ਕੇ ਉਭਾਰਿਆ ਉੱਥੇ ਹਿੰਦ-ਪਾਕਿ ਦੋਸਤੀ ਸੈਮੀਨਾਰ ਵਿਚ ਪੇਸ਼ ਹੋਈਆਂ ਮੰਗਾਂ ਨੂੰ ਅਜੀਤ ਪ੍ਰਕਾਸ਼ਨ ਸਮੂਹ ਦੇ ਕਾਰਜਕਾਰੀ ਸੰਪਾਦਕ ਸਤਨਾਮ ਸਿੰਘ ਮਾਣਕ, ਜਨਰਲ ਸਕੱਤਰ ਹਿੰਦ-ਪਾਕਿ ਦੋਸਤੀ ਨੇ ਮੇਰੇ ਨਾਲ ਖੁਦ ਸਾਂਝਿਆਂ ਕੀਤਾ। ਮੈਂ ਚਾਹੁੰਦਾ ਹਾਂ ਕਿ ਜਦੋਂ ਤੱਕ ਇਨ੍ਹਾਂ ਮੰਗਾਂ ਨੂੰ ਬੂਰ ਨਹੀਂ ਪੈ ਜਾਂਦਾ ਇਹ ਸਿਲਸਲਾ ਜਾਰੀ ਰਹੇ।

ਹਿੰਦ-ਪਾਕਿ ਦੋਸਤੀ ਤੋਂ ਬਿਨਾ ਮੇਰੇ ਨਿੱਜ ਨੂੰ ਹੁਲਾਸ ਦੇਣ ਵਾਲੀਆਂ ਦੋ ਖਬਰਾਂ ਵੀ ਮਿਲੀਆਂ। ਪਹਿਲੀ ਇਹ ਕਿ ਮੇਰੇ ਧਰਮ ਦੇ ਪੁੱਤਰ ਪ੍ਰੋ. ਅਮਾਨਤ ਗਿੱਲ ਲਾਹੌਰ ਨੇ ਡੇਲੀ ਮਨੋਟ ਟਾਈਮਜ਼ ਰਾਹੀਂ ਮੇਰੇ ਨਾਲ ਆਪਣੇ ਸਬੰਧਾਂ ਨੂੰ ਮਾਨਵਤਾ ਦੇ ਪੁਲ ਕਹਿ ਕੇ ਉਮੀਦ ਜਤਾਈ ਹੈਹੈ ਕਿ ਸਾਡੇ ਵਰਗੇ ਸਬੰਧ ਉਨ੍ਹਾਂ ਲੋਕਾਂ ਲਈ ਨਵਾਂ ਚਾਨਣ ਬਣ ਸਕਦੇ ਹਨ ਜਿਹੜੇ ਅੱਠ ਦਹਾਕਿਆਂ ਤੋਂ ਹਨੇਰਾ ਜਾਗਦੇ ਆਏ ਹਨ, ਉਸਨੇ ਇਹ ਆਸ ਪ੍ਰਗਟ ਕੀਤੀ ਹੈ ਕਿ ਉਹ ਆਪਣੇ ਧਰਮ ਪਿਤਾ ਦੇ ਚਰਨਾਂ ਵਿਚ ਬਹਿ ਕੇ ਹਿੰਦੁਸਤਾਨ ਤੋਂ ਪਾਕਿਸਤਾਨ ਦੀਆਂ ਸਰਕਾਰਾਂ ਦਾ ਸ਼ੁਕਰਨਾ ਅਦਾ ਕਰ ਸਕੇਗਾ। ਉਸਨੂੰ ਆਸ ਹੈ ਕਿ ਉਹ ਲਮਹਾ ਸਿੱਖ-ਮੁਸਲਿਮ ਦੋਸਤੀ ਦਾ ਮਾਣਣ ਯੋਗ ਕਾਂਡ ਬਣੇਗਾ। ਜਿਸਨੂੰ ਮਾਨਵਤਾ ਦਾ ਹੜ੍ਹ ਵੀ ਕਿਹਾ ਜਾ ਸਕਦਾ ਹੈ।

ਮੇਰੇ ਨਿੱਜ ਲਈ ਇਹ ਖ਼ਬਰ ਵੀ ਤਸੱਲੀ ਵਾਲੀ ਹੈ ਕਿ ਸੁਤੰਤਰਤਾ ਦਿਵਸ ਦੇ ਸਬੰਧ ਵਿਚ ਕੈਨੇਡਾ ਤੋਂ ਛਪਦੇ ਰਸਾਲੇ 'ਇੰਡੋ ਕੈਨੇਡੀਅਨ ਟਾਈਮਜ਼' ਨੇ ਮੇਰੀ 1978 ਵਿਚ ਲਿਖੀ ਕਹਾਣੀ 'ਅਮਰ ਕਥਾ' ਛਾਪ ਕੇ ਆਪਣੇ ਪਾਠਕਾਂ ਨਾਲ ਦੇਸ਼ ਵੰਡ ਦੇ ਦੁਖੜੇ ਸਾਂਝੇ ਕੀਤੇ ਹਨ। ਇਹ ਖ਼ਬਰ ਮੈਨੂੰ ਕੈਨੇਡਾ ਵਸਦੀ ਭੈਣ ਹਰਭਜਨ ਕੌਰ ਢਿੱਲੋਂ ਨੇ ਦਿੱਤੀ। ਉਹ ਜਾਣਦੀ ਹੈ ਕਿ ਜਿਸ ਪੁਸਤਕ ਵਿਚ ਮੇਰੀ ਇਹ ਕਹਾਣੀ ਛਪੀ ਸੀ, ਉਹ 1982 ਵਿਚ ਕੇਂਦਰੀ ਸਾਹਿਤ ਅਕੈਡਮੀ ਵਲੋਂ ਉੱਚਤਮ ਗਰਦਾਨੀ ਗਈ ਸੀ। ਬਿਜਲਈ ਮੀਡੀਆ ਜ਼ਿੰਦਾਬਾਦ!

***ਅੰਤਿਕਾ***

—ਸ਼ਰੀਫ ਕੁੰਜਾਹੀ—

ਪਏ ਨੇ ਤੇ ਕੇਹੀਆਂ ਪਈਆਂ ਗੰਢਾਂ।
ਨੌਹਾਂ ਨਾਲੋਂ ਮਾਸ ਨਿਖੇੜਿਆ ਕਰ ਕਰ ਆਡੀਆਂ ਵੰਡਾਂ।
ਖ਼ੈਰੀਂ ਮਿਹਰੀ ਵਸਦੇ ਰਸਦੇ ਪਤਾ ਨਹੀਂ ਕੀ ਵਰਤੀ।
ਲਹੂਓ ਲਹੂ ਦਿਨਾਂ ਵਿਚ ਹੋ ਗਈ ਫੁੱਲਾਂ ਵਰਗੀ ਧਰਤੀ।
ਭਾਈਆਂ ਨਾਲੋਂ ਭਾਈ ਓੜਕ ਵੱਖਰੇ ਹੁੰਦੇ ਆਏ।
ਇਹ ਕੋਈ ਏਡੀ ਗੱਲ ਨਹੀਂ ਸੀ ਜਿਸ ਸਿਆਪੇ ਪਾਏ।
ਸ਼ਾਹ ਫ਼ਰੀਦ ਹੋਰਾਂ ਦੇ ਵਰਗੇ ਜਿਸ ਧਰਤੀ 'ਤੇ ਵੱਸੇ।
ਨਾਨਕ, ਸੰਤ ਕਬੀਰ ਨੇ ਜਿੱਥੇ ਰਾਹ ਮਿਲਾਪੜੇ ਦੱਸੇ।
ਓਥੇ ਲੂਤੀ ਲਾਣ ਵਾਲਿਆਂ ਇੰਜ ਅੱਜ ਲੂਤੀ ਲਾਈ।
ਤਾਣੇ ਪੇਟੇ ਵਾਲੀਆਂ ਤੰਦਾਂ ਤੂੰ-ਤੂੰ ਨਵੀਂ ਸੁਣਾਈ।
ਆਪਣੇ ਹੱਥੀਂ ਆਪਣੇ ਮੂੰਹ 'ਤੇ ਮਾਰਨ ਲੱਗ ਪਏ ਚੰਡਾਂ।
ਭਾਈ ਭਾਈਆਂ ਨਾਲੋਂ ਰੁੱਸੇ ਨੰਗੀਆਂ ਹੋਈਆਂ ਕੰਡਾਂ।

# ਅਕਾਲੀ ਭਾਜਪਾ ਗਠਜੋੜ ...

ਅਕਾਲੀ ਭਾਜਪਾ ਗੱਠਜੋੜ ਦੀਆਂ ਕਨਸੋਆਂ ਹਵਾ ਵਿਚ ਹਨ। ਜੇ ਇਹ ਗੱਠਜੋੜ ਨੇਪਰੇ ਚੜ੍ਹਦਾ ਹੈ ਤਾਂ ਇਸ ਦੇ ਪ੍ਰਭਾਵ ਪੰਜਾਬ ਦੀ ਸਿਆਸਤ ਉੱਤੇ ਦੂਰ ਰਸੀ ਹੋਣਗੇ।

ਕੱਲ ਇੱਕ ਮਿੱਤਰ ਪਿਆਰੇ ਨਾਲ ਇਸ ਬਾਰੇ ਸੰਖੇਪ ਗੱਲਬਾਤ ਹੋਈ ਤਾਂ ਉਸਦਾ ਕਹਿਣਾ ਸੀ ਕਿ ਸੁਖਬੀਰ ਬਾਦਲ ਇਸ ਗਠਜੋੜ ਨੂੰ ਲੈ ਕੇ ਬੜੇ ਉਤਸ਼ਾਹ ਵਿਚ ਹੈ।

ਤਾਂ ਮੇਰਾ ਸਹਿਜ ਸੁਭਾਅ ਜਵਾਬ ਸੀ ਕਿ ਉਹ ਤਾਂ ਹੋਵੇਗਾ ਹੀ ਕਿਸੇ ਐਸੇ ਖਿਡਾਰੀ ਨੂੰ ਜਿਹੜਾ ਕੱਲ ਤੱਕ ਬੈਂਚ ਤੇ ਬੈਠਾ ਹੋਇਆ ਸੀ ਉਸ ਨੂੰ ਕਹੋ ਕਿ ਉਹ ਸੈਂਟਰ ਫਾਰਵਰਡ ਵਜੋਂ ਖੇਡੇਗਾ ਤਾਂ ਨਿਸ਼ਚੇ ਹੀ ਉਹ ਖੁਸ਼ੀ ਅਤੇ ਉਤਸ਼ਾਹ

ਨਵਚੇਤਨ

ਵਿਚ ਹੋਵੇਗਾ।

ਇਸ ਤੋਂ ਪਹਿਲਾਂ ਕਿ ਗੱਲ ਇਸ ਗਠਜੋੜ ਦੇ ਬਾਰੇ ਕਰੀਏ ,ਪੰਜਾਬ ਦੇ ਟੀਵੀ ਚੈਨਲਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਕੀਤੇ ਪ੍ਰਚਾਰ ਪ੍ਰਸਾਰ ਤੇ ਮੇਰੀ ਇੱਕ ਆਬਜ਼ਰਵੇਸ਼ਨ ਹੈ।

ਇਹ ਆਮ ਮੰਨਿਆ ਜਾਂਦਾ ਹੈ ਕਿ ਪੰਜਾਬ ਵਿਚ ਗਰਮ ਖਿਆਲੀ ਧਿਰਾਂ ਨੂੰ ਭਾਜਪਾ ਹਵਾ ਦੇ ਰਹੀ ਹੈ। ਇਸ ਦਾ ਇੱਕ ਕਾਰਨ ਸਮਝ ਆਉਂਦਾ ਹੈ ਕਿ ਇਸ ਵਿਚ ਭਾਜਪਾ ਦਾ ਫਾਇਦਾ ਹੈ ਕਿ ਉਹ ਪੇਂਡੂ ਸਿੱਖ ਵੋਟ ਨੂੰ ਇੰਨੇ ਕੁ ਛੋਟੇ ਛੋਟੇ ਟੁਕੜਿਆਂ ਵਿਚ ਵੰਡ ਦੇਣਾ ਚਾਹੁੰਦੀ ਹੈ ਕਿ ਉਹ ਵੋਟ ਲਗਭਗ ਗੈਰ ਪ੍ਰਸੰਗਿਕ ਹੋ ਜਾਵੇ ਤਾਂ ਜੋ ਭਾਜਪਾ ਆਪਣੀ ਖੇਡ ਖੇਡ ਸਕੇ।

ਪਰ ਕੀ ਪੰਜਾਬ ਦਾ ਮੀਡੀਆ ਇਸ ਦੋਸ਼ ਤੋਂ ਬਰੀ ਕੀਤਾ ਜਾ ਸਕਦਾ ਹੈ?

ਪੰਜਾਬ ਦੇ ਮੀਡੀਆ ਦਾ ਇੱਕ ਵਰਗ ਜਾਂ ਇਕੋ ਸਿਸਟਮ ਜਾਣ ਬੁੱਝ ਕੇ ਪਿਛਲੇ ਇੱਕ ਸਾਲ ਤੋਂ ਪੰਜਾਬ ਦੀ ਮਾਡਰੇਟ ਅਕਾਲੀ ਸਿਆਸਤ ਨੂੰ ਠਿੱਠ ਕਰਨ ਦਾ ਯਤਨਾਂ ਵਿਚ ਹੈ।

ਗੱਲ ਗੱਲ ਤੇ ਇਸ ਗੱਲ ਦੀ ਦੁਹਾਈ ਦੇਣ ਵਾਲੇ ਕਿ ਪਾਰਟੀਆਂ ਮੁੱਦਿਆਂ ਦੀ ਸਿਆਸਤ ਨਹੀਂ ਕਰਦੀਆਂ ,ਕਿਸੇ ਚੈਨਲ ਨੂੰ ਜਿਹਦੇ ਵਿਚ ਕਹਿੰਦੇ ਕਹਾਉਂਦੇ ਨਾ ਵੀ ਸ਼ਾਮਿਲ ਹਨ ਕਦੇ ਪੰਜਾਬ ਦੀਆਂ ਗਰਮ ਖਿਆਲੀ ਧਿਰਾਂ ਨੂੰ ਇਹ ਸਵਾਲ ਪੁੱਛਦੇ ਨਹੀਂ ਤੱਕਿਆ ਕਿ ਉਨਾਂ ਦਾ ਪੰਜਾਬ ਬਾਰੇ ਵਿਜ਼ਨ ਕੀ ਹੈ? ਪਾਲਿਸੀ ਪ੍ਰੋਗਰਾਮ ਕੀ ਹੈ? ਉਹ ਬਾਦਲ ਅਕਾਲੀ ਦਲ ਤੋਂ ਵੱਖਰੇ ਤੌਰ ਉੱਤੇ ਕਿਸ ਆਰਥਿਕ ਸਮਾਜਿਕ, ਤੇ ਸਿਆਸੀ ਏਜੰਡੇ ਤੇ ਕੰਮ ਕਰਨਗੇ?

ਪੰਜਾਬ ਆਰਥਿਕ ਤੌਰ ਤੇ ਜਿਥੇ ਖੜਾ ਹੈ ਉੱਥੇ ਉਹਦੇ ਪੰਜ ਸਾਲਾਂ ਵਿਚ ਪੰਜਾਬ ਕੋਲੋਂ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ ਹੋਣੇ। ਐਸੇ ਚ ਉਨ੍ਹਾਂ ਕੋਲ ਕੇਂਦਰ ਸਰਕਾਰ ਨਾਲ ਪੰਜਾਬ ਦੇ ਰਿਸ਼ਤਿਆਂ ਬਾਰੇ ਕੀ ਵਿਜ਼ਨ ਹੈ?

ਜਿਹੜੀ ਧਿਰ ਬਰਛੇ ਲੈ ਲੈ ਕੇ ਭਾਵਨਾਤਮਕ ਮੁੱਦਿਆਂ 'ਤੇ ਦੁਕਾਨਾਂ ਬੰਦ ਕਰਾਉਂਦੀ ਫਿਰਦੀ ਹੈ ਕੀ ਪੰਜਾਬ ਨੂੰ ਇਸ ਬੁਰਸ਼ਾਗਰਦੀ ਦੇ ਹਵਾਲੇ ਕੀਤਾ ਜਾ ਸਕਦਾ ਹੈ?

ਐਸਾ ਬਿਆਨੀਆ ਸਿਰਜਣ ਵਾਲੇ ਇਹ ਅੱਧਪੜ ਅਤੇ ਅਨਪੜ ਕਿਸਮ ਦੇ ਚੈਨਲ ਕਿਸ ਅਜੰਡੇ ਤੇ ਕੰਮ ਕਰ ਰਹੇ ਹਨ?

ਇੱਕੋ ਕਾਰਨ ਸਮਝਾਉਂਦਾ ਹੈ ਕਿ ਪੰਜਾਬ ਵਿਚ ਹਰ ਹਾਲਤ ਵਿਚ ਇੱਕ ਕੇ ਉਸ ਦੀ ਸਥਿਤੀ ਰਹੇ ਪੰਜਾਬ ਵਿਚ ਭਾਜੜਾਂ ਹੀ ਪਈਆਂ ਰਹਿਣ ਤਾਂ ਕਿ ਇਨ੍ਹਾਂ ਦਾ ਲੁੱਟੇ ਗਏ, ਪੱਟੇ ਗਏ , ਮਾਰੇ ਗਏ , 'ਘੂਮਤ ਦਾ ਧੱਕਾ ਅਤੇ ਵੱਖਰੇ ਰਾਜ ਵਾਲਾ ਬਿਆਨੀਆਂ ਹੋਰ ਪ੍ਰਵਾਨ ਚੜੇ ।

ਬਹੁਤ ਸਾਰੇ ਪੱਤਰਕਾਰ ਵਿਸ਼ਲੇਸ਼ਕ (ਖਾਸ ਕਰ ਚੰਡੀਗੜ੍ਹ ਵਾਲੇ ਕੁਝ ਪੱਤਰਕਾਰਾਂ ਦਾ ਗਿਰੋਹ) ਗਰਮ ਖਿਆਲੀ ਸਿਆਸਤ ਨੂੰ ਹਵਾ ਦੇ ਰਹੇ ਹਨ।

ਹਰ ਕਿਸੇ ਕੋਲ ਆਪਣਾ ਤਰਕ ਹੈ। ਕੋਈ ਕਹਿੰਦਾ ਹੈ ਇਸ ਨੂੰ ਕਿਸਾਨਾਂ ਨੇ ਵੋਟ ਨਹੀਂ ਦੇਣੀ। ਕੋਈ ਕਹਿੰਦਾ ਹੈ ਕਿਸਾਨ ਯੂਨੀਅਨ ਨੇ ਇਨ੍ਹਾਂ ਨਾਲ ਨਹੀਂ ਤੁਰਨਾ।

ਆਓ ਕੁਝ ਚਿਰ ਲਈ ਆਪਣੀਆਂ ਭਾਵਨਾਵਾਂ ਨੂੰ ਇਕ ਲਾਂਭੇ ਰੱਖ ਦਈਏ ਤੇ ਗੱਲ ਸਿਰਫ ਤੇ ਸਿਰਫ ਤੱਥਾਂ ਤੇ ਅੰਕੜਿਆਂ ਦੇ ਅਧਾਰ 'ਤੇ ਕਰੀਏ।

ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਆਪਣੀ ਵੋਟ ਕੋਈ ਸਾਢੇ 13 ਫੀਸਦੀ ਸੀ ਤੇ ਬਸਪਾ ਨਾਲ ਗੱਠਜੋੜ ਵਿਚ ਕੋਈ 16 ਫੀਸਦੀ।

ਅਕਾਲੀ ਦਲ ਦੀ ਇਹ ਵੋਟ ਸਭ ਤੋਂ ਮਾੜੇ ਹਾਲਾਤਾਂ ਦੀ ਵੋਟ ਸੀ। ਮਤਲਬ ਐਸੇ ਹਾਲਾਤਾਂ ਵਿਚ ਜਿੱਥੇ ਉਸ ਦੇ ਸੱਤਾ ਵਿਚ ਆਉਣ ਦੇ ਮੌਕੇ ਜ਼ੀਰੋ ਫੀਸਦੀ ਸਨ। ਉਸ ਤੋਂ ਜਿਹੜੀਆਂ ਵੋਟਾਂ ਟੁੱਟਣੀਆਂ ਸਨ ਟੁੱਟ ਚੁੱਕੀਆਂ ਸਨ ਭਾਜਪਾ ਨਾਲ ਗੱਠਜੋੜ ਟੁੱਟ ਚੁੱਕਾ ਸੀ। ਪਰ ਇਸ ਦੇ ਬਾਵਜੂਦ ਵੀ ਇਹ ਉਹ ਵੋਟਾਂ ਹਨ ਜਿਨਾਂ ਬਾਰੇ ਸਹਿਜੇ ਕਿਹਾ ਜਾ ਸਕਦਾ ਹੈ ਕਿ ਦੁਨੀਆ ਵਿਚ ਸੂਰਜ ਭਾਵੇਂ ਪੂਰਬ ਛੱਡ ਪੱਛਮ ਤੋਂ ਚੜ੍ਹਨਾ ਸ਼ੁਰੂ ਕਰ ਦੇਵੇ ਪਰ ਇਹ ਅਕਾਲੀ ਦਲ ਦੀ ਘੱਟੋ-ਘੱਟ ਤੇ ਹਰ ਹਾਲਤ ਵਿਚ ਇਸ ਦੇ ਨਾਲ ਖੜੀ ਰਹਿਣ ਵਾਲੀ ਵੋਟ ਹੈ।

ਇਨ੍ਹਾਂ ਹੀ ਚੋਣਾਂ ਵਿਚ ਭਾਜਪਾ ਦੀ ਆਪਣੀ ਵੋਟ ਕੋਈ ਸਾਢੇ ਛੇ ਫੀਸਦੀ ਲਾਗੇ ਬੰਨੇ ਸੀ ਤੇ ਪੰਜਾਬ ਲੋਕ ਕਾਂਗਰਸ, ਜਿਸ ਨੂੰ ਵੈਸੇ ਪੰਜਾਬ ਯਮਲੋਕ ਕਾਂਗਰਸ ਕਹਿਣਾ ਜ਼ਿਆਦਾ ਵਾਜਿਬ ਹੈ ਦੀ ਵੋਟ ਅੱਧਾ ਕੁ ਫੀਸਦੀ।

ਵੈਸੇ ਇਹ ਪੰਜਾਬ ਲੋਕ ਕਾਂਗਰਸ ਵਾਲੇ ਭੱਦਰ ਪੁਰਸ਼ ਹੁਣ ਭਾਜਪਾ ਵਿਚ ਹਨ ਸੋ ਭਾਜਪਾ ਦੀ ਹਰ ਹਾਲਤ ਦੀ ਵੋਟ ਕੋਈ 7 ਕੁ ਫੀਸਦੀ ਹੈ।

ਜੇ ਦੋਵੇਂ ਪਾਰਟੀਆਂ ਮਿਲ ਕੇ ਚੋਣ ਲੜੀਆਂ ਹੁੰਦੀਆਂ ਤਾਂ ਇਸ ਵਿਚ ਨਿਸ਼ਚੇ ਹੀ ਦੋ ਤਿੰਨ ਫੀਸਦੀ ਵੋਟ ਹੋਰ ਆ ਜੁੜਦੀ।

ਪਰ ਜੇ ਇਸ ਨੂੰ ਪਰੀ ਵੀ ਰਹਿਣ ਦੇਈਏ ਤਾਂ ਦੋਵਾਂ ਪਾਰਟੀਆਂ ਦੀ ਵੋਟ ਮਿਲਾ ਕੇ ਕੋਈ 21




ਫੀਸਦੀ ਦੇ ਲਾਗੇ ਬੰਨੇ ਬਣਦੀ ਹੈ।

ਯਾਦ ਰਹੇ ਇੰਨਾ ਹੀ ਚੋਣਾਂ ਵਿਚ ਪੰਜਾਬੀ ਪੱਤਰਕਾਰੀ ਦਾ ਉਹ ਗਰੋਹ ਜਿਹੜਾ ਹੁਣ ਅੰਮ੍ਰਿਤਪਾਲ ਵਾਲੇ ਗੁਬਾਰੇ ਚ ਹਵਾ ਭਰ ਰਿਹਾ ਹੈ ਉਹ ਸਾਨੂੰ ਦੱਸਦਾ ਸੀ ਕਿ ਕਾਂਗਰਸ ਦੀ ਹਨੇਰੀ ਹੈ ਤੇ ਧੜੱਲੇ ਨਾਲ ਵਾਪਸੀ ਕਰ ਰਹੀ ਹੈ।

ਸੌ ਹੱਥ ਰੱਸਾ ਸਿਰੇ ਤੇ ਗੰਢ ਕਿ ਜੇ ਪਿਛਲੀਆਂ ਵਿਧਾਨ ਸਭਾ ਚੋਣਾਂ ਅਕਾਲੀ ਭਾਜਪਾ ਨੇ ਰਲ ਕੇ ਲੜੀਆਂ ਹੁੰਦੀਆਂ ਤਾਂ ਸ਼ਾਇਦ ਉਹ ਉਸਦੀਆਂ ਵੋਟਾਂ ਤੇ ਸੀਟਾਂ ਕਾਂਗਰਸ ਨਾਲੋਂ ਜਿਆਦਾ ਹੁੰਦੀਆਂ।

ਜੇ ਸਾਨੂੰ ਲੱਗਦਾ ਹੈ ਕਿ ਇਹ ਸੰਭਵ ਨਹੀਂ ਹੈ ਤਾਂ ਪਿਛਲੀਆਂ ਲੋਕ ਸਭਾ ਦੇ ਅੰਕੜਿਆਂ ਉੱਤੇ ਨਜ਼ਰ ਮਾਰ ਲਵੋ

ਅਕਾਲੀ ਦਲ ਨੂੰ ਮਿਲੀਆਂ ਵੋਟਾਂ ਚ ਪ੍ਰਤੀਸ਼ਤ ਦਾ ਲਗਭਗ ਉਹੀ ਸਾਢੇ ਫੀਸਦੀ ਪਰ ਭਾਜਪਾ ਨੂੰ ਮਿਲੀਆਂ ਵੋਟਾਂ ਕੋਈ 18 ਫੀਸਦੀ ਹਨ। ਦੋਵਾਂ ਪਾਰਟੀਆਂ ਦੀਆਂ ਵੋਟਾਂ ਜੋੜ ਲਵੋ ਤਾਂ ਇਹ 32 ਫੀਸਦੀ ਦੇ ਲਾਗੇ ਬਣਦੀਆਂ ਹਨ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਪਈਆਂ ਵੋਟਾਂ ਕੋਈ 26/26 ਫੀਸਦੀ ਦੇ ਲਾਗੇ ਬੰਨੇ ਸਨ। ਸੋ ਤਿੰਨ ਧਿਰੀ ਲੜਾਈ ਵਿਚ ਵੀ ਅਕਾਲੀ ਭਾਜਪਾ ਗੱਠਜੋੜ ਦੀਆਂ ਕੁੱਲ ਵੋਟਾਂ ਬਾਕੀ ਦੋਵਾਂ ਪਾਰਟੀਆਂ ਤੋਂ ਪੰਜ ਫੀਸਦੀ ਜ਼ਿਆਦਾ ਸਨ।

ਇਹਦਾ ਇਹ ਹਰਗਿਜ਼ ਮਤਲਬ ਨਹੀਂ ਹੈ ਕਿ ਅਕਾਲੀ ਦਲ-ਭਾਜਪਾ ਗਠਜੋੜ ਜੇ ਹੁੰਦਾ ਹੈ ਤਾਂ ਇਸ ਦੀ ਜਿੱਤ ਵੱਟ 'ਤੇ ਪਈ ਹੈ। ਪਰ ਜੇ ਦੋਵੇਂ ਪਾਰਟੀਆਂ ਦਾ ਗੱਠਜੋੜ ਹੁੰਦਾ ਹੈ ਤਾਂ ਦੋਵੇਂ ਪਾਰਟੀਆਂ ਦਾ ਸਾਂਝਾ ਵੋਟ ਬੈਂਕ 22 / 23 ਫੀਸਦੀ ਤੋਂ ਸ਼ੁਰੂ ਕਰ ਰਿਹਾ ਹੋਵੇਗਾ ਜਿਸ ਦਾ ਮਤਲਬ ਹੈ ਕਿ ਇਹ ਉਹ ਵੋਟ ਸ਼ੇਅਰ ਹੈ ਜਿੱਥੋਂ ਦੋਵੇਂ ਪਾਰਟੀਆਂ ਆਪਣੀਆਂ ਵੋਟਾਂ ਨੂੰ ਸੀਟਾਂ ਵਿਚ ਧੜਾਧੜ ਤਬਦੀਲ ਕਰਨ ਦੀ ਸਮਰੱਥਾ ਰੱਖਦੀਆਂ ਹਨ।

ਆਮ ਆਦਮੀ ਪਾਰਟੀ ਕੋਲ ਅੱਜ ਦੀ ਸਥਿਤੀ ਵਿਚੋ ਐਡਵਾਂਟੇਜ ਹੈ, ਉਹ ਹੈ ਕਿਸੇ ਵਿਰੋਧੀ ਧਿਰ ਦਾ ਨਾ ਹੋਣਾ ਹਾਲਾਂਕਿ ਭਗਵੰਤ ਮਾਨ ਵਿਰੁੱਧ ਐਂਟੀ ਇਨਕਮਬੈਨਸੀ ਹੋਵੇ ਨਾ ਹੋਵੇ ਲੋਕਲ ਲੈਵਲ ਉੱਤੇ ਐਮ.ਐਲ.ਏ. ਪੱਧਰ ਉੱਤੇ ਪ੍ਰੋ ਇਨਕਬੈਂਸੀ ਵਾਲੀ ਵੀ ਕੋਈ ਗੱਲ ਨਜ਼ਰ ਨਹੀਂ ਆਉਂਦੀ।

ਜੇ ਕਾਂਗਰਸ ਆਪਣੀ ਮੌਜੂਦਾ ਲੜਾਈ ਦਾ ਕੋਈ ਤੁਰੰਤ ਹੱਲ ਨਹੀਂ ਕਰਦੀ ਤਾਂ ਸੰਭਵ ਹੈ ਕਿ ਸ਼ਹਿਰਾਂ ਵਿਚ ਪਾਰਟੀ ਵੈਕਿਊਮ ਕਲੀਨ ਹੀ ਹੋ ਜਾਵੇ।

ਕਿਸੇ ਵੀ ਗੱਠਜੋੜ ਚ ਦੋ ਗੱਲਾਂ ਅਹਿਮ ਹੁੰਦੀਆਂ ਹਨ ਉਨ੍ਹਾਂ ਦੋਵਾਂ ਦਾ ਅਰਥਮੈਟਿਕ ਕੀ ਹੈ ਦੋਵਾਂ ਪਾਰਟੀਆਂ ਦੀ ਕਮਿਸਟਰੀ ਕੀ ਹੈ।

ਲੋਕੀ ਭੁੱਲਣਹਾਰ ਹਨ ਤੇ ਸੱਤਾ 'ਚ ਆਉਣ ਦਾ ਲੋਭ ਕਈ ਗੱਲਾਂ ਨੂੰ ਭੁੱਲਣ ਲਈ ਮਜਬੂਰ ਕਰ ਦਿੰਦਾ ਹੈ।

ਅਕਾਲੀ ਅਤੇ ਭਾਜਪਾ ਵਿਚ ਇੱਕ ਕਮਿਸਟਰੀ ਹਮੇਸ਼ਾ ਹੀ ਮੌਜੂਦ ਰਹੀ ਹੈ ਉਹ ਕਮਿਸਟਰੀ ਇਸ ਪੱਖ ਤੋਂ ਵੀ ਆਉਂਦੀ ਹੈ ਕਿ ਦੋਵੇਂ ਪਾਰਟੀਆਂ ਕਿਹੜੇ-ਕਿਹੜੇ ਵੋਟ ਵਰਗਾਂ ਦੀਆਂ ਤਰਜਮਾਨ ਹਨ।

ਕਮਿਸਟਰੀ ਤੋਂ ਪਰੇ ਦੋਵਾਂ ਪਾਰਟੀਆਂ ਦਾ ਅਰਥਮੈਟਿਕ ਕਿਤੇ ਵੱਧ ਮਜ਼ਬੂਤ ਹੈ।

ਇਹਦੇ ਬਰਾਬਰ ਦੀ ਉਦਾਹਰਨ ਕੋਈ ਵੇਖਣੀ ਹੋਵੇ ਤਾਂ 2015 ਦੀ ਬਿਹਾਰ ਇਲੈਕਸ਼ਨ ਵੇਖੀ ਜਾ ਸਕਦੀ ਹੈ।

20 ਸਾਲ ਇੱਕ ਦੂਜੇ ਨੂੰ ਪਾਣੀ ਪੀ-ਪੀ ਕੇ ਕੋਸਣ ਦੇ ਬਾਵਜੂਦ, ਲਾਲੂ ਦੇ ਜੰਗਲ ਰਾਜ ਨੂੰ ਮੁੱਦਾ ਬਣਾ ਕੇ 10 ਸਾਲ ਮੁੱਖ ਮੰਤਰੀ ਰਹਿਣ ਦੇ ਬਾਵਜੂਦ ਜਦੋਂ ਲਾਲੂ ਯਾਦਵ ਅਤੇ ਨਿਤੀਸ਼ ਕੁਮਾਰ ਇਕੱਠੇ ਹੁੰਦੇ ਹਨ ਤਾਂ ਭਾਜਪਾ ਪਾਣੀ ਮੰਗਦੀ ਨਜ਼ਰ ਆਉਂਦੀ ਹੈ। ਸਿਰਫ ਇਸ ਕਰਕੇ ਕਿ ਇਸ ਗੱਠਜੋੜ ਦੀ ਕਮਿਸਟਰੀ ਕਮਜ਼ੋਰ ਹੋਣ ਦੇ ਬਾਵਜੂਦ ਅਰਥਮੈਟਿਕ ਬਹੁਤ ਮਜ਼ਬੂਤ ਹੈ।

ਅਕਾਲੀ-ਭਾਜਪਾ ਗੱਠਜੋੜ ਵਿਚ ਤਾਂ ਕਮਿਸਟਰੀ ਵਾਲੀ ਵੀ ਕੋਈ ਬਹੁਤੀ ਵੱਡੀ ਦਿੱਕਤ ਨਹੀਂ।

ਕੁਝ ਹੋਰ ਦੋਸਤ-ਮਿੱਤਰ ਤੇ ਬੁੱਧੀਜੀਵੀ ਇਸ ਗੱਲ ਦਾ ਬਾਰ-ਬਾਰ ਜ਼ਿਕਰ ਕਰਦੇ ਹਨ ਕਿ ਪੰਜਾਬ ਦੀਆਂ ਕਿਸਾਨ ਯੂਨੀਅਨ ਕਦੇ ਅਕਾਲੀਆਂ ਦੇ ਨਾਲ ਨਹੀਂ ਤੁਰਨਗੀਆਂ।

ਐਸਾ ਕਹਿੰਦੇ ਵਕਤ ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਿਸਾਨ ਯੂਨੀਅਨ ਨੂੰ ਪਈਆਂ ਵੋਟਾਂ ਭੁੱਲ ਜਾਂਦੇ ਹਨ ਜਦੋਂ ਰਾਸ਼ਟਰਪਤੀ ਸਾਹਿਬ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਲਈ ਆਪਣਾ ਚੂੜੀਦਾਰ ਪਹਿਲਾਂ ਹੀ ਸਵਾਈ ਫਿਰਦੇ ਸਨ।

ਪੰਜਾਬ ਦੀਆਂ ਕਿਸਾਨ ਯੂਨੀਅਨਾਂ ਦੀ ਹਾਲਤ ਕਿਸੇ ਪੰਜਾਬੀ ਨੂੰ ਡੋਸੇ ਨਾਲ ਦਿੱਤੀ ਗਈ ਕੋਕੋਨਟ ਚਟਨੀ ਵਰਗੀ ਹੈ। ਪੰਜਾਬੀਆਂ ਨੂੰ ਡੋਸਾ ਖਾਂਦਿਆਂ ਸਿਰਫ ਡੋਸੇ ਵਿਚਲੀ ਪੀਠੀ ਅਤੇ ਸਾਂਬਰ ਨਾਲ ਮਤਲਬ ਹੁੰਦਾ ਹੈ

ਕੋਈ ਵੀ ਗੱਠਜੋੜ ਅਗਾਊਂ ਹੀ ਕਿਸੇ ਜਿੱਤ ਦੀ ਗਰੰਟੀ ਨਹੀਂ ਦੇ ਸਕਦਾ।

ਪਰ ਗਠਜੋੜ ਤੋਂ ਬਿਨਾਂ ਭਾਜਪਾ ਅਤੇ ਅਕਾਲੀ ਦੋਵੇਂ ਹੀ ਪੰਜਾਬ ਦੀ ਸਿਆਸਤ ਵਿਚ ਹਾਸ਼ੀਏ ਤੇ ਹਨ ਤੇ ਗਠਜੋੜ ਦਾ ਸਿੱਧਾ ਮਤਲਬ ਇਹ ਹੈ ਕਿ ਦੋਵੇਂ ਪਾਰਟੀਆਂ ਸਿਰਫ ਖੇਡ ਦੇ ਮੈਦਾਨ ਵਿਚ ਹੀ ਨਹੀਂ ਸੈਂਟਰ ਫਾਰਵਰਡ ਦੀ ਪੁਜੀਸ਼ਨ ਵਿਚ ਵੀ ਹੋਣਗੀਆਂ।

ਪੰਜਾਬ ਦੀ ਸਿਆਸਤ ਵਿਚ ਇੱਕ ਮੋਡਰੇਟ ਅਕਾਲੀ ਸਿਆਸਤ ਵਾਲੀ ਜਮੀਨ ਖਾਲੀ ਪਈ ਹੈ। ਤਿੱਖੇ ਨਾਹਰਿਆਂ ਵਾਲੇ ਰਬੜ ਦੇ ਗੁੱਡੇ ਇਸ ਦੇ ਵਾਲੀ ਵਾਰਸ ਕਦੇ ਨਹੀਂ ਬਣ ਸਕਦੇ।

ਜੇ ਗੱਠਜੋੜ ਹੁੰਦਾ ਹੈ ਤਾਂ ਪੰਜਾਬ ਦੀ ਅਕਾਲੀ ਸਿਆਸਤ ਤਰਲਤਾ ਦੀ ਅਵਸਥਾ ਤੋਂ ਤੁਰ ਕੋਈ ਠੋਸ ਆਕਾਰ ਲੈਂਦੀ ਨਜ਼ਰ ਆਵੇਗੀ।

# ਸੋਚਾਂ ਸੋਚ ਕੇ ਸਿਫ਼ਰ ਨਤੀਜਾ, ਚਿੰਤਾ ਕੋਈ ਹੱਲ ਨਹੀਂ

ਹਰ ਦਿਨ ਅਸੀਂ ਪਤਾ ਨਹੀਂ ਕਿੰਨੇ ਹੀ ਲੋਕਾਂ ਨਾਲ ਮਿਲਦੇ ਹਾਂ। ਕੁਝ ਬਿਲਕੁਲ ਅਜਾਣ ਹੁੰਦੇ ਹਨ ਤੇ ਕੁਝ ਜਾਣ-ਪਛਾਣ ਵਾਲੇ। ਕਿਸੇ ਨਾਲ ਦੋ ਮਿੰਟ ਦੀ ਗੱਲ ਹੁੰਦੀ ਹੈ ਤੇ ਕਿਸੇ ਨਾਲ ਥੋੜ੍ਹਾ ਵੱਧ ਸਮਾਂ ਬੈਠਣਾ ਹੋ ਜਾਂਦਾ ਹੈ। ਪਰ ਅੱਜ ਦੇ ਸਮੇਂ ਵਿਚ ਇੱਕ ਗੱਲ ਸਭ ਤੋਂ ਵੱਧ ਮਹਿਸੂਸ ਹੁੰਦੀ ਹੈ ਕਿ ਹਰ ਇਨਸਾਨ ਆਪਣੇ ਹੀ ਸੋਚਾਂ ਦੇ ਸੰਸਾਰ ਵਿਚ ਡੁੱਬਿਆ ਹੋਇਆ ਹੈ।

ਕਿਸੇ ਦੇ ਚਿਹਰੇ 'ਤੇ ਉਦਾਸੀ ਦਿਖਾਈ ਦਿੰਦੀ ਹੈ, ਕਿਸੇ ਦੀਆਂ ਅੱਖਾਂ ਵਿਚ ਥਕਾਵਟ ਤੇ ਕਿਸੇ ਦੀ ਗੱਲਬਾਤ ਵਿਚ ਹੀ ਉਸਦੀ

**ਕੁਲਬੀਰ ਸ਼ਰਮਾ**
**ਫੋਨ: 84272-12104**

ਪਰੇਸ਼ਾਨੀ ਦਾ ਪਤਾ ਲੱਗ ਜਾਂਦਾ ਹੈ। ਅਸੀਂ ਆਪਣੇ ਕੋਲ ਬੈਠੇ ਇਨਸਾਨ ਨਾਲ ਗੱਲ ਕਰ ਰਹੇ ਹੁੰਦੇ ਹਾਂ, ਪਰ ਸਾਡਾ ਮਨ ਕਿਤੇ ਹੋਰ ਭਟਕ ਰਿਹਾ ਹੁੰਦਾ ਹੈ। ਕੋਈ ਘਰ ਦੀ ਫ਼ਿਕਰ ਵਿਚ ਹੁੰਦਾ ਹੈ, ਕੋਈ ਨੌਕਰੀ ਦੀ ਚਿੰਤਾ ਵਿਚ, ਕੋਈ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਪਰੇਸ਼ਾਨ ਹੈ ਤੇ ਕੋਈ ਪੈਸੇ, ਕਾਰੋਬਾਰ ਜਾਂ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬਿਆ ਹੁੰਦਾ ਹੈ।

ਹਰ ਕਿਸੇ ਦੀ ਸਮੱਸਿਆ ਵੱਖਰੀ ਹੈ, ਪਰ ਚਿੰਤਾ ਲਗਭਗ ਹਰ ਕਿਸੇ ਦੇ ਹਿੱਸੇ ਆਈ ਹੋਈ ਹੈ। ਘਰ ਵਿਚ ਹੁੰਦੇ ਹਾਂ ਤਾਂ ਕੰਮ ਦੀ ਚਿੰਤਾ, ਕੰਮ 'ਤੇ ਹੁੰਦੇ ਹਾਂ ਤਾਂ ਘਰ ਦੀ ਚਿੰਤਾ ਅਤੇ ਰਾਤ ਨੂੰ ਸੌਣ ਲੱਗਿਆਂ ਆਉਣ ਵਾਲੇ ਕੱਲ੍ਹ ਦੀ ਚਿੰਤਾ। ਇਸ ਤਰ੍ਹਾਂ ਕਈ ਵਾਰ ਅਸੀਂ ਆਪਣਾ ਅੱਜ ਵੀ ਕੱਲ੍ਹ ਦੀ ਫ਼ਿਕਰ ਵਿਚ ਗੁਜ਼ਾਰ ਦਿੰਦੇ ਹਾਂ।

ਫ਼ਿਕਰਾਂ ਨੇ ਸਾਡੇ ਚਿਹਰਿਆਂ ਦੀ ਰੌਣਕ ਹੀ ਨਹੀਂ, ਸਗੋਂ ਜ਼ਿੰਦਗੀ ਜਿਉਣ ਦਾ ਚਾਅ ਵੀ ਫਿੱਕਾ ਪਾ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸਾਨੂੰ ਅੰਦਰੋਂ ਕਿਤੇ ਨਾ ਕਿਤੇ ਇਹ ਵੀ ਪਤਾ ਹੁੰਦਾ ਹੈ ਕਿ ਜੋ ਹੋਣਾ ਹੈ, ਉਹ ਹੋ ਕੇ ਰਹੇਗਾ। ਜੋ ਮਿਲਣਾ ਹੈ, ਉਹ ਮਿਲ ਕੇ ਰਹੇਗਾ ਅਤੇ ਜਿਹੜੀਆਂ ਗੱਲਾਂ ਸਾਡੇ ਵੱਸ ਤੋਂ ਬਾਹਰ ਹਨ, ਉਨ੍ਹਾਂ ਨੂੰ ਸਿਰਫ਼ ਸੋਚਦੇ ਰਹਿਣ ਨਾਲ ਬਦਲਿਆ ਨਹੀਂ ਜਾ ਸਕਦਾ। ਫਿਰ ਵੀ ਸਾਡੀ ਸੋਚ ਕਈ ਵਾਰ ਸਾਡੇ ਉੱਤੇ ਇੰਨੀ ਹਾਵੀ ਹੋ ਜਾਂਦੀ ਹੈ ਕਿ ਸਾਨੂੰ ਇਹ ਅਹਿਸਾਸ ਹੀ ਨਹੀਂ ਰਹਿੰਦਾ ਕਿ ਅਸੀਂ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਉਸਨੂੰ ਆਪਣੇ ਮਨ ਵਿਚ ਰੱਖ ਕੇ ਜੀ ਰਹੇ ਹਾਂ।

ਇੱਕੋ ਗੱਲ ਨੂੰ ਸੌ ਵਾਰ ਸੋਚਣਾ ਉਸਦਾ ਹੱਲ ਨਹੀਂ ਬਣਾਉਂਦਾ। ਉਲਟਾ ਮਨ ਥੱਕ ਜਾਂਦਾ ਹੈ, ਹੌਸਲਾ ਘਟਦਾ ਹੈ ਅਤੇ ਉਹੀ ਸੋਚ ਅੰਦਰੋਂ ਸਿਉਂਕ ਵਾਂਗ ਸਾਨੂੰ ਖਾਣ ਲੱਗ ਪੈਂਦੀ ਹੈ। ਕਈ ਵਾਰ ਇਨਸਾਨ ਅਸਲ ਸਮੱਸਿਆ ਨਾਲੋਂ ਉਸ ਬਾਰੇ ਕੀਤੀ ਜਾ ਰਹੀ ਲਗਾਤਾਰ ਸੋਚ ਤੋਂ ਜ਼ਿਆਦਾ ਪਰੇਸ਼ਾਨ ਹੋ ਜਾਂਦਾ ਹੈ।

ਮੰਨਿਆ ਕਿ ਸੋਚਣਾ ਮਨੁੱਖ ਦੀ ਕੁਦਰਤੀ ਆਦਤ ਹੈ। ਕੋਈ ਫ਼ੈਸਲਾ ਲੈਣਾ ਹੋਵੇ ਜਾਂ ਕੋਈ ਕੰਮ ਕਰਨਾ ਹੋਵੇ, ਪਹਿਲਾਂ ਸੋਚਣਾ ਜ਼ਰੂਰੀ ਹੈ। ਸੋਚ-ਵਿਚਾਰ ਨਾਲ ਲਿਆ ਗਿਆ ਫ਼ੈਸਲਾ ਅਕਸਰ ਸਾਨੂੰ ਸਹੀ ਰਸਤਾ ਦਿਖਾਉਂਦਾ ਹੈ। ਪਰ ਸੋਚਣ ਦੀ ਵੀ ਇੱਕ ਹੱਦ ਹੁੰਦੀ ਹੈ। ਇੱਕ ਵਾਰ ਸੋਚ ਕੇ ਫ਼ੈਸਲਾ ਕਰ ਲੈਣਾ ਸਮਝਦਾਰੀ ਹੈ, ਪਰ ਉਸੇ ਗੱਲ ਨੂੰ ਵਾਰ-ਵਾਰ ਸੋਚਣਾ ਆਪਣੀ ਸਿਹਤ ਨੂੰ ਰੋਗ ਲਾਉਣ ਬਰਾਬਰ ਹੈ।

ਸਾਡੇ ਸਾਹਮਣੇ ਅਕਸਰ ਦੋ ਰਸਤੇ ਹੁੰਦੇ ਹਨ। ਇੱਕ ਉਹ ਜੋ ਸਾਨੂੰ ਅੱਗੇ ਵਧਣ ਵੱਲ ਲੈ ਜਾਂਦਾ ਹੈ ਅਤੇ ਦੂਜਾ ਉਹ ਜੋ ਸਾਨੂੰ ਇੱਕੋ ਥਾਂ ਖੜ੍ਹਾ ਰੱਖ ਕੇ ਪਰੇਸ਼ਾਨ ਕਰਦਾ ਰਹਿੰਦਾ ਹੈ। ਚੋਣ ਸਾਡੀ ਹੁੰਦੀ ਹੈ ਕਿ ਅਸੀਂ ਆਪਣੀ ਸੋਚ ਨੂੰ ਰਸਤਾ ਬਣਾਉਣਾ ਹੈ ਜਾਂ ਬੋਝ।

ਜੇ ਸਾਡੇ ਕੋਲੋਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਭ ਤੋਂ ਪਹਿਲਾਂ ਉਸਨੂੰ ਸਵੀਕਾਰ ਕਰਨਾ ਚਾਹੀਦਾ ਹੈ। ਜੇ ਉਹ ਗਲਤੀ ਵਾਪਸ ਠੀਕ ਨਹੀਂ ਕੀਤੀ ਜਾ ਸਕਦੀ ਤਾਂ ਉਸ ਤੋਂ ਸਬਕ ਲੈਣਾ ਚਾਹੀਦਾ ਹੈ। ਆਪਣੇ ਆਪ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਅੱਗੇ ਤੋਂ ਇਹ ਗਲਤੀ ਦੁਬਾਰਾ ਨਹੀਂ ਕਰਾਂਗੇ ਅਤੇ ਜਿੱਥੇ ਤੱਕ ਸੰਭਵ ਹੋਵੇਗਾ, ਉਸਦਾ ਨੁਕਸਾਨ ਸੁਧਾਰਨ ਦੀ ਕੋਸ਼ਿਸ਼ ਕਰਾਂਗੇ।

ਬੀਤਿਆ ਹੋਇਆ ਸਮਾਂ ਸਾਡੇ ਹੱਥ ਵਿਚ ਨਹੀਂ, ਪਰ ਉਸ ਤੋਂ ਮਿਲਿਆ ਸਬਕ ਸਾਡੇ ਹੱਥ ਵਿਚ ਹੈ। ਜੇ ਅਸੀਂ ਇੱਕ ਗਲਤੀ ਬਾਰੇ ਹੀ ਸੋਚਦੇ ਰਹਾਂਗੇ ਤਾਂ ਹੋ ਸਕਦਾ ਹੈ ਉਸੇ ਗਲਤੀ ਦੀ ਚਿੰਤਾ ਕਰਦਿਆਂ ਅਸੀਂ ਅੱਗੇ ਵੀਹ ਹੋਰ ਗਲਤੀਆਂ ਕਰ ਬੈਠੀਏ। ਇਸ ਲਈ ਗਲਤੀ ਨੂੰ ਆਪਣੀ ਸਜ਼ਾ ਨਹੀਂ, ਆਪਣਾ ਅਧਿਆਪਕ ਬਣਾਉਣਾ ਚਾਹੀਦਾ ਹੈ।

ਇਸੇ ਤਰ੍ਹਾਂ ਭਵਿੱਖ ਦੀ ਚਿੰਤਾ ਵੀ ਸਾਡਾ ਅੱਜ ਖੋਹ ਲੈਂਦੀ ਹੈ। ਕੋਈ ਆਪਣੇ ਬੁਢਾਪੇ ਦੀ ਫ਼ਿਕਰ ਵਿਚ ਹੈ, ਕੋਈ ਬੱਚਿਆਂ ਦੇ ਆਉਣ ਵਾਲੇ ਭਵਿੱਖ ਦੀ, ਕੋਈ ਕਾਰੋਬਾਰ ਦੇ ਨਤੀਜੇ ਬਾਰੇ ਸੋਚ ਰਿਹਾ ਹੈ ਤੇ ਕੋਈ ਇਸ ਗੱਲ ਵਿਚ ਉਲਝਿਆ ਹੋਇਆ ਹੈ ਕਿ ਜੇ ਮੈਂ ਇਹ ਕਰ ਦਿੱਤਾ ਤਾਂ ਕੱਲ੍ਹ ਕੀ ਹੋਵੇਗਾ। ਭਵਿੱਖ ਲਈ ਯੋਜਨਾ ਬਣਾਉਣਾ ਚੰਗੀ ਗੱਲ ਹੈ, ਪਰ ਭਵਿੱਖ ਦੇ ਡਰ ਵਿਚ ਵਰਤਮਾਨ ਨੂੰ ਗੁਆ ਦੇਣਾ ਸਮਝਦਾਰੀ ਨਹੀਂ।

ਜ਼ਿੰਦਗੀ ਅਸਲ ਵਿਚ ਸਿਰਫ਼ ਆਉਣ ਵਾਲੇ ਕੱਲ੍ਹ ਦਾ ਨਾਮ ਨਹੀਂ। ਜ਼ਿੰਦਗੀ ਉਹ ਪਲ ਵੀ ਹੈ ਜੋ ਇਸ ਵੇਲੇ ਸਾਡੇ ਕੋਲ ਹੈ। ਜਿਹੜਾ ਸਮਾਂ ਅਸੀਂ ਅੱਜ ਆਪਣੇ ਪਰਿਵਾਰ ਨਾਲ ਬੈਠ ਕੇ ਹੱਸ ਸਕਦੇ ਹਾਂ, ਦੋਸਤ ਨਾਲ ਗੱਲ ਕਰ ਸਕਦੇ ਹਾਂ, ਮਾਪਿਆਂ ਕੋਲ ਕੁਝ ਪਲ ਬਿਤਾ ਸਕਦੇ ਹਾਂ ਜਾਂ ਕੁਦਰਤ ਨੂੰ ਨਿਹਾਰ ਸਕਦੇ ਹਾਂ, ਉਹ ਪਲ ਮੁੜ ਉਸੇ ਰੂਪ ਵਿਚ ਵਾਪਸ ਨਹੀਂ ਆਉਂਦਾ।

ਚਿੰਤਾ ਦਾ ਇੱਕ ਹੋਰ ਨੁਕਸਾਨ ਇਹ ਹੈ ਕਿ ਇਹ ਸਾਡੇ ਸੁਭਾਅ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜਦੋਂ ਮਨ ਅੰਦਰੋਂ ਪਰੇਸ਼ਾਨ ਹੁੰਦਾ ਹੈ ਤਾਂ ਛੋਟੀ ਜਿਹੀ ਗੱਲ ਵੀ ਵੱਡੀ ਲੱਗਣ ਲੱਗ ਪੈਂਦੀ ਹੈ। ਅਸੀਂ ਕਈ ਵਾਰ ਆਪਣੀ ਚਿੰਤਾ ਦਾ ਗੁੱਸਾ ਉਨ੍ਹਾਂ ਲੋਕਾਂ ਉੱਤੇ ਕੱਢ ਦਿੰਦੇ ਹਾਂ ਜਿਨ੍ਹਾਂ ਨਾਲ ਸਾਨੂੰ ਸਭ ਤੋਂ ਵੱਧ ਪਿਆਰ ਹੁੰਦਾ ਹੈ। ਪਰਿਵਾਰ ਵਿਚ ਬੇ-ਵਜ੍ਹਾ ਤਕਰਾਰ ਹੋ ਜਾਂਦੀ ਹੈ, ਦੋਸਤਾਂ ਨਾਲ ਮਿਲਣਾ-ਜੁਲਣਾ ਘੱਟ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਅਸੀਂ ਆਪਣੀ ਹੀ ਜ਼ਿੰਦਗੀ ਦੇ ਖ਼ੂਬਸੂਰਤ ਪਲਾਂ ਤੋਂ ਦੂਰ ਹੁੰਦੇ ਜਾਂਦੇ ਹਾਂ। ਜਿਹੜੀ ਚੀਜ਼ ਸਾਡੇ ਵੱਸ ਵਿਚ ਹੀ ਨਹੀਂ, ਉਸ ਬਾਰੇ ਲਗਾਤਾਰ ਸੋਚਣਾ ਸਿਰਫ਼ ਸਾਡੀ ਆਪਣੀ ਊਰਜਾ ਖ਼ਤਮ ਕਰਦਾ ਹੈ।

ਹਰ ਸਮੱਸਿਆ ਦਾ ਤੁਰੰਤ ਹੱਲ ਨਹੀਂ ਮਿਲਦਾ, ਪਰ ਹਰ ਸਮੱਸਿਆ ਨੂੰ ਵਾਰ-ਵਾਰ ਸੋਚਣਾ ਵੀ ਹੱਲ ਨਹੀਂ। ਕਈ ਵਾਰ ਸਮਾਂ ਕੁਝ ਅਜਿਹੇ ਜਵਾਬ ਦੇ ਦਿੰਦਾ ਹੈ ਜੋ ਸਾਡੀ ਸੋਚ ਤੋਂ ਵੀ ਪਰੇ ਹੁੰਦੇ ਹਨ। ਇਸ ਲਈ ਜਿੱਥੇ ਕੋਸ਼ਿਸ਼ ਦੀ ਲੋੜ ਹੈ, ਉੱਥੇ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਜਿੱਥੇ ਇਨਸਾਨ ਦੀ ਹੱਦ ਖ਼ਤਮ ਹੋ ਜਾਂਦੀ ਹੈ, ਉੱਥੇ ਭਰੋਸਾ ਰੱਖਣਾ ਸਿੱਖਣਾ ਚਾਹੀਦਾ ਹੈ।

ਜਦੋਂ ਵੀ ਸਮਾਂ ਮਿਲੇ, ਕੁਝ ਪਲ ਖੁੱਲ੍ਹੀ ਹਵਾ ਵਿਚ ਬਿਤਾਈਏ। ਕੁਦਰਤ ਨੂੰ ਦੇਖੀਏ, ਸੈਰ ਕਰੀਏ, ਆਪਣੇ ਪਿਆਰਿਆਂ ਨਾਲ ਗੱਲਬਾਤ ਕਰੀਏ ਅਤੇ ਮਿਲਣ ਵਾਲੇ ਲੋਕਾਂ ਵੱਲ ਇੱਕ ਮੁਸਕਾਨ ਨਾਲ ਵੇਖੀਏ। ਮਨ ਨੂੰ ਸ਼ਾਂਤ ਕਰਨ ਲਈ ਧਿਆਨ, ਸਿਮਰਨ ਜਾਂ ਗੁਰਬਾਣੀ ਨਾਲ ਜੁੜਨਾ ਵੀ ਸਹਾਰਾ ਬਣ ਸਕਦਾ ਹੈ। ਇਹ ਸਾਨੂੰ ਆਪਣੀਆਂ ਉਲਝਣਾਂ ਤੋਂ ਕੁਝ ਪਲ ਦੂਰ ਕਰਕੇ ਸ਼ੁਕਰਾਨੇ ਵੱਲ ਲੈ ਜਾਂਦਾ ਹੈ। ਜਦੋਂ ਇਨਸਾਨ ਕੋਲ ਜੋ ਕੁਝ ਹੈ, ਉਸਦੀ ਕਦਰ ਕਰਨੀ ਸ਼ੁਰੂ ਕਰਦਾ ਹੈ ਤਾਂ ਜੋ ਨਹੀਂ ਹੈ, ਉਸਦੀ ਚਿੰਤਾ ਹੌਲੀ-ਹੌਲੀ ਘੱਟ ਹੋਣ ਲੱਗਦੀ ਹੈ।

ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਹਰ ਦਿਨ ਇੱਕੋ ਜਿਹਾ ਨਹੀਂ ਹੁੰਦਾ। ਕਦੇ ਹਾਲਾਤ ਸਾਡੇ ਹੱਕ ਵਿਚ ਹੁੰਦੇ ਹਨ ਤੇ ਕਦੇ ਸਾਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਮੁਸ਼ਕਲ ਸਮਾਂ ਵੀ ਸਦਾ ਲਈ ਨਹੀਂ ਰਹਿੰਦਾ। ਜਿਵੇਂ ਰਾਤ ਤੋਂ ਬਾਅਦ ਸਵੇਰ ਆਉਂਦੀ ਹੈ, ਉਸੇ ਤਰ੍ਹਾਂ ਔਖੇ ਸਮੇਂ ਤੋਂ ਬਾਅਦ ਹਾਲਾਤ ਵੀ ਬਦਲਦੇ ਹਨ।


ਜ਼ਿੰਦਗੀ ਨੂੰ ਹਰ ਪਲ ਕਾਬੂ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ, ਸਾਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਜਿੱਥੇ ਸਾਡਾ ਵੱਸ ਹੈ ਉੱਥੇ ਮਿਹਨਤ ਕਰੀਏ, ਜਿੱਥੇ ਗਲਤੀ ਹੈ ਉੱਥੇ ਸੁਧਾਰ ਕਰੀਏ, ਜਿੱਥੇ ਭਵਿੱਖ ਹੈ ਉੱਥੇ ਯੋਜਨਾ ਬਣਾਈਏ ਅਤੇ ਜਿੱਥੇ ਸਾਡੇ ਵੱਸ ਤੋਂ ਬਾਹਰ ਹੈ ਉੱਥੇ ਭਰੋਸਾ ਰੱਖੀਏ।

# ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ...

ਰਮਿੰਦਰ ਰੰਮੀ ਦੇ ਅੰਤਰਮਨ ਅਤੇ ਭਾਵਾਂ ਨੂੰ ਪ੍ਰਗਟਾਉਂਦੀ ਕਵਿਤਾ !

ਜਦ ਕਦੇ ਵੀ ਪਰਵਾਸੀ ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਉੱਤਰੀ ਅਮਰੀਕਾ ਵਿਚ ਰਚੇ ਜਾ ਰਹੇ ਸਾਹਿਤ ਜਾਂ ਸਾਹਿਤਕ ਸਰਗਰਮੀਆਂ ਦਾ ਜ਼ਿਕਰ ਤੁਰਦਾ ਹੈ ਤਾਂ ਕੈਨੇਡਾ ਵੱਸਦੀ ਸਾਹਿਤਕਾਰਾ 'ਰਮਿੰਦਰ ਰੰਮੀ' ਦਾ ਨਾਂਅ ਸਹਿਜੇ ਹੀ ਇਸ ਵਿਚ ਆ ਜੁੜਦਾ ਹੈ।

ਰਮਿੰਦਰ ਰੰਮੀ ਅਤੇ ਉਸ ਦੀਆਂ ਸਾਹਿਤਕ ਗਤੀਵਿਧੀਆਂ/ਘਾਲਣਾਵਾਂ ਦੀ ਗੱਲ ਕਰਨ ਤੋਂ ਪਹਿਲਾਂ ਪਾਠਕਾਂ ਨਾਲ ਇਹ ਸਾਂਝਾ ਕਰਨਾ ਵੀ ਜ਼ਰੂਰੀ ਹੈ ਕਿ ਉਸ ਦੀ ਤੀਸਰੀ ਕਾਵਿ ਪੁਸਤਕ 'ਇਸ਼ਕ ਖ਼ੁਦਾ ਸੋਹਣਾ ਮੰਦਿਰ' ਸਾਹਿਤਕ ਹਲਕਿਆਂ ਵਿਚ ਅੱਜ-ਕੱਲ੍ਹ ਕਾਫ਼ੀ ਚਰਚਿਤ ਹੈ। ਪੁਸਤਕ ਦਾ ਸਿਰਲੇਖ ਖ਼ੁਦ-ਬ-ਖ਼ੁਦ ਪੁਸਤਕ ਦੇ ਅੰਤਰੀਵ ਦੀ ਰੂਹ ਅਤੇ ਭਾਵਨਾਵਾਂ ਵੱਲ ਇਸ਼ਾਰਾ ਕਰਦਾ ਹੈ। ਪੁਸਤਕ ਨੂੰ ਪੜ੍ਹਦਿਆਂ ਮੈਨੂੰ ਏਸ ਵਿਚਲੇ ਸ਼ਬਦਾਂ ਦੀ ਗਹਿਰਾਈ ਅੰਦਰ ਸਮੋਏ ਅਤਿ ਸੰਵੇਦਨਸ਼ੀਲ ਅਹਿਸਾਸਾਂ ਨੂੰ ਜਾਣਨ, ਸਮਝਣ ਅਤੇ ਮਹਿਸੂਸ ਕਰਨ ਦਾ ਮੌਕਾ ਵੀ ਮਿਲਿਆ।



ਰਮਿੰਦਰ ਰੰਮੀ ਦਾ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਪ੍ਰਤੀ ਮੋਹ ਤੇ ਜਨੂੰਨ...

**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

'ਅੰਤਰਰਾਸ਼ਟਰੀ ਸਾਹਿਤਕ ਸਾਂਝਾਂ' ਦੀ ਫਾਊਂਡਰ, ਪ੍ਰਧਾਨ ਤੇ ਪ੍ਰਬੰਧਕ ਰਮਿੰਦਰ ਰੰਮੀ ਨੂੰ ਜਾਨਣ ਅਤੇ ਪਛਾਣਨ ਵਾਲੇ ਜਾਣਦੇ ਹਨ ਕਿ ਪੰਜਾਬੀ ਸਾਹਿਤ ਨਾਲ ਉਸ ਦਾ ਇਸ਼ਕ ਜਨੂੰਨ ਦੀ ਹੱਦ ਤੀਕਰ ਹੈ...। ਆਪਣੇ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਵੀ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਲਈ ਅਣਥੱਕ ਕੋਸ਼ਿਸ਼ਾਂ ਜਾਰੀ ਰੱਖ ਰਹੀ ਹੈ। ਕਈ ਹੋਰ ਮਿਆਰੀ ਸਾਹਿਤਕ ਸੰਗਠਨਾਂ ਨਾਲ ਵੀ ਜੁੜੀ ਹੋਈ ਹੈ।

ਅਕਸਰ ਕਿਹਾ ਜਾਂਦਾ ਹੈ ਕਿ ਸਾਹਿਤ ਨੂੰ ਪੜ੍ਹਨ, ਸੁਣਨ ਜਾਂ ਲਿਖਣ ਦੀ ਕੋਈ ਆਯੂ ਨਹੀਂ ਹੁੰਦੀ। ਪਰ ਕੋਈ ਜੰਮਦਾ ਹੀ ਲਿਖਾਰੀ ਬਣ ਜਾਵੇ, ਇੰਜ ਹੁੰਦਾ ਨਹੀਂ ਹੈ। ਰਮਿੰਦਰ ਰੰਮੀ ਨੂੰ ਸਾਹਿਤ ਪੜ੍ਹਨ, ਲਿਖਣ, ਸੁਣਨ, ਅਤੇ ਮਾਣਨ ਦਾ ਮੋਹ ਕੱਚੀ ਉਮਰੇ ਈ ਪੈ ਗਿਆ ਸੀ, ਜੋ ਉਸ ਨੂੰ ਪੰਜਾਬੀ ਸਾਹਿਤ ਦੇ ਮੱਕੇ 'ਪ੍ਰੀਤ ਨਗਰ' ਲੈ ਜਾਂਦਾ ਰਿਹਾ। ਭਾਵੇਂ ਜੀਵਨ ਦੀ ਭੱਜ-ਦੌੜ ਵਿਚ ਵਿਅਸਤ ਹੋਣ ਕਾਰਨ ਉਹ ਸਾਹਿਤ ਨਾਲੋਂ ਕਾਫੀ ਵਕਤ ਟੁੱਟੀ ਰਹੀ, ਪਰ ਫਿਰ ਵੀ ਆਪਣੀ ਰੂਹ ਦੇ ਧੁਰ ਅੰਦਰ ਬਲ਼ਦੀ ਸਾਹਿਤਕ ਚਿਣਗ ਨੂੰ ਉਸ ਨੇ ਕਦੇ ਬੁੱਝਣ ਨਾ ਦਿੱਤਾ।

ਸਮਾਜਿਕ ਤਾਣੇ-ਬਾਣੇ ਦੇ ਹਾਲਾਤ, ਵਾਤਾਵਰਨ ਅਤੇ ਮਾਹੌਲ ਦਾ ਸਾਡੇ ਜੀਵਨ ਉੱਪਰ ਬੜਾ ਗਹਿਰਾ ਪ੍ਰਭਾਵ ਪੈਂਦਾ ਹੈ। ਇਹੋ ਜਿਹੀ ਲੰਮੀ ਔੜ ਰਮਿੰਦਰ ਦੀ ਜ਼ਿੰਦਗੀ ਵਿਚ ਵੀ ਆਈ। ਔੜ ਭਾਵੇਂ ਖੁਸ਼ੀਆਂ ਦੀ ਸੀ ਜਾਂ ਸਾਹਿਤਕ ਮਾਹੌਲ ਦੀ, ਪਰ ਉਸਨੂੰ ਬੜੇ ਦੁੱਖ-ਸੁੱਖ ਦਿਖਾ ਗਈ ਅਤੇ ਚੰਗੇ-ਮਾੜੇ ਸਬਕ ਵੀ ਸਿਖਾ ਗਈ। ਇਸ ਦਾ ਪ੍ਰਭਾਵ ਉਸ ਦੀਆਂ ਰਚਨਾਵਾਂ ਵਿਚੋਂ ਸਾਫ਼ ਝਲਕਦਾ ਹੈ। ਸਮਾਂ ਕਦੇ ਠਹਿਰਦਾ ਨਹੀਂ ਹੈ। ਸਮੇਂ ਨੇ ਕਰਵਟ ਬਦਲੀ, ਸਥਾਨ ਬਦਲਿਆ, ਰੁੱਤ ਬਦਲੀ ਅਤੇ ਰਮਿੰਦਰ ਦਾ ਸਾਹਿਤਕ ਕਦ ਵਧਣਾ-ਫੁੱਲਣਾ ਅਰੰਭ ਹੋ ਗਿਆ। ਵਕਤੀ ਢਿੱਲ-ਮੱਠ ਤੋਂ ਬਾਅਦ ਬਹੁਤ ਕਾਹ਼ਲੀ ਨਾਲ ਪੁਲਾਂਘਾਂ ਪੁੱਟਦਿਆਂ ਆਪਣੇ ਤੀਸਰੇ ਕਾਵਿ ਸੰਗ੍ਰਹਿ 'ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ' ਨਾਲ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।

ਸਾਹਿਤਕ ਸਭਾਵਾਂ ਵਿਚ ਵਿਚਰਦਿਆਂ, ਸਾਹਿਤਕਾਰਾਂ ਨੂੰ ਸੁਣਦਿਆਂ-ਸੁਣਦਿਆਂ ਅਤੇ ਦੋਸਤਾਂ ਦੇ ਤਾਅਨਿਆਂ ਵਰਗੇ ਸਵਾਲਾਂ ਨੇ ਰਮਿੰਦਰ ਰੰਮੀ ਦੀ ਸਾਹਿਤਕ ਪਰਵਾਜ਼ ਲਈ ਡੂੰਘੀ ਨੀਂਹ ਵਾਲਾ ਪਲੇਟਫਾਰਮ ਬਣਾ ਦਿੱਤਾ। ਉਸਦੇ ਕਾਵਿ-ਮਨ ਦੇ ਅਹਿਸਾਸ, ਅਨੁਭਵ ਅਤੇ ਖਿਆਲ ਕਵਿਤਾ ਦਾ ਰੂਪ ਲੈ ਕੇ ਝੂਮਣ ਲੱਗ ਪਏ...। ਸੁਲਝੀਆਂ ਹੋਈਆਂ ਸਾਹਿਤਕ ਸ਼ਖਸੀਅਤਾਂ ਦੁਆਰਾ ਸਿਰਜੇ ਸਾਹਿਤਕ ਮਾਹੌਲ ਨੇ ਰਮਿੰਦਰ ਰੰਮੀ ਦੀ ਕਾਵਿ-ਰੂਹ ਨੂੰ ਸਾਹਿਤਕ ਖ਼ੁਰਾਕ ਨਾਲ ਭਰਪੂਰ ਕਰ ਦਿੱਤਾ ਅਤੇ ਉਸ ਦੀ ਸਾਹਿਤਕ ਮੰਜ਼ਿਲ ਵੱਲ ਨੂੰ ਜਾਂਦੇ ਰਾਹ ਪੱਧਰੇ ਹੋਣੇ ਸ਼ੁਰੂ ਹੋ ਗਏ। ਉਹ ਨਵੀਆਂ ਪੈੜਾਂ ਪਾਉਂਦੀ ਨਿਰੰਤਰ ਅੱਗੇ ਚੱਲ ਰਹੀ ਹੈ।

ਰਮਿੰਦਰ ਰੰਮੀ ਦੇ ਅੰਤਰਮਨ ਦੇ ਸਫ਼ਰ ਦੀਆਂ ਪੈੜਾਂ... ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ!

ਭਾਵੇਂ ਕਵਿਤਾ ਦਾ ਦਾਇਰਾ ਲੰਮਾ-ਚੌੜਾ ਗਿਣਿਆ ਗਿਆ ਹੈ, ਪਰ ਫਿਰ ਵੀ ਖੁੱਲ੍ਹੀ ਜਾਂ ਛੰਦ-ਬੱਧ ਵਾਲੀ ਕਵਿਤਾ ਦੇ ਭੰਬਲਭੂਸੇ ਨਾਲੋਂ ਕਵਿਤਾ ਦੀ ਅਹਿਮੀਅਤ ਇਸ ਦੀ ਰੂਹ ਅੰਦਰ ਸਮਾਏ ਨਜ਼ਰੀਏ ਦੀ ਹੈ। ਕਵਿਤਾ ਮਨੁੱਖੀ ਹਿਰਦੇ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀ ਹੈ। ਕਵਿਤਾ ਸੁਹਿਰਦ ਮਨੁੱਖੀ ਜਜ਼ਬਿਆਂ ਅਤੇ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਵਾਹ ਹੈ। 'ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ' ਨੂੰ ਪੜ੍ਹਦਿਆਂ ਵੀ ਕੁਝ ਇੰਜ ਹੀ ਮਹਿਸੂਸ ਹੁੰਦਾ ਹੈ!

'ਮੁਹੱਬਤੀ ਰੂਹਾਂ' ਨੂੰ ਸਮਰਪਤ ਇਸ਼ਕ, ਖ਼ੁਦਾ ਅਤੇ ਮੰਦਿਰ ਦੇ ਖ਼ੂਬਸੂਰਤ ਸੰਗਮ ਵਾਲੇ ਇਸ ਕਾਵਿ-ਸੰਗ੍ਰਹਿ ਵਿਚ ਰਮਿੰਦਰ ਰੰਮੀ ਨੇ 65 ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਪੁਸਤਕ ਨੂੰ ਬਸੰਤ-ਸੁਹੇਲ ਪਬਲਿਸ਼ਰ, ਫਗਵਾੜਾ ਨੇ ਤਿਆਰ ਕੀਤਾ ਹੈ।

ਮਹਿਜ਼ 'ਤਿੰਨ-ਅੱਖਰਾਂ' ਦਾ ਸ਼ਬਦ 'ਇਸ਼ਕ' ਆਪਣੀ ਰੂਹ ਵਿਚ ਡੂੰਘੇ ਅਰਥ ਸਮੋਈ ਬੈਠਾ ਹੈ। ਪ੍ਰੇਮ ਦੀਆਂ ਅਨੇਕਾਂ ਵੰਨਗੀਆਂ ਵਿਚ ਮਨੁੱਖ ਦਾ ਮਨੁੱਖ ਨਾਲ ਜਾਂ ਫਿਰ ਖ਼ੁਦਾ ਨਾਲ ਇਸ਼ਕ ਉਸ ਦੇ ਭਾਵਾਂ ਦਾ ਪ੍ਰਗਟਾਵਾ ਹੈ ਜੋ ਸਦੀਆਂ ਤੋਂ ਚੱਲਦਾ ਆ ਰਿਹਾ ਹੈ।

ਰਮਿੰਦਰ ਰੰਮੀ ਦੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਪ੍ਰੇਮ ਦੇ ਵਿਭਿੰਨ ਰੰਗ-ਰੂਪਾਂ ਦੇ ਭਾਵਾਂ ਦਾ ਪ੍ਰਗਟਾਵਾ ਵੀ ਪਾਠਕ ਦੇ ਸਾਹਮਣੇ ਆਉਂਦਾ ਹੈ। ਸੰਵੇਦਨਸ਼ੀਲ ਮਨ ਦੇ ਵਲਵਲਿਆਂ ਦੇ ਨਾਲ-ਨਾਲ ਉਸ ਦੀ ਲੇਖਣੀ ਵਿਚ ਰੂਹਾਨੀਅਤ ਅਤੇ ਸੂਫ਼ੀਆਨਾ ਰੰਗ ਰੂਪ ਵੀ ਸਾਫ਼ ਨਜ਼ਰੀਂ ਪੈਂਦੇ ਹਨ।

ਖ਼ੁਦਾ ਦੀ ਖ਼ੁਦਾਈ ਨੂੰ ਸਮਰਪਤ ਪੁਸਤਕ ਦੀ ਪਹਿਲੀ ਨਜ਼ਮ 'ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ' ਵਿਚ ਮੈਂ ਤੋਂ ਤੂੰ ਦਾ ਸਫ਼ਰ ਹੈ... ਆਪਸੀ ਸਮਰਪਣ ਹੈ ਅਤੇ ਦੋ ਤੋਂ ਇੱਕ ਹੋਣ ਦੀ ਚਾਹਤ ਵੀ!

ਮੇਰੀ ਰੂਹ ਵਿਚ ਤੂੰ
ਮੇਰੀ ਧੜਕਣ ਵਿਚ ਤੂੰ
ਮੇਰੇ ਗੀਤਾਂ ਵਿਚ ਤੂੰ
ਮੇਰੀਆਂ ਨਜ਼ਮਾਂ ਵਿਚ ਤੂੰ।
ਤੂੰ ਹੀ ਤੂੰ, ਤੂੰ ਹੀ ਤੂੰ।
ਇਸ਼ਕ ਖ਼ੁਦਾ ਦਾ
ਸੋਹਣਾ ਮੰਦਿਰ।

ਅਜਿਹੇ ਹੀ ਪ੍ਰਭਾਵ ਵਾਲੀਆਂ ਇੱਕ-ਦੋ ਹੋਰ ਖ਼ੂਬਸੂਰਤ ਕਵਿਤਾਵਾਂ ਦੀਆਂ ਲਾਈਨਾਂ ਪਾਠਕਾਂ ਦੇ ਸਨਮੁੱਖ ਕਰਦੇ ਹਾਂ...

ਹਾਏ ਨੀ
ਸੁਣੋ ਨੀ
ਸਖੀਓ ਸਹੇਲੜੀਓ
ਨੀ ਮੈਂ ਕਮਲ਼ੀ ਹਾਂ।
ਕਮਲ਼ੀ ਹਾਂ ਉਸ ਦੇ ਇਸ਼ਕ ਦੀ
ਕਮਲ਼ੀ ਹਾਂ ਉਸ ਦੇ ਇਸ਼ਟ ਦੀ
ਕਮਲ਼ੀ ਹਾਂ ਉਸ ਦੀ ਇਬਾਦਤ ਦੀ...

ਮਿਲਣ ਦੀ ਤਾਂਘ...
ਅੰਦਰ ਆਪਣੇ ਝਾਕਦੀ ਹਾਂ
ਕਸੂਰ ਆਪਣਾ ਲੱਭਦੀ ਹਾਂ
ਤੈਨੂੰ ਮਿਲਣ ਨੂੰ ਤਰਸਦੀ ਹਾਂ

ਕਿੱਥੇ ਸੀ ਤੂੰ...
ਜਦ ਤੈਨੂੰ ਹਰ ਪਲ, ਹਰ ਘੜੀ।
ਪਾਗਲਾਂ ਵਾਂਗ ਪੁਕਾਰਦੀ ਰਹੀ ਮੈਂ।

ਰਮਿੰਦਰ ਰੰਮੀ ਦੀ ਕਵਿਤਾ ਨੂੰ ਪੜ੍ਹਦਿਆਂ ਸੁਹਿਰਦ ਪਾਠਕ ਮਹਿਸੂਸ ਕਰਦਾ ਹੈ ਕਿ ਉਹ ਸਿਰਫ 'ਲਿਖਣ ਦੇ ਮੰਤਵ' ਲਈ ਹੀ ਕਵਿਤਾ ਨਹੀਂ ਲਿਖਦੀ, ਬਲਕਿ, ਇਸ ਸ਼ਬਦੀਜਾਮੇ ਤੋਂ ਚਿਰ ਪਹਿਲਾਂ ਕਵਿਤਾ ਦੀ ਰੂਹ ਅੰਦਰਲੇ ਅਹਿਸਾਸਾਂ ਨੂੰ ਜਿਉਂਦੀ ਵੀ ਹੈ। ਕਵਿਤਾਵਾਂ ਰਮਿੰਦਰ ਰੰਮੀ ਦੇ ਸੰਵੇਦਨਸ਼ੀਲ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ, ਜੋ ਕਿਸੇ ਬਣਾਉਟੀਪਨ ਤੋਂ ਕੋਹਾਂ ਦੂਰ ਹੈ। ਉਸ ਦੇ ਨਿੱਜੀ ਜੀਵਨ ਦੇ ਤਾਣਿਆਂ-ਬਾਣਿਆਂ ਦੇ ਪ੍ਰਭਾਵ ਵਿਚੋਂ ਉਤਪੰਨ ਹੋਈਆਂ ਸ਼ੁੱਧ ਅਤੇ ਵਿਭਿੰਨ ਰੰਗਾਂ ਦੀਆਂ ਰਚਨਾਵਾਂ ਵਿਚਲੇ ਪ੍ਰਭਾਵਸ਼ਾਲੀ ਸ਼ਬਦ ਪਾਠਕ ਦੇ ਮਨ ਨੂੰ ਟੁੰਬਦੇ ਹਨ, ਉਸ ਨੂੰ ਨਾ਼ਲ ਤੋਰ ਲੈਂਦੇ ਹਨ ਅਤੇ ਕਾਫ਼ਲਾ ਤੁਰਦਾ ਰਹਿੰਦਾ ਹੈ। ਕਵਿਤਾ ਲਿਖਦੀ-ਲਿਖਦੀ ਉਹ ਖ਼ੁਦ ਕਵਿਤਾ ਬਣ ਜਾਂਦੀ ਹੈ...

ਆ ਸੱਜਣਾਂ ਮਿਲ ਬਹਿ ਵੇ ਸੱਜਣਾ
ਗੱਲ ਦਿਲ ਆਪਣੇ ਦੀ ਕਹਿ ਵੇ ਸੱਜਣਾ...

ਕਵਿਤਾ ਕਿਉਂ ਲਿਖਦੀ ਹਾਂ...
ਪੁੱਛਦੇ ਨੇ ਮਿੱਤਰ ਪਿਆਰੇ ਮੈਨੂੰ

ਚੰਗੀ ਲੱਗਦੀ ਹੈ ਲਿਖਣੀ ਕਵਿਤਾ ਮੈਨੂੰ
ਰਾਹਤ ਮਿਲਦੀ ਹੈ ਦਰਦਾਂ ਤੋਂ
ਲਿਖਾਂਗੇ ਨਹੀਂ ਤਾਂ ਮਰ ਜਾਣਗੇ
ਖ਼ਿਆਲਾਤ ਅਸਾਡੇ
ਬਦਲਾਅ ਲਿਆ ਸਕਦੇ ਹਾਂ ਅਸੀਂ
ਸਮਾਜ ਵਿਚ, ਕਲਮ ਨਾਲ ਲਿਖਕੇ
ਲੱਗਦਾ ਕਵਿਤਾ ਤੇ ਖ਼ੁਰਾਕ ਹੈ
ਰੂਹ ਅਸਾਨੀ ਦੀ...

ਸੌਣ ਤੋਂ ਪਹਿਲਾਂ...
ਕਈ ਕਿਸਮ ਦੇ ਵਿਚਾਰ
ਦਿਮਾਗ਼ ਵਿਚ ਗੂੰਜਦੇ ਨੇ
ਤੇ ਬਹੁਤ ਖ਼ੌਰੂ ਮਚਾਉਂਦੇ ਨੇ
ਦਰਦ, ਹੌਕੇ, ਪੀੜਾ
ਵਿਛੋੜਾ, ਸੱਲ, ਬਿਰਹਾ
ਪਿਆਰ, ਮੁਹੱਬਤ, ਦੋਸਤੀ
ਐਨੇ ਸਾਰੇ ਵਿਸ਼ੇ ਲੱਗਦਾ
ਕਵਿਤਾਵਾਂ ਦਾ ਝੁਰਮਟ
ਲੱਗ ਗਿਆ ਹੋਵੇ ਜਿਵੇਂ..

'ਅਪਾਹਿਜ' ਸ਼ਬਦ ਬਹੁਤੇ ਲੋਕਾਂ ਦੇ ਮਨ ਵਿਚ ਸਰੀਰਕ ਅੰਗਾਂ ਦੀ ਕਮਜ਼ੋਰੀ ਜਾਂ ਘਾਟ ਦਾ ਇਸ਼ਾਰਾ ਕਰਦਾ ਹੈ। ਰਮਿੰਦਰ ਦੇ ਤੀਸਰੇ ਨੇਤਰ ਦਾ ਕਮਾਲ ਕੁਛ ਅਲੱਗ ਹੀ ਸਮਾਜਿਕ ਵਰਤਾਰੇ ਦੀ ਨਿਸ਼ਾਨਦੇਹੀ ਕਰ ਰਿਹਾ ਹੈ। ਅਜੋਕੇ ਸਮੇਂ ਦੀ ਤ੍ਰਾਸਦੀ ਹੈ ਕਿ ਇਹ ਵਰਤਾਰਾ ਆਮ ਹੋ ਰਿਹਾ ਹੈ।


ਸਰੀਰ ਦੇ ਅੰਗਹੀਣ
ਹੋਣ ਨਾਲ ਇਨਸਾਨ
ਅਪਾਹਿਜ ਨਹੀਂ ਹੁੰਦਾ।
ਇਨਸਾਨ ਅਪਾਹਿਜ ਉਸ
ਵਕਤ ਹੁੰਦਾ ਹੈ ਜਦ ਉਸਦੇ
ਆਪਣੇ ਉਸਨੂੰ ਬੁਲਾਉਣਾ ਛੱਡ ਦੇਣ...

'ਡਰਦੀ ਹਾਂ ਹੁਣ' ਅਤੇ 'ਭਟਕਣ' ਕਵਿਤਾਵਾਂ ਵਿਚ ਰਮਿੰਦਰ ਨੇ ਆਪਣੇ ਦਿਲ ਅਤੇ ਢਿੱਡ ਦੀ ਗੱਲ ਨੂੰ ਪਾਠਕਾਂ ਦੇ ਰੂਬਰੂ ਕੀਤਾ ਹੈ। ਮਨ ਜਦ ਵੀ ਡਰਦਾ ਹੈ ਜਾਂ ਡੋਲਦਾ ਹੈ ਤਾਂ ਇਨਸਾਨ ਕਿਸੇ ਸਹਾਰੇ ਦੀ ਅਤੇ ਆਗੋਸ਼ ਦੀ ਤਲਾਸ਼ ਕਰਦਾ ਹੈ। ਰਮਿੰਦਰ ਨੇ ਬਹੁਤ ਭਾਵਪੂਰਤ ਤਰੀਕੇ ਨਾਲ ਮਨ ਦੇ ਡਰ ਤੋਂ ਬਚਣ ਲਈ 'ਮਾਂ ਦੀ ਬੁੱਕਲ ਦੇ ਨਿੱਘ' ਅਤੇ 'ਗੁਰੂ ਦੀ ਬਾਣੀ ਦੀ ਮਹੱਤਤਾ' ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ।

ਡਰਦੀ ਹਾਂ ਹੁਣ
ਰਾਤ ਭਿਆਨਕ ਲੱਗਦੀ ਹੈ
ਅੰਧੇਰੇ ਵਿਚ ਚੀਜ਼ਾਂ ਦੇ
ਪਰਛਾਂਵੇਂ ਦੇਖ ਹੋਰ ਸਹਿਮ ਜਾਂਦੀ ਹਾਂ
ਬਚਪਨ ਵਿਚ ਡਰ ਲੱਗਦਾ ਸੀ
ਤੇ ਮਾਂ ਦੇ ਆਗੋਸ਼ ਵਿਚ ਆ
ਛੁੱਪ ਜਾਈਦਾ ਸੀ...

ਕੇਹੀ ਭਟਕਣ ਹੈ ਇਹ
ਕੇਹਾ ਸੰਨਾਟਾ ਹੈ ਅੰਦਰ ਮੇਰੇ...

ਅਜੋਕੇ ਸਮਾਜ ਵਿਚ ਨਿੱਘਰਦੇ ਸਰੋਕਾਰਾਂ, ਮਰ ਰਹੀਆਂ ਜ਼ਮੀਰਾਂ ਅਤੇ ਪਲ-ਪਲ ਬਦਲਦੇ ਕਿਰਦਾਰਾਂ ਨੂੰ ਬਾਖ਼ੂਬੀ ਨਾ਼ਲ ਹੱਥ ਪਾਇਆ ਹੈ, ਰਮਿੰਦਰ ਰੰਮੀ ਨੇ, 'ਮਖੌਟੇ ਲੈ ਲਉ' ਕਵਿਤਾ ਅੰਦਰ। ਮਖੌਟਿਆਂ ਦੇ ਪਰਦੇ ਉਹਲੇ ਵਿਚਰਦੇ ਬਹੁਰੂਪੀਏ ਬੜੀ ਚਲਾਕੀ ਨਾਲ ਆਪਣਾ ਕੰਮ ਧੰਦਾ ਕਰੀ ਜਾਂਦੇ ਹਨ...। 'ਸੁਣਿਆ ਕੁਝ' ਕਵਿਤਾ ਵੀ ਇਹੋ ਜਿਹੇ ਮਖੌਟਿਆਂ ਵਿਚ ਛੁਪੇ ਕਿਰਦਾਰਾਂ ਦੀ ਦਾਸਤਾਨ ਹੈ...




ਮਖੌਟੇ ਜੋ...
ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਨੇ
ਮੂੰਹ ਵਿਚ ਮਿਠਾਸ ਅਤੇ ਉਹਨਾਂ ਦੇ
ਅੰਦਰ ਜ਼ਹਿਰ ਭਰਿਆ ਹੁੰਦਾ ਹੈ
ਦੋਸਤਾਂ ਦੇ ਨਾਮ 'ਤੇ ਉਹ
ਮਿੱਠੀਆਂ ਛੁਰੀਆਂ ਦਾ ਕੰਮ ਕਰਦੇ ਹਨ

ਇਸ ਕਾਵਿ-ਸੰਗ੍ਰਹਿ ਵਿਚ ਰਮਿੰਦਰ ਰੰਮੀ ਕੁਝ ਉਨ੍ਹਾਂ ਸ਼ਖ਼ਸੀਅਤਾਂ ਨੂੰ ਵੀ ਕਾਵਿਕ ਰੂਪ ਵਿਚ ਪਰੋਂਦੀ ਹੈ ਜੋ ਕਿਸੇ ਨਾ ਕਿਸੇ ਤਰੀਕੇ ਨਾਲ ਉਸ ਦੇ ਮਨ ਨੂੰ ਟੁੰਬਦੇ ਹਨ ਅਤੇ ਪ੍ਰਭਾਵਿਤ ਕਰਦੇ ਹਨ। ਇਹ ਵੀ ਸ਼ੁੱਭ ਸ਼ਗਨ ਹੈ, ਕਿਉਂਕਿ ਜ਼ਮਾਨੇ ਵਿਚ ਪ੍ਰਸ਼ੰਸਕਾਂ ਦਾ ਹਮੇਸ਼ਾ ਘਾਟਾ ਰਿਹਾ ਹੈ ਅਤੇ ਨਿੰਦਕ ਤਾਂ ਬਥੇਰੇ ਨੇ, ਬੇਸ਼ੁਮਾਰ ਹਨ। ਚੰਗੀਆਂ ਸ਼ਖ਼ਸੀਅਤਾਂ ਅਤੇ ਚੰਗੇ ਕੰਮਾਂ ਦੀ ਉਸਤਤ ਕਰਨੀ ਬਹੁਤ ਜ਼ਰੂਰੀ।

ਜਿਸ ਤਰ੍ਹਾਂ ਉਧਾਰੇ ਖੰਭਾਂ ਨਾਲ ਭਰੀ ਪਰਵਾਜ਼ ਬਹੁਤੀ ਉੱਚੀ ਅਤੇ ਲੰਮੀ ਨਹੀਂ ਹੁੰਦੀ, ਸ਼ਾਇਦ ਇਸੇ ਤਰ੍ਹਾਂ ਹੀ ਲੇਖਕ ਜਦ ਸੁਣੇ-ਸੁਣਾਏ ਜਾਂ ਕਹੇ-ਕਹਾਏ ਜਾਂ ਫਿਰ ਉਨ੍ਹਾਂ ਰਵਾਇਤੀ ਵਿਸ਼ਿਆਂ 'ਤੇ ਲਿਖਦਾ ਹੈ ਜਿਸ ਨੂੰ ਉਸ ਨੇ ਦੇਖਿਆ, ਹੰਡਾਇਆ ਜਾਂ ਮਹਿਸੂਸ ਨਹੀਂ ਕੀਤਾ ਤਾਂ ਧੁਰ ਅੰਦਰੋਂ ਉਸ ਨੂੰ ਇਤਨੀ ਸੰਤੁਸ਼ਟੀ ਨਹੀਂ ਮਿਲਦੀ। ਉਹੀ ਲੇਖਕ ਜਦ ਆਪਣੇ ਪਿੰਡੇ 'ਤੇ ਹੰਢਾਏ ਵਾਕਿਆਤ ਅਤੇ ਮਨ ਦੇ ਵਲਵਲਿਆਂ ਨੂੰ ਰੂਹ ਨਾ਼ਲ ਲਬਰੇਜ਼ ਸ਼ਬਦਾਂ ਵਿਚ ਪਾਠਕਾਂ ਨਾ਼ਲ ਸਾਂਝਿਆਂ ਕਰਦਾ ਹੈ ਤਾਂ ਸਿਰਜਣਾ ਖ਼ੁਦ-ਬ-ਖ਼ੁਦ ਮਕਬੂਲ ਹੋ ਜਾਂਦੀ ਹੈ। ਮੈਂ ਗਲਤ ਵੀ ਹੋ ਸਕਦਾ ਹਾਂ, ਪਰ ਇਸ ਪੁਸਤਕ ਨੂੰ ਪੜ੍ਹਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਕਿ ਨਾਰੀ ਸੰਘਰਸ਼/ਚੇਤਨਾ ਦੇ ਵਿਸ਼ਿਆਂ ਵਾਲੀਆਂ ਕਵਿਤਾਵਾਂ ਵਿਚ ਕਵਿਤਾ ਦੇ ਸ਼ਬਦ ਬਿਨਾਂ ਕਿਸੇ ਰੋਕ-ਟੋਕ ਤੋਂ ਉਹੀ ਕਹਿ ਰਹੇ ਨੇ ਜੋ ਰਮਿੰਦਰ ਰੰਮੀ ਦੀ ਰੂਹ ਵਿਚੋਂ ਫੁੱਟ ਰਿਹਾ ਹੈ।

'ਹਾਂ ਮੈਂ ਹਾਂ ਔਰਤ' ਬਹੁਤ ਭਾਵਪੂਰਤ ਅਤੇ ਡੂੰਘੀਆਂ ਪਰਤਾਂ ਵਾਲੀ ਕਵਿਤਾ ਹੈ...

ਹਾਂ ਮੈਂ ਔਰਤ ਹਾਂ
ਪਰ ਕਮਜ਼ੋਰ ਨਹੀਂ ਹਾਂ
ਕੋਈ ਦਬਾ ਨਹੀਂ ਸਕਦਾ ਹੁਣ ਮੈਨੂੰ
ਜਜ਼ਬਾ ਹੈ ਕੁਝ ਕਰਨ ਦਾ
ਹੋਕਾ ਦਿਆਂਗੀ ਮੈਂ
ਉਹਨਾਂ ਮਜ਼ਲੂਮ, ਲਾਚਾਰ ਔਰਤਾਂ ਨੂੰ
ਕਹਾਂਗੀ ਉੱਠੋ ਜਾਗੋ
ਪਹਿਚਾਣੋ ਆਪਣੇ ਹੱਕਾਂ ਨੂੰ
ਇਸ ਲੜਾਈ ਵਿਚ ਤੁਹਾਡੇ
ਨਾਲ ਖੜੀ ਹਾਂ...

ਅਜਿਹੀਆਂ ਹੀ ਹੋਰ ਖ਼ੂਬਸੂਰਤ ਕਵਿਤਾਵਾਂ 'ਬਾਗੀ ਰੂਹ', 'ਇਕੱਲੀ ਹੀ ਸਵਾ ਲੱਖ ਹਾਂ ਮੈਂ' ਅਤੇ 'ਸ਼ਾਇਦ ਮੈਂ ਬੁਰੀ ਔਰਤ ਹਾਂ' ਵਿਚ ਰਮਿੰਦਰ ਇੰਜ ਕਹਿ ਰਹੀ ਹੈ...

ਸਮੇਂ ਦੀਆਂ ਠੋਕਰਾਂ ਤੇ
ਦਰਦਾਂ ਨੇ ਸਿਖਾ ਦਿੱਤਾ
ਤੂੰ ਅਬਲਾ ਜਾਂ ਨਾਦਾਨ ਨਹੀਂ ਹੈ

ਹੁਣ ਉਹ ਸ਼ਕਤੀਸ਼ਾਲੀ ਔਰਤ ਬਣ
ਨਵੇਂ ਰੂਪ ਵਿਚ ਸਾਹਮਣੇ ਆਈ
ਕਿਉਂਕਿ ਹੁਣ ਉਹ ਇੱਕ
ਬਾਗ਼ੀ ਰੂਹ ਹੈ...

ਗੁਰੂ ਗੋਬਿੰਦ ਸਿੰਘ ਦੀ ਜਾਈ ਹਾਂ ਮੈਂ।
ਇਕੱਲੀ ਹੀ ਸਵਾ ਲੱਖ ਹਾਂ ਮੈਂ।

ਔਰਤ ਹਾਂ
ਕਮਜ਼ੋਰ ਨਹੀਂ ਹਾਂ ਮੈਂ।
ਇਕੱਲਾ ਹੀ ਸਵਾ ਲੱਖ ਹਾਂ ਮੈਂ।

ਸਿਰ ਕਫ਼ਨ ਬੰਨ੍ਹ ਸੱਚ
ਕਹਿਣਾ ਸਿੱਖ ਲਿਆ ਹੈ
ਇਸੇ ਲਈ
ਸ਼ਾਇਦ ਮੈਂ ਬੁਰੀ ਔਰਤ ਹਾਂ।

ਮੁਹੱਬਤ, ਪਛਤਾਵਾ, ਭਰੋਸਾ ਅਤੇ ਆਸ ਦੇ ਸੁਮੇਲ ਵਾਲੀ ਖ਼ੂਬਸੂਰਤ ਕਵਿਤਾ 'ਮੈਨੂੰ ਪਤਾ ਸੀ' ਅਤੇ ਮਨੁੱਖਤਾ, ਪਿਆਰ, ਹਮਦਰਦੀ ਤੇ ਸੇਵਾ ਦੇ ਜਜ਼ਬੇ ਨਾਲ ਲਬਰੇਜ਼ ਰਚਨਾ 'ਵੱਡਾ ਡਾਕਟਰ' ਵੀ ਬਹੁਤ ਖ਼ੂਬਸੂਰਤ ਤੇ ਕਾਬਲ-ਏ-ਤਾਰੀਫ਼ ਹਨ।

ਦਇਆ, ਸਬਰ, ਸੱਚ, ਸੰਤੋਖ, ਸ਼ੁਕਰ, ਧੀਰਜਾ, ਨਿਮਰਤਾ ਅਤੇ ਮੁਹੱਬਤ ਦੇ ਗੁਣ ਸਾਡੀ ਜ਼ਿੰਦਗੀ ਨੂੰ ਜਸ਼ਨ ਵਿਚ ਬਦਲ ਦਿੰਦੇ ਹਨ ਅਤੇ ਸਾਨੂੰ ਔਖੇ ਤੋਂ ਔਖੇ ਵੇਲੇ ਵੀ ਡੋਲਣ ਨਹੀਂ ਦਿੰਦੇ। ਔਰਤ ਨੂੰ ਸਬਰ ਅਤੇ ਸੰਤੋਖ ਦੀ ਮੂਰਤ ਕਿਹਾ ਜਾਂਦਾ ਹੈ। 'ਸਬਰ, ਸਮਾਂ ਤੇ ਸਦਮਾ' ਕਵਿਤਾ ਵਿਚ ਰਮਿੰਦਰ ਰੰਮੀ ਸਮਾਜ ਅਤੇ ਮਰਦ ਨੂੰ ਪੁੱਛ ਰਹੀ ਹੈ ਕਿ 'ਸਹਿਣਾ' ਸਿਰਫ ਔਰਤ ਦੇ ਹਿੱਸੇ ਹੀ ਕਿਉਂ ਆਇਆ ਹੈ? ਕਿਉਂ ਉਸ ਦੇ ਸਬਰ ਦੀ ਸਹਿਣ ਸ਼ਕਤੀ ਨੂੰ ਪਲ-ਪਲ ਬੀਤਦੀ ਜ਼ਿੰਦਗੀ ਦੇ ਆਖ਼ਰੀ ਪਲਾਂ ਤੱਕ ਘਸੀਟਿਆ ਜਾਂਦਾ ਹੈ?

ਕਹਿੰਦੇ ਨੇ ਕਿ
ਔਰਤ ਸਬਰ, ਸੰਤੋਖ ਦੀ ਮੂਰਤ ਹੈ
ਇੱਕ ਦਿਨ ਐਨੇ ਸਦਮੇ ਨਾ
ਸਹਾਰਦੀ ਹੋਈ ਔਰਤ
ਟੁੱਟ ਜਾਂਦੀ ਹੈ, ਬਿਖਰ ਜਾਂਦੀ ਹੈ...

ਰਮਿੰਦਰ ਦੀ ਲੇਖਣੀ ਦਾ ਇੱਕ ਇਹ ਰੰਗ ਵੀ...
ਤੇਰੇ ਜਾਣ ਪਿੱਛੋਂ...
ਤੇਰੇ ਬਿਨ ਜੋ ਹਾਲ ਹੈ ਹੋਇਆ ਮੇਰਾ
ਦਿਲ ਮੇਰੇ ਨੇ ਹਨੇਰਾ ਹੈ ਢੋਇਆ ਸਦਾ
ਤੇਰੇ ਜਾਣ ਪਿੱਛੋਂ।

ਬਹੁਤ ਕੁਝ ਜੋ ਨਹੀਂ ਹੈ ਵੱਸ ਮੇਰੇ
ਇਹਨਾਂ ਵਿਚੋਂ ਇੱਕ ਹੈ ਤੈਨੂੰ ਭੁਲਾਉਣਾ
ਤੇਰੇ ਜਾਣ ਪਿੱਛੋਂ।

ਕਦੇ ਵੀ ਕਿਸੇ ਨੂੰ ਮੁਕੰਮਲ ਜਹਾਨ ਨਹੀਂ ਮਿਲਦਾ। ਰਿਸ਼ਤਿਆਂ ਦੇ ਤਾਣਿਆਂ-ਬਾਣਿਆਂ ਦੀਆਂ ਤਿੜਕਦੀਆਂ ਅਤੇ ਟੁੱਟਦੀਆਂ ਤੰਦਾਂ ਦਾ ਦਰਦ ਜਦੋਂ ਸਤਾਉਂਦਾ ਹੈ ਤਾਂ ਮਨੁੱਖ ਰੱਬ ਅੱਗੇ ਬੇਨਤੀ, ਅਰਦਾਸ-ਅਰਜ਼ੋਈ ਕਰਦਾ ਹੈ। 'ਗੁਜ਼ਾਰਿਸ਼' ਵਿਚ ਰਮਿੰਦਰ ਆਪਣੇ ਮਨ ਦੀ ਗੁਜ਼ਾਰਿਸ਼ ਰੱਬ ਅੱਗੇ ਰੱਖਦੀ ਹੈ...

ਹੇ ਰੱਬਾ!
ਗੁਜ਼ਾਰਿਸ਼ ਹੈ ਇੱਕ ਕਦੀ ਵੀ ਕਿਸੇ ਨੂੰ
ਅੱਧੇ-ਅਧੂਰੇ ਰਿਸ਼ਤੇ ਨਾ ਦਈਂ, ਬਹੁਤ ਦੁੱਖ ਦਿੰਦੇ ਨੇ
ਇਹ ਅੱਧੇ-ਅਧੂਰੇ ਰਿਸ਼ਤੇ...।

'ਬਲਾਤਕਾਰ ਇਸ ਤਰ੍ਹਾਂ ਵੀ ਹੁੰਦਾ ਹੈ' ਰਮਿੰਦਰ ਦੀ ਮਾਰਮਿਕ ਰਚਨਾ ਹੈ ਜਿਸ ਵਿਚ ਬਲਾਤਕਾਰ ਦੀ 'ਵਿਲੱਖਣ ਪਰਿਭਾਸ਼ਾ' ਪਾਠਕ ਦੀਆਂ ਅੱਖਾਂ ਖੋਲ੍ਹਦੀ ਹੈ...

ਇਹ ਜ਼ਰੂਰੀ ਤਾਂ ਨਹੀਂ ਕਿ ਔਰਤ ਦੇ ਜਿਸਮ ਦਾ
ਸ਼ੋਸ਼ਣ ਕਰਨ ਨਾਲ ਹੀ ਬਲਾਤਕਾਰ ਹੁੰਦਾ ਹੈ
ਔਰਤ ਦਾ ਮਾਨਸਿਕ ਸ਼ੋਸ਼ਣ
ਕਰਨਾ ਵੀ ਬਲਾਤਕਾਰ ਹੁੰਦਾ ਹੈ

ਕਿਤਾਬ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਜ਼ਿੰਦਗੀ ਦੇ ਗਿਲੇ-ਸ਼ਿਕਵਿਆਂ, ਦੁੱਖ-ਤਕਲੀਫ਼ਾਂ ਦੇ ਬਾਵਜੂਦ ਵੀ ਰਮਿੰਦਰ ਇਕ ਸਕਾਰਾਤਮਕ ਸੋਚ ਨਾਲ ਜ਼ਿੰਦਗੀ ਦੇ ਪੈਂਡਿਆਂ ਉੱਪਰ ਅੱਗੇ ਵਧ ਰਹੀ ਹੈ। ਕਲਮ ਵਿਚ ਬੜੀ ਤਾਕਤ ਹੁੰਦੀ ਹੈ। ਪਰ ਅਸਲ ਤਾਕਤ ਸਿਰਫ਼ ਕਲਮ ਜਾਂ ਸ਼ਬਦਾਂ ਵਿਚ ਨਹੀਂ, ਬਲਕਿ, ਸ਼ਬਦਾਂ ਦੀ ਅੰਤਰੀਵੀ ਰੂਹ ਅਤੇ ਭਾਵਨਾਵਾਂ ਵਿਚ ਹੁੰਦੀ ਹੈ ਜਿਸ ਦੇ ਰੰਗ-ਰਸ ਪਾਠਕਾਂ ਦੀ ਰੂਹ ਨੂੰ ਛੂਹ ਜਾਵਣ ਜਾਂ ਜ਼ਮੀਰ ਨੂੰ ਹਲੂਣਾ ਦੇ ਕੇ ਜਗਾ ਜਾਵਣ, ਗਹਿਰਾ ਅਤੇ ਚਿਰਜੀਵੀ ਪ੍ਰਭਾਵ ਪਾ ਜਾਵਣ। ਜਿਸ ਸਿਰਜਣਾ ਦੇ ਅੰਤਰੀਵ 'ਚ ਲੇਖਕ ਦੀ ਦਾਨਿਸ਼ਵਰੀ, ਸੰਵੇਦਨਸ਼ੀਲਤਾ, ਮੁਹੱਬਤੀ ਰੂਹ, ਅਤੇ ਬੇਬਾਕ ਮਨ ਦੇ ਅੰਦਾਜ਼ ਦੀ ਝਲਕ ਪੈਂਦੀ ਹੋਵੇ ਤਾਂ ਉਹ ਸਿਰਜਣਾ ਚੰਗੇਰੀਆਂ ਪੈੜਾਂ ਪਾ ਜਾਂਦੀ ਹੈ। ਰਮਿੰਦਰ ਦੀਆਂ ਕਵਿਤਾਵਾਂ ਅਜਿਹਾ ਪ੍ਰਭਾਵ ਪਾਉਣ ਦੀ ਕਾਬਲੀਅਤ ਰੱਖਦੀਆਂ ਨੇ। ਪੁਸਤਕ ਪਾਠਕਾਂ ਦੇ ਪੜ੍ਹਨ ਅਤੇ ਮਾਨਣਯੋਗ ਹੈ। ਇੱਕ ਪਾਠਕ ਹੋਣ ਦੇ ਨਾਤੇ ਮੇਰੇ ਵਲੋਂ ਰਮਿੰਦਰ ਰੰਮੀ ਨੂੰ ਬਹੁਤ-ਬਹੁਤ ਮੁਬਾਰਕਾਂ ਅਤੇ ਸ਼ੁਭ ਕਾਮਨਾਵਾਂ।

ਜ਼ਿੰਦਗੀ ਜ਼ਿੰਦਾਬਾਦ ।

# ਫ਼ਿਲਮ ਲੋਕ

## ਮੰਨਾ ਡੇ ਦੀ ਗਾਇਕੀ ਦਾ ਮਾਣ-ਮੱਤਾ ਸਫ਼ਰ



ਮੰਨਾ ਡੇ ਸਭ ਪਿੱਠਵਰਤੀ ਗਾਇਕਾਂ ਵਿਚੋਂ ਆਪਣੇ ਤੋਂ ਬਿਹਤਰ ਸਿਰਫ਼ ਮੁਹੰਮਦ ਰਫ਼ੀ ਨੂੰ ਮੰਨਦੇ ਸਨ ਜਦ ਕਿ ਦੂਜੇ ਪਾਸੇ ਮੁਹੰਮਦ ਰਫ਼ੀ ਦਾ ਕਹਿਣਾ ਸੀ, "ਦੁਨੀਆ ਮੈਨੂੰ ਸੁਣਦੀ ਹੈ ਅਤੇ ਮੈਂ ਮੰਨਾ ਡੇ ਨੂੰ ਸੁਣਦਾਂ" ਕਲਾਕਾਰਾਂ ਦਾ ਇਕ-ਦੂਜੇ ਨੂੰ ਸਨਮਾਨ ਦੇਣ ਦਾ ਇਹ ਤਰੀਕਾ ਸੀ, ਜਿਨ੍ਹਾਂ ਨੇ ਇਕੱਠੇ ਮਿਲ ਕੇ 120 ਤੋਂ ਜ਼ਿਆਦਾ ਯੁਗਲ ਗੀਤ ਗਾਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਅੱਜ ਵੀ ਹਰਮਨਪਿਆਰੇ ਹਨ ਅਤੇ ਸਰੋਤਿਆਂ ਵਲੋਂ ਅੱਜ ਵੀ ਬਹੁਤ ਚਾਅ ਨਾਲ ਸੁਣੇ ਜਾਂਦੇ ਹਨ।ਹਿੰਦੀ ਫ਼ਿਲਮਾਂ ਵਿਚ ਮੰਨਾ ਡੇ ਦਾ ਵਿਸ਼ੇਸ਼ ਯੋਗਦਾਨ ਇਹ ਹੈ ਕਿ ਉਨ੍ਹਾਂ ਨੇ ਸ਼ਾਸਤਰੀ ਸੰਗੀਤ ਦੇ ਤੱਤਾਂ ਦਾ ਹਰਮਨ ਪਿਆਰੀਆਂ ਧੁਨਾਂ ਨਾਲ ਬਹੁਤ ਸ਼ਾਨਦਾਰ ਤੇ ਪ੍ਰਭਾਵੀ ਮਿਸ਼ਰਣ ਕੀਤਾ ਅਤੇ ਉਨ੍ਹਾਂ ਦੀ ਇਸ ਸ਼ੈਲੀ ਨੇ ਹਿੰਦੀ ਸਿਨੇਮਾ ਦੇ ਸੁਨਹਿਰੇ ਯੁੱਗ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਹਾਲਾਂਕਿ ਉਨ੍ਹਾਂ ਦੇ ਜ਼ਿਆਦਾਤਰ ਗੀਤ ਬੰਗਾਲੀ ਤੇ ਹਿੰਦੀ ਵਿਚ ਸਨ, ਪਰ ਉਨ੍ਹਾਂ ਨੇ ਭਾਰਤ ਦੀਆਂ 15 ਭਾਸ਼ਾਵਾਂ ਵਿਚ ਗੀਤ ਗਾਏ, ਜਿਨ੍ਹਾਂ ਵਿਚ ਉਰਦੂ, ਭੋਜਪੁਰੀ, ਪੰਜਾਬੀ, ਅਸਮੀ, ਗੁਜਰਾਤੀ, ਕੰਨੜ, ਮਲਿਆਲਮ ਤੇ ਛੱਤੀਸਗੜ੍ਹ ਸ਼ਾਮਿਲ ਹਨ। 1950 ਦੇ ਅੱਧ ਤੋਂ 1970 ਦੇ ਦਹਾਕੇ ਤੱਕ ਉਨ੍ਹਾਂ ਦੀ ਪ੍ਰਸਿੱਧੀ ਸਿਖਰ ਤੇ ਰਹੀ। ਭਾਰਤੀ ਸੰਗੀਤ ਵਿਚ ਆਪਣੇ ਯੋਗਦਾਨ ਲਈ ਮੰਨਾ ਡੇ ਨੂੰ ਅਨੇਕ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਪਦਮਸ਼੍ਰੀ (1971), ਪਦਮ ਭੂਸ਼ਣ (2005) ਅਤੇ ਦਾਦਾ ਸਾਹਿਬ ਫਾਲਕੇ ਪੁਰਸਕਾਰ (2007) ਵਿਸ਼ੇਸ਼ ਰੂਪ ਨਾਲ ਸ਼ਾਮਿਲ ਹਨ। ਮੰਨਾ ਡੇ ਦਾ ਸੰਬੰਧ ਭਿੰਡੀ ਬਾਜ਼ਾਰ ਘਰਾਣੇ ਨਾਲ ਸੀ ।'

ਮੰਨਾ ਡੇ ਦਾ ਜਨਮ 1 ਮਈ, 1919 ਨੂੰ ਕਲਕੱਤਾ (ਹੁਣ ਕੋਲਕਾਤਾ) ਦੇ ਇਕ ਬੰਗਾਲੀ ਪਰਿਵਾਰ ਵਿਚ ਪ੍ਰਬੋਧ ਚੰਦਰ ਡੇ ਦੇ ਰੂਪ ਵਿਚ ਮਹਾਮਾਇਆ ਤੇ ਪੂਰਨ ਚੰਦਰ ਡੇ ਦੇ ਘਰ ਹੋਇਆ ਸੀ। ਆਪਣੇ ਮਾਤਾ-ਪਿਤਾ ਤੋਂ ਇਲਾਵਾ ਉਹ ਆਪਣੇ ਸਭ ਤੋਂ ਛੋਟੇ ਚਾਚਾ ਸੰਗੀਤਾਚਾਰਿਆ ਕ੍ਰਿਸ਼ਨ ਚੰਦਰ ਡੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਤੇ ਪ੍ਰੇਰਿਤ ਸਨ । ਸ਼ੁਰੂਆਤੀ ਸਿੱਖਿਆ ਉਨ੍ਹਾਂ ਨੇ



ਇਕ ਛੋਟੇ ਜਿਹੇ ਪ੍ਰਾਇਮਰੀ ਸਕੂਲ ਇੰਦੂ ਬਾਬੁਰ ਪਾਠਸ਼ਾਲਾ ਤੋਂ ਹਾਸਿਲ ਕੀਤੀ। ਉਹ 10 ਸਾਲ ਦੀ ਉਮਰ ਵਿਚ ਹੀ ਸਟੇਜ ਸ਼ੋਅ ਕਰਨ ਲੱਗੇ ਸਨ। ਜਦੋਂ ਉਹ ਸਕਾਟਿਸ਼ ਚਰਚ ਕਾਲਜ ਵਿਚ ਸਨ ਤਾਂ ਉਹ ਗੋਬਰ ਗੁਹਾ ਤੋਂ ਟ੍ਰੇਨਿੰਗ ਲੈ ਕੇ ਕੁਸ਼ਤੀ ਤੇ ਮੁੱਕੇਬਾਜ਼ੀ ਵਿਚ ਹਿੱਸਾ ਲਿਆ ਕਰਦੇ ਸਨ ਅਤੇ ਉਨ੍ਹਾਂ ਦਾ ਇਰਾਦਾ ਵੀ ਇਨ੍ਹਾਂ ਖੇਡਾਂ ਵਿਚ ਆਪਣਾ ਕਰੀਅਰ ਬਣਾਉਣ ਦਾ ਸੀ। ਪਰ ਵਿਦਿਆਸਾਗਰ ਕਾਲਜ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਲੈਣ ਦੌਰਾਨ ਉਨ੍ਹਾਂ ਦਾ ਰੁਝਾਨ ਸੰਗੀਤ ਵੱਲ ਜ਼ਿਆਦਾ ਹੋ ਗਿਆ ਅਤੇ ਉਸਤਾਦ ਦਬੀਰ ਖਾਨ ਤੋਂ ਸਿੱਖਿਆ ਲੈਂਦੇ ਹੋਏ ਉਨ੍ਹਾਂ ਨੇ ਲਗਾਤਾਰ ਤਿੰਨ ਸਾਲ ਤੱਕ ਸੰਗੀਤ ਦੀਆਂ ਤਿੰਨ ਵੱਖ-ਵੱਖ ਸ਼੍ਰੇਣੀਆਂ ਵਿਚ ਅੰਤਰ-ਯੂਨੀਵਰਸਿਟੀ ਪ੍ਰਤੀਯੋਗਤਾਵਾਂ ਵਿਚੋਂ ਪਹਿਲਾ ਪੁਰਸਕਾਰ ਜਿੱਤਿਆ। ਇਸ ਸਫਲਤਾ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦਾ ਰੁਝਾਨ ਸੰਗੀਤ ਵੱਲ ਜ਼ਿਆਦਾ ਹੋ ਗਿਆ ਅਤੇ ਆਪਣੇ ਚਾਚਾ ਕ੍ਰਿਸ਼ਣ ਚੰਦਰ ਡੇ ਦੇ ਕਹਿਣ 'ਤੇ ਉਨ੍ਹਾਂ ਆਪਣਾ ਸਟੇਜ ਨਾਂਅ ਮੰਨਾ ਡੇ ਰੱਖਿਆ।

ਕ੍ਰਿਸ਼ਨ ਚੰਦਰ ਡੇ ਫ਼ਿਲਮਾਂ ਵਿਚ ਸੰਗੀਤ ਨਿਰਦੇਸ਼ਕ ਸਨ। ਉਨ੍ਹਾਂ ਨੇ ਹੀ ਮੰਨਾ ਡੇ ਨੂੰ ਗਾਉਣ ਦਾ ਪਹਿਲਾ ਮੌਕਾ ਦਿੱਤਾ। ਫ਼ਿਲਮ 'ਤਮੰਨਾ'' 1942 ਵਿਚ - ਸੁਰੱਈਆ ਨਾਲ ਯੁਗਲ ਗੀਤ 'ਜਾਗੋ 'ਆਈ ਊਸ਼ਾ, ਪੰਛੀ ਬੋਲੇ ਜਾਗੋ'। ਇਹ ਗੀਤ ਹਿਟ ਰਿਹਾ ਅਤੇ ਮੰਨਾ ਡੇ ਆਪਣੀ ਗਾਇਕੀ ਵਿਚ ਹੋਰ ਸੁਧਾਰ ਲਈ ਉਸਤਾਦ ਅਮਨ ਅਲੀ ਖਾਨ ਤੋਂ ਸਿੱਖਿਆ ਲੈਣ ਲੱਗੇ। ਉਨ੍ਹਾਂ ਦੀ ਗਾਇਕੀ ਵਿਚ ਏਨਾ ਨਿਖਾਰ ਆਇਆ ਕਿ ਫਿਰ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ। ਦੇਖਿਆ। ਮੰਨਾ ਡੇ ਦਾ ਪਹਿਲਾ ਸੋਲੋ ਗੀਤ ਫ਼ਿਲਮ 'ਰਾਮ ਰਾਜਯ' (1943), 'ਗਈ ਤੂ ਗਈ ਸੀਤਾ ਸਤੀ' ਸੀ ਅਤੇ ਇਸ ਦੀ ਸਫਲਤਾ ਦੇ ਚਲਦਿਆਂ ਉਹ ਭਗਤੀ ਗੀਤਾਂ ਲਈ ਸੰਗੀਤਕਾਰਾਂ ਦੀ ਪਹਿਲੀ ਪਸੰਦ ਬਣ ਗਏ। ਇਹ ਗੀਤ ਇਕਮਾਤਰ ਫ਼ਿਲਮੀ ਗੀਤ ਸੀ, ਜਿਸ ਨੂੰ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ ਵੀ ਸੁਣਿਆ।

ਮੰਨਾ ਡੇ ਨੇ ਦਸੰਬਰ, 1953 ਵਿਚ ਕੰਨੂਰ, ਕੇਰਲਮ ਦੀ ਸੁਲੋਚਨਾ ਕੁਮਾਰਨ ਨਾਲ ਵਿਆਹ ਕੀਤਾ। ਉਨ੍ਹਾਂ ਦੇ ਦੋ ਬੇਟੀਆਂ ਹੋਈਆਂ- ਸ਼ੁਰੋਮਾ ਹੇਰੇਕਰ ਜੋ ਅਮਰੀਕਾ ਵਿਚ ਵਿਗਿਆਨਕ ਰਹੀ ਅਤੇ ਸ਼ੁਮਿਤਾ ਦੇਵ ਜੋ ਬੈਂਗਲੁਰੂ ਵਿਚ ਕਾਰੋਬਾਰੀ ਔਰਤ ਹੈ। ਸੁਲੋਚਨਾ ਦਾ ਜਨਵਰੀ 2012 ਵਿਚ ਬੈਂਗਲੁਰੂ ਵਿਚ ਮੌਤ ਹੋ ਗਈ। ਉਹ ਕੁਝ ਸਮੇਂ ਤੋਂ ਕੈਂਸਰ ਤੋਂ ਪੀੜਤ ਸੀ। ਆਪਣੀ ਪਤਨੀ ਦੀ ਮੌਤ ਤੋਂ ਬਾਅਦ ਮੰਨਾ ਡੇ ਮੁੰਬਈ ਵਿਚ ਪੰਜ ਤੋਂ ਜ਼ਿਆਦਾ ਦਹਾਕੇ ਬਿਤਾਉਣ ਤੋਂ ਬਾਅਦ ਬੈਂਗਲੁਰੂ ਦੇ ਕਲਿਆਣ ਨਗਰ ਵਿਚ ਰਹਿਣ ਲੱਗੇ। ਪਤਨੀ ਦੀ ਮੌਤ ਤੋਂ ਬਾਅਦ ਮੰਨਾ ਡੇ ਵੀ ਜ਼ਿਆਦਾ ਦਿਨਾਂ ਤੱਕ ਜ਼ਿੰਦਾ ਨਾ ਰਹਿ ਸਕੇ। ਅਤੇ 24 ਅਕਤੂਬਰ, 2013 ਨੂੰ ਦਿਲ ਦਾ ਦੌਰਾ ਪੈਣ ਨਾਲ ਉਨ੍ਹਾਂ ਦੀ ਮੌਤ ਬੈਂਗਲੁਰੂ ਵਿਚ ਹੋ ਗਈ। ਉਹ 94 ਸਾਲ ਦੇ ਸਨ।

## ਅਦਿਤੀ ਰਾਓ ਹੈਦਰੀ-ਚਾਅ ਵਿਆਹ ਦਾ

ਦਿੱਲੀ ਵਿਖੇ ਫੈਸ਼ਨ ਸ਼ੋਅ 'ਚ ਅਦਿਤੀ ਰਾਓ ਹੈਦਰੀ ਨੇ ਸਿਧਾਰਥ ਦੀ ਬਾਂਹ ਫੜ ਕੇ ਜਿਹੜਾ ਰੁਮਾਂਟਿਕ ਰੈਂਪ ਸ਼ੋਅ ਕੀਤਾ ਉਸ 'ਤੇ ਐਨੀਆਂ ਤਾੜੀਆਂ ਵੱਜੀਆਂ ਜਿੰਨੀਆਂ ਕਦੇ 'ਸ਼ੋਅਲੇ' ਫ਼ਿਲਮ ਦੇ ਸੰਵਾਦ ਸੁਣ ਤੋਂ ਬਾਅਦ ਸਿਨੇਮਾ ਹਾਲ 'ਚ ਦਰਸ਼ਕਾਂ ਦੀਆਂ ਵੱਜਦੀਆਂ ਸਨ। ਇਹ ਗੱਲ ਦਿੱਲੀ ਦੀ ਇਕ ਫੈਸ਼ਨ ਪੱਤ੍ਰਿਕਾ ਨੇ ਮੁੱਖ ਤੌਰ 'ਤੇ ਕਹੀ ਹੈ। ਵੈਸੇ ਇਸ ਸਾਲ ਹੀ 'ਕਾਂਸ ਫ਼ਿਲਮ ਮੇਲੇ' 'ਚ ਵੀ ਹਰੇ ਰੰਗ ਦੀ ਪ੍ਰੈੱਸ ਨਾਲ ਅਦਿਤੀ ਨੇ ਲੋਕਾਂ ਦੇ ਮੂੰਹ 'ਚ ਉਂਗਲਾਂ ਪੁਆ ਦਿੱਤੀਆਂ ਸਨ ਤੇ ਉਹ ਆਖਦੇ ਸਨ, ਵਾਹ! ਦੇਖੋ ਅਕਾਸ਼ ਤੋਂ ਹੁਣੇ-ਹੁਣੇ ਉੱਤਰੀ ਉਹ ਪੂਰੀ ਲੱਗ ਰਹੀ ਹੈ। ਰਾਜ ਘਰਾਣੇ ਦੀ ਅਭਿਨੇਤਰੀ ਧੀ ਅਦਿਤੀ ਰਾਓ ਦੀ ਦੂਸਰੀ ਸ਼ਾਦੀ ਨੂੰ ਸਾਲ ਹੋ ਗਿਆ ਹੈ ਤੇ ਦੱਖਣ ਦੇ ਸਟਾਰ ਐਕਟਰ ਸਿਧਾਰਥ ਨਾਲ ਵਿਆਹ ਕਰਵਾ ਕੇ ਉਹ ਬਹੁਤ ਜ਼ਿਆਦਾ ਖ਼ੁਸ਼ ਹੈ। ਅਦਿਤੀ ਦੀ ਖ਼ੁਸ਼ੀ ਦੀ ਹੱਦ ਦੇਖੋ ਕਿ ਉਸ ਨੇ ਆਪਣੇ ਇੰਸਟਾਗ੍ਰਾਮ 'ਤੇ ਸਟੋਰੀ ਪਾਈ ਕਿ ਅਦੀ ਅਤੇ ਸਿੱਧ ਹਰ ਜਨਮ ਏਕ-ਦੂਜੇ ਕੇ ਲੀਏ ਹਨ, ਤਾਂ ਹੀ ਫੈਸ਼ਨ ਸ਼ੋਅ 'ਚ ਉਹ ਸਿਧਾਰਥ ਦੀ ਬਾਂਹ ਫੜ ਕੇ ਚਲਦੀ, ਇੰਜ ਮਹਿਸੂਸ ਕਰਵਾ ਰਹੀ ਸੀ ਜਿਵੇਂ ਹੀਰ ਨੂੰ ਰਾਂਝਾ ਮਿਲ ਗਿਆ ਹੋਵੇ ਤੇ ਜੂਲੀਅਟ ਨੂੰ ਰੋਮਿਓ। ਅਦਿਤੀ ਨਾਲ ਫ਼ਿਲਮੀ ਗੱਲਾਂ ਹੋਈਆਂ ਤਾਂ ਉਸ ਨੇ ਕਿਹਾ ਕਿ ਕਈ ਫ਼ਿਲਮਾਂ ਤੇ ਕਈ ਤਰ੍ਹਾਂ ਦੇ ਕਿਰਦਾਰ ਕੀਤੇ ਹਨ ਪਰ ਸਵਰਗੀ ਧਰਮਿੰਦਰ ਜੀ ਨਾਲ ਕੀਤੀ ਵੈੱਬ ਸੀਰੀਜ਼ 'ਦਾ ਤਾਜ ਬਲੱਰ' ਉਸ ਲਈ ਯਾਦ ਬਣ ਗਈ ਹੈ ਕਿਉਂਕਿ ਧਰਮਿੰਦਰ ਦੀ ਉਹ ਫੈਨ ਸੀ ਤੇ ਧਰਮਿੰਦਰ ਦੀ ਇਹ ਪਹਿਲੀ ਤੇ ਅੰਤਿਮ ਸੀਰੀਜ਼ ਸੀ ਤੇ ਅਦਿਤੀ ਨੇ ਇਸ 'ਚ 'ਅਨਾਰਕਲੀ' ਦਾ ਕਿਰਦਾਰ ਅਦਾ ਕੀਤਾ ਸੀ। ਅਦਿਤੀ ਨੇ ਇਹ ਵੀ ਇੰਕਸ਼ਾਫ਼ ਕੀਤਾ ਕਿ ਉਸ ਹੱਥੋਂ ਕਈ ਅੰਤਰਰਾਸ਼ਟਰੀ ਫ਼ਿਲਮਾਂ ਇਸ ਲਈ ਨਿਕਲ ਗਈਆਂ ਸਨ ਕਿ ਉਸ ਨੂੰ ਬਹੁਤ ਨਿਰਮਾਤਾ ਪਰੰਪਰਾਗਤ ਭਾਰਤੀ ਚਿਹਰਾ ਨਹੀਂ ਸੀ ਮੰਨਦੇ ਤੇ ਇਸ ਕਾਰਨ ਉਸ ਦੇ ਹੱਥੋਂ ਘੱਟ ਤੋਂ ਘੱਟ ਦਸ ਫ਼ਿਲਮਾਂ ਨਿਕਲ ਗਈਆਂ। ਅਦਿਤੀ ਰਾਓ ਹੈਦਰੀ ਨੇ ਕਿਹਾ ਕਿ ਉਸ ਦਾ ਮਨਪਸੰਦ ਹੀਰੋ ਰਣਬੀਰ ਕਪੂਰ ਹੈ ਤੇ ਉਹ ਚਾਹੁੰਦੀ ਹੈ ਕਿ ਉਹ ਰਣਬੀਰ ਕਪੂਰ ਨਾਲ ਫ਼ਿਲਮ ਕਰੇ। ਅਦਿਤੀ ਨੇ ਕਿਹਾ ਕਿ ਉਹ ਮਸ਼ੀਨ ਨਹੀਂ ਹੈ ਕਿ ਬਹੁਤੀਆਂ ਫ਼ਿਲਮਾਂ ਕਰੇ ਤੇ ਉਹ ਸ਼ਿਫਟਾਂ 'ਚ ਕੰਮ ਕਰੇ ਪਰ ਚੰਗਾ ਕੰਮ ਕਰੇ। ਉਹ ਚਾਹੁੰਦੀ ਹੈ ਕਿ ਥੋੜ੍ਹਾ ਕੰਮ ਕਰੇ। ਇਸ ਵੇਲੇ ਉਹ 'ਪਰਿਵਾਰਕ ਮਨੋਰੰਜਨ' ਫ਼ਿਲਮ ਕਰ ਰਹੀ ਹੈ। ਅਦਿਤੀ ਨੇ ਮੂਕ ਫ਼ਿਲਮ 'ਗਾਂਧੀ ਟਾਕਸ' ਕਰ ਕੇ ਦੁਨੀਆ ਨੂੰ ਦੱਸ ਦਿੱਤਾ ਹੈ ਕਿ ਉਹ ਸ਼ਾਨਦਾਰ ਅਭਿਨੇਤਰੀ ਹੈ। ਅਦਿਤੀ ਰਾਓ ਹੈਦਰੀ ਨੇ ਕਿਹਾ ਕਿ ਫਿਲਹਾਲ ਉਹ ਦੋ ਸਾਲ ਤੱਕ ਸਿਧਾਰਥ ਨਾਲ ਵਿਆਹ ਦਾ ਖ਼ੂਬ ਆਨੰਦ ਲੈਣਾ ਚਾਹੁੰਦੀ ਹੈ, ਕਿਉਂਕਿ ਵਿਆਹ ਤਾਂ ਆਖਿਰ ਵਿਆਹ ਹੈ। ਮਤਲਬ ਕਿ ਇਸ ਵਿਆਹ ਦਾ ਅਦਿਤੀ ਨੂੰ ਬਹੁਤ ਚਾਅ ਹੈ।



## ਪਹਿਲੀ ਵੱਡੀ ਕਾਮਯਾਬੀ ਦੀ ਭਾਲ ਵਿਚ ਹੈ ਅਲੀਸ਼ਾ ਮੁਰਤਜਾਲ



ਹੈਦਰਾਬਾਦ ਦੀ ਖ਼ੂਬਸੂਰਤ ਅਦਾਕਾਰਾ ਅਲੀਸ਼ਾ ਮੁਰਤਜਾਲੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਟੀ.ਵੀ. ਇਸ਼ਤਿਹਾਰਾਂ, ਟੀ.ਵੀ. ਸੀਰੀਅਲਾਂ ਅਤੇ ਫ਼ਿਲਮਾਂ ਵਿਚ ਛੋਟੀਆਂ ਭੂਮਿਕਾਵਾਂ ਤੋਂ ਕੀਤੀ ਸੀ। ਅਲੀਸ਼ਾ ਨੂੰ 'ਓਮ ਭੀਮ ਬੁਸ਼', 'ਮਾਤਰੀ' ਅਤੇ 'ਫੈਟਰ ਰਾਜਾ' ਵਰਗੀਆਂ ਛੋਟੀਆਂ-ਛੋਟੀਆਂ ਫ਼ਿਲਮਾਂ ਤੋਂ ਵੱਡੀ ਸਫ਼ਲਤਾ ਮਿਲੀ । ਅਲੀਸ਼ਾ ਬਹੁਤ ਘੱਟ ਉਮਰ ਵਿਚ ਬਹੁਤ ਕੁਝ ਹਾਸਿਲ ਕਰਨ ਦਾ ਸੁਪਨਾ ਦੇਖ ਰਹੀ ਸੀ। ਸ਼ੁਰੂ ਤੋਂ ਹੀ ਉਹ ਆਪਣੀ ਜ਼ਿੰਦਗੀ ਵਿਚ ਕੁਝ ਵੱਡਾ ਕਰਨਾ ਚਾਹੁੰਦੀ ਸੀ। ਪਰ ਉਸ ਦੇ ਘਰ ਦੇ ਹਾਲਾਤ ਜ਼ਿਆਦਾ ਚੰਗੇ ਨਹੀਂ ਸਨ, ਇਸ ਕਾਰਨ ਆਪਣਾ ਸੁਪਨਾ ਪੂਰਾ ਕਰਨ ਵਿਚ ਉਸ ਨੂੰ ਕਾਫ਼ੀ ਸਮਾਂ ਲੱਗਿਆ।

ਅਲੀਸ਼ਾ ਦਾ ਕਹਿਣਾ ਹੈ ਕਿ ਉਸ ਦੇ ਰਸਤੇ ਵਿਚ ਅਲੀਸ਼ਾ ਦਾ ਕਹਿਣਾ ਹਜ਼ਾਰਾਂ ਮੁਸ਼ਕਿਲਾਂ ਆਈਆਂ ਪਰ ਉਸ ਨੇ ਕਦੀ ਹਾਰ ਨਹੀਂ ਮੰਨੀ ਅਤੇ ਸਖ਼ਤ ਮਿਹਨਤ ਤੋਂ ਬਾਅਦ ਅੱਜ ਉਹ ਉਸ ਸਥਿਤੀ ਵਿਚ ਹੈ, ਜਿਥੇ ਉਸ ਨੂੰ ਲਗਾਤਾਰ ਨਵੀਆਂ ਪੇਸ਼ਕਸ਼ਾਂ ਮਿਲ ਰਹੀਆਂ ਹਨ। ਅਲੀਸ਼ਾ ਕਰੀਅਰ ਦੇ ਆਪਣੇ ਇਸ ਸਫ਼ਰ ਨੂੰ ਸਾਂਝਾ ਪਰਦੇ ਹੋਏ ਕਹਿੰਦੀ ਹੈ ਕਿ ਜ਼ਿੰਦਗੀ ਵਿਚ ਚਾਹੇ ਕਿੰਨੀਆਂ ਵੀ ਮੁਸ਼ਕਿਲਾਂ ਆਉਣ, ਆਪਣੇ ਸੁਪਨਿਆਂ ਨੂੰ ਆਪਣੀਆਂ ਅੱਖਾਂ ਤੋਂ ਕਦੀ ਲੁਕਣ ਨਹੀਂ ਦੇਣਾ ਚਾਹੀਦਾ ।'

ਰੁਕਾਵਟਾਂ ਸਿਰਫ਼ ਇਸ ਲਈ ਹੀ ਆਉਂਦੀਆਂ ਹਨਤਾਂ ਕਿ ਤੁਸੀਂ ਆਪਣੇ ਟੀਚੇ ਤੋਂ ਭਟਕ ਸਕੋ। ਸ਼ਾਇਦ ਇਸ ਤਰ੍ਹਾਂ ਰੱਬ ਦੇਖਣਾ ਚਾਹੁੰਦਾ ਹੈ ਕਿ ਤੁਸੀਂ ਜੋ ਸੁਪਨਾ ਦੇਖ ਰੱਖਿਆ ਹੈ, ਉਹ ਕਿੰਨਾ ਸੱਚਾ ਹੈ ਅਤੇ ਤੁਸੀਂ ਉਸ ਲਈ ਕਿਸ ਹੱਦ ਤੱਕ ਸਮਰਪਿਤ ਹੋ।'

ਅਲੀਸ਼ਾ ਮੁਰਤਜਾਲੀ ਨੂੰ ਕਰੀਅਰ ਦੇ ਇਸ ਮੋੜ 'ਤੇ ਇਕ ਹੀ ਗੱਲ ਦਾ ਗੁੱਸਾ ਹੈ ਕਿ ਜਦੋਂ ਉਸ ਦੇ ਪ੍ਰਸ਼ੰਸਕ ਉਸ ਬਾਰੇ ਗੂਗਲ ਜਾਂ ਏ।ਆਈ। ਤੋਂ ਲੱਭਦੇ ਹਨ ਤਾਂ ਇਹ ਦੋਨੋਂ ਹੀ ਉਸ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ ਹਨ। ਇਨ੍ਹੀਂ ਦਿਨੀਂ ਅਲੀਸ਼ਾ ਫ਼ਿਲਮਾਂ ਦੇ ਨਾਲ-ਨਾਲ ਸੰਗੀਤਕ ਵੀਡੀਓ ਅਤੇ ਵੈੱਬ ਸੀਰੀਜ਼ ਵਿਚ ਵੀ ਕੰਮ ਕਰ ਰਹੀ ਹੈ। ਉਸ ਨੂੰ ਪਹਿਲੀ ਵੱਡੀ ਕਾਮਯਾਬੀ ਦੀ ਭਾਲ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 32432 Deborah Dr Union City CA 94587
2. 5560 Boscell Commom Ter, Fremont, CA 94538
3. 2447 Capri Ct Manteca CA 95337
4. 116 Mahogany Ln Union City CA, 94587
5. 830 Heaven Court Hayward CA 94544
6. 38573 Farwell Drive Fremont CA 94536
7. 4737 Valencia Way Union City CA 94587
8. 333 Raymundo Dr Woodside, CA 94062
9. 3690 Cowell Rd Concord, CA, 94518
10. 4201 Saturn way Union city CA 94587
11. 6746 Sapphire Street Dublin CA 94568
12. 7722 Curry Dr Gilroy CA 95020
13. 1916 Ticino Ct Pleasanton CA 94566
14. 5645 Evergreen terr Fremont CA 94536

## Purchase Loan and Refinance

Call Sukhveer (Sukhi) Gill
DHMS, Loan Broker
Ph: 510-207-9067
CA BRE Lic.#01180969
NMLS# 352095

19-20